ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ
SADE LOK
sadelok.com

5-11 ਫਰਵਰੀ 2025

ਸਾਲ 16ਵਾਂ - ਅੰਕ 6
email : info@sadelok.com

Ph. : 510-706-1300
Fax : 925-373-1300

ਕਿਵੇਂ ਬੇਕਸੂਰ ਸਿੱਖ ਨੌਜਵਾਨਾਂ ਦੇ ਸਿਰਾਂ ਵਿਚ ਗੋਲੀਆਂ ਮਾਰ ਕੇ ਸ਼ਹੀਦ ਕੀਤਾ ਗਿਆ

## ਝੂਠਾ ਪੁਲਿਸ ਮੁਕਾਬਲੇ 'ਚ 32 ਸਾਲ ਬਾਅਦ ਪੁਲਿਸ ਅਫ਼ਸਰਾਂ ਨੂੰ ਉਮਰ ਕੈਦ



(ਦੇਖੋ ਸਫ਼ਾ 3 'ਤੇ)


## ਭਾਵੇਂ ਭਾਰਤ 'ਚ ਮੂਵੀ 'ਤੇ ਪਾਬੰਦੀ ਲਗਾ ਦਿੱਤੀ ਗਈ, ਪਰ ਕੈਲੀਫੋਰਨੀਆ 'ਚ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੇ ਨਾਂ 'ਤੇ ਰੱਖਿਆ ਸਰਕਾਰੀ ਸਕੂਲ ਦਾ ਨਾਂ



ਦੇਖੋ ਸਫ਼ਾ 7 'ਤੇ

## ਦਲਿਤਾਂ ਦੇ ਮਸੀਹਾ ਬਾਬਾ ਸਾਹਿਬ ਡਾ. ਅੰਬੇਦਕਰ ਦਾ ਬੁੱਤ ਤੋੜਨਾ ਵੱਡੀ ਸਾਜਿਸ਼

### ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ : ਸ੍ਰੀ ਰਾਮ ਮੂਰਤੀ ਸਰੋਆ



ਦੇਖੋ ਸਫ਼ਾ 14-15 'ਤੇ

# ਅਮਰੀਕਾ ਵੱਲੋਂ ਹੱਥਕੜੀਆਂ, ਬੇੜੀਆਂ ਅਤੇ ਜੰਜ਼ੀਰਾਂ 'ਚ ਜਕੜ ਕੇ ਡਿਪੋਰਟ ਕਰਨਾ ਮੰਦਭਾਗਾ

## ਭਾਰਤ 'ਚ ਪਹੁੰਚਣ ਤੋਂ ਬਾਅਦ ਉਨ੍ਹਾਂ ਨੂੰ ਕੈਦੀਆਂ ਵਾਲੀ ਵੈਨ 'ਚ ਲਿਜਾਣਾ ਵੀ ਨਿੰਦਣਯੋਗ

ਅੰਮ੍ਰਿਤਸਰ : ਅਮਰੀਕਾ ਦਾ ਫੌਜੀ ਜਹਾਜ਼ ਡਿਪੋਰਟ ਕੀਤੇ 104 ਗੈਰਕਾਨੂੰਨੀ ਭਾਰਤੀ ਪਰਵਾਸੀਆਂ ਨੂੰ ਲੈ ਕੇ ਬੁੱਧਵਾਰ ਬਾਅਦ ਦੁਪਹਿਰ ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡੇ 'ਤੇ ਪਹੁੰਚਿਆ ਹੈ। ਸੂਤਰਾਂ ਨੇ ਕਿਹਾ ਕਿ ਇਨ੍ਹਾਂ ਵਿਚੋਂ 30 ਡਿਪੋਰਟੀ ਪੰਜਾਬ, 33-33 ਹਰਿਆਣਾ ਤੇ ਗੁਜਰਾਤ, ਤਿੰਨ-ਤਿੰਨ ਮਹਾਰਾਸ਼ਟਰ ਤੇ ਯੂਪੀ ਅਤੇ ਦੋ ਚੰਡੀਗੜ੍ਹ ਨਾਲ ਸਬੰਧਤ ਹਨ। ਡਿਪੋਰਟ ਕੀਤੇ ਭਾਰਤੀਆਂ ਦੀ ਅਸਲ ਗਿਣਤੀ ਬਾਰੇ ਅਧਿਕਾਰਤ ਪੁਸ਼ਟੀ ਦੀ ਉਡੀਕ ਕੀਤੀ ਜਾ ਰਹੀ ਹੈ। ਇਸ ਤੋਂ ਪਹਿਲਾਂ ਦਾਅਵਾ ਕੀਤਾ ਗਿਆ ਸੀ ਕਿ ਅਮਰੀਕੀ ਫੌਜੀ ਮਾਲਵਾਹਕ ਸੀ-17 ਜਹਾਜ਼ 205 ਗੈਰਕਾਨੂੰਨੀ ਪਰਵਾਸੀਆਂ ਨੂੰ ਵਾਪਸ ਲੈ ਕੇ ਆ ਰਿਹਾ ਹੈ।




ਭਾਰਤੀ ਪਾਰਲੀਮੈਂਟ ਦੇ ਸਾਹਮਣੇ ਵਿਰੋਧੀ ਧਿਰ ਦੇ ਮੈਂਬਰ ਟਰੰਪ ਅਤੇ ਮੋਦੀ ਸਰਕਾਰ ਦੇ ਖਿਲਾਫ਼ ਨਾਅਰੇਬਾਜ਼ੀ ਕਰਦੇ ਹੋਏ।

ਭਾਰਤੀ ਨਾਗਰਿਕਾਂ ਨੂੰ ਮੰਗਲਵਾਰ ਨੂੰ ਟੈਕਸਸ ਦੇ ਸਾਂ ਐਨਟੋਨੀਓ ਤੋਂ ਸੀ-17 ਜਹਾਜ਼ ਰਾਹੀਂ ਭਾਰਤ ਡਿਪੋਰਟ ਕੀਤਾ ਗਿਆ ਸੀ। ਜਹਾਜ਼ ਬਾਅਦ ਦੁਪਹਿਰ 1.55 ਵਜੇ ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡੇ ਉੱਤੇ ਉਤਰਿਆ। ਇਸ ਦੌਰਾਨ ਹਵਾਈ ਅੱਡੇ ਦੇ ਬਾਹਰ ਸੁਰੱਖਿਆ ਵਜੋਂ ਵੱਡੀ ਗਿਣਤੀ ਪੁਲੀਸ ਮੁਲਾਜ਼ਮ ਤਾਇਨਾਤ ਰਹੇ। ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਹਲਫ਼ ਲੈਣ ਮਗਰੋਂ ਅਮਰੀਕਾ ਵੱਲੋਂ ਡਿਪੋਰਟ ਕੀਤੇ ਗੈਰਕਾਨੂੰਨੀ ਭਾਰਤੀ ਪਰਵਾਸੀਆਂ ਦਾ ਇਹ ਪਹਿਲਾ ਬੈਚ ਹੈ।

ਸੂਤਰਾਂ ਮੁਤਾਬਕ ਡਿਪੋਰਟੀਜ਼ ਨੂੰ ਉਨ੍ਹਾਂ ਦੇ ਦਸਤਾਵੇਜ਼ਾਂ ਦੀ ਤਸਦੀਕ ਤੇ ਪਿਛੋਕੜ ਦੀ ਜਾਂਚ ਮਗਰੋਂ ਘਰ ਭੇਜੇ ਜਾਣ ਦੀ ਉਮੀਦ ਕੀਤੀ ਜਾ ਰਹੀ ਹੈ। ਸੂਤਰਾਂ ਨੇ ਕਿਹਾ ਕਿ ਪੁਲੀਸ ਵੱਲੋਂ ਡਿਪੋਰਟੀਜ਼ ਦੇ ਅਪਰਾਧਕ ਪਿਛੋਕੜ ਦੀ ਵੀ ਘੋਖ ਕੀਤੀ ਜਾਵੇਗੀ।

(ਦੇਖੋ ਸਫ਼ਾ 20-22 'ਤੇ)

# ਟਰੰਪ ਦੀਆਂ ਇਮੀਗ੍ਰੇਸ਼ਨ ਅਤੇ ਦੇਸ਼ ਨਿਕਾਲੇ ਦੀਆਂ ਨੀਤੀਆਂ ਦੇ ਖਿਲਾਫ਼ ਪ੍ਰਦਰਸ਼ਨ



(ਫੋਟੋਆਂ : ਧੰਨਵਾਦ ਸਹਿਤ ਸੋਸ਼ਲ ਮੀਡੀਆ)

ਲਾਸ ਏਂਜਲਸ : ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਦੀਆਂ ਇਮੀਗ੍ਰੇਸ਼ਨ ਅਤੇ ਦੇਸ਼ ਨਿਕਾਲੇ ਦੀਆਂ ਨੀਤੀਆਂ ਦੇ ਖਿਲਾਫ ਲਾਸ ਏਂਜਲਸ ਦੇ ਡਾਊਨਟਾਊਨ ਵਿੱਚ ਪ੍ਰਦਰਸ਼ਨ ਜਾਰੀ ਰਿਹਾ। ਸੈਂਕੜੇ ਪ੍ਰਵਾਸੀਆਂ ਲੋਕ ਸੜਕਾਂ 'ਤੇ ਆ ਗਏ, ਜਿਨ੍ਹਾਂ ਵਿੱਚੋਂ ਬਹੁਤਿਆਂ ਨੇ ਮੈਕਸੀਕੋ ਦੇ ਝੰਡੇ ਲਹਿਰਾਏ, ਇੱਕ ਅਜਿਹਾ ਦੇਸ਼ ਜਿਸ ਨਾਲ ਟਰੰਪ ਨਿਯਮਿਤ ਤੌਰ 'ਤੇ ਝਗੜਾ ਕਰਦੇ ਰਹੇ ਹਨ। ਟਰੰਪ ਦੇ ਵਾਅਦੇ ਕੀਤੇ ਸਮੂਹਿਕ ਦੇਸ਼ ਨਿਕਾਲੇ ਦੇ ਵਿਰੋਧ ਵਿੱਚ, "ਕਈਆਂ ਨੇ ਡੀ.ਆਈ.ਵਾਈ. ਸ਼ਹਿਰ ਦੇ ਵਧਦੇ ਖ਼ਤਰੇ ਵਾਲੇ ਪ੍ਰਵਾਸੀ ਭਾਈਚਾਰਿਆਂ ਲਈ ਸਮਰਥਨ ਦੇ ਹੋਰ ਬਿਆਨਾਂ ਦੇ ਨਾਲ-ਨਾਲ 'ਪਰਿਵਾਰਾਂ ਨੂੰ ਇਕੱਠੇ ਰੱਖੋ' ਅਤੇ 'ਪ੍ਰਵਾਸੀ ਅਮਰੀਕਾ ਨੂੰ ਮਹਾਨ ਬਣਾਉਂਦੇ ਹਨ' ਪੜ੍ਹਦੇ ਹਨ।

ਦਰਜਨਾਂ ਲੋਕਾਂ ਨੇ ਸੜਕਾਂ 'ਤੇ ਮਾਰਚ ਕੀਤਾ, ਕੁਝ ਚਿੰਨ੍ਹ ਜਾਂ ਮੈਕਸੀਕਨ ਝੰਡੇ ਨਾਲ ਓਲਵੇਰਾ ਸਟਰੀਟ ਵੱਲ ਗਏ, ਜਿੱਥੇ ਉਨ੍ਹਾਂ ਨੇ ਨਾਅਰੇਬਾਜ਼ੀ ਕੀਤੀ ਅਤੇ ਰੈਲੀ ਕੀਤੀ। ਲਾਸ ਏਂਜਲਸ ਪੁਲਿਸ ਵਿਭਾਗ ਦੇ ਅਨੁਸਾਰ, ਵਿਦਿਆਰਥੀਆਂ ਨੇ ਸਿਟੀ ਹਾਲ ਦੇ ਸਪਰਿੰਗ ਸਟਰੀਟ ਵਾਲੇ ਪਾਸੇ ਵੀ ਪ੍ਰਦਰਸ਼ਨ ਕੀਤਾ। ਟਰੰਪ ਨੇ ਅਮਰੀਕਾ ਵਿਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਪ੍ਰਵਾਸੀਆਂ ਨੂੰ ਨਿਸ਼ਾਨਾ

(ਦੇਖੋ ਸਫ਼ਾ 25 'ਤੇ)

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigrantion Services
Citizenship
e-Verify, 1-9 and
Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

CJ Singh
Broker License # 24012019
206-295-5993
Cjs@realtorcjs.com
HOMESMART ONE REALTY
Charanjit Singh Seattle
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
HomeSmart One Realty
16329 Cascadian Way
Bothell, WA 98012
Each brokerage independently owned and operated

BIBA INSURANCE
1.800.221.4187
Specializing in Truck Insurance for Owner Operators and Trucking Companies
ਟਰੱਕਾਂ ਦੀ ਸਸਤੀ ਅਤੇ ਵਧੀਆ ਇੰਸ਼ੋਰੈਂਸ਼ ਕਰਾਉਣ ਲਈ ਭਰੋਸੇਮੰਦ ਅਤੇ ਜ਼ੁੰਮੇਵਾਰ ਕੰਪਨੀ
ਬੀਬਾ ਇੰਸ਼ੋਰੈਂਸ਼
ਨੂੰ ਅੱਜ ਹੀ ਕਾਲ ਕਰੋ
License #0F71937

Punjabi International Services Inc
Harminder Singh Samana
Bonded Immigration Consultant
bond number #10177780
ਆਫਿਸ ਮੈਨੇਜਰ
209-481-7750
209-624-3919
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
ਪੋਲੀਟੀਕਲ ਅਸਾਈਲਮ
ਸਿਟੀਜਨਸ਼ਿਪ
ਗਰੀਨਕਾਰਡ
Family Petition Immigration
Travel document
Work Permit
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
239 West Yosemite Ave Manteca CA 95336

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

ਕਿਵੇਂ ਬੇਕਸੂਰ ਸਿੱਖ ਨੌਜਵਾਨਾਂ ਦੇ ਸਿਰਾਂ ਵਿਚ ਗੋਲੀਆਂ ਮਾਰ ਕੇ ਸ਼ਹੀਦ ਕੀਤਾ ਗਿਆ

# ਝੂਠਾ ਪੁਲਿਸ ਮੁਕਾਬਲੇ 'ਚ 32 ਸਾਲ ਬਾਅਦ ਪੁਲਿਸ ਅਫ਼ਸਰਾਂ ਨੂੰ ਉਮਰ ਕੈਦ





ਮੁਹਾਲੀ ਦੀ ਸੀਬੀਆਈ ਅਦਾਲਤ 'ਚੋਂ ਬਾਹਰ ਆਉਂਦੇ ਹੋਏ ਦੋਸ਼ੀ ਪੁਲਿਸ

ਐੱਸ. ਏ. ਐੱਸ. ਨਗਰ : ਪੰਜਾਬ ਦੇ ਕਾਲੇ ਦੌਰ ਦੌਰਾਨ ਘਰ ਬੈਠੇ ਬੇਕਸੂਰ ਸਿੱਖ ਨੌਜਵਾਨਾਂ ਨੂੰ ਤਰੱਕੀ ਦੇ ਲੋਭੀ ਪੁਲਿਸ ਮੁਲਾਜ਼ਮਾਂ ਵਲੋਂ ਖਾੜਕੂ ਕਰਾਰ ਦੇ ਕੇ ਫ਼ਰਜ਼ੀ ਪੁਲਿਸ ਮੁਕਾਬਲੇ ਦਿਖਾ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਸੀ। ਇਸੇ ਤਰ੍ਹਾਂ ਦਾ ਹੀ ਇਕ ਮਾਮਲਾ ਅੰਮ੍ਰਿਤਸਰ ਵਿਖੇ 1992 'ਚ ਸਾਹਮਣੇ ਆਇਆ ਸੀ, ਜਿਸ ਦਾ ਫ਼ੈਸਲਾ ਮੁਹਾਲੀ ਦੇ ਜ਼ਿਲ੍ਹਾ ਅਦਾਲਤੀ ਕੰਪਲੈਕਸ ਸਥਿਤ ਸੀ. ਬੀ. ਆਈ. ਦੀ ਵਿਸ਼ੇਸ਼ ਅਦਾਲਤ ਵਲੋਂ ਸੁਣਾਇਆ ਗਿਆ। 32 ਸਾਲ ਪਹਿਲਾਂ ਬਲਦੇਵ ਸਿੰਘ ਦੇਬਾ ਵਾਸੀ ਪਿੰਡ ਬਾਸਰਕੇ ਭੈਣੀ ਨੂੰ ਐਸ. ਆਈ. ਮਹਿੰਦਰ ਸਿੰਘ ਅਤੇ ਹਰਭਜਨ ਸਿੰਘ ਐੱਸ. ਐੱਚ. ਓ. ਥਾਣਾ ਛੇਹਰਟਾ ਦੀ ਅਗਵਾਈ ਵਾਲੀ ਇਕ ਟੀਮ ਨੇ ਉਸ ਦੇ ਘਰੋਂ ਹਿਰਾਸਤ 'ਚ ਲਿਆ ਸੀ। ਇਸੇ ਤਰ੍ਹਾਂ ਲਖਵਿੰਦਰ ਸਿੰਘ ਉਰਫ਼ ਲੱਖਾ ਵਾਸੀ ਪਿੰਡ ਸੁਲਤਾਨਵਿੰਡ ਨੂੰ ਵੀ 12 ਸਤੰਬਰ 1992 ਨੂੰ ਅੰਮ੍ਰਿਤਸਰ ਦੇ ਪ੍ਰੀਤ ਨਗਰ ਸਥਿਤ ਉਸ ਦੇ ਕਿਰਾਏ ਦੇ ਘਰ ਤੋਂ ਐੱਸ. ਆਈ. ਗੁਰਭਿੰਦਰ ਸਿੰਘ ਦੀ ਅਗਵਾਈ ਵਾਲੀ ਇਕ ਟੀਮ ਨੇ ਗ਼ੈਰਕਾਨੂੰਨੀ ਤਰੀਕੇ ਨਾਲ ਗ੍ਰਿਫ਼ਤਾਰ ਕੀਤਾ ਸੀ ਅਤੇ ਦੋਵਾਂ ਨੂੰ ਉਸ ਸਮੇਂ ਦੇ ਮੰਤਰੀ ਦੇ ਪੁੱਤਰ ਦੇ ਕੇਸ 'ਚ ਝੂਠਾ ਫਸਾ ਕੇ ਤੇ ਫ਼ਰਜ਼ੀ ਪੁਲਿਸ ਮੁਕਾਬਲਾ ਬਣਾ ਕੇ ਮਾਰ ਦਿੱਤਾ ਸੀ। ਸੀ. ਬੀ. ਆਈ. ਵਲੋਂ ਮਾਮਲੇ ਦੀ ਜਾਂਚ ਕਰ ਕੇ ਦਾਖ਼ਲ ਕੀਤੀ ਗਈ ਚਾਰਜਸ਼ੀਟ ਵਿਚ 9 ਮੁਲਜ਼ਮਾਂ ਦਾ ਜ਼ਿਕਰ ਕੀਤਾ ਗਿਆ ਸੀ, ਜਿਨ੍ਹਾਂ 'ਚੋਂ 5 ਮੁਲਜ਼ਮਾਂ ਦਾ ਮਾਮਲੇ ਦੀ ਜਾਂਚ ਦੌਰਾਨ ਦਿਹਾਂਤ ਹੋ ਗਿਆ ਸੀ, ਜਦਕਿ 2 ਮੁਲਜ਼ਮਾਂ ਨੂੰ ਸ਼ੱਕ ਦਾ ਲਾਭ ਦਿੰਦੇ ਹੋਏ ਬਰੀ ਕਰ ਦਿੱਤਾ ਗਿਆ ਸੀ। ਇਸ ਮਾਮਲੇ 'ਚ ਕੁੱਲ 19 ਵਿਅਕਤੀਆਂ ਦੇ ਬਿਆਨ ਗਵਾਹ ਵਜੋਂ ਕਲਮਬੰਦ ਕੀਤੇ ਗਏ ਸਨ। ਬੀਤੇ ਦਿਨੀਂ ਸੀ. ਬੀ. ਆਈ. ਅਦਾਲਤ ਨੇ ਤਤਕਾਲੀ ਐਸ. ਐਚ. ਓ ਪੁਰਸ਼ੋਤਮ ਸਿੰਘ ਅਤੇ ਤਤਕਾਲੀ ਐਸ. ਆਈ. ਗੁਰਭਿੰਦਰ ਸਿੰਘ ਨੂੰ ਦੋਸ਼ੀ ਕਰਾਰ ਦਿੱਤਾ ਸੀ, ਜਿਨ੍ਹਾਂ ਨੂੰ ਅੱਜ ਸੀ. ਬੀ. ਆਈ. ਅਦਾਲਤ ਵਲੋਂ ਉਮਰ ਕੈਦ ਦੀ ਸਜ਼ਾ ਸਮੇਤ 2 ਲੱਖ ਰੁ. ਜੁਰਮਾਨੇ ਦੀ ਸਜ਼ਾ ਸੁਣਾਈ ਗਈ। 32 ਸਾਲਾਂ ਦੇ ਸੰਘਰਸ਼ ਉਪਰੰਤ ਦੋਸ਼ੀਆਂ ਨੂੰ ਬਣਦੀ ਕਾਨੂੰਨੀ ਸਜ਼ਾ ਹੋਈ ਅਤੇ ਦੋਵਾਂ ਮਰਹੂਮ ਸਿੱਖ ਨੌਜਵਾਨਾਂ ਸਮੇਤ ਉਨ੍ਹਾਂ ਦੇ ਪਰਿਵਾਰਾਂ ਨੂੰ ਅਦਾਲਤ ਵਲੋਂ ਇਨਸਾਫ਼ ਮਿਲਿਆ। ਇਸ ਮੌਕੇ ਦੋਵਾਂ ਪੀੜਤ ਪਰਿਵਾਰਾਂ ਨੂੰ ਇਨਸਾਫ਼ ਦਿਵਾਉਣ ਵਿਚ ਅਹਿਮ ਕਿਰਦਾਰ ਨਿਭਾਉਣ ਵਾਲੇ ਸੀ. ਬੀ. ਆਈ. ਦੇ ਵਕੀਲ ਅਨਮੋਲ ਨਾਰੰਗ, ਐਡਵੋਕੇਟ ਸਰਬਜੀਤ ਸਿੰਘ ਵੇਰਕਾ, ਐਡਵੋਕੇਟ ਪੁਸ਼ਪਿੰਦਰ ਸਿੰਘ ਤੇ ਐਡਵੋਕੇਟ ਜਗਜੀਤ ਸਿੰਘ ਦਾ ਹਾਜ਼ਰ ਪਰਿਵਾਰਕ ਮੈਂਬਰਾਂ ਵਲੋਂ ਧੰਨਵਾਦ ਕੀਤਾ ਗਿਆ।


ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਓਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜ਼ਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ




Get more BENEFITS at No Cost $0 Premium



Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com






Balsani Welders & Builders


We Design, Manufacture & Ship Nationwide

All Kind of Welding & Fabrication Services Available

- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences



ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ 'ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।



ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।

ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।





- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- FABRICATION TO INSTALLATION

ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ 'ਚ ਬਦਲਾਂਗੇ।

S. Iqbal Singh
844-573-3824 | 510 862 2332

433 W Scotts Ave Stockton, CA 95203
PH: (925) 487-7117

ਸਾਡੇ ਲੋਕ

# ARE YOU IN COMPLIANCE WITH FMCSA REGULATIONS?



Trust your compliance needs to us! Say goodbye to those Google-educated DOT consultants and experience the difference with our certified experts. They've honed their skills under the same entity that is conducting your audits and issuing tickets. Whether you're gearing up for a CHP or Federal Audit, or aiming to improve your DOT safety score for those coveted big clients, our consultants are your partners every step of the way, equipping you with the knowledge and tools for success. Our comprehensive services go beyond the basics listed below, ensuring your peace of mind.



OUR EXPERT COMPLIANCE DRIVING YOUR SUCCESS

## DOT AUDIT PREP

Be prepared for DOT audits with our comprehensive audit preparation services, minimizing risks and ensuring compliance.

Already had an audit, but failed? Don't worry, we can create and submit a corrective action plan (CAP) to prevent your DOT number from being revoked.

**YOUR SAFETY COMPLIANCE**

ਪੇਸ਼ ਕੀਤੀਆਂ ਸੇਵਾਵਾਂ:

## 45 ਦਿਨ, 90 ਦਿਨ, ਅਤੇ ਸਾਲਾਨਾ ਨਿਰੀਖਣ:

ਕੋਚ, ਸਕੂਲ ਲਈ 45 ਦਿਨਾਂ ਦਾ ਨਿਰੀਖਣ,
ਟੂਰ, ਯੂਥ, ਅਤੇ SPAB ਬੱਸਾਂ।

ਟਰੈਕਟਰਾਂ ਲਈ 90 ਦਿਨ ਅਤੇ ਸਾਲਾਨਾ ਨਿਰੀਖਣ ਅਤੇ ਟਰੇਲਰ
ਸਾਰੇ ਇੰਸਪੈਕਟਰ DOT ਪ੍ਰਮਾਣਿਤ ਹਨ

## ਕਲੀਅਰਿੰਗਹਾਊਸ ਅਤੇ FMCSA ਪੋਰਟਲ

ਅਸੀਂ ਡਰਾਈਵਰਾਂ ਅਤੇ ਕੈਰੀਅਰਾਂ ਲਈ ਤੁਹਾਡੇ ਕਲੀਅਰਿੰਗਹਾਊਸ ਅਤੇ FMCSA ਪੋਰਟਲ ਨੂੰ ਸਥਾਪਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ

## ਡਰੱਗ ਅਤੇ ਅਲਕੋਹਲ ਮਾਨਾ ਜੀਮੈਂਟ

ਪੂਰਵ-ਰੁਜ਼ਗਾਰ, ਬੇਤਰਤੀਬ, ਅਤੇ ਦੁਰਘਟਨਾ ਤੋਂ ਬਾਅਦ ਡਰੱਗ ਟੈਸਟਿੰਗ।
ਰਿਕਾਰਡ ਰੱਖਣ ਅਤੇ ਪਦਾਰਥਾਂ ਦੀ ਦੁਰਵਰਤੋਂ ਪ੍ਰੋਗਰਾਮ (SAP) ਪਾਲਣਾ

## ਰੁਜ਼ਗਾਰਦਾਤਾ ਫੁੱਲ ਨੋਟਿਸ (EPN)

ਡਰਾਈਵਰ ਰਿਕਾਰਡਾਂ ਦੇ ਸਿਖਰ 'ਤੇ ਰਹੋ ਅਤੇ ਸਾਡੇ ਨਾਲ ਪਾਲਣਾ ਕਰੋ ਰੁਜ਼ਗਾਰਦਾਤਾ ਫੁੱਲ ਨੋਟਿਸ (EPN) ਸੇਵਾਵਾਂ, ਇਹ ਯਕੀਨੀ ਬਣਾਉਂਦੇ ਹੋਏ ਕਿ ਤੁਹਾਡੀ ਡਰਾਈਵਰ ਸਾਰੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਦੇ ਹਨ।

## ਡਰਾਈਵਰ ਲੌਗ ਬੁੱਕ ਆਡਿਟ

ਸਾਡੀ ਸੁਚੇਤ ਡਰਾਈਵਰ ਲੌਗਬੁੱਕ ਨਾਲ ਜੁਰਮਾਨੇ ਅਤੇ ਜੁਰਮਾਨੇ ਤੋਂ ਬਚੋ ਆਡਿਟ, ਨਿਯਮਾਂ ਦੀ ਸ਼ੁੱਧਤਾ ਅਤੇ ਪਾਲਣਾ ਨੂੰ ਯਕੀਨੀ ਬਣਾਉਣਾ।

## ਟਿਕਟਾਂ ਲਈ ਦੇਸ਼ ਵਿਆਪੀ ਅਟਾਰਨੀ ਸੇਵਾਵਾਂ

ਆਉ ਅਸੀਂ ਤੁਹਾਡੀ ਕੰਪਨੀ ਦੇ ਸੁਰੱਖਿਆ ਸਕੋਰ ਅਤੇ ਡਰਾਈਵਰ ਨੂੰ ਰੱਖਣ ਵਿੱਚ ਤੁਹਾਡੀ ਮਦਦ ਕਰੀਏ CDL ਸਾਡੀ ਗਾਹਕੀ ਅਧਾਰਤ ਅਟਾਰਨੀ ਸੇਵਾਵਾਂ ਨਾਲ ਸੁਰੱਖਿਅਤ ਹੈ।

## ਕੈਲੀਫੋਰਨੀਆ ਕਾਰਬ ਕਲੀਨ ਟਰੱਕ ਚੈੱਕ 'ਸਮੋਗ ਟੈਸਟ'

ਕੈਲੀਫੋਰਨੀਆ ਦੇ ਕੈਰੀਅਰਾਂ ਨੂੰ ਟਰੱਕ ਦੀ ਸਾਫ਼ ਜਾਂਚ ਕਰਨ ਦੀ ਲੋੜ ਹੁੰਦੀ ਹੈ ਕੈਲੀਫੋਰਨੀਆ ਕਾਰਬੋਹਾਈਡਰੇਟ ਦੀ ਪਾਲਣਾ ਕਰਨ ਲਈ ਹਰ 6 ਮਹੀਨਿਆਂ ਬਾਅਦ ਸਮੋਕ ਟੈਸਟ ਕਰੋ

## ਡਰਾਈਵਰ ਅਤੇ ਮੇਨਟੇਨੈਂਸ ਫਾਈਲ ਮਾਨਾ ਜੀਮੈਂਟ ਸਿਸਟਮ

ਤੁਹਾਡੇ ਸਾਰੇ ਡਰਾਈਵਰ ਅਤੇ ਰੱਖ-ਰਖਾਅ ਦੇ ਪ੍ਰਬੰਧਨ ਲਈ ਔਨਲਾਈਨ ਸਿਸਟਮ ਤੁਹਾਡੇ ਨਾਲ ਸੰਗਠਿਤ ਅਤੇ ਅਪ ਟੂ ਡੇਟ ਰਹਿਣ ਲਈ ਫਾਈਲਾਂ ਦੀ ਪਾਲਣਾ ਕਰੋ

## ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਓ

ਅਸੀਂ ਵਿਅਕਤੀਗਤ ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਉਂਦੇ ਹਾਂ ਤੁਹਾਡੀ ਕੰਪਨੀ ਦੀਆਂ ਲੋੜਾਂ ਅਤੇ FMCSA ਲੋੜਾਂ ਦੇ ਆਧਾਰ 'ਤੇ

## ਸਾਡੀਆਂ ਪੂਰੀ ਸੇਵਾ ਸਬਸਕ੍ਰਿਪਸ਼ਨ ਅਧਾਰਤ ਡਾਟ ਪਾਲਣਾ ਯੋਜਨਾਵਾਂ ਬਾਰੇ ਪੁੱਛੋ

888-896-9407
209-200-8308

info@yoursafetycompliance.com

www.yoursafetycompliance.com

ਸਾਡੇ ਸਲਾਹਕਾਰ ਸਾਬਕਾ ਜਾਂ ਮੌਜੂਦਾ DOT/ਕਾਨੂੰਨੀ ਹਨ ਇਨਫੋਰਸਮੈਂਟ ਅਫਸਰ ਅਤੇ ਇਹਨਾਂ ਵਿੱਚ ਵਿਆਪਕ ਸਿਖਲਾਈ ਹੈ DOT ਪਾਲਣਾ।

LET YOUR SAFETY COMPLIANCE BE YOUR TRUSTED PARTNER IN ENSURING COMPLIANCE AND SAFETY FOR YOUR BUSINESS!


LM Trans
LM RANS
Georgia
NC, SC, GA, FL, AL, LA, MS to CA, AZ, NV,
CA, AZ, NV to NC, SC, GA, FL, AL, LA, MS
• ਸਾਨੂੰ ਉਨਰ ਅਪਰੇਟਰ ਅਤੇ ਡਰਾਈਵਰਾਂ ਦੀ ਜ਼ਰੂਰਤ ਹੈ,
• ਸਾਡੇ ਕੋਲ ਪੱਕੇ ਲੋਡ ਅਤੇ ਕੰਮ ਸਾਰਾ ਸਾਲ।
• ਚੰਗੇ ਰੇਟ ਅਤੇ ਪੈਸੇ ਦਾ ਭੁਗਤਾਨ ਸਮੇਂ ਸਿਰ ਕੀਤਾ ਜਾਂਦਾ ਹੈ।
• ਤੁਹਾਡੇ ਕੋਲ VALID CDL ਅਤੇ ਘੱਟੋ ਘੱਟ 2 ਸਾਲ ਦਾ ਤਜਰਬਾ ਹੋਣਾ ਚਾਹੀਦਾ ਹੈ।
ਸਾਡੇ ਨਾਲ ਕੰਮ ਕਰਨ ਲਈ ਸਾਨੂੰ ਅੱਜ ਹੀ ਕਾਲ ਕਰੋ
Lokesh Kumar
470 334 0020
7437 avalon blvd, alpharetta, ga 30022
lmtrans868@gmail.com

# ਟਰੰਪ ਨੇ ਕੈਨੇਡਾ, ਮੈਕਸਿਕੋ ਤੇ ਚੀਨ 'ਤੇ ਟੈਕਸ ਲਗਾਏ

## ਕੈਨੇਡਾ 155 ਅਰਬ ਡਾਲਰ ਤੱਕ ਦੀ ਅਮਰੀਕੀ ਦਰਾਮਦ 'ਤੇ 25 ਫ਼ੀਸਦ ਟੈਕਸ ਲਗਾਏਗਾ : ਟਰੂਡੋ

## ਕੈਨੇਡਾ ਤੇ ਮੈਕਸਿਕੋ ਵੱਲੋਂ ਜਵਾਬੀ ਕਾਰਵਾਈ; ਵਪਾਰਕ ਜੰਗ ਦਾ ਖ਼ਦਸ਼ਾ ਬਣਿਆ

ਪਾਮ ਬੀਚ (ਅਮਰੀਕਾ)/ਓਟਵਾ : ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਮੈਕਸਿਕੋ, ਕੈਨੇਡਾ ਅਤੇ ਚੀਨ ਤੋਂ ਦਰਾਮਦ ਵਸਤਾਂ 'ਤੇ ਕਰੜੇ ਟੈਕਸ ਲਗਾਉਣ ਸਬੰਧੀ ਇਕ ਹੁਕਮ 'ਤੇ ਸ਼ਨਿਚਰਵਾਰ ਨੂੰ ਦਸਤਖ਼ਤ ਕੀਤੇ ਹਨ। ਉਧਰ ਗੁਆਂਢੀ ਮੁਲਕਾਂ (ਕੈਨੇਡਾ ਅਤੇ ਮੈਕਸਿਕੋ) ਵੱਲੋਂ ਤੇਜ਼ੀ ਨਾਲ ਮੋੜਵਾਂ ਜਵਾਬ ਦਿੰਦਿਆਂ ਅਮਰੀਕੀ ਵਸਤਾਂ 'ਤੇ ਟੈਕਸ ਲਗਾਉਣ ਦੇ ਐਲਾਨ ਕੀਤੇ ਗਏ ਹਨ ਜਿਸ ਨਾਲ ਵਪਾਰਕ ਜੰਗ ਦਾ ਖ਼ਦਸ਼ਾ ਵਧ ਗਿਆ ਹੈ। ਚੀਨ ਨੇ ਟਰੰਪ ਵੱਲੋਂ ਲਾਏ ਗਏ ਟੈਕਸ 'ਤੇ ਫੌਰੀ ਕੋਈ ਪ੍ਰਤੀਕਰਮ ਨਹੀਂ ਦਿੱਤਾ ਹੈ। ਟਰੰਪ ਨੇ ਆਰਥਿਕ ਐਮਰਜੈਂਸੀ ਤਹਿਤ ਚੀਨ ਤੋਂ ਹਰ ਤਰ੍ਹਾਂ ਦੇ ਸਾਮਾਨ ਦੀ ਦਰਾਮਦ 'ਤੇ 10 ਫ਼ੀਸਦ ਅਤੇ ਮੈਕਸਿਕੋ ਤੇ ਕੈਨੇਡਾ ਤੋਂ ਹੁੰਦੀ ਦਰਾਮਦ 'ਤੇ 25 ਫ਼ੀਸਦ ਟੈਕਸ ਲਗਾਉਣ ਦਾ ਐਲਾਨ ਕੀਤਾ ਹੈ। ਪਰ ਕੈਨੇਡਾ ਤੋਂ ਦਰਾਮਦ ਤੇਲ, ਕੁਦਰਤੀ ਗੈਸ ਅਤੇ ਬਿਜਲੀ ਸਣੇ ਊਰਜਾ 'ਤੇ 10 ਫ਼ੀਸਦ ਦੀ ਦਰ ਨਾਲ ਟੈਕਸ ਲਗਾਇਆ ਜਾਵੇਗਾ।

ਅਮਰੀਕੀ ਰਾਸ਼ਟਰਪਤੀ ਟਰੰਪ ਨੇ ਸੋਸ਼ਲ ਮੀਡੀਆ 'ਤੇ ਇਕ ਪੋਸਟ ਵਿਚ ਕੈਨੇਡਾ, ਮੈਕਸਿਕੋ ਅਤੇ ਚੀਨ 'ਤੇ ਲਾਏ ਟੈਕਸਾਂ ਨੂੰ 'ਅਮਰੀਕੀਆਂ ਦੀ ਸੁਰੱਖਿਆ ਲਈ' ਜ਼ਰੂਰੀ ਦੱਸਿਆ। ਟਰੰਪ ਨੇ ਤਿੰਨਾਂ ਮੁਲਕਾਂ 'ਤੇ ਫੇਂਟੇਨਾਈਲ (ਦਰਦ ਤੋਂ ਆਰਾਮ ਦੇਣ ਵਾਲੀ ਦਵਾਈ) ਦੇ ਗ਼ੈਰ-ਕਾਨੂੰਨੀ ਨਿਰਮਾਣ ਅਤੇ ਬਰਾਮਦ ਉੱਤੇ ਪਾਬੰਦੀ ਲਾਉਣ ਅਤੇ ਕੈਨੇਡਾ ਤੇ ਮੈਕਸਿਕੋ ਉੱਤੇ ਅਮਰੀਕਾ ਵਿਚ ਗ਼ੈਰ-ਕਾਨੂੰਨੀ ਇਮੀਗ੍ਰੇਸ਼ਨ ਨੂੰ ਰੋਕਣ ਲਈ ਦਬਾਅ ਪਾਇਆ ਹੈ। ਟਰੰਪ ਨੇ ਆਪਣੀ ਚੋਣ ਪ੍ਰਚਾਰ ਮੁਹਿੰਮ ਦੌਰਾਨ ਇਨ੍ਹਾਂ ਮੁਲਕਾਂ 'ਤੇ ਟੈਕਸ ਲਾਉਣ ਦੀ ਗੱਲ ਆਖੀ ਸੀ ਅਤੇ ਇਸ ਦਿਸ਼ਾ ਵੱਲ ਕਦਮ ਉਠਾਉਂਦਿਆਂ ਉਨ੍ਹਾਂ ਆਪਣਾ ਇਕ ਵਾਅਦਾ ਪੂਰਾ ਕਰ ਦਿੱਤਾ ਹੈ। ਹਾਲਾਂਕਿ ਇਸ ਨਾਲ ਆਲਮੀ ਅਰਥਚਾਰੇ ਵਿਚ ਹਿਲ-ਜੁਲ ਹੋਣ ਦਾ ਖ਼ਦਸ਼ਾ ਹੈ। ਟੈਕਸ ਲਗਾਉਣ ਨਾਲ ਮਹਿੰਗਾਈ ਵਧਣ ਦਾ ਵੀ ਖ਼ਦਸ਼ਾ ਹੈ।

ਉਧਰ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਉਨ੍ਹਾਂ ਦਾ ਮੁਲਕ 155 ਅਰਬ ਡਾਲਰ ਤੱਕ ਦੀ ਅਮਰੀਕੀ ਦਰਾਮਦ 'ਤੇ 25 ਫ਼ੀਸਦ ਟੈਕਸ ਲਗਾਏਗਾ। ਮੈਕਸਿਕੋ ਦੀ ਰਾਸ਼ਟਰਪਤੀ ਕਲੌਡੀਆ ਸ਼ੀਨਬਾਮ ਨੇ ਵੀ ਜਵਾਬੀ ਕਾਰਵਾਈ ਵਿਚ ਟੈਕਸ ਲਗਾਉਣ ਦੀ ਹਦਾਇਤ ਕੀਤੀ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸ਼ਨਿੱਚਰਵਾਰ ਨੂੰ ਕਿਹਾ ਕਿ



ਅਮਰੀਕੀ ਸ਼ਰਾਬ ਅਤੇ ਫ਼ਲਾਂ ਦੇ 30 ਅਰਬ ਡਾਲਰ ਦੇ ਵਪਾਰ 'ਤੇ ਕੈਨੇਡਿਆਈ ਟੈਕਸ ਮੰਗਲਵਾਰ ਨੂੰ ਉਸੇ ਵੇਲੇ ਲਾਗੂ ਹੋ ਜਾਵੇਗਾ, ਜਦੋਂ ਅਮਰੀਕੀ ਟੈਕਸ ਅਮਲ ਵਿਚ ਆਉਣਗੇ। ਬਾਕੀ ਵਸਤਾਂ 'ਤੇ ਟੈਕਸ 21 ਦਿਨਾਂ ਬਾਅਦ ਲਾਏ ਜਾਣਗੇ। ਉਨ੍ਹਾਂ ਕਿਹਾ, "ਇਸ ਦਾ ਅਮਰੀਕੀ ਲੋਕਾਂ 'ਤੇ ਹਕੀਕੀ ਰੂਪ ਵਿਚ ਅਸਰ ਪਏਗਾ।" ਉਨ੍ਹਾਂ ਕਿਹਾ ਕਿ ਇਸ ਦੇ ਨਤੀਜੇ ਵਜੋਂ ਕਰਿਆਨੇ ਦਾ ਸਾਮਾਨ ਤੇ ਹੋਰ ਵਸਤਾਂ ਦੀਆਂ ਕੀਮਤਾਂ ਵਧਣਗੀਆਂ। ਟਰੂਡੋ ਨੇ ਅਮਰੀਕੀਆਂ ਨੂੰ ਚੇਤੇ ਕਰਵਾਇਆ ਕਿ ਕੈਨੇਡਿਆਈ ਫੌਜੀਆਂ ਨੇ ਅਫ਼ਗ਼ਾਨਿਸਤਾਨ ਵਿਚ ਉਨ੍ਹਾਂ ਨਾਲ ਰਲ ਕੇ ਜੰਗ ਲੜੀ ਸੀ ਅਤੇ ਕੈਲੀਫੋਰਨੀਆ ਦੇ ਜੰਗਲਾਂ ਵਿਚ ਲੱਗੀ ਅੱਗ ਤੋਂ ਲੈ ਕੇ 'ਕੈਟਰੀਨਾ' ਤੂਫਾਨ ਤੱਕ ਹੋਰ ਕਈ ਸੰਕਟਾਂ ਨਾਲ ਨਜਿੱਠਣ ਵਿਚ ਮਦਦ ਕੀਤੀ ਸੀ। ਟਰੂਡੋ ਨੇ ਕਿਹਾ, "ਵ੍ਹਾਈਟ ਹਾਊਸ ਦੀ ਕਾਰਵਾਈ ਨੇ ਸਾਨੂੰ ਇਕਜੁੱਟ ਕਰਨ ਦੀ ਥਾਂ ਵੱਖ ਕਰ ਦਿੱਤਾ ਹੈ।" ਮੈਕਸਿਕੋ ਦੀ ਰਾਸ਼ਟਰਪਤੀ ਕਲੌਡੀਆ ਸ਼ੀਨਬਾਮ ਨੇ ਵ੍ਹਾਈਟ ਹਾਊਸ ਦੇ ਦੋਸ਼ ਨਕਾਰਦਿਆਂ ਕਿਹਾ ਕਿ ਅਮਰੀਕੀ ਸਰਕਾਰ ਤੇ ਉਸ ਦੀਆਂ ਏਜੰਸੀਆਂ ਨੂੰ ਆਪਣੇ ਮੁਲਕ 'ਚ ਫੇਂਟੇਨਾਈਲ ਦੀ ਖਪਤ ਦਾ ਗੰਭੀਰਤਾ ਨਾਲ ਹੱਲ ਕੱਢਣਾ ਚਾਹੀਦਾ ਹੈ। ਅਮਰੀਕਾ ਦੇ ਵੱਡੇ ਸ਼ਹਿਰਾਂ 'ਚ ਨਸ਼ਿਆਂ ਦੀ ਵਿਕਰੀ ਤੇ ਪੈਸਿਆਂ ਦੇ ਲੈਣ-ਦੇਣ ਲਈ ਹੋਰਾਂ ਨੂੰ ਜ਼ਿੰਮੇਵਾਰ ਠਹਿਰਾਉਣ ਦੀ ਥਾਂ ਖ਼ੁਦ ਹੀ ਕਦਮ ਚੁੱਕਣੇ ਚਾਹੀਦੇ ਹਨ।

### ਬੀਸੀ ਦੇ ਸਰਕਾਰੀ ਸਟੋਰਾਂ 'ਚੋਂ ਅਮਰੀਕੀ ਸ਼ਰਾਬ ਹਟਾਈ

ਬ੍ਰਿਟਿਸ਼ ਕੋਲੰਬੀਆ (ਬੀਸੀ) ਦੇ ਪ੍ਰੀਮੀਅਰ ਡੇਵਿਡ ਏਬੀ ਨੇ ਸੂਬੇ ਦੇ ਲੋਕਾਂ ਨੂੰ ਕਿਹਾ ਹੈ ਕਿ ਉਹ ਅਮਰੀਕਾ ਤੋਂ ਸ਼ਰਾਬ ਖ਼ਰੀਦਣਾ ਬੰਦ ਕਰ ਦੇਣ। ਉਨ੍ਹਾਂ ਕਿਹਾ ਕਿ ਅਮਰੀਕਾ ਵੱਲੋਂ ਟੈਕਸ ਥੋਪੇ ਜਾਣ ਦੇ ਰੋਸ ਵਜੋਂ ਉਹ ਸਰਕਾਰੀ ਸਟੋਰਾਂ 'ਚੋਂ ਅਮਰੀਕੀ ਸ਼ਰਾਬ ਹਟਾ ਰਹੇ ਹਨ। ਟੀਵੀ 'ਤੇ ਦਿੱਤੇ ਸੁਨੇਹੇ 'ਚ ਏਬੀ ਨੇ ਟਰੰਪ ਪ੍ਰਸ਼ਾਸਨ ਦੇ ਫ਼ੈਸਲੇ ਨੂੰ 'ਭਰੋਸੇਯੋਗ ਭਾਈਵਾਲ ਅਤੇ ਦੋਸਤ ਖ਼ਿਲਾਫ਼ ਆਰਥਿਕ ਜੰਗ ਦਾ ਐਲਾਨ' ਕਰਾਰ ਦਿੱਤਾ।

# ਅਮਰੀਕਾ-ਮੈਕਸੀਕੋ ਸਰਹੱਦ ਤੇ 10,000 ਫੌਜੀਆਂ ਦੀ ਤਾਇਨਾਤੀ ਸ਼ੁਰੂ



ਮੈਕਸੀਕੋ ਸਿਟੀ : ਮੈਕਸੀਕਨ ਰਾਸ਼ਟਰਪਤੀ ਕਲਾਉਡੀਆ ਸ਼ੀਨਬੌਮ ਨੇ ਮੰਗਲਵਾਰ ਨੂੰ ਪੁਸ਼ਟੀ ਕੀਤੀ ਕਿ ਅਮਰੀਕਾ ਨਾਲ ਲੱਗਦੀ 3,200 ਕਿਲੋਮੀਟਰ ਦੀ ਸਰਹੱਦ 'ਤੇ 10,000 ਨੈਸ਼ਨਲ ਗਾਰਡ ਫੌਜੀਆਂ ਨੇ ਤਾਇਨਾਤੀ ਸ਼ੁਰੂ ਹੋ ਗਈ ਹੈ। ਇੱਥੇ ਦੱਸ ਦੇਈਏ ਕਿ ਸਰਹੱਦੀ ਸੁਰੱਖਿਆ ਨੂੰ ਮਜ਼ਬੂਤ ??ਕਰਨਾ, ਫੈਂਟਾਨਿਲ ਤਸਕਰੀ ਦਾ ਮੁਕਾਬਲਾ ਕਰਨ ਅਤੇ ਗੈਰ-ਕਾਨੂੰਨੀ ਪ੍ਰਵਾਸ ਨੂੰ ਰੋਕਣ ਲਈ ਉਨ੍ਹਾਂ ਦੇ ਅਮਰੀਕੀ ਹਮਰੁਤਬਾ ਡੋਨਾਲਡ ਟਰੰਪ ਨਾਲ ਇੱਕ ਦਿਨ ਪਹਿਲਾਂ ਹੋਏ ਸਮਝੌਤੇ ਦਾ ਹਿੱਸਾ ਹੈ।

ਆਪਣੀ ਨਿਯਮਤ ਪ੍ਰੈਸ ਕਾਨਫਰੰਸ ਦੌਰਾਨ, ਸ਼ੀਨਬੌਮ ਨੇ ਕਿਹਾ ਕਿ ਫੌਜੀਆਂ ਨੂੰ ਘੱਟ ਸੁਰੱਖਿਆ ਚਿੰਤਾਵਾਂ ਵਾਲੇ ਖੇਤਰਾਂ ਤੋਂ ਸਰਹੱਦੀ ਖੇਤਰ ਵਿੱਚ ਮੁੜ ਤਾਇਨਾਤ ਕੀਤਾ ਜਾ ਰਿਹਾ ਹੈ। ਇਸ ਦੌਰਾਨ ਉਨ੍ਹਾਂ ਦੱਸਿਆ ਕਿ ਟਰੰਪ ਨੇ ਅਮਰੀਕਾ ਤੋਂ ਮੈਕਸੀਕੋ ਵਿੱਚ ਉੱਚ-ਸ਼ਕਤੀ ਵਾਲੇ ਹਥਿਆਰਾਂ ਦੇ ਦਾਖਲੇ ਦੀ ਜਾਂਚ ਕਰਨ ਦਾ ਵਾਅਦਾ ਕੀਤਾ ਹੈ। ਉਨ੍ਹਾਂ ਅੱਗੇ ਕਿਹਾ ਕਿ ਦੋਵਾਂ ਧਿਰਾਂ ਨੂੰ ਸਹਿਯੋਗ ਕਰਨਾ ਚਾਹੀਦਾ ਹੈ, ਤਾਂ ਜੋ ਹਥਿਆਰਾਂ ਦੀ ਤਸਕਰੀ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਘੱਟ ਜਾਵੇ।

ਸਮਝੌਤੇ ਦੇ ਹਿੱਸੇ ਵਜੋਂ, ਟਰੰਪ ਨੇ ਮੈਕਸੀਕਨ ਆਯਾਤ 'ਤੇ ਯੋਜਨਾਬੱਧ 25 ਫੀਸਦੀ ਟੈਰਿਫ ਨੂੰ ਇੱਕ ਮਹੀਨੇ ਲਈ ਮੁਅੱਤਲ ਕਰਨ ਦਾ ਐਲਾਨ ਕੀਤਾ। ਟਰੰਪ ਨੇ ਸ਼ਨੀਵਾਰ ਨੂੰ ਕੈਨੇਡਾ ਅਤੇ ਮੈਕਸੀਕੋ ਤੋਂ ਆਯਾਤ 'ਤੇ 25-ਫੀਸਦੀ ਵਾਧੂ ਟੈਰਿਫ ਲਗਾਉਣ ਲਈ ਕਾਰਜਕਾਰੀ ਆਦੇਸ਼ਾਂ 'ਤੇ ਦਸਤਖਤ ਕੀਤੇ ਸਨ। ਹਾਲਾਂਕਿ, ਸੋਮਵਾਰ ਨੂੰ ਟਰੰਪ ਨੇ ਅਗਲੇਰੀ ਗੱਲਬਾਤ ਲਈ ਦੋਵਾਂ ਦੇਸ਼ਾਂ ਨਾਲ ਆਖਰੀ ਮਿੰਟ ਦੇ ਸਮਝੌਤੇ ਤੋਂ ਬਾਅਦ ਮੈਕਸੀਕੋ ਅਤੇ ਕੈਨੇਡਾ ਵਿਰੁੱਧ ਆਪਣੇ ਟੈਰਿਫ ਨੂੰ 30 ਦਿਨਾਂ ਲਈ ਰੋਕ ਦਿੱਤਾ।

# ਟਰੰਪ ਨੇ ਕੈਨੇਡਾ ਤੇ ਮੈਕਸਿਕੋ 'ਤੇ ਟੈਕਸ ਲਾਉਣ ਦੇ ਫੈਸਲੇ 'ਤੇ 30 ਦਿਨਾਂ ਲਈ ਰੋਕ

## ਟਰੂਡੋ ਤੇ ਸ਼ੀਨਬੌਮ ਨੇ ਟਰੰਪ ਨੂੰ ਅਮਰੀਕਾ ਨਾਲ ਲੱਗਦੀ ਸਰਹੱਦ 'ਤੇ ਸਖ਼ਤੀ ਦਾ ਦਿੱਤਾ ਭਰੋਸਾ

ਵੈਨਕੂਵਰ : ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕੈਨੇਡਾ ਤੇ ਮੈਕਸਿਕੋ ਤੋਂ ਦਰਾਮਦ ਵਸਤਾਂ 'ਤੇ 25 ਫੀਸਦ ਟੈਕਸ ਲਾਉਣ ਦੇ ਆਪਣੇ ਫੈਸਲੇ 'ਤੇ ਅਗਲੇ 30 ਦਿਨਾਂ ਲਈ ਰੋਕ ਲਾ ਦਿੱਤੀ ਹੈ। ਟਰੰਪ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਮੈਕਸਿਕੋ ਦੀ ਆਪਣੀ ਹਮਰੁਤਬਾ ਕਲੌਡੀਆ ਸ਼ੀਨਬੌਮ ਨਾਲ ਗੱਲਬਾਤ ਮਗਰੋਂ ਇਹ ਫੈਸਲਾ ਲਿਆ ਹੈ। ਟਰੰਪ ਨੇ ਟੈਰਿਫ ਦੇ ਮੁੱਦੇ ਨੂੰ ਲੈ ਕੇ ਟਰੂਡੋ ਨਾਲ ਇਕ ਦਿਨ ਵਿਚ ਦੋ ਗੇੜ ਦੀ ਗੱਲਬਾਤ ਕੀਤੀ। ਜਾਣਕਾਰੀ ਮੁਤਾਬਕ ਕੈਨੇਡਾ ਤੇ ਮੈਕਸਿਕੋ ਨੇ ਅਮਰੀਕਾ ਵੱਲੋਂ ਟੈਰਿਫ ਦੀ ਸ਼ਰਤ ਹਟਾਉਣ ਬਦਲੇ ਅਮਰੀਕਾ ਨਾਲ ਲੱਗਦੀ ਆਪਣੀਆਂ ਸਰਹੱਦਾਂ 'ਤੇ ਸਖ਼ਤੀ ਦਾ ਭਰੋਸਾ ਦਿੱਤਾ ਹੈ। ਉਂਝ ਅਜੇ ਇਹ ਸਪਸ਼ਟ ਨਹੀਂ ਹੋ ਸਕਿਆ ਕਿ ਅਮਰੀਕਾ ਵਲੋਂ ਚੀਨ ਤੋਂ ਦਰਾਮਦ ਵਸਤਾਂ 'ਤੇ ਲੱਗਣ ਵਾਲਾ 10 ਫੀਸਦ ਟੈਰਿਫ ਲਾਗੂ ਹੋਏਗਾ ਜਾਂ ਉਸ ਨੂੰ ਵੀ ਟਾਲ ਦਿੱਤਾ ਗਿਆ ਹੈ? ਚੀਨ ਤੋਂ ਸਾਰਾ ਸਮਾਨ ਸਮੁੰਦਰੀ ਜਾਂ ਹਵਾਈ ਰਸਤੇ ਹੀ ਅਮਰੀਕਾ ਪਹੁੰਚਦਾ ਹੈ। ਚੇਤੇ ਰਹੇ ਕੈਨੇਡਾ, ਮੈਕਸਿਕੋ ਤੇ ਚੀਨ 'ਤੇ ਟੈਕਸ ਲਾਉਣ ਦੇ ਫੈਸਲੇ ਮਗਰੋਂ ਵਪਾਰਕ ਜੰਗ ਛਿੜਣ ਦੇ ਖ਼ਦਸ਼ਿਆਂ ਦਰਮਿਆਨ ਟਰੰਪ ਨੇ ਲੰਘੇ ਦਿਨ ਕੈਨੇਡਾ ਤੇ ਮੈਕਸਿਕੋ ਨਾਲ ਗੱਲਬਾਤ ਦੀ ਇੱਛਾ ਜਤਾਈ ਸੀ।

ਟਰੂਡੋ ਨੇ ਕਿਹਾ ਕਿ ਉਨ੍ਹਾਂ ਦੀ ਰਾਸ਼ਟਰਪਤੀ ਟਰੰਪ ਨਾਲ ਚੰਗੀ ਗੱਲਬਾਤ ਹੋਈ। ਉਨ੍ਹਾਂ ਕਿਹਾ ਕਿ ਕੈਨੇਡਾ ਸਰਹੱਦੀ 1.3 ਬਿਲੀਅਨ ਡਾਲਰ ਦੀ ਯੋਜਨਾ ਲਾਗੂ ਕਰ ਰਿਹਾ ਹੈ - ਜਿਸ ਵਿਚ ਨਵੇਂ ਹੈਲੀਕਾਪਟਰਾਂ, ਤਕਨਾਲੋਜੀ ਅਤੇ ਕਰਮਚਾਰੀਆਂ ਨਾਲ ਸਰਹੱਦ ਨੂੰ ਮਜ਼ਬੂਤ ਕਰਨਾ, ਅਮਰੀਕੀ ਭਾਈਵਾਲਾਂ ਨਾਲ ਤਾਲਮੇਲ ਵਧਾਉਣਾ ਅਤੇ ਫੈਂਟਾਨਿਲ (ਦਰਦ ਨਿਵਾਰਕ ਦਵਾਈ) ਦੇ ਪ੍ਰਵਾਹ ਨੂੰ ਰੋਕਣ ਲਈ ਸਰੋਤਾਂ ਵਿੱਚ ਵਾਧਾ ਕਰਨਾ ਆਦਿ ਸ਼ਾਮਲ ਹਨ।

ਟਰੂਡੋ ਨੇ ਕਿਹਾ ਕਿ ਉਹ ਕੈਨੇਡਾ-ਯੂਐਸ ਜੁਆਇੰਟ ਸਟ੍ਰਾਈਕ ਫੋਰਸ ਸ਼ੁਰੂ ਕਰ ਰਹੇ ਹਨ,



ਜਿਸ ਨੂੰ ਸੰਗਠਿਤ ਅਪਰਾਧ ਅਤੇ ਮਨੀ ਲਾਂਡਰਿੰਗ ਨਾਲ ਨਜਿੱਠਣ ਦਾ ਕੰਮ ਸੌਂਪਿਆ ਜਾਵੇਗਾ। ਟਰੂਡੋ ਨੇ ਕਿਹਾ ਕਿ ਕੈਨੇਡਾ ਨਸ਼ਾ ਤਸਕਰਾਂ ਨੂੰ ਅਤਿਵਾਦੀ ਐਲਾਨਣ ਅਤੇ ਕੈਨੇਡਾ-ਅਮਰੀਕਾ ਮੁਹਿੰਮ ਸ਼ੁਰੂ ਕਰਨ ਲਈ 'ਫੈਂਟਾਨਿਲ ਜਾਰ' ਨਿਯੁਕਤ ਕਰੇਗਾ। ਸੰਗਠਿਤ ਅਪਰਾਧ, ਫੈਂਟਾਨਿਲ ਅਤੇ ਮਨੀ ਲਾਂਡਰਿੰਗ ਨਾਲ ਨਜਿੱਠਣ ਲਈ ਸੰਯੁਕਤ ਸਟ੍ਰਾਈਕ ਫੋਰਸ 'ਤੇ 20 ਕਰੋੜ ਡਾਲਰ ਖ਼ਰਚ ਹੋਣਗੇ। ਟਰੂਡੋ ਨੇ ਕੈਨੇਡਾ ਦੇ ਉਤਪਾਦਕਾਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਸ਼ੰਕੇ ਵਿੱਚ ਰਹਿ ਕੇ ਉਤਪਾਦਨ ਵਿੱਚ ਖੜੋਤ ਨਾ ਆਉਣ ਦੇਣ। ਉਨ੍ਹਾਂ ਭਰੋਸਾ ਦਿੱਤਾ ਕਿ ਆਉਂਦੇ ਦਿਨਾਂ ਵਿੱਚ ਅਮਰੀਕਨ ਰਾਸ਼ਟਰਪਤੀ ਦੇ ਸਾਰੇ ਸ਼ੰਕੇ ਦੂਰ ਕਰ ਦਿੱਤੇ ਜਾਣਗੇ। ਟਰੂਡੋ ਨੇ ਮੰਨਿਆ ਕਿ ਨਸ਼ਾ ਅਤੇ ਗੈਰ-ਕਨੂੰਨੀ ਲਾਂਘੇ ਵਿਕਸਤ ਦੇਸ਼ਾਂ ਲਈ ਚੰਗੇ ਨਹੀਂ ਹੁੰਦੇ, ਜਿਸ 'ਤੇ ਰੋਕ ਲੱਗਣੀ ਜ਼ਰੂਰੀ ਹੈ। ਉਧਰ ਵਿਰੋਧੀ ਧਿਰ ਕੰਜ਼ਰਵੇਟਿਵ ਪਾਰਟੀ ਦੇ ਨੇਤਾ ਪੀਅਰੇ ਪੋਲੀਵਰ ਨੇ ਟਰੂਡੋ ਨੂੰ ਸਰਹੱਦ 'ਤੇ ਫ਼ੌਜੀ ਸੈਨਿਕ, ਹੈਲੀਕਾਪਟਰ ਅਤੇ ਨਿਗਰਾਨ ਭੇਜਣ ਦੀ ਅਪੀਲ ਕੀਤੀ ਹੈ। ਪੋਲੀਵਰ ਨੇ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀ.ਬੀ.ਐੱਸ.ਏ.) ਦੇ ਸਰਹੱਦੀ ਏਜੰਟਾਂ ਨੂੰ ਕਿਹਾ ਕਿ ਉਹ ਅਧਿਕਾਰਤ ਸਰਹੱਦੀ ਕਰਾਸਿੰਗ ਤੱਕ ਸੀਮਤ ਨਾ ਰਹਿਣ ਬਲਕਿ ਸਰਹੱਦ 'ਤੇ ਹਰ ਜਗ ?ਹਾ ਗਸ਼ਤ ਕਰਨ ਅਤੇ ਘੱਟੋ-ਘੱਟ 2,000 ਨਵੇਂ ਸੀਬੀਐਸਏ ਏਜੰਟਾਂ ਨੂੰ ਨਿਯੁਕਤ ਕਰਨ ਤਾਂ ਕਿ ਨਸ਼ੀਲੇ ਪਦਾਰਥਾਂ ਅਤੇ ਬੰਦੂਕਾਂ ਦੀ ਤਸਕਰੀ ਨੂੰ ਰੋਕਿਆ ਜਾ ਸਕੇ।

ਇਸ ਦੌਰਾਨ ਮੈਕਸੀਕਨ ਰਾਸ਼ਟਰਪਤੀ ਸ਼ੀਨਬੌਮ ਨੇ ਟਰੰਪ ਨਾਲ ਹੋਈ ਗੱਲਬਾਤ ਮੌਕੇ ਸਰਹੱਦ 'ਤੇ 1000 ਹੋਰ ਫੌਜੀ ਤਾਇਨਾਤ ਕਰਨ ਅਤੇ ਕੁਝ ਹੋਰ ਕਮੀਆਂ ਦੂਰ ਕਰਨ ਦੀ ਗੱਲ ਮੰਨੀ ਹੈ, ਜਿਸ ਮਗਰੋਂ ਟਰੰਪ ਨੇ ਇੱਕ ਮਹੀਨੇ ਲਈ ਟੈਕਸ ਰੋਕਣਾ ਮੰਨ ਲਿਆ। ਮੈਕਸਿਕੋ ਤੇ ਕੈਨੇਡਾ ਵਲੋਂ ਅਮਰੀਕਾ ਨੂੰ ਫੈਂਟਾਨਿਲ (ਮਾਰੂ ਨਸ਼ਾ) ਸਮੇਤ ਗੈਰ-ਕਨੂੰਨੀ ਲਾਂਘੇ 'ਤੇ ਪੂਰੀ ਤਰਾਂ ਕਾਬੂ ਪਾਉਣ ਦੇ ਭਰੋਸੇ ਦਿੱਤੇ ਗਏ ਹਨ।

ਉਧਰ ਕੈਨੇਡਾ ਦੇ ਕਾਮਿਆਂ ਦੀਆਂ ਯੂਨੀਅਨਾਂ ਦੇ ਆਗੂਆਂ ਨੇ ਟੈਕਸ ਜੰਗ ਸਬੰਧੀ ਬਿਆਨ ਦੇਣੇ ਸ਼ੁਰੂ ਕਰ ਦਿੱਤੇ ਹਨ। ਕੈਨੇਡਾ ਦੇ ਨਿੱਜੀ ਕਾਮਿਆਂ ਦੀ ਸਭ ਤੋਂ ਵੱਡੀ ਯੂਨੀਅਨ ਯੂਨੀਫਾਰ ਦੀ ਕੌਮੀ ਪ੍ਰਧਾਨ ਲੈਨਾ ਪਾਇਨੇ ਨੇ ਕਿਹਾ ਕਿ ਬੇਸ਼ੱਕ 30 ਦਿਨ ਦੀ ਮੋਹਲਤ ਨਾਲ ਕੁਝ ਰਾਹਤ ਮਿਲੀ ਹੈ, ਪਰ ਟੈਕਸ ਜੰਗ ਦੀਆਂ ਧਮਕੀਆਂ ਤੋਂ ਡਰਨ ਅਤੇ ਇਹ ਪ੍ਰਭਾਵ ਲੈਣ ਦੀ ਲੋੜ ਨਹੀਂ ਕਿ ਕੈਨੇਡਾ ਆਪਣੇ ਅਕੀਦਿਆਂ ਤੋਂ ਪਿੱਛੇ ਹਟੇਗਾ। ਉਨ੍ਹਾਂ ਦੇਸ਼ ਵਾਸੀਆਂ ਨੂੰ ਇੱਕਜੁਟ ਹੋਣ ਲਈ ਕਿਹਾ। ਟੈਰਿਫ ਇਕ ਮਹੀਨੇ ਲਈ ਟਲਣ ਤੋਂ ਬਾਦ ਕੈਨੇਡਾ ਦੇ ਸ਼ਰਾਬ ਠੇਕੇਦਾਰਾਂ ਨੇ ਅਮਰੀਕਨ ਸ਼ਰਾਬ ਉੱਤੇ ਲਾਈ ਪਾਬੰਦੀ ਤੁਰੰਤ ਹਟਾ ਲਈ ਤੇ ਅਮਰੀਕਾ ਦੀ ਥਾਂ ਕੈਨੇਡਿਆਈ ਉਤਪਾਦਨ ਨੂੰ ਪਹਿਲ ਦੇਣ ਵਾਲੀਆਂ ਤਖ਼ਤੀਆਂ ਹਟਾ ਦਿੱਤੀਆਂ ਗਈਆਂ। ਗੌਰਤਲਬ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵਲੋਂ ਕੈਨੇਡਾ ਤੇ ਮੈਕਸਿਕੋ ਤੋਂ ਦਰਾਮਦ ਵਸਤਾਂ ਉੱਤੇ 25 ਫੀਸਦ ਅਤੇ ਤੇਲ ਸਮੇਤ ਊਰਜਾ ਤੇ ਖਣਿਜਾਂ ਉੱਤੇ 10 ਫੀਸਦ ਟੈਕਸ ਲਾਉਣ ਦੇ ਐਲਾਨ ਤੋਂ ਬਾਅਦ ਕੈਨੇਡਾ ਸਰਕਾਰ ਨੇ ਵੀ ਮੋੜਵੇਂ ਜਵਾਬ ਵਜੋਂ ਅਮਰੀਕਾ ਤੋਂ ਆਉਂਦੇ ਸਮਾਨ 'ਤੇ ਵੀ ਟੈਕਸ ਲਾਉਣ ਦਾ ਐਲਾਨ ਕੀਤਾ ਸੀ।

# ਟਰੰਪ ਦੀ ਦੇਸ਼ ਨਿਕਾਲਾ ਮੁਹਿੰਮ ਖ਼ਿਲਾ.ਫ ਅਮਰੀਕਾ ’ਚ ਪ੍ਰਦਰਸ਼ਨ

*ਲਾਸ ਏਂਜਲਸ ’ਚ ਅਹਿਮ ਮਾਰਗ ਕਰੀਬ ਪੰਜ ਘੰਟੇ ਤੱਕ ਜਾਮ ਰੱਖਿਆ*



ਲਾਸ ਏਂਜਲਸ : ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਪਰਵਾਸੀਆਂ ਦੀ ਵੱਡੇ ਪੱਧਰ ’ਤੇ ਦੇਸ਼ ਨਿਕਾਲਾ ਮੁਹਿੰਮ ਦੇ ਵਿਰੋਧ ’ਚ ਐਤਵਾਰ ਨੂੰ ਦੱਖਣੀ ਕੈਲੀਫੋਰਨੀਆ ’ਚ ਹਜ਼ਾਰਾਂ ਲੋਕਾਂ ਨੇ ਰੋਸ ਮਾਰਚ ਕੀਤਾ। ਲਾਸ ਏਂਜਲਸ ’ਚ ਪ੍ਰਦਰਸ਼ਨਕਾਰੀਆਂ ਨੇ ਕਰੀਬ ਪੰਜ ਘੰਟੇ ਤੱਕ ਅਹਿਮ ਮਾਰਗ ਨੂੰ ਜਾਮ ਰੱਖਿਆ। ਪ੍ਰਦਰਸ਼ਨਕਾਰੀ ਸਵੇਰੇ ਹੀ ਲਾਸ ਏਂਜਲਸ ਦੀ ਇਤਿਹਾਸਕ ਓਲਵੇਰਾ ਸਟਰੀਟ ’ਤੇ ਇਕੱਠੇ ਹੋਏ ਅਤੇ ਸਿਟੀ ਹਾਲ ਵੱਲ ਮਾਰਚ ਸ਼ੁਰੂ ਕੀਤਾ। ਉਨ੍ਹਾਂ ਹੱਥਾਂ ’ਚ ‘ਕੋਈ ਵੀ ਗ਼ੈਰ-ਕਾਨੂੰਨੀ ਨਹੀਂ’ ਵਰਗੇ ਬੈਨਰ ਫੜੇ ਹੋਏ ਸਨ ਅਤੇ ਉਹ ਇਮੀਗਰੇਸ਼ਨ ਸੁਧਾਰਾਂ ਨੂੰ ਲੈ ਕੇ ਨਾਅਰੇਬਾਜ਼ੀ ਕਰ ਰਹੇ ਸਨ। ਪ੍ਰਦਰਸ਼ਨਕਾਰੀਆਂ ਨੇ ਹੱਥਾਂ ’ਚ ਮੈਕਸਿਕੋ ਅਤੇ ਅਮਰੀਕ ਦੇ ਝੰਡੇ ਵੀ ਫੜੇ ਹੋਏ ਸਨ। ਇਕ ਬੈਨਰ ’ਤੇ ‘ਇਮੀਗਰੈਂਟਸ ਮੇਕ ਅਮਰੀਕਾ ਗਰੇਟ’ ਲਿਖਿਆ ਹੋਇਆ ਸੀ। ਦੁਪਹਿਰ ਤੱਕ ਪ੍ਰਦਰਸ਼ਨਕਾਰੀਆਂ ਨੇ ਯੂਐੱਸ 101 ਦੀਆਂ ਸਾਰੀਆਂ ਲੇਨਾਂ ਨੂੰ ਜਾਮ ਕਰ ਦਿੱਤਾ ਜਿਸ ਨਾਲ ਦੋਵੇਂ ਪਾਸਿਆਂ ’ਤੇ ਆਵਾਜਾਈ ਠੱਪ ਹੋ ਗਈ। ਕੈਲੀਫੋਰਨੀਆ ਹਾਈਵੇਅ ਪੈਟਰੋਲ ਅਤੇ ਲਾਸ ਏਂਜਲਸ ਪੁਲੀਸ ਵਿਭਾਗ ਨੇ ਕਿਹਾ ਕਿ ਕਿਸੇ ਵੀ ਪ੍ਰਦਰਸ਼ਨਕਾਰੀ ਨੂੰ ਗ੍ਰਿ.ਫਤਾਰ ਨਹੀਂ ਕੀਤਾ ਗਿਆ ਹੈ। ਰਿਵਰਸਾਈਡ ਸ਼ਹਿਰ ’ਚ ਵੀ ਸੈਂਕੜੇ ਲੋਕਾਂ ਨੇ ਪ੍ਰਦਰਸ਼ਨ ਕੀਤੇ। ਵਾਹਨ ਚਾਲਕਾਂ ਨੇ ਪ੍ਰਦਰਸ਼ਨਕਾਰੀਆਂ ਦੇ ਹੱਕ ’ਚ ਹਾਰਨ ਵਜਾਏ। ਸਾਂ ਡਿਏਗੋ ’ਚ ਸੈਂਕੜੇ ਲੋਕਾਂ ਨੇ ਸ਼ਹਿਰ ਦੇ ਕਨਵੈਨਸ਼ਨ ਸੈਂਟਰ ਨੇੜੇ ਪ੍ਰਦਰਸ਼ਨ ਕੀਤਾ। ਟੈਕਸਸ ਅਤੇ ਡੱਲਾਸ ’ਚ ਕਰੀਬ 1,600 ਵਿਅਕਤੀਆਂ ਨੇ ਰੈਲੀਆਂ ਕੀਤੀਆਂ।

# ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੇ ਨਾਂਅ ’ਤੇ ਫਰਿਜ਼ਨੋ ’ਚ ਰੱਖਿਆ ਸਰਕਾਰੀ ਐਲੀਮੈਂਟਰੀ ਸਕੂਲ ਦਾ ਨਾਂਅ





ਸੈਂਟਰਲ ਯੂਨੀਫਾਈਡ ਸਕੂਲ ਬੋਰਡ ਦੀ ਮੀਟਿੰਗ ਸਮੇਂ ਮੈਂਬਰ

ਸਾਨ ਫ਼ਰਾਂਸਿਸਕੋ : ਕੈਲੀਫੋਰਨੀਆ ’ਚ ਸੈਂਟਰਲ ਵੈਲੀ ਦੇ ਸ਼ਹਿਰ ਫਰਿਜ਼ਨੋ ਵਿਚ ਇਕ ਸਰਕਾਰੀ ਐਲੀਮੈਂਟਰੀ ਸਕੂਲ ਦਾ ਨਾਂਅ ਮਨੁੱਖੀ ਅਧਿਕਾਰਾਂ ਲਈ ਸ਼ਹਾਦਤ ਦੇਣ ਵਾਲੇ ਸ. ਜਸਵੰਤ ਸਿੰਘ ਖਾਲੜਾ ਦੇ ਨਾਂਅ ’ਤੇ ਰੱਖਣ ਦਾ ਨਿਰਣਾ ਬੀਤੇ ਦਿਨੀਂ ਇਥੇ ਸੈਂਟਰਲ ਯੂਨੀਫਾਈਡ ਸਕੂਲ ਡਿਸਟ੍ਰਿਕਟ ਬੋਰਡ ਦੀ ਮਹੱਤਵਪੂਰਨ ਮੀਟਿੰਗ ਵਿਚ ਲਿਆ ਗਿਆ। ਬੋਰਡ ਦੇ ਸੱਤ ਵਿਚੋਂ ਛੇ ਮੈਂਬਰਾਂ ਨੇ ਇਸ ਪ੍ਰਸਤਾਵ ਦੇ ਹੱਕ ਵਿਚ ਵੋਟ ਦਾ ਇਸਤੇਮਾਲ ਕੀਤਾ। ਜ਼ਿਕਰਯੋਗ ਹੈ ਕਿ ਸ. ਖਾਲੜਾ ਮਨੁੱਖੀ ਅਧਿਕਾਰਾਂ ਦੇ ਇਕ ਅਹਿਮ ਕਾਰਕੁੰਨ ਸਨ ਜਿਨ੍ਹਾਂ ਨੇ ਪੰਜਾਬ ਵਿਚ ਅਨੇਕਾਂ ਲਾਪਤਾ ਨੌਜਵਾਨਾਂ ਦੇ ਗ਼ੈਰ ਕਾਨੂੰਨੀ ਕਤਲਾਂ ਦਾ ਪਰਦਾਫਾਸ਼ ਕਰਕੇ ਉਨ੍ਹਾਂ ਦਾ ਸੰਸਕਾਰ ਕੀਤਾ ਸੀ। ਸ. ਜਸਵੰਤ ਸਿੰਘ ਖਾਲੜਾ ਤਰਨ ਤਰਨ ਜ਼ਿਲ੍ਹੇ ਨਾਲ ਸੰਬੰਧਿਤ ਸਨ ਤੇ 1995 ਵਿਚ ਉਨ੍ਹਾਂ ਨੂੰ ਪੰਜਾਬ ਪੁਲਿਸ ਵਲੋਂ ਅਗਵਾ ਕਰਕੇ ਮਾਰ ਦਿੱਤਾ ਗਿਆ ਸੀ ਤੇ ਕਤਲ ਲਈ ਚਾਰ ਮੁਲਜ਼ਮ ਉਮਰ ਕੈਦ ਦੀ ਸਜ਼ਾ ਵੀ ਭੁਗਤ ਰਹੇ ਹਨ। ਅਮਰੀਕਾ ਵਿਚ ਪਹਿਲੀ ਵਾਰ ਹੈ ਜਦੋਂ ਸਿੱਖ ਭਾਈਚਾਰੇ ਦੇ ਕਿਸੇ ਅਹਿਮ ਵਿਅਕਤੀ ਦੇ ਨਾਂਅ ’ਤੇ ਸਰਕਾਰੀ ਸਕੂਲ ਦਾ ਨਾਂਅ ਰੱਖਿਆ ਗਿਆ ਹੋਵੇ। ਸ਼ੀਲਡ ਅਤੇ ਬਰਾਉਲੀ ਐਵੇਨਿਊ ’ਤੇ ਉਸਾਰੀ ਅਧੀਨ ਇਹ ਸਕੂਲ ਸਤੰਬਰ ਮਹੀਨੇ ਵਿਚ ਮੁਕੰਮਲ ਹੋ ਜਾਵੇਗਾ। ਬੋਰਡ ਮੈਂਬਰਾਂ ਅਨੁਸਾਰ ਸੈਂਟਰ ਵੈਲੀ ਵਿਚ ਸ. ਖਾਲੜਾ ਪੰਜਾਬੀ ਭਾਈਚਾਰੇ ਲਈ ਆਈਕੋਨ ਹਨ ਤੇ ਉਨ੍ਹਾਂ ਦਾ ਪਰਿਵਾਰ ਵੀ ਇਥੇ ਰਹਿੰਦਾ ਹੈ। ਫਰਿਜ਼ਨੋ ’ਚ ਹੀ ਕਲਿੰਟਨ ਅਤੇ ਬਰਾਉਲੀ ਐਵੇਨਿਊ ’ਤੇ ਇਸ ਤੋਂ ਪਹਿਲਾਂ ਇਕ ਪਾਰਕ ਦਾ ਨਾਂਅ ਵੀ ਸ. ਖਾਲੜਾ ਦੇ ਨਾਂਅ ’ਤੇ ਰੱਖਿਆ ਗਿਆ ਹੈ।

# ਟਰੰਪ ਪ੍ਰਸ਼ਾਸਨ ਨੇ ਭਾਰਤੀ ਮੂਲ ਦੇ ਖਪਤਕਾਰ ਵਿੱਤੀ ਸੁਰੱਖਿਆ ਬਿਊਰੋ ਦੇ ਮੁਖੀ ਨੂੰ ਅਹੁਦੇ ਤੋਂ ਹਟਾਇਆ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ) : ਟਰੰਪ ਪ੍ਰਸ਼ਾਸਨ ਵਲੋਂ ਭਾਰਤੀ ਮੂਲ ਦੇ ‘ਕੰਜ਼ਿਊਮਰ ਫਾਇਨਾਂਸ਼ੀਅਲ ਪ੍ਰੋਟੈਕਸ਼ਨ ਬਿਊਰੋ’ (ਸੀ.ਐਫ.ਪੀ.ਬੀ.) ਦੇ ਡਾਇਰੈਕਟਰ ਰੋਹਿਤ ਚੋਪੜਾ ਨੂੰ ਅਹੁਦੇ ਤੋਂ ਫਾਰਗ ਕਰ ਦੇਣ ਦੀ ਖ਼ਬਰ ਹੈ। ਚੋਪੜਾ ਨੂੰ ਇਹ ਜਾਣਕਾਰੀ ਵਾਈਟ ਹਾਊਸ ਵਲੋਂ ਭੇਜੀ ਇਕ ਈਮੇਲ ਰਾਹੀਂ ਦਿੱਤੀ ਗਈ ਹੈ। ਚੋਪੜਾ ਦੇ ਕਾਰਜਕਾਲ ਵਿਚ ਅਜੇ ਤਕਰੀਬਨ 2 ਸਾਲ ਦਾ ਸਮਾਂ ਬਾਕੀ ਸੀ। ਚੋਪੜਾ ਦੀ ਸੀ.ਐਫ.ਪੀ.ਬੀ. ਦੇ ਮੁਖੀ ਵਜੋਂ ਨਿਯੁਕਤੀ ਸਾਬਕਾ ਰਾਸ਼ਟਰਪਤੀ ਜੋ ਬਾਈਡਨ ਨੇ ਕੀਤੀ ਸੀ। ਸੀ.ਐਫ.ਪੀ.ਬੀ. ਦੇ ਮੁਖੀ ਵਜੋਂ 2008-09 ਵਿਚ ਆਏ ਵਿੱਤੀ ਸੰਕਟ ਨਾਲ ਨਜਿੱਠਣ ਲਈ ਚੋਪੜਾ ਨੇ ਅਹਿਮ ਭੂਮਿਕਾ ਨਿਭਾਈ ਸੀ। ਇਸ ਤੋਂ ਪਹਿਲਾਂ ਬਿਊਰੋ ਦੇ ਡਿਪਟੀ ਡਾਇਰੈਕਟਰ ਵਜੋਂ ਚੋਪੜਾ ਨੇ ਵਧ ਰਹੇ ਵਿਦਿਆਰਥੀ ਕਰਜੇ ਦਾ ਮੁੱਦਾ ਜ਼ੋਰ-ਸ਼ੋਰ ਨਾਲ ਉਠਾਇਆ ਸੀ ਤੇ ਖਪਤਕਾਰ ਸੁਰੱਖਿਆ ਸੁਧਾਰਾਂ ਉਪਰ ਜ਼ੋਰ ਦਿੱਤਾ ਸੀ।



ਰੋਹਿਤ ਚੋਪੜਾ



# ਵਿਸ਼ਵ ਸਿਹਤ ਸੰਸਥਾ ਨੂੰ ਬਚਾਉਂਦਿਆਂ

ਕੁਝ ਦਿਨ ਪਹਿਲਾਂ ਡੋਨਲਡ ਟਰੰਪ ਨੇ ਅਮਰੀਕੀ ਰਾਸ਼ਟਰਪਤੀ ਵਜੋਂ ਆਪਣੀ ਦੂਜੀ ਪਾਰੀ ਦੀ ਸ਼ੁਰੂਆਤ ਕਰਦਿਆਂ ਆਪਣੀ ਚੋਣ ਪ੍ਰਚਾਰ ਮੁਹਿੰਮ ਦੌਰਾਨ ਕੀਤੇ ਗਏ ਵਾਅਦਿਆਂ ਨੂੰ ਲਾਗੂ ਕਰਨ ਲਈ ਬਹੁਤ ਸਾਰੇ ਹੁਕਮ ਜਾਰੀ ਕੀਤੇ ਹਨ। ਇਨ੍ਹਾਂ 'ਚੋਂ ਇੱਕ ਹੁਕਮ ਇਹ ਸੀ ਕਿ ਅਮਰੀਕਾ ਵਿਸ਼ਵ ਸਿਹਤ ਸੰਸਥਾ (ਡਬਲਿਊਐੱਚਓ) ਲਈ ਫੰਡਾਂ ਦੀ ਅਦਾਇਗੀ ਬੰਦ ਕਰ ਕੇ ਇਸ ਸੰਸਥਾ 'ਚੋਂ ਬਾਹਰ ਆ ਜਾਵੇਗਾ। ਇਸ ਖ਼ਬਰ ਨੇ ਕਰੀਬ ਚਾਰ ਦਹਾਕੇ ਪਹਿਲਾਂ ਵਾਪਰੀ ਘਟਨਾ ਦਾ ਚੇਤਾ ਕਰਵਾ ਦਿੱਤਾ ਜਦੋਂ ਸਿਹਤ ਮੰਤਰਾਲੇ ਵਿੱਚ ਸੰਯੁਕਤ ਸਕੱਤਰ ਵਜੋਂ ਸੇਵਾ ਨਿਭਾਉਂਦਿਆਂ ਮੈਂ ਮਈ 1982 ਵਿਚ ਜਨੇਵਾ (ਸਵਿਟਜ਼ਰਲੈਂਡ) ਵਿੱਚ ਵਿਸ਼ਵ ਸਿਹਤ ਸੰਸਥਾ ਦੀ ਸਾਲਾਨਾ ਮੀਟਿੰਗ ਵਿੱਚ ਭਾਰਤ ਦੀ ਤਰਜਮਾਨੀ ਕਰ ਰਿਹਾ ਸੀ। ਇਸ ਦੇ ਲੰਮੇ ਚੌੜੇ ਏਜੰਡੇ ਨੂੰ ਇਸ ਦੇ 'ਏ' ਅਤੇ 'ਬੀ', ਦੋ ਕਮਿਸ਼ਨਾਂ ਵਿੱਚ ਵੰਡ ਕੇ ਵਿਚਾਰਿਆ ਗਿਆ।

1982 ਵਿੱਚ 163 ਦੇਸ਼ ਵਿਸ਼ਵ ਸਿਹਤ ਸੰਸਥਾ ਦੇ ਮੈਂਬਰ ਸਨ ਜਿਨ੍ਹਾਂ ਸਰਬਸੰਮਤੀ ਨਾਲ ਮੈਨੂੰ ਕਮਿਸ਼ਨ 'ਬੀ' ਦੀ ਕਾਰਵਾਈ ਦੀ ਪ੍ਰਧਾਨਗੀ ਕਰਨ ਲਈ ਚੁਣਿਆ ਸੀ। ਜਨੇਵਾ ਵਿੱਚ ਸਾਡੇ ਰਾਜਦੂਤ ਏਪੀ ਵੈਂਕਟੇਸ਼ਵਰਨ ਨੇ ਨਵੀਂ ਦਿੱਲੀ ਨੂੰ ਭੇਜੀ ਆਪਣੀ ਰਿਪੋਰਟ ਵਿੱਚ ਜ਼ਿਕਰ ਕੀਤਾ ਸੀ ਕਿ ਇਹ 'ਭਾਰਤ ਦੀ ਅਹਿਮ ਕੂਟਨੀਤਕ ਜਿੱਤ' ਹੈ। ਤੀਜੇ ਦਿਨ ਮੇਰੀ ਚੇਅਰਮੈਨੀ ਹੇਠ ਐਫਰੋ-ਏਸ਼ੀਅਨ ਦੇਸ਼ਾਂ ਦੇ ਸਮੂਹ ਵੱਲੋਂ ਇੱਕ ਮੁੱਦਾ ਏਜੰਡੇ 'ਤੇ ਪੇਸ਼ ਕੀਤਾ ਗਿਆ ਜਿਸ ਵਿੱਚ ਇਜ਼ਰਾਈਲ ਦੇ ਕਬਜ਼ੇ ਹੇਠਲੇ ਇਲਾਕਿਆਂ ਵਿੱਚ ਰਹਿੰਦੇ ਫ਼ਲਸਤੀਨੀਆਂ ਦੀਆਂ ਮਾੜੀ ਸਿਹਤ ਹਾਲਤਾਂ ਵੱਲ ਧਿਆਨ ਲਿਆਉਂਦੇ ਹੋਏ ਮਤੇ ਦਾ ਖਰੜਾ ਰੱਖਿਆ ਗਿਆ ਸੀ।

ਵਿਸ਼ਵ ਸਿਹਤ ਸੰਸਥਾ ਦੇ ਮਹਾਂ ਪ੍ਰਬੰਧਕ (ਡੀਜੀ) ਡਾ. ਹਲਫ਼ਦਾਨ ਮਹਿਲਰ ਮੇਰੇ ਕੋਲ ਆ ਕੇ ਬੈਠੇ ਹੀ ਸਨ ਕਿ ਮੈਂ ਫ਼ਲਸਤੀਨੀ ਵਫ਼ਦ ਦੇ ਆਗੂ ਨੂੰ ਏਜੰਡਾ ਆਈਟਮ ਅਤੇ ਇਸ ਪ੍ਰਸੰਗ ਵਿੱਚ ਵਿਸ਼ੇ ਦੀ ਮਾਹਿਰਾਨਾ ਕਮੇਟੀ ਦੀ ਰਿਪੋਰਟ ਅਤੇ ਇਜ਼ਰਾਇਲੀ ਸਿਹਤ ਮੰਤਰਾਲੇ, ਫ਼ਲਸਤੀਨੀ ਮੁਕਤੀ ਸੰਗਠਨ ਤੇ ਫ਼ਲਸਤੀਨੀ ਸ਼ਰਨਾਰਥੀਆਂ ਨੂੰ ਰਾਹਤ ਪਹੁੰਚਾਉਣ ਵਾਲੀ ਸੰਯੁਕਤ ਰਾਸ਼ਟਰ ਦੀ ਵਿਸ਼ੇਸ਼ ਏਜੰਸੀ ਵੱਲੋਂ ਪੇਸ਼ ਕੀਤੀਆਂ ਗਈਆਂ ਰਿਪੋਰਟਾਂ ਅਤੇ ਇਸ ਨਾਲ ਸਬੰਧਿਤ ਸੰਯੁਕਤ ਰਾਸ਼ਟਰ ਮਹਾਸਭਾ ਦੇ ਮਤੇ ਉੱਪਰ ਬੋਲਣ ਲਈ ਕਿਹਾ। ਇਸ ਤੋਂ ਪਹਿਲਾਂ ਕਿ ਮੈਂ ਅਗਲੇ ਡੈਲੀਗੇਟ ਨੂੰ ਇਸ ਮੁੱਦੇ 'ਤੇ ਬੋਲਣ ਲਈ ਆਖਦਾ, ਡਾ. ਜੌਨ੍ਹ ਬ੍ਰਾਇੰਟ ਜੋ ਅਮਰੀਕੀ ਵਫ਼ਦ ਦੇ ਸਨਮਾਨਤ ਮੈਂਬਰ ਸਨ, ਨੇ ਖੜ੍ਹੇ ਹੋ ਕੇ ਆਪਣੇ ਨਾਂ ਦਾ ਕਾਰਡ ਲਹਿਰਾਉਂਦੇ ਹੋਏ ਫ਼ੌਰੀ ਦਖ਼ਲ ਦੀ ਮੰਗ ਕੀਤੀ। ਡਾ. ਬ੍ਰਾਇੰਟ ਨੇ ਤੈਸ਼ ਵਿੱਚ ਆ ਕੇ ਸ਼ਿਕਾਇਤ ਕੀਤੀ ਕਿ ਜੇ ਮਤੇ ਦੇ ਖਰੜੇ ਵਿੱਚ ਤੁਰੰਤ ਕੁਝ ਸੋਧਾਂ ਨਾ ਕੀਤੀਆਂ ਗਈਆਂ ਤਾਂ ਇਸ ਦਾ ਇਜ਼ਰਾਈਲ ਦੇ ਮੈਂਬਰਸ਼ਿਪ ਹੱਕਾਂ ਅਤੇ ਸੇਵਾਵਾਂ ਖ਼ਤਮ ਹੋਣ ਦੇ ਰੂਪ ਵਿੱਚ ਬਹੁਤ ਹੀ ਘਾਤਕ ਸਿੱਟਾ ਨਿਕਲ ਸਕਦਾ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇ ਇਸ ਆਈਟਮ ਉੱਪਰ ਹੋਰ ਬਹਿਸ ਕੀਤੀ ਗਈ ਤਾਂ ਉਨ੍ਹਾਂ ਨੂੰ ਇਹ ਸੂਚਨਾ ਦੇਣ ਦੇ ਨਿਰਦੇਸ਼ ਦਿੱਤੇ ਗਏ ਹਨ ਕਿ "ਅਮਰੀਕਾ ਵਿਸ਼ਵ ਸਿਹਤ ਸੰਸਥਾ ਨੂੰ ਆਪਣੀ ਬਜਟ ਇਮਦਾਦ ਮੁਲਤਵੀ ਕਰ ਕੇ ਇਸ ਤੋਂ ਵੱਖ ਹੋ ਜਾਵੇਗਾ"(ਉਸ ਵੇਲੇ ਸ਼ਾਇਦ ਵਿਸ਼ਵ ਸਿਹਤ ਸੰਸਥਾ ਦੇ ਕੁੱਲ ਬਜਟ ਦਾ ਇੱਕ ਚੌਥਾਈ ਹਿੱਸਾ ਅਮਰੀਕਾ ਤੋਂ ਆਉਂਦਾ ਸੀ!)। ਡਾ. ਬ੍ਰਾਇੰਟ ਦੇ ਬਿਆਨ ਤੋਂ ਬਾਅਦ ਅਸੈਂਬਲੀ ਹਾਲ ਵਿੱਚ ਤਰਥੱਲੀ ਮੱਚ ਗਈ ਤੇ ਡੈਲੀਗੇਟ ਇਸ ਦੇ ਵਿਰੋਧ ਅਤੇ ਹੱਕ ਵਿੱਚ ਖੜ੍ਹੇ ਹੋ ਕੇ ਨਾਅਰੇ ਲਾ ਰਹੇ ਸਨ।

ਮੀਟਿੰਗ ਵਿੱਚ ਵਿਵਸਥਾ ਬਣਾਈ ਰੱਖਣ ਲਈ ਮੇਰੇ ਵੱਲੋਂ ਕੀਤੀ ਜਾ ਰਹੀ ਤਾਕੀਦ ਰੌਲੇ ਰੱਪੇ ਵਿੱਚ ਗੁਆਚ ਗਈ। ਇਸੇ ਦੌਰਾਨ ਮੈਂ ਕਾਰਵਾਈ ਇੱਕ ਘੰਟੇ ਲਈ ਮੁਲਤਵੀ ਕਰਨ ਦਾ ਐਲਾਨ ਕਰਨ ਵਿੱਚ ਕਾਮਯਾਬ ਹੋ ਗਿਆ। ਇਸ ਘਟਨਾ ਤੋਂ ਬੇਹੱਦ ਦੁਖੀ ਨਜ਼ਰ ਆ ਰਹੇ ਡਾ. ਮਹਿਲਰ ਨਾਲ ਸੰਖੇਪ ਜਿਹੀ ਮਿਲਣੀ ਤੋਂ ਬਾਅਦ ਹਾਲ ਵਿੱਚ ਪਰਤਿਆ ਅਤੇ ਅਗਲੇ ਦੋ ਘੰਟੇ ਇਸ ਅਫ਼ਸੋਸਨਾਕ ਰੇੜਕੇ ਦੀਆਂ ਪ੍ਰਮੁੱਖ ਧਿਰਾਂ ਨਾਲ ਗੱਲਬਾਤ ਵਿੱਚ ਰੁੱਝਿਆ ਰਿਹਾ। ਜਦੋਂ ਮੈਂ ਮਹਿਸੂਸ ਕੀਤਾ ਕਿ ਵਿਵਾਦ ਨੂੰ ਸੌਖਿਆਂ ਨਹੀਂ ਸੁਲਝਾਇਆ ਜਾ ਸਕਦਾ ਤਾਂ ਮੈਂ ਕਮਿਸ਼ਨ ਦੀ ਬੈਠਕ ਅਗਲੇ ਦਿਨ ਹੋਣ ਦਾ ਐਲਾਨ ਕਰ ਦਿੱਤਾ।

ਮੈਂ ਕਮਿਸ਼ਨ 'ਬੀ' ਦੇ ਸਕੱਤਰ ਤੋਂ ਉਨ੍ਹਾਂ ਸਾਰੀਆਂ ਰਿਪੋਰਟਾਂ ਅਤੇ ਮਤਿਆਂ ਦੀਆਂ ਨਕਲਾਂ ਲੈ ਲਈਆਂ ਜਿਨ੍ਹਾਂ ਦਾ ਹਵਾਲਾ ਖਰੜੇ ਦੇ ਮਤੇ ਵਿੱਚ ਦਿੱਤਾ ਗਿਆ ਸੀ। ਨਾਲ ਹੀ ਮੈਂ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਉਹ ਅਮਰੀਕਾ, ਇਜ਼ਰਾਈਲ, ਫ਼ਲਸਤੀਨ ਤੇ ਅਫਰੀਕੀ-ਏਸ਼ਿਆਈ ਗਰੁੱਪ ਦੇ ਵਫ਼ਦਾਂ ਨਾਲ ਸੰਪਰਕ ਕਰ ਕੇ ਮੇਰੇ ਲਈ ਉਨ੍ਹਾਂ ਨਾਲ ਉਸੇ ਸ਼ਾਮ ਛੇ ਵਜੇ ਤੋਂ ਬਾਅਦ ਮੁਲਾਕਾਤਾਂ ਦਾ ਸਮਾਂ ਲੈ ਕੇ ਦੇਣ, ਬੈਠਕਾਂ ਵਿਚਾਲੇ ਇੱਕ ਘੰਟੇ ਦਾ ਅੰਤਰ ਵੀ ਰੱਖਣ। ਛੇਤੀ ਹੋਟਲ ਦੇ ਕਮਰੇ 'ਚ ਜਾ ਕੇ ਮੈਂ ਅਗਲੇ ਛੇ ਘੰਟੇ ਸਾਰੇ ਸਬੰਧਿਤ ਦਸਤਾਵੇਜ਼ ਪੜ੍ਹਦਿਆਂ ਬਿਤਾਏ, ਨੋਟ ਲਏ ਅਤੇ ਤੰਗੀ ਦਾ ਕਾਰਨ ਬਣ ਰਹੇ ਸਾਰੇ ਸੰਭਾਵੀ ਨੁਕਤਿਆਂ ਨੂੰ ਖ਼ਤਮ ਕਰ ਕੇ ਖਰੜੇ ਦੇ ਮਤੇ ਨੂੰ ਸੋਧਿਆ, ਖ਼ਾਸ ਤੌਰ 'ਤੇ ਉਹ ਸ਼ਬਦ ਦੁਬਾਰਾ ਲਿਖੇ ਜੋ ਡਾ. ਬ੍ਰਾਇੰਟ ਮੁਤਾਬਿਕ, ਇਜ਼ਰਾਈਲ ਦੇ ਕੌਮੀ ਹਿੱਤਾਂ 'ਤੇ ਨਕਾਰਾਤਮਕ ਪ੍ਰਭਾਵ ਛੱਡਦੇ ਸਨ।

ਸ਼ਾਮ ਛੇ ਵਜੇ ਤੋਂ ਬਾਅਦ ਮੈਂ ਸਬੰਧਿਤ ਵਫ਼ਦਾਂ ਦੇ ਆਗੂਆਂ ਨਾਲ ਲਗਾਤਾਰ ਚਰਚਾਵਾਂ ਕੀਤੀਆਂ। ਹਰ ਮੀਟਿੰਗ 'ਚ ਮੈਂ ਵਿਸ਼ੇਸ਼ ਤੌਰ 'ਤੇ ਸੋਧੇ ਹੋਏ ਮਤੇ ਦਾ ਉਹ ਹਿੱਸਾ ਪੜ੍ਹਿਆ ਜੋ ਮੈਂ ਲਿਖਿਆ ਸੀ ਤੇ ਫ਼ਲਸਤੀਨੀ ਅਤੇ ਅਫਰੀਕੀ-ਏਸ਼ਿਆਈ ਵਫ਼ਦਾਂ ਦਾ ਪੂਰਾ ਸਮਰਥਨ ਲੈਣ ਵਿੱਚ ਸਫਲ ਹੋ ਗਿਆ ਜਿਨ੍ਹਾਂ ਦੋਵਾਂ ਨੂੰ ਮੈਂ ਇਕੱਠਿਆਂ ਮਿਲਿਆ ਸੀ। ਜਦੋਂ ਮੈਂ ਇਜ਼ਰਾਇਲੀ ਵਫ਼ਦ ਨੂੰ ਮਿਲਿਆ, ਸਮਾਂ ਪਹਿਲਾਂ ਹੀ ਨੌਂ ਤੋਂ ਉੱਪਰ ਹੋ ਚੁੱਕਾ ਸੀ, ਤੇ ਨਿਸਬਤਨ ਥੋੜ੍ਹੀ ਲੰਮੀ ਚਰਚਾ ਤੋਂ ਬਾਅਦ ਉਨ੍ਹਾਂ ਨੂੰ ਸਹਿਮਤ ਕਰਨ 'ਚ ਸਫਲ ਰਿਹਾ।

ਜਦੋਂ ਮੈਂ ਅਮਰੀਕੀ ਵਫ਼ਦ ਦੇ ਹੋਟਲ ਵਿੱਚ ਪਹੁੰਚਿਆ, ਰਾਤ ਦੇ 11 ਵੱਜ ਚੁੱਕੇ ਸਨ। ਬਾਕੀ ਸਾਰੇ ਸਹਿਮਤ ਸਨ, ਇਸ ਲਈ ਮੈਨੂੰ ਆਸ ਸੀ ਕਿ ਇਹ ਆਖ਼ਿਰੀ ਬੈਠਕ ਜਲਦੀ ਮੁੱਕ ਜਾਵੇਗੀ। ਇਸ ਦੀ ਥਾਂ ਮੈਨੂੰ ਇਜ਼ਰਾਈਲ ਨਾਲ ਸਬੰਧਿਤ ਯੂਐੱਨਜੀਏ ਦੇ ਦਰਜਨਾਂ ਮਤਿਆਂ ਦੇ ਰੂ-ਬ-ਰੂ ਕੀਤਾ ਗਿਆ। ਮੈਂ ਧੀਰਜ ਰੱਖਿਆ ਤੇ ਅਖ਼ੀਰ, ਨਵੇਂ ਖਰੜੇ ਲਈ ਡਾ. ਬ੍ਰਾਇੰਟ ਦਾ ਸਾਥ ਲੈਣ ਵਿਚ ਸਫਲ ਰਿਹਾ। ਨਵੇਂ ਖਰੜੇ ਦੀ ਹੱਥ ਨਾਲ ਲਿਖੀ ਸਾਫ-ਸੁਥਰੀ ਕਾਪੀ ਵਿਸ਼ਵ ਸਿਹਤ ਸੰਸਥਾ ਦੀ ਜ਼ਿੰਮੇਵਾਰ ਅਧਿਕਾਰੀ ਸਿਮੋਨ ਨੂੰ ਸੌਂਪਣ ਤੋਂ ਬਾਅਦ ਰਾਤ ਕਰੀਬ ਇੱਕ ਵਜੇ ਮੈਂ ਹੋਟਲ ਪਰਤਿਆ। ਉਸ ਵੇਲੇ ਅਧਿਕਾਰੀ ਨੇ ਲੋੜੀਂਦੀ ਗਿਣਤੀ 'ਚ ਇਸ ਦੀਆਂ ਨਕਲਾਂ ਬਣਵਾਉਣ ਤੇ ਸਵੇਰੇ ਕੰਮਕਾਜ ਸ਼ੁਰੂ ਹੋਣ ਤੋਂ ਪਹਿਲਾਂ ਇਨ੍ਹਾਂ ਨੂੰ ਅਸੈਂਬਲੀ 'ਚ ਵੰਡਣ ਦੀ ਸਹਿਮਤੀ ਦਿੱਤੀ (ਅਗਲਾ ਦਿਨ ਹਾਲਾਂਕਿ ਪਹਿਲਾਂ ਹੀ ਹੋ ਚੁੱਕਾ ਸੀ!)। ਜਦੋਂ ਡਾ. ਮਹਿਲਰ ਅਤੇ ਮੈਂ ਮੰਚ 'ਤੇ ਆਏ ਤਾਂ ਅਸੈਂਬਲੀ ਹਾਲ 'ਚ ਅਸਹਿਜ ਜਿਹੀ ਚੁੱਪ ਸੀ। ਰਸਮੀ ਤੌਰ 'ਤੇ ਮੀਟਿੰਗ ਸ਼ੁਰੂ ਕਰਦਿਆਂ ਮੈਂ ਲੰਘੇ ਦਿਨ ਦੀ ਦੁਪਹਿਰ ਤੋਂ ਬਾਅਦ ਹੋਈਆਂ ਗਤੀਵਿਧੀਆਂ ਨੂੰ ਸੰਖੇਪ 'ਚ ਬਿਆਨ ਕੀਤਾ ਤੇ ਦੱਸਿਆ ਕਿ ਕਿਵੇਂ ਮੈਂ ਸਾਰੇ ਸਬੰਧਿਤ ਮੈਂਬਰ ਮੁਲਕਾਂ ਦੇ ਆਗੂਆਂ ਦਾ ਸਮਰਥਨ ਹਾਸਿਲ ਕਰਨ 'ਚ ਸਫਲ ਰਿਹਾ ਹਾਂ ਤੇ ਨਾਲ ਹੀ ਆਪਣੇ ਵੱਲੋਂ ਸੋਧ ਕੇ ਤਿਆਰ ਕੀਤੇ ਮਤੇ ਦੇ ਖਰੜੇ ਬਾਰੇ ਵੀ ਦੱਸਿਆ। ਮੈਂ ਪੁੱਛਿਆ ਕਿ ਕੀ ਅਪਣਾਏ ਜਾ ਰਹੇ ਮਤੇ 'ਤੇ ਕਿਸੇ ਨੂੰ ਇਤਰਾਜ਼ ਹੈ? ਕੋਈ ਟਿੱਪਣੀ ਨਹੀਂ ਹੋਈ ਤੇ ਮੈਂ ਡੈਸਕ 'ਤੇ ਹਥੌੜੇ ਨਾਲ ਸੱਟ ਮਾਰ ਮਤੇ ਦੇ ਸਰਬਸੰਮਤੀ ਨਾਲ ਪਾਸ ਹੋਣ ਦਾ ਐਲਾਨ ਕਰ ਦਿੱਤਾ। ਜੁੜੀ ਸਭਾ ਨੇ ਜ਼ਾਹਿਰਾ ਤੌਰ 'ਤੇ ਸੁੱਖ ਦਾ ਸਾਹ ਲਿਆ। ਇਸ ਤੋਂ ਪਹਿਲਾਂ ਕਿ ਮੈਂ ਅਗਲੇ ਵਿਸ਼ੇ ਵੱਲ ਵਧਦਾ, ਡਾ. ਮਹਿਲਰ ਆਪਣੀ ਸੀਟ ਤੋਂ ਉੱਠੇ, ਮੇਰੇ ਹੱਥ ਫੜੇ ਤੇ ਗਲ਼ੇ ਲਾਇਆ। ਭਰੇ ਹੋਏ ਗਲ਼ ਨਾਲ ਉਨ੍ਹਾਂ ਕਿਹਾ: "ਸ਼ੁਕਰੀਆ ਮੇਰੇ ਦੋਸਤ, ਡਬਲਿਊਐੱਚਓ ਨੂੰ ਬਚਾਉਣ ਲਈ।

-ਐੱਨਐੱਨ ਵੋਹਰਾ

# ਆਰਥਿਕ ਮੰਦਹਾਲੀ 'ਚ ਫਸਿਆ ਵਿਸ਼ਵ

ਆਰਥਿਕ ਤੌਰ 'ਤੇ ਕੋਵਿਡ-19 ਮਹਾਮਾਰੀ ਦਾ ਭੰਨਿਆ ਵਿਸ਼ਵ ਅਜੇ ਤੱਕ ਇਸ ਨਿਘਾਰ ਦੀ ਜਿੱਲਣ 'ਚੋਂ ਉੱਭਰ ਨਹੀਂ ਸਕਿਆ ਹੈ। ਵਿਸ਼ਵ ਦੇ ਕੁਝ ਵਿਕਸਤ ਅਤੇ ਵਿਕਾਸਸ਼ੀਲ ਦੇਸ਼ਾਂ ਨੇ ਇਸ ਆਰਥਿਕ ਨਿਘਾਰ ਨੂੰ ਸੰਨ 2007-08 ਵਾਲੀ ਆਰਥਿਕ ਮੰਦੀ ਜਿਹੀ ਆਫ਼ਤ ਬਣਨ ਤੋਂ ਰੋਕਣ ਲਈ ਹਰ ਖੇਤਰ ਨੂੰ ਜੀਵਤ ਰੱਖਣ, ਲੋਕਾਂ ਦੇ ਕਾਰੋਬਾਰ, ਵਪਾਰ, ਸਨਅਤ ਨੂੰ ਠੁੰਮ੍ਹਣਾ ਦੇਣ ਲਈ ਖ਼ੂਬ ਧਨ ਵਹਾਇਆ। ਪਰ ਹਕੀਕਤ ਵਿਚ ਪਿਛਲੇ ਅੱਧੇ ਦਹਾਕੇ ਵਿਚ ਵਿਸ਼ਵ ਦੇ ਵੱਖ-ਵੱਖ ਵਰਗਾਂ ਵਿਚ ਸਿਮਟੇ ਰਾਸ਼ਟਰ ਜਿਵੇਂ ਵਿਕਸਤ, ਵਿਕਾਸਸ਼ੀਲ, ਪੱਛੜੇ ਦੇਸ਼ ਆਰਥਿਕ ਮੰਦਹਾਲੀ ਦੇ ਦੌਰ ਵਿੱਚੋਂ ਬਾਹਰ ਨਹੀਂ ਨਿਕਲ ਸਕੇ।

ਹਕੀਕਤ ਇਹ ਵੀ ਹੈ ਕਿ ਨਵੇਂ ਸਾਲ-2025 ਵਿਚ ਵੀ ਇਨ੍ਹਾਂ ਦੇ ਆਰਥਿਕ ਨਿਘਾਰ ਦੀ ਜਿੱਲਣ 'ਚੋਂ ਉੱਭਰਨ ਦੇ ਆਸਾਰ ਨਜ਼ਰ ਨਹੀਂ ਆ ਰਹੇ। ਭੁੱਖਮਰੀ, ਬੇਰੁਜ਼ਗਾਰੀ, ਉਤਪਾਦਨ ਵਿਚ ਵਾਧਾ ਨਾ ਹੋ ਸਕਣਾ, ਵਿਸ਼ਵ ਦੇ ਵੱਖ-ਵੱਖ ਖਿੱਤਿਆਂ ਵਿਚ ਅੰਦਰੂਨੀ ਅਤੇ ਬਾਹਰੀ ਜੰਗਾਂ ਜਿਵੇਂ ਅਫ਼ਗਾਨਿਸਤਾਨ, ਸੈਂਟਰਲ ਅਫ਼ਰੀਕਨ ਰਿਪਬਲਿਕ ਕਾਂਗੋ, ਸੂਡਾਨ, ਇਥੋਪੀਆ, ਲੇਕ ਚਾਡਬੇਸਿਨ, ਬੁਰਕੀਨਾ ਫਾਸੋ, ਚਾਡ, ਸੋਮਾਲੀਆ, ਯਮਨ, ਕੈਮਰੂਨ, ਮਿਆਂਮਾਰ ਆਦਿ ਵਿਖੇ ਗ੍ਰਹਿ ਯੁੱਧ, ਫਲਸਤੀਨ ਅਤੇ ਇਜ਼ਰਾਈਲ, ਯੂਕਰੇਨ ਅਤੇ ਰੂਸ ਦਰਮਿਆਨ ਭਿਅੰਕਰ ਯੁੱਧ, ਅਮਰੀਕਾ ਅਤੇ ਚੀਨ ਤੋਂ ਇਲਾਵਾ ਹੋਰ ਅਨੇਕ ਦੇਸ਼ਾਂ ਵਿਚ ਵਪਾਰਕ ਯੁੱਧ, ਤਕਨੀਕੀ ਅਤੇ ਸਾਇੰਸੀ ਖੋਜ ਗਤੀ ਵਿਚ ਖੜੋਤ, ਵਿਸ਼ਵ ਭਰ ਵਿਚ ਲਗਾਤਾਰ ਉੱਭਰ ਰਿਹਾ ਕਿਸਾਨੀ ਸੰਕਟ ਆਦਿ ਅਜਿਹੇ ਕਾਰਨ ਹਨ ਜੋ ਆਰਥਿਕ ਰਿਕਵਰੀ ਅੱਗੇ ਦੀਵਾਰ ਬਣ ਕੇ ਖੜ੍ਹੇ ਹਨ।

ਵਿਸ਼ਵ ਭਰ ਵਿਚ ਕੋਵਿਡ-19 ਮਹਾਮਾਰੀ ਦੀ ਮਾਰ ਨੇ ਮਾਨਵ ਭਵਿੱਖੀ ਪੀੜ੍ਹੀ ਦੇ ਮਾਨਸਿਕ, ਸਰੀਰਕ ਅਤੇ ਬੌਧਿਕ ਵਿਕਾਸ 'ਤੇ ਵੱਡਾ ਮਾਰੂ ਅਸਰ ਪਾਇਆ। ਫਲਸਰੂਪ ਪੂਰੇ ਵਿਸ਼ਵ ਵਿਚ ਵਿਦਿਆਰਥੀਆਂ ਅੰਦਰ ਮਾਨਸਿਕ, ਬੌਧਿਕ ਤੇ ਸਰੀਰਕ ਅਪੰਗਤਾ ਨੋਟ ਕੀਤੀ ਗਈ ਹੈ ਜਿਸ ਕਰਕੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿਚ ਪੜ੍ਹਨ ਵਾਲਿਆਂ ਦੀ ਗਿਣਤੀ ਵਿਚ ਕਮੀ ਆਈ ਹੈ। ਬੇਰੁਜ਼ਗਾਰੀ ਵਿਚ ਵਾਧਾ ਹੋਇਆ ਹੈ।

ਗਲੋਬਲ ਪੱਧਰ 'ਤੇ ਆਰਥਿਕ ਅਤੇ ਵਪਾਰਕ ਸਪਲਾਈ ਲਾਈਨ ਅਸਤ-ਵਿਅਸਤ ਹੋ ਕੇ ਰਹਿ ਗਈ। ਹਰ ਦੇਸ਼ ਵਿਚ ਮਹਿੰਗਾਈ ਅਤੇ ਭੁੱਖਮਰੀ ਸਿਰ ਚੜ੍ਹ ਕੇ ਬੋਲਣ ਲੱਗੀ। ਬੇਘਰੇ ਲੋਕਾਂ ਦੀ ਤਾਦਾਦ ਵਧਣ ਲੱਗੀ। ਜਲਵਾਯੂ ਤਬਦੀਲੀ ਕਰ ਕੇ ਮੌਸਮ ਵਿਚ ਉਤਰਾਅ-ਚੜ੍ਹਾਅ ਸ਼ਦੀਦ ਤਕਲੀਫ਼ਦੇਹ ਸਿੱਧ ਹੋਣ ਲੱਗੇ। ਸੰਨ 2024 ਹੁਣ ਤੱਕ ਦਾ ਗਰਮ ਸਾਲ ਰਿਹਾ। ਗਰਮੀ ਕਰਕੇ ਚੀਨ, ਯੂਰਪ ਅਤੇ ਹੋਰ ਥਾਵਾਂ 'ਤੇ ਹੜ੍ਹ, ਯੂਰਪ ਤੋਂ ਅਫ਼ਰੀਕਾ, ਸਾਊਥ ਅਮਰੀਕਾ ਵਿਚ ਸੋਕੇ ਪਏ, ਅਮਰੀਕਾ-ਚੀਨ ਵਿਚ ਮੁਕਾਬਲੇਬਾਜ਼ੀ ਵਧੀ, ਆਰਥਿਕ ਅਤੇ ਵਪਾਰਕ ਸਪਲਾਈ ਚੇਨ ਵਿਚ ਰੋਕਾਂ ਤੇ ਬ੍ਰੇਕਾਂ ਵੇਖੀਆਂ ਗਈਆਂ।

ਗਲੋਬਲ ਭੂ-ਆਰਥਿਕਤਾ ਵਿਚ ਵੱਡੀਆਂ ਦੁਸ਼ਵਾਰੀਆਂ ਪੈਦਾ ਹੋਈਆਂ। ਵਪਾਰਕ ਪਾਬੰਦੀਆਂ ਵਿਚ ਤਿੱਗਣਾ ਵਾਧਾ ਹੋਇਆ। ਸਾਲ 2024 ਵਿਚ ਲਗਪਗ ਹਰ ਦੇਸ਼ ਵਿਚ ਕਰਜ਼ਿਆਂ ਵਿਚ ਵਾਧਾ ਵੇਖਣ ਨੂੰ ਮਿਲਿਆ। ਸਾਲ 2024 ਗਲੋਬਲ ਪੱਧਰ 'ਤੇ 'ਵੋਟਰ ਸਾਲ' ਵਜੋਂ ਸਥਾਪਤ ਹੋਇਆ। ਲਗਪਗ 70 ਦੇਸ਼ਾਂ ਵਿਚ ਚੋਣਾਂ ਹੋਈਆਂ। ਵਿਸ਼ਵ ਦੀ ਅੱਧੀ ਵਸੋਂ ਨੇ ਇਨ੍ਹਾਂ ਵਿਚ ਭਾਗ ਲਿਆ। ਮਹਿੰਗਾਈ, ਬੇਰੁਜ਼ਗਾਰੀ, ਭੁੱਖਮਰੀ, ਅਸੁਰੱਖਿਆ, ਜੀਵਨ ਮਿਆਰ ਨੂੰ ਲਗਾਤਾਰ ਖੋਰਾ ਲੱਗਣ, ਸੱਤਾ ਖ਼ਤਾਰ ਮੁਫ਼ਤਖੋਰੀਆਂ ਦਾ ਸਹਾਰਾ ਲੈਣ, ਆਮ ਆਦਮੀ ਦੀ ਖ਼ਰੀਦ ਸ਼ਕਤੀ ਘਟਣ, ਧੁੰਦਲੇ ਆਰਥਿਕ ਭਵਿੱਖ ਦੀ ਦਸਤਕ ਆਦਿ ਕਰਕੇ ਵੋਟਰਾਂ ਨੇ ਭਾਰਤ ਤੋਂ ਦੱਖਣੀ ਅਫ਼ਰੀਕਾ, ਯੂਰਪ ਤੋਂ ਅਮਰੀਕਾ ਤੱਕ ਸੱਤਾਧਾਰੀ ਆਗੂਆਂ ਨੂੰ ਕਾਂਬੇ ਭਰਿਆ ਰਾਜਨੀਤਕ ਹਲੂਣਾ ਦਿੰਦੇ ਹੋਏ ਹਰਾਇਆ। ਅਮਰੀਕਾ ਵਿਚ ਡੋਨਾਲਡ ਟਰੰਪ ਵਰਗਾ ਗੁਨਹਾਗਾਰ ਜਿੱਤ ਗਿਆ। ਟਰੰਪ ਦੀ ਅਮਰੀਕੀ ਰਾਸ਼ਟਰਪਤੀ ਵਜੋਂ ਮੁੜ ਵਾਪਸੀ ਵਾਕਿਆ ਹੀ ਇਕ ਵਿਲੱਖਣ ਰਾਜਨੀਤਕ ਪ੍ਰਕਿਰਿਆ ਰਹੀ ਹੈ। ਸਭ ਤੋਂ ਚਿੰਤਾਜਨਕ ਸਥਿਤੀ ਇਹ ਰਹੀ ਹੈ ਕਿ ਕਈ ਦੇਸ਼ਾਂ ਵਿਚ ਰਾਜਨੀਤਕ ਡੈੱਡਲਾਕ ਵੇਖਣ ਨੂੰ ਮਿਲੇ ਹਨ। ਰੈਡੀਕਲਜ਼ ਅਤੇ ਧੁਰ ਸੱਜੇ-ਪੱਖੀ ਨਾਜ਼ੀਵਾਦੀ ਪਾਰਟੀਆਂ ਅਤੇ ਗਰੁੱਪ ਰਾਸ਼ਟਰੀ ਪੱਧਰ 'ਤੇ ਭਾਰੂ ਹੁੰਦੇ ਵੇਖੇ ਜਾ ਰਹੇ ਹਨ। ਜਰਮਨੀ ਅਤੇ ਫਰਾਂਸ ਅੰਦਰ ਇਨ੍ਹਾਂ ਕਰਕੇ ਉਤਪੰਨ ਡੈਡਲਾਕ



ਪੂਰੇ ਯੂਰਪ ਨੂੰ ਪ੍ਰਭਾਵਿਤ ਕਰ ਰਿਹਾ ਹੈ। ਬੰਗਲਾਦੇਸ਼ ਅੰਦਰ ਅਵਾਮੀ ਲੀਗ ਪਾਰਟੀ ਆਗੂ ਸ਼ੇਖ ਹਸੀਨਾ ਦੇ ਸ਼ਾਸਨ ਨੂੰ ਮੂਲਵਾਦੀ ਸ਼ਕਤੀਆਂ ਵੱਲੋਂ ਪਲਟਣ ਕਰਕੇ ਭਾਰਤੀ ਉਪ ਮਹਾਦੀਪ ਅੰਦਰ ਟਕਰਾਅ ਭਰੀਆਂ ਸਥਿਤੀਆਂ ਉੱਭਰ ਰਹੀਆਂ ਹਨ।

ਵਿਸ਼ਵ ਬੈਂਕ ਅਨੁਸਾਰ ਗ਼ਰੀਬ ਅਤੇ ਪੱਛੜੇ ਦੇਸ਼

**-ਦਰਬਾਰਾ ਸਿੰਘ ਕਾਹਲੋਂ**

ਪਿਛਲੇ ਦੋ ਦਹਾਕਿਆਂ ਤੋਂ ਬਹੁਤ ਹੀ ਭੈੜੀ ਆਰਥਿਕ ਦੁਰਦਸ਼ਾ ਵਿੱਚੋਂ ਗੁਜ਼ਰ ਰਹੇ ਹਨ। ਕਮਜ਼ੋਰ ਵਪਾਰ, ਆਰਥਿਕ ਪਾਬੰਦੀਆਂ, ਫੰਡਾਂ ਅਤੇ ਮੁੱਢਲੇ ਢਾਂਚੇ ਦੀ ਘਾਟ ਉਨ੍ਹਾਂ ਨੂੰ ਹੋਰ ਬੁਰੀ ਤਰ੍ਹਾਂ ਲਤਾੜ ਰਹੀ ਹੈ। ਯੂਰਪੀਅਨ ਸੈਂਟਰਲ ਬੈਂਕ ਪ੍ਰੈਜ਼ੀਡੈਂਟਿਸਟੀਨ ਲਗਾਰਡ ਅਨੁਸਾਰ ਸੰਨ 2025 ਵਿਚ ਅਨਿਸ਼ਚਿਤਤਾ ਦੀ ਬਹੁਤਾਤ ਬਣੀ ਰਹੇਗੀ। ਆਰਥਿਕ ਮਿਲਵਰਤਨ ਤੇ ਵਿਕਾਸ ਸੰਸਥਾ (ਓਈਸੀਡੀ) ਤੇ ਗੋਲਡਮੈਨ ਸਾਚਸ ਖੋਜ ਸੰਸਥਾ ਦੀਆਂ ਤਾਜ਼ੀਆਂ ਰਿਪੋਰਟਾਂ ਸਾਲ 2025 ਵਿਚ ਗਲੋਬਲ ਆਰਥਿਕ ਸਥਿਤੀਆਂ ਦੇ ਕੁਝ ਸੰਭਲਣ ਦਾ ਸੰਕੇਤ ਦੇ ਰਹੀਆਂ ਹਨ।

ਓਈਸੀਡੀ ਦੀ ਤਾਜ਼ਾ ਰਿਪੋਰਟ ਦਰਸਾਉਂਦੀ ਹੈ ਕਿ ਸੰਨ 2025 ਅਤੇ 2026 ਵਿਚ ਗਲੋਬਲ ਜੀਡੀਪੀ ਵਿਕਾਸ ਦਰ 3.3 ਪ੍ਰਤੀਸ਼ਤ ਰਹੇਗੀ। ਸੰਨ 2024 ਵਿਚ ਇਹ 3.2 ਪ੍ਰਤੀਸ਼ਤ ਸੀ। ਜੀ-20 ਦੇਸ਼ਾਂ ਵਿਚ ਸਭ ਤੋਂ ਉੱਚੀ ਵਿਕਾਸ ਦਰ ਭਾਰਤ ਦੀ 6.8 ਤੋਂ 6.9 ਪ੍ਰਤੀਸ਼ਤ ਰਹੇਗੀ ਸੰਨ 2025 ਤੇ 2026 ਵਿਚ ਇੰਡੋਨੇਸ਼ੀਆ ਦੀ 5.1, ਚੀਨ ਦੀ 4.9, ਰੂਸ ਦੀ 3.9, ਤੁਰਕੀ ਦੀ 3.5, ਬ੍ਰਾਜ਼ੀਲ ਦੀ 3.2, ਸਪੇਨ ਦੀ 3 ਪ੍ਰਤੀਸ਼ਤ, ਅਮਰੀਕਾ ਦੀ 2.8, ਦੱਖਣੀ ਕੋਰੀਆ ਦੀ 2.3, ਮੈਕਸੀਕੋ ਦੀ 1.4, ਕੈਨੇਡਾ ਦੀ 1.1, ਆਸਟ ?ਰੇਲੀਆ ਦੀ 1 ਪ੍ਰਤੀਸ਼ਤ, ਜਾਪਾਨ ਦੀ 0.3, ਜਰਮਨੀ ਦੀ ਜ਼ੀਰੋ ਅਤੇ ਯੂਕੇ ਦੀ 0.9 ਪ੍ਰਤੀਸ਼ਤ ਰਹੇਗੀ। ਲੇਬਰ ਮਾਰਕੀਟ ਵਿਚ ਸੁਧਾਰ ਵੇਖਣ ਨੂੰ ਮਿਲੇਗਾ। ਇਤਿਹਾਸਕ ਪੱਧਰ ਤੋਂ ਬੇਰੁਜ਼ਗਾਰੀ ਘੱਟ ਰਹੇਗੀ।

ਮਹਿੰਗਾਈ ਵਿਚ ਸਾਹ ਸੌਖਾ ਹੋਣ ਲੱਗੇਗਾ ਜਿਸ ਨਾਲ ਘਰੇਲੂ ਆਮਦਨ ਵਧੇਗੀ ਪਰ ਉਪਭੋਗਤਾ ਦਰ ਵਿਚ ਨਿਘਾਰ ਚਾਲੂ ਰਹਿ ਸਕਦਾ ਹੈ ਜਿਸ ਕਰਕੇ ਉਪਭੋਗਤਾ ਵਿਚ ਉਤਸ਼ਾਹ ਵੇਖਣ ਨੂੰ ਨਹੀਂ ਮਿਲੇਗਾ। ਫਿਰ ਵੀ ਗਲੋਬਲ ਵਪਾਰ ਵਿਚ ਸੁਧਾਰ ਵੇਖਣ ਨੂੰ ਮਿਲੇਗਾ ਜੋ 3.6 ਪ੍ਰਤੀਸ਼ਤ ਦਰ ਤੱਕ ਵਧੇਗਾ। ਅਮਰੀਕੀ ਜੀਡੀਪੀ ਜੋ 2025 ਵਿਚ 2.8 ਰਹੇਗੀ, ਸੰਨ 2026 ਵਿਚ ਘਟ ਕੇ 2.4 ਪ੍ਰਤੀਸ਼ਤ ਹੋ ਸਕਦੀ ਹੈ। ਯੂਰਪ ਵਿਚ ਘਰੇਲੂ ਆਮਦਨ ਅਤੇ ਲੇਬਰ ਖੇਤਰ ਵਿਚ ਕਸਾਅ ਰਹੇਗਾ। ਨੀਤੀਗਤ ਵਿਆਜ ਦਰ ਵਿਚ ਕਟੌਤੀ ਵੇਖਣ ਨੂੰ ਮਿਲ ਸਕਦੀ ਹੈ।

ਯੂਰੋ ਖੇਤਰ ਦੀ ਬੀਡੀਪੀ ਸੰਨ 2025 ਵਿਚ 1.3 ਅਤੇ 2026 ਵਿਚ 1.5 ਪ੍ਰਤੀਸ਼ਤ ਰਹੇਗੀ। ਚੀਨ ਦੀ 2025 ਵਿਚ 4.9 ਦੇ ਮੁਕਾਬਲੇ 2026 ਵਿਚ 4.4 ਪ੍ਰਤੀਸ਼ਤ ਰਹੇਗੀ। ਓਈਸੀਡੀ ਦੇ ਸਕੱਤਰ ਜਨਰਲ ਮਾਥੀਅਜ਼ ਕੋਰਮਨ ਅਨੁਸਾਰ ਗਲੋਬਲ ਆਰਥਿਕਤਾ ਸੰਨ 2025 ਵਿਚ ਲਚਕਦਾਰ ਰਹੇਗੀ। ਵਿਕਾਸ ਸਥਿਰ ਰਹੇਗਾ। ਮਹੱਤਵਪੂਰਨ ਚੁਣੌਤੀਆਂ ਬਣੀਆਂ ਰਹਿਣਗੀਆਂ। ਭੂ-ਰਾਜਨੀਤਕ ਟਕਰਾਅ ਜਾਰੀ ਰਹਿਣਗੇ, ਜਨਤਕ ਕਰਜ਼ਾ ਦਰ ਔਸਤ ਉੱਚੀ ਰਹੇਗੀ। ਮੱਧਕਾਲੀ ਵਿਕਾਸ ਸੰਭਵ ਨਹੀਂ ਹੋਵੇਗਾ। ਮਹਿੰਗਾਈ ਦੇ ਦਬਾਅ 'ਤੇ ਲਗਾਮ ਜਾਰੀ ਰਹੇਗੀ ਪਰ ਖ਼ਰਚਿਆਂ ਦਾ ਭਾਰ ਮਹਿਸੂਸ ਹੋਵੇਗਾ।

ਗੋਲਡਮੈਨ ਸਾਚਸ ਖੋਜ ਅਨੁਸਾਰ ਸੰਨ 2025 ਆਰਥਿਕ ਵਿਕਾਸ ਵਾਲਾ ਸਾਲ ਸਿੱਧ ਹੋਵੇਗਾ। ਅਮਰੀਕਾ ਵਿਕਾਸ ਕਰੇਗਾ ਪਰ ਉਸ ਵੱਲੋਂ ਦਰਾਮਦ 'ਤੇ ਟੈਰਿਫ ਵਧਾਉਣ ਕਰਕੇ ਯੂਰਪੀ ਯੂਨੀਅਨ ਪ੍ਰਭਾਵਿਤ ਹੋਵੇਗੀ। ਮਿੱਥੀ ਗਈ ਅਮਰੀਕੀ ਵਿਕਾਸ ਦਰ 1.9 ਤੋਂ ਵਾਧਾ ਦਰਜ ਕਰ ਕੇ 2.5 ਪ੍ਰਤੀਸ਼ਤ ਹੋ ਸਕਦੀ ਹੈ। ਯੂਰਪ ਦੀ ਮਿੱਥੀ ਹੋਈ ਵਿਕਾਸ ਦਰ 1.2 ਤੋਂ ਘਟ ਕੇ 0.8 ਪ੍ਰਤੀਸ਼ਤ ਰਹਿ ਸਕਦੀ ਹੈ। ਗੋਲਡਮੈਨ ਸਾਚਸ ਦੇ ਮੁੱਖ ਅਰਥ-ਸ਼ਾਸਤਰੀ ਹੈਤਜ਼ਇਜ਼ ਅਨੁਸਾਰ ਗਲੋਬਲ ਬਾਜ਼ਾਰ ਮੁੜ ਤੋਂ ਸੰਤੁਲਿਤ ਕੀਤਾ ਗਿਆ ਹੈ। ਮਹਿੰਗਾਈ ਘਟੇਗੀ ਅਤੇ ਕੇਂਦਰੀ ਬੈਂਕ ਦੇ ਟੀਚੇ ਦੇ ਕੰਟਰੋਲ ਵਿਚ ਰਹੇਗੀ। ਬਹੁਤੇ ਕੇਂਦਰੀ ਬੈਂਕ ਵਿਆਜ ਦਰਾਂ ਵਿਚ ਕਟੌਤੀ ਕਰ ਸਕਣਗੇ। ਅਮਰੀਕਾ ਵੱਲੋਂ ਦੂਸਰੀ ਵੱਡੀ ਆਰਥਿਕਤਾ ਚੀਨ ਦੀ ਦਰਾਮਦ 'ਤੇ 60 ਪ੍ਰਤੀਸ਼ਤ ਟੈਰਿਫ ਲਗਾਉਣ ਨਾਲ ਉਸ ਦੀ ਵਿਕਾਸ ਦਰ 0.7 ਪ੍ਰਤੀਸ਼ਤ ਘਟ ਸਕਦੀ ਹੈ।

ਗੋਲਡਮੈਨ ਸਾਚਸ ਇਹ ਘਾਟਾ 0.2 ਪ੍ਰਤੀਸ਼ਤ ਨਿਸ਼ਚਤ ਕਰਦਾ ਹੈ। ਇਹ ਗਲੋਬਲ ਪੂੰਜੀਵਾਦੀ ਕਾਰਪੋਰੇਟ ਪ੍ਰਭਾਵਿਤ ਸੰਸਥਾਵਾਂ ਦੀਆਂ ਰਿਪੋਰਟਾਂ ਜੋ ਮਰਜ਼ੀ ਆਰਥਿਕ ਸ਼ੀਸ਼ਾ ਦਿਖਾਉਣ, ਡਰ ਇਹ ਹੈ ਕਿ ਅਮਰੀਕੀ ਰਾਸ਼ਟਰਪਤੀ ਟਰੰਪ ਦੀਆਂ ਮਨਮਾਨੀਆਂ ਅਤੇ ਇੱਲਤਾਂ ਕਰਕੇ ਸੰਨ 2025 ਗਲੋਬਲ ਆਰਥਿਕਤਾ 'ਤੇ ਭਾਰੂ ਪੈ ਸਕਦਾ ਹੈ। ਦਰਾਮਦ 'ਤੇ ਟੈਰਿਫ ਵਾਧਾ ਵਪਾਰਕ ਜੰਗ ਛੇੜ ਸਕਦਾ ਹੈ, ਮਹਿੰਗਾਈ ਵਧੇਗੀ, ਸੰਸਾਰ ਵਿਚ ਖੜੋਤ ਆਏਗੀ ਤੇ ਬੇਰੁਜ਼ਗਾਰੀ ਵਧੇਗੀ। ਯੂਕਰੇਨ, ਮੱਧ-ਪੂਰਬ ਜੰਗਾਂ, ਜਰਮਨੀ ਅਤੇ ਫਰਾਂਸ ਵਿਚ ਰਾਜਨੀਤਕ ਉਥਲ-ਪੁਥਲ, ਚੀਨ ਦੀ ਆਰਥਿਕਤਾ 'ਤੇ ਉੱਭਰ ਰਹੇ ਕਾਲੇ ਬੱਦਲ, ਜਲਵਾਯੂ ਤਬਦੀਲੀ ਵਿਸ਼ਵ-ਵਿਆਪੀ ਆਰਥਿਕਤਾ ਅਤੇ ਵਿਕਾਸ ਲਈ ਘਾਤਕ ਸਿੱਧ ਹੋ ਸਕਦੇ ਹਨ।

ਗਲੋਬਲ ਆਰਥਿਕਤਾ ਸੰਭਾਲਣ ਲਈ 25 ਵਿਸ਼ਵ ਪ੍ਰਮੁੱਖ ਸੰਸਥਾਵਾਂ ਦੇ 40 ਆਰਥਿਕ ਮਾਹਿਰਾਂ ਦੇ ਗਰੁੱਪ ਵੱਲੋਂ ਬਹੁਮੁਖੀ ਬੈਂਕਾਂ, ਟੈਕਸ ਸਿਸਟਮ, ਗਲੋਬਲ ਵਿੱਤੀ ਸੁਰੱਖਿਆ, ਜਲਵਾਯੂ ਸੰਭਾਲ ਸਬੰਧੀ ਗਲੋਬਲ ਤਾਲਮੇਲ ਰਾਹੀਂ ਸੁਧਾਰਾਂ 'ਤੇ ਜੋ ਜ਼ੋਰ ਦਿੱਤਾ ਗਿਆ ਹੈ, ਉਨ੍ਹਾਂ 'ਤੇ ਅਮਲ ਦੀ ਲੋੜ ਹੈ। ਸਥਾਨਕ, ਰਾਸ਼ਟਰੀ ਅਤੇ ਕੌਮਾਂਤਰੀ ਵਿੱਦਿਅਕ ਈਕੋ ਸਿਸਟਮ ਮਜ਼ਬੂਤ ਕਰਨ ਲਈ ਗਲੋਬਲ ਸਾਂਝੇਦਾਰੀ, ਮਾਨਸਿਕ, ਬੌਧਿਕ ਅਤੇ ਸਰੀਰਕ ਤੌਰ 'ਤੇ ਅਪੰਗ ਹੋਏ ਵਿਦਿਆਰਥੀਆਂ ਵੱਲ ਧਿਆਨ ਕੇਂਦਰਿਤ ਕਰਨ ਦੀ ਲੋੜ ਹੈ। ਵਿਸ਼ਵ ਮੁਦਰਾ ਕੋਸ਼ ਨੇ ਵਿਸ਼ਵ ਆਰਥਿਕ ਆਊਟਲੁੱਕ ਵਿਚ ਸਪਸ਼ਟ ਕਿਹਾ ਹੈ 'ਅਨਿਸ਼ਚਤ ਜੋਖ਼ਮ ਲਈ ਤਿਆਰ ਰਹੋ।'

ਸਾਡੇ ਲੋਕ
SADE LOK

ਸਤਨਾਮ ਸਿੰਘ ਖਾਲਸਾ

Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਹਿਊਸਟਨ ’ਚ ਉਡਾਣ ਭਰਦੇ ਸਮੇਂ ਜਹਾਜ਼ ਦੇ ਇੰਜਣ ’ਚ ਲੱਗੀ ਅੱਗ

ਵਾਸ਼ਿੰਗਟਨ : ਅਮਰੀਕਾ ਤੋਂ ਇਕ ਵਾਰ ਫਿਰ ਜਹਾਜ਼ ਹਾਦਸੇ ਦੀ ਖ਼ਬਰ ਆਈ ਹੈ। ਹਿਊਸਟਨ ਤੋਂ ਨਿਊਯਾਰਕ ਜਾ ਰਹੀ ਯੂਨਾਈਟਿਡ ਏਅਰਲਾਈਨਜ਼ ਦੀ ਇਕ ਫਲਾਈਟ ਨੂੰ ਐਤਵਾਰ ਨੂੰ ਖਾਲੀ ਕਰਵਾ ਲਿਆ ਗਿਆ, ਕਿਉਂਕਿ ਉਡਾਣ ਭਰਨ ਤੋਂ ਕੁਝ ਸਮੇਂ ਪਹਿਲਾਂ ਹੀ ਇਸ ਦੇ ਇੰਜਣ ਵਿਚ ਅੱਗ ਲੱਗ ਗਈ। ਸਥਾਨਕ ਸਮੇਂ ਮੁਤਾਬਕ, ਫਲਾਈਟ 1382 ਸਵੇਰੇ 8.30 ਵਜੇ ਜਾਰਜ ਬੁਸ਼ ਇੰਟਰਕੌਂਟੀਨੈਂਟਲ ਹਵਾਈ ਅੱਡੇ ਤੋਂ ਲਾਗਾਰਡੀਆ ਏਅਰਪੋਰਟ ਲਈ ਰਵਾਨਾ ਹੋਣ ਵਾਲੀ ਸੀ ਤਾਂ ਚਾਲਕ ਦਲ ਨੂੰ ਇੰਜਣ ਵਿਚ ਖ਼ਰਾਬੀ ਦੇ ਬਾਰੇ ਵਿਚ ਸੰਕੇਤ ਮਿਲਿਆ ਅਤੇ ਰਨਵੇ ’ਤੇ ਹੀ ਟੇਕਆਫ ਨੂੰ ਰੋਕ ਦਿੱਤਾ ਗਿਆ। ਏਅਰਲਾਈਨ ਨੇ ਇੱਕ ਬਿਆਨ ਜਾਰੀ ਕਰਕੇ ਹਾਦਸੇ ਦੀ ਜਾਣਕਾਰੀ ਦਿੱਤੀ।



ਫੈਡਰਲ ਏਵੀਏਸ਼ਨ ਅਥਾਰਟੀ ਨੇ ਕਿਹਾ ਕਿ ਇੰਜਣ ’ਚ ਖਰਾਬੀ ਸੀ, ਜਿਸ ਕਾਰਨ ਟੇਕਆਫ ਨੂੰ ਰੋਕ ਦਿੱਤਾ ਗਿਆ। ਯਾਤਰੀਆਂ ਨੂੰ ਰਨਵੇ ’ਤੇ ਉਤਾਰ ਕੇ ਬੱਸ ਰਾਹੀਂ ਟਰਮੀਨਲ ’ਤੇ ਲਿਜਾਇਆ ਗਿਆ।

ਜਹਾਜ਼ ’ਚ ਸਵਾਰ ਸਨ 100 ਤੋਂ ਜ਼ਿਆਦਾ ਯਾਤਰੀ

’ਨਿਊਯਾਰਕ ਟਾਈਮਜ਼’ ਦੀ ਰਿਪੋਰਟ ਮੁਤਾਬਕ, ਅਧਿਕਾਰੀਆਂ ਨੇ ਕਿਹਾ ਕਿ ਸਾਰੇ 104 ਯਾਤਰੀਆਂ ਨੂੰ ਸਲਾਈਡਾਂ ਅਤੇ ਪੌੜੀਆਂ ਦੀ ਵਰਤੋਂ ਕਰਦੇ ਹੋਏ ਰਨਵੇ ’ਤੇ ਜਹਾਜ਼ ਤੋਂ ਸੁਰੱਖਿਅਤ ਰੂਪ ਨਾਲ ਉਤਾਰਿਆ ਗਿਆ ਅਤੇ ਬੱਸ ਰਾਹੀਂ ਟਰਮੀਨਲ ਤੱਕ ਪਹੁੰਚਾਇਆ ਗਿਆ ਅਤੇ ਕਿਸੇ ਦੇ ਜ਼ਖਮੀ ਹੋਣ ਦੀ ਕੋਈ ਸੂਚਨਾ ਨਹੀਂ ਹੈ।

ਸੋਸ਼ਲ ਮੀਡੀਆ ’ਤੇ ਵਾਇਰਲ ਹੋਏ ਇਸ ਹਾਦਸੇ ਦੀ ਵੀਡੀਓ ’ਚ ਨਿਊਯਾਰਕ ਦੇ ਲਾਗਾਰਡੀਆ ਏਅਰਪੋਰਟ ’ਤੇ ਜਾ ਰਹੇ ਏਅਰਬੱਸ ਏ-319 ਜਹਾਜ਼ ਦੇ ਇੰਜਣ ’ਚੋਂ ਧੂੰਆਂ ਅਤੇ ਅੱਗ ਨਿਕਲਦੀ ਦਿਖਾਈ ਦੇ ਰਹੀ ਹੈ। ਯੂਨਾਈਟਿਡ ਏਅਰਲਾਈਨਜ਼ ਨੇ ਕਿਹਾ ਕਿ ਯਾਤਰੀਆਂ ਨੂੰ ਐਤਵਾਰ ਦੁਪਹਿਰ ਨੂੰ ਇੱਕ ਹੋਰ ਫਲਾਈਟ ਲਈ ਮੁੜ-ਨਿਰਧਾਰਤ ਕੀਤਾ ਗਿਆ ਸੀ।

ਦੱਸਣਯੋਗ ਹੈ ਕਿ ਹਾਲ ਹੀ ਵਿੱਚ ਵਾਸ਼ਿੰਗਟਨ ਦੇ ਬਾਹਰ ਰੀਗਨ ਨੈਸ਼ਨਲ ਏਅਰਪੋਰਟ ਦੇ ਕੋਲ ਇੱਕ ਅਮਰੀਕੀ ਏਅਰਲਾਈਨਜ਼ ਦਾ ਜਹਾਜ਼ ਅਮਰੀਕੀ ਸੈਨਾ ਦੇ ਬਲੈਕ ਹਾਕ ਹੈਲੀਕਾਪਟਰ ਨਾਲ ਟਕਰਾ ਗਿਆ ਸੀ। ਹਾਦਸੇ ਕਾਰਨ ਦੋਵੇਂ ਜਹਾਜ਼ ਪੋਟੋਮੈਕ ਨਦੀ ਵਿੱਚ ਡਿੱਗ ਗਏ ਸਨ। ਅਮਰੀਕੀ ਅਧਿਕਾਰੀਆਂ ਨੇ ਪੁਸ਼ਟੀ ਕੀਤੀ ਹੈ ਕਿ ਸਾਰੇ 67 ਲੋਕਾਂ ਦੇ ਮਾਰੇ ਜਾਣ ਦਾ ਖਦਸ਼ਾ ਹੈ। ਇਸ ਤੋਂ ਇਲਾਵਾ ਸ਼ੁੱਕਰਵਾਰ ਰਾਤ ਫਿਲਾਡੇਲਫੀਆ ਦੇ ਇਕ ਮਾਲ ਨੇੜੇ ਇਕ ਹੋਰ ਜਹਾਜ਼ ਹਾਦਸਾਗ੍ਰਸਤ ਹੋ ਗਿਆ, ਜਿਸ ਕਾਰਨ 7 ਲੋਕਾਂ ਦੀ ਮੌਤ ਹੋ ਗਈ ਅਤੇ 19 ਹੋਰ ਜ਼ਖਮੀ ਹੋ ਗਏ ਸਨ।

# ਰਾਸ਼ਟਰਪਤੀ ਟਰੰਪ ਨੇ ‘ਲੇਕਨ ਰੀਲੇਅ ਐਕਟ’ ਉਪਰ ਕੀਤੇ ਦਸਤਖਤ

## ਗੈਰ ਕਾਨੂੰਨੀ ਪ੍ਰਵਾਸੀਆਂ ਵਿਰੁੱਧ ਕਾਰਵਾਈ ਲਈ ਇਮੀਗ੍ਰੇਸ਼ਨ ਅਫਸਰਾਂ ਨੂੰ ਮਿਲੇ ਅਧਿਕਾਰ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬਹੁਤ ਹੀ ਚਰਚਿਤ ‘ਲੇਕਨ ਰੀਲੇਅ ਐਕਟ’ ਉਪਰ ਦਸਤਖਤ ਕਰ ਦਿੱਤੇ ਹਨ। 20 ਜਨਵਰੀ ਨੂੰ ਆਪਣਾ ਕਾਰਜਕਾਲ ਸੰਭਾਲਣ ਉਪਰੰਤ ਇਹ ਪਹਿਲਾ ਕਾਨੂੰਨ ਹੈ ਜਿਸ ਉਪਰ ਟਰੰਪ ਨੇ ਸਹੀ ਪਾਈ ਹੈ। ਹੁਣ ਇਸ ਕਾਨੂੰਨ ਤਹਿਤ ਇਮੀਗ੍ਰੇਸ਼ਨ ਅਫਸਰ ਗੈਰ ਕਾਨੂੰਨੀ ਪ੍ਰਵਾਸੀ ਨੂੰ ਉਸ ਵੇਲੇ ਆਪਣੀ ਹਿਰਾਸਤ ਵਿਚ ਲੈ ਸਕਣਗੇ ਜਦੋਂ ਉਹ ਕਿਸੇ ਅਪਰਾਧ ਤਹਿਤ ਪੁਲਿਸ ਅਫਸਰਾਂ ਵੱਲੋਂ ਗ੍ਰਿਫਤਾਰ ਕੀਤਾ ਜਾਵੇਗਾ। ਉਸ ਵਿਰੁੱਧ ਮੁਕੱਦਮੇ ਦੀ ਬਜਾਏ ਉਸ ਨੂੰ ਸਿੱਧਾ ਦੇਸ਼ ਨਿਕਾਲਾ ਦਿੱਤਾ ਜਾਵੇਗਾ। ਇਸ ਤੋਂ ਪਹਿਲਾਂ ਵਾਈਟ ਹਾਊਸ ਵਿਚ ਸੰਬੋਧਨ ਕਰਦਿਆਂ ਟਰੰਪ ਨੇ ਕਿਹਾ ਕਿ ਇਹ ਇਕ ਇਤਿਹਾਸਕ ਕਾਨੂੰਨ ਹੈ ਜਿਸ ਉਪਰ ਅੱਜ ਸਹੀ ਪਾਉਣ ਜਾ ਰਹੇ ਹਾਂ। ਇਸ ਨਾਲ ਅਣਗਿਣਤ ਨਿਰਦੋਸ਼ ਅਮਰੀਕੀ ਨਾਗਰਿਕਾਂ ਦੇ ਜੀਵਨ ਬਚ ਜਾਣਗੇ। ਇਸ ਕਾਨੂੰਨ ਦਾ ਨਾਂ 22 ਸਾਲਾ ਨਰਸਿੰਗ ਵਿਦਿਆਰਥਣ ਲੇਕਨ ਰਿਲੇਅ ਦੇ ਨਾਂ ’ਤੇ ਰਖਿਆ ਗਿਆ ਹੈ ਜਿਸ ਦੀ 22 ਫਰਵਰੀ 2024 ਨੂੰ ਇਕ ਵੈਂਜ਼ੂਏਲੀਅਨ ਨਾਗਰਿਕ ਦੁਆਰਾ ਐਥਨਜ, ਜਾਰਜੀਆ ਵਿਚ ਹੱਤਿਆ ਕਰ ਦਿੱਤੀ ਗਈ ਸੀ। ਇਹ ਵੈਂਜ਼ੂਏਲਨ ਨਾਗਰਿਕ ਗੈਰ ਕਾਨੂੰਨੀ ਸੀ ਤੇ ਇਸ ਤੋਂ ਪਹਿਲਾਂ ਉਹ ਦੁਕਾਨ ਤੋਂ ਚੋਰੀ ਕਰਨ ਦੇ ਮਾਮਲੇ ਵਿਚ ਫੜਿਆ ਗਿਆ ਸੀ। ਲੇਕਨ ਰੀਲੇਅ 2024 ਦੀਆਂ ਚੋਣਾਂ ਵਿਚ ਚੋਣ ਪ੍ਰਚਾਰ ਦੌਰਾਨ ਟਰੰਪ ਦੇ ਭਾਸ਼ਣਾਂ ਦਾ ਕੇਂਦਰ ਬਿੰਦੂ ਰਹੀ ਸੀ। ਚੋਣ ਪ੍ਰਚਾਰ ਦੌਰਾਨ ਟਰੰਪ ਨੇ ਕਿਹਾ ਸੀ ਕਿ “ਅਮਰੀਕਾ ਲੇਕਨ ਰੀਲੇਅ ਨੂੰ ਕਦੀ ਵੀ ਨਹੀਂ ਭੁੱਲੇਗਾ। ਇਸ ਕਿਸਮ ਦੇ ਭਿਆਨਕ ਅਤਿਆਚਾਰ ਅਮਰੀਕਾ ਦੀ ਧਰਤੀ ਉਪਰ ਨਹੀਂ ਹੋਣ ਦੇਵਾਂਗੇ।” ਵਾਈਟ ਹਾਊਸ ਵਿਚ ਲੇਕਨ ਰੀਲੇਅ ਕਾਨੂੰਨ ਉਪਰ ਦਸਤਖਤ ਕਰਨ ਵੇਲੇ ਲੇਕਨ ਰੀਲੇਅ ਦੀ ਮਾਂ ਐਲੀਸਨ ਫਿਲਿਪਸ ਵੀ ਮੌਜੂਦ ਸੀ ਜੋ ਸਾਹਮਣੀ ਕਤਾਰ ਵਿਚ ਉਪ ਰਾਸ਼ਟਰਪਤੀ ਜੇ ਡੀ ਵੈਂਸ ਤੋਂ ਅਗਲੀ ਸੀਟ ਉਪਰ ਬੈਠੀ ਸੀ। ਕਾਨੂੰਨ ਉਪਰ ਸਹੀ ਪਾਉਣ ਲਈ ਫਿਲਿਪਸ ਨੇ ਟਰੰਪ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਜ਼ੁਬਾਨ ਦਾ ਪੱਕਾ ਹੈ ਜੋ ਉਸ ਨੇ ਕਿਹਾ ਸੀ ਉਹ ਕਰ ਵਿਖਾਇਆ ਹੈ। ਇਸ ਕਾਨੂੰਨ ਤਹਿਤ ਯੂ ਐਸ ਇਮੀਗ੍ਰੇਸ਼ਨ ਐਂਡ ਕਸਟਮਜ ਇਨਫੋਰਸਮੈਂਟ ਦੇ ਅਧਿਕਾਰੀ ਉਨਾਂ ਲੋਕਾਂ ਨੂੰ ਆਪਣੀ ਹਿਰਾਸਤ ਵਿਚ ਲੈ ਸਕਣਗੇ ਜੋ ਬਿਨਾਂ ਦਸਤਾਵੇਜ ਗੈਰ ਕਾਨੂੰਨੀ ਤੌਰ ’ਤੇ ਅਮਰੀਕਾ ਵਿਚ ਟਿਕੇ ਹੋਏ ਹਨ। ਜੋ ਵੀ ਗੈਰ ਕਾਨੂੰਨੀ ਪ੍ਰਵਾਸੀ ਕਿਸੇ ਅਪਰਾਧ ਤਹਿਤ ਫੜਿਆ ਗਿਆ ਹੈ ਜਾਂ ਫੜਿਆ ਜਾਵੇਗਾ ਉਸ ਵਿਰੁੱਧ ਅਦਾਲਤ ਵਿਚ ਮੁਕੱਦਮਾ ਚਲਾਉਣ ਦੀ ਲੋੜ ਨਹੀਂ ਹੋਵੇਗੀ। ਉਸ ਨੂੰ ਵਾਪਿਸ ਉਸ ਦੇ ਮੂਲ ਦੇਸ਼ ਭੇਜ ਦਿੱਤਾ ਜਾਵੇਗਾ।



ਵਾਈਟ ਹਾਊਸ ਵਿਚ ਕਾਨੂੰਨ ਉਪਰ ਸਹੀ ਪਾਉਣ ਤੋਂ ਪਹਿਲਾਂ ਡੋਨਾਲਡ ਟਰੰਪ ਲੇਕਨ ਰੀਲੇਅ ਦੀ ਮਾਂ ਐਲੀਸਨ ਫਿਲਿਪਸ ਨੂੰ ਮਿਲਦੇ ਹੋਏ।

## ਇਮੀਗ੍ਰੇਸ਼ਨ ਅਧਿਕਾਰੀਆਂ ਵੱਲੋਂ ਵੈਂਜ਼ੂਏਲੀਅਨ ਗਿਰੋਹ ਦਾ ਅਹਿਮ ਮੈਂਬਰ ਗ੍ਰਿਫਤਾਰ

ਸਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਸੰਘੀ ਇਮੀਗ੍ਰੇਸ਼ਨ ਅਧਿਕਾਰੀਆਂ ਵੱਲੋਂ ਨਿਊ ਯਾਰਕ ਵਿਚ ਕੀਤੀ ਇਕ ਕਾਰਵਾਈ ਦੌਰਾਨ ਵੈਂਜ਼ੂਏਲੀਅਨ ਗਿਰੋਹ ’ਟਰੇਨ ਡੇ ਅਰਾਗੂਆ’ ਦੇ ਇਕ ਅਹਿਮ ਮੈਂਬਰ ਨੂੰ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਪੁਲਿਸ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਸ਼ੱਕੀ ਐਂਡਰਸਨ ਜ਼ੈਮਬਰਾਨੋ- ਪਾਚੇਕੋ (26) ਨੂੰ ਡਰੱਗ ਇਨਫੋਰਸਮੈਂਟ ਐਡਮਨਿਸਟ੍ਰੇਸ਼ਨ ਐਂਡ ਯੂ ਐਸ ਹੋਮਲੈਂਡ ਸਕਿਉਰਿਟੀ ਦੇ ਜਾਂਚ ਅਫਸਰਾਂ ਵੱਲੋਂ ਬਰੋਂਕਸ ਵਿਚ ਗ੍ਰਿਫਤਾਰ ਕੀਤਾ ਗਿਆ ਹੈ। ਪੁਲਿਸ ਅਨੁਸਾਰ ਪਾਚੇਕੋ ਚੋਰੀ ਤੇ ਡਰਾਉਣ ਧਮਕਾਉਣ ਦੇ ਇਕ ਮਾਮਲੇ ਵਿਚ ਲੋੜੀਂਦਾ ਹੈ। ਸ਼ੱਕੀ ਜੈਮਬਰਾਨੋ ਪਾਚੇਕੋ ਪਿਛਲੇ ਦਿਨਾਂ ਦੌਰਾਨ ਟਰੰਪ ਪ੍ਰਸ਼ਾਸਨ ਦੁਆਰਾ ਹਿਰਾਸਤ ਵਿਚ ਲਏ ਗਏ ਬਿਨਾਂ ਦਸਤਾਵੇਜ 4 ਹਜਾਰ ਤੋਂ ਵਧ ਗੈਰ ਕਾਨੂੰਨੀ ਪ੍ਰਵਾਸੀਆਂ ਵਿਚੋਂ ਇਕ ਹੈ।


CAPITAL ACCOUNTING & TAX SERVICES



Kuldip Singh Kang



Sewa Singh Bhinder



HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

ਸਾਨੂੰ 16 ਸਾਲਾਂ ਦਾ ਤਜਰਬਾ ਹੈ।

Same Day Plates Same Day Plates Same Day Plates

PH : 530-669-5780 Fax : 530-669-5775,
Cell : 530-908-9386 Cell : 530-405-6020

Tax Returns- Corporations, LLC, Non-Profits, Small Business and Individuals

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776
440 N Palora Ave, Suite c Yuba City Ca. 95991

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

# ਭਾਰਤੀ ਅਮਰੀਕੀ ਸੰਗੀਤਕਾਰ ਤੇ ਉੱਦਮੀ ਚੰਦਰਿਕਾ ਟੰਡਨ ਨੇ ਜਿੱਤਿਆ ਗਰੈਮੀ ਐਵਾਰਡ

## ਪੈਪਸਿਕੋ ਦੀ ਸਾਬਕਾ ਸੀਈਓ ਇੰਦਰਾ ਨੂਈ ਦੀ ਵੱਡੀ ਭੈਣ ਹੈ ਚੰਦਰਿਕਾ ਟੰਡਨ; ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜਿਮੀ ਕਾਰਟਰ ਨੂੰ ਮਰਨ ਉਪਰੰਤ ਗਰੈਮੀ ਪੁਰਸਕਾਰ

ਲਾਸ ਏਂਜਲਸ: ਭਾਰਤੀ ਅਮਰੀਕੀ ਗਾਇਕਾ ਚੰਦਰਿਕਾ ਟੰਡਨ ਦੀ ਐਲਬਮ 'ਤ੍ਰਿਵੇਣੀ' ਨੂੰ 'ਬੈਸਟ ਨਿਊ ਏਜ, ਐਂਬੀਐਂਟ ਜਾਂ ਚੈਂਟ ਐਲਬਮ' ਵਰਗ ਵਿੱਚ ਗ੍ਰੈਮੀ ਐਵਾਰਡ ਮਿਲਿਆ ਹੈ। ਪੈਪਸਿਕੋ ਦੀ ਸਾਬਕਾ ਸੀਈਓ ਇੰਦਰਾ ਨੂਈ ਦੀ ਵੱਡੀ ਭੈਣ ਟੰਡਨ ਨੇ ਆਪਣੇ ਸਹਿਯੋਗੀਆਂ ਦੱਖਣੀ ਅਫ਼ਰੀਕਾ ਦੇ ਬੰਸਰੀ ਵਾਦਕ ਵਾਊਟਰ ਕੇਲਰਮੈਨ ਤੇ ਜਾਪਾਨੀ ਸੈਲੋ ਵਾਦਕ ਇਰੂ ਮਾਤਸੁਮੋਤੋ ਨਾਲ ਇਹ ਪੁਰਸਕਾਰ ਜਿੱਤਿਆ।

'ਰਿਕਾਰਡਿੰਗ ਅਕੈਡਮੀ' ਵੱਲੋਂ ਕਰਵਾਏ ਸਭ ਤੋਂ ਵੱਡੇ ਸੰਗੀਤ ਪੁਰਸਕਾਰ ਸਮਾਗਮ ਦਾ 67ਵਾਂ ਅਡੀਸ਼ਨ ਐਤਵਾਰ ਨੂੰ ਲਾਸ ਏਂਜਲਸ ਦੇ 'ਕ੍ਰਿਪਟੋਡਾਟਕੌਮ ਏਰੀਨਾ' ਵਿਚ ਕਰਵਾਇਆ ਗਿਆ ਸੀ।

ਬਿਓਂਸੇ, ਸਬਰੀਨਾ ਕਾਰਪੇਂਟਰ, ਚਾਰਲੀ ਐਕਸਸੀਐਕਸ ਤੇ ਕੈਂਡਰਿਕ ਲੈਮਰ ਸਣੇ ਕਈ ਹੋਰ ਕਲਾਕਾਰਾਂ ਨੇ ਵੱਖ ਵੱਖ ਵਰਗਾਂ ਵਿਚ ਪੁਰਸਕਾਰ ਆਪਣੇ ਨਾਮ ਕੀਤਾ। ਬਿਓਂਸੇ ਨੇ 'ਕਾਓਬੁਆਏ ਕਾਰਟਰ' ਲਈ ਸਰਬੋਤਮ ਕੰਟਰੀ ਐਲਬਮ ਦਾ ਪੁਰਸਕਾਰ ਜਿੱਤਿਆ। ਐਤਕੀਂ ਗਰੈਮੀ ਵਿਚ ਉਸ ਨੂੰ 11 ਨਾਮਜ਼ਦਗੀਆਂ ਮਿਲੀਆਂ ਸੀ। ਉਸ ਨੂੰ ਆਪਣੇ ਕਰੀਅਰ ਦੌਰਾਨ ਗਰੈਮੀ ਲਈ ਵੱਖ ਵੱਖ ਵਰਗਾਂ ਵਿਚ ਕੁੱਲ 99 ਵਾਰ ਨਾਮਜ਼ਦ ਕੀਤਾ ਗਿਆ ਹੈ। ਉਹ ਗਰੈਮੀ ਦੇ ਇਤਿਹਾਸ ਵਿਚ ਸਭ ਤੋਂ ਵੱਧ ਨਾਮਜ਼ਦਗੀਆਂ ਹਾਸਲ ਕਰਨ ਵਾਲੀ ਕਲਾਕਾਰ ਬਣ ਗਈ ਹੈ।

ਕਾਰਪੇਂਟਰ ਨੂੰ "ਐਸਪ੍ਰੈਸੋ' ਲਈ ਸਰਬੋਤਮ 'ਪੌਪ ਸੋਲੋ' ਪੇਸ਼ਕਾਰੀ ਵਰਗ ਵਿਚ ਅਤੇ ਕੈਂਡਰਿਕ ਲੈਮਰ ਨੂੰ 'ਨੌਟ ਲਾਈਕ ਅਸ' ਲਈ ਪੁਰਸਕਾਰ ਮਿਲੇ ਹਨ। ਬੀਟਲਸ ਨੂੰ "ਨਾਓ ਐਂਡ ਦੈੱਨ' ਲਈ ਸਰਬੋਤਮ ਰੌਕ ਪੇਸ਼ਕਾਰੀ ਵਰਗ ਵਿਚ ਪੁਰਸਕਾਰ ਮਿਲਿਆ। ਅਮਰੀਕੀ ਰੈਪਰ ਡੋਏਚੀ ਨੇ ਆਪਣਾ ਪਹਿਲਾ ਗਰੈਮੀ ਜਿੱਤਿਆ ਤੇ ਉਹ ਸਰਵੋਤਮ ਰੈਪ ਐਲਬਮ ਪੁਰਸਕਾਰ ਜਿੱਤਣ ਵਾਲੀ ਤੀਜੀ ਮਹਿਲਾ ਬਣ ਗਈ। ਚੈਪਲ ਰੋਆਨ ਨੇ ਨਵੇਂ ਕਲਾਕਾਰ ਦਾ ਪੁਰਸਕਾਰ ਜਿੱਤਿਆ।

ਚੇਨੱਈ ਵਿਚ ਵੱਡੀ ਹੋਈ ਟੰਡਨ ਨੇ ਗਰੈਮੀ ਪੁਰਸਕਾਰ ਜਿੱਤਣ ਮਗਰੋਂ 'ਰਿਕਾਰਡਿੰਗ ਅਕੈਡਮੀ' ਨਾਲ ਇੰਟਰਵਿਊ ਦੌਰਾਨ ਕਿਹਾ, "ਇਹ ਸ਼ਾਨਦਾਰ ਤਜਰਬਾ ਹੈ।" ਟੰਡਨ ਨੇ ਪੁਰਸਕਾਰ ਲੈਣ ਮੌਕੇ ਆਪਣੀ ਤਕਰੀਰ ਵਿਚ ਕਿਹਾ, "ਸੰਗੀਤ ਪ੍ਰੇਮ ਹੈ, ਸੰਗੀਤ ਆਸ਼ਾ ਦੀ ਕਿਰਨ ਹੈ ਤੇ ਸੰਗੀਤ ਹਾਸਾ ਹੈ ਤੇ ਆਓ ਅਸੀਂ ਸਾਰੇ ਪ੍ਰੇਮ, ਪ੍ਰਕਾਸ਼ ਤੇ ਹਾਸੇ ਵਿਚ ਘਿਰੇ ਰਹੀਏ। ਸੰਗੀਤ ਲਈ ਧੰਨਵਾਦ ਤੇ ਸੰਗੀਤ ਬਣਾਉਣ ਵਾਲੇ ਸਾਰੇ ਲੋਕਾਂ ਦਾ ਧੰਨਵਾਦ।" ਇਹ ਟੰਡਨ ਦਾ ਪਹਿਲਾ ਗਰੈਮੀ ਪੁਰਸਕਾਰ ਹੈ। ਇਸ ਤੋਂ ਪਹਿਲਾਂ ਟੰਡਨ ਨੂੰ 2009 ਵਿਚ 'ਸੋਲ ਕਾਲ' ਨੂੰ ਲੈ ਕੇ ਗਰੈਮੀ ਪੁਰਸਕਾਰ ਲਈ ਨਾਮਜ਼ਦ ਕੀਤਾ ਗਿਆ ਸੀ।



ਇਸ ਤੋਂ ਇਲਾਵਾ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜਿਮੀ ਕਾਰਟਰ ਨੂੰ ਮਰਨ ਉਪਰੰਤ ਗਰੈਮੀ ਪੁਰਸਕਾਰ ਦਿੱਤਾ ਗਿਆ। ਨੋਬੇਲ ਸ਼ਾਂਤੀ ਪੁਰਸਕਾਰ ਜੇਤੂ ਤੇ ਅਮਰੀਕਾ ਦੇ 39ਵੇਂ ਰਾਸ਼ਟਰਪਤੀ ਜਿਮੀ ਕਾਰਟਰ ਦਾ 29 ਦਸੰਬਰ 2024 ਨੂੰ 100 ਸਾਲ ਦੀ ਉਮਰ ਵਿਚ ਦੇਹਾਂਤ ਹੋ ਗਿਆ ਸੀ। ਕਾਰਟਰ ਨੂੰ ਦੇਹਾਂਤ ਤੋਂ ਪਹਿਲਾਂ 2025 ਦੇ ਗਰੈਮੀ ਪੁਰਸਕਾਰ ਵਿਚ 'ਆਡੀਓ ਬੁੱਕ, ਨੈਰੇਸ਼ਨ ਤੇ ਸਟੋਰੀਟੈਲਿੰਗ ਰਿਕਾਰਡਿੰਗ' ਵਰਗ ਵਿਚ 'ਲਾਸਟ ਸੰਡੇ ਇਨ ਪਲੇਨਸ: ਏ ਸੇਂਟੇਨੀਅਲ ਸੈਲੀਬ੍ਰੇਸ਼ਨ' ਲਈ ਨਾਮਜ਼ਦ ਕੀਤਾ ਗਿਆ ਸੀ।

# ਟਰੰਪ ਦੀ ਸਖ਼ਤੀ ਕਾਰਨ ਅਮਰੀਕਾ 'ਚ ਕਾਰੋਬਾਰਾਂ 'ਤੇ ਭਾਰੀ ਮੰਦੇ ਦਾ ਅਸਰ



ਸਿਆਟਲ ਦੇ ਕਾਰੋਬਾਰੀ ਬਲਬੀਰ ਸਿੰਘ ਉਸਮਾਨਪੁਰ, ਜਤਿੰਦਰ ਸਿੰਘ ਸਪਰਾਏ ਅਤੇ ਗੁਰਬਿੰਦਰ ਸਿੰਘ ਮੁੱਲਾਂਪੁਰ ਜਾਣਕਾਰੀ ਦਿੰਦੇ ਹੋਏ।

ਸਿਆਟਲ : ਅਮਰੀਕਾ ਦੇ ਨਵੇਂ ਰਾਸ਼ਟਰਪਤੀ ਡੌਨਾਲਡ ਟਰੰਪ ਵਲੋਂ ਸਹੁੰ ਚੁੱਕਣ ਤੋਂ ਤੁਰੰਤ ਬਾਅਦ ਗ਼ੈਰ-ਕਾਨੂੰਨੀ (ਬਗ਼ੈਰ ਪੇਪਰਾਂ ਤੋਂ) ਰਹਿ ਰਹੇ ਲੋਕਾਂ 'ਤੇ ਆਈਸ, ਬਾਰਡਰ ਸਕਿਉਰਿਟੀ ਤੇ ਇਮੀਗ੍ਰੇਸ਼ਨ ਵਲੋਂ ਕੀਤੀ ਜਾ ਰਹੀ ਸਖ਼ਤੀ ਤੇ ਲੋਕਾਂ ਦੀ ਫੜੋ-ਫੜੀ ਕਾਰਨ ਅਮਰੀਕਾ ਵਿਚ ਇਸ ਵੇਲੇ ਡਰ ਤੇ ਸਹਿਮ ਦਾ ਮਾਹੌਲ ਹੈ, ਜਿਸ ਕਾਰਨ ਇਥੇ ਹਰ ਕਿਸਮ ਦੇ ਕਾਰੋਬਾਰਾਂ 'ਚ ਭਾਰੀ ਮੰਦੇ ਦਾ ਮਾਹੌਲ ਚੱਲ ਰਿਹਾ ਹੈ। ਕਾਰੋਬਾਰੀ ਭਾਰੀ ਪ੍ਰੇਸ਼ਾਨੀ ਵਿਚੋਂ ਲੰਘ ਰਹੇ ਹਨ। ਇਕ ਤਾਂ ਹੁਣ ਲੇਬਰ ਦੀ ਵੀ ਭਾਰੀ ਤੰਗੀ ਆ ਗਈ ਹੈ ਕਿਉਂਕਿ ਬਗ਼ੈਰ ਪੇਪਰਾਂ ਵਾਲੇ ਲੋਕ ਤਾਂ ਇਕ ਤਰ੍ਹਾਂ ਘਰਾਂ ਵਿਚ ਹੀ ਲੁਕ ਗਏ ਹਨ ਜਾਂ ਇਧਰ-ਉਧਰ ਹੋ ਗਏ ਹਨ, ਜਿਸ ਕਾਰਨ ਰੈਸਟੋਰੈਂਟਾਂ, ਗੈਸ ਸਟੇਸ਼ਨਾਂ, ਗਰੋਸਰੀ ਸਟੋਰਾਂ, ਹੋਟਲਾਂ, ਮੋਟਲਾਂ, ਖੇਤੀ ਦਾ ਕੰਮ ਕਰਨ ਲਈ, ਨਵੇਂ ਘਰ ਬਣਾਉਣ ਲਈ ਕਾਮਿਆਂ ਦੀ ਕਮੀ ਦੇਖਣ ਨੂੰ ਮਿਲ ਰਹੀ ਹੈ। ਜੋ ਕਾਮੇ ਪਹਿਲਾਂ ਘੱਟ ਰੇਟ 'ਤੇ ਵੀ ਮਿਲ ਜਾਂਦੇ ਸਨ, ਉਹ ਹੁਣ ਦੁੱਗਣੇ ਤੋਂ ਵੀ ਜ਼ਿਆਦਾ ਰੇਟ 'ਤੇ ਵੀ ਨਹੀਂ ਮਿਲ ਰਹੇ, ਜਿਸ ਕਾਰਨ ਆਪਣਾ ਕਾਰੋਬਾਰ ਕਰਨ ਵਾਲੇ ਇਸ ਸਖ਼ਤੀ ਦੀ ਮਾਰ ਝੱਲ ਰਹੇ ਹਨ। ਸਭ ਤੋਂ ਵੱਧ ਮਾਰ ਖੇਤੀ ਨਾਲ ਸੰਬੰਧਿਤ ਕੰਮ 'ਤੇ ਪਈ ਹੈ। ਉਹ ਵੀ ਕੈਲੀਫੋਰਨੀਆ ਵਿਚ ਜਿਥੇ ਕਿ ਸਭ ਤੋਂ ਵੱਧ ਖੇਤੀ ਕਾਰੋਬਾਰ ਹੈ ਤੇ ਇਥੇ ਹੀ ਸਭ ਤੋਂ ਵੱਧ ਬਗ਼ੈਰ ਪੇਪਰਾਂ ਤੋਂ ਲੋਕ ਰਿਹਾ ਕਰਦੇ ਹਨ। ਕੈਲੀਫੋਰਨੀਆ ਵਿਚ 900 ਤੋਂ ਵੱਧ ਏਕੜ ਵਿਚ ਬਦਾਮਾਂ ਦੀ ਖੇਤੀ ਕਰਨ ਵਾਲੇ ਤੇ ਹੋਰ ਫ਼ਸਲਾਂ ਬੀਜਣ ਵਾਲੇ ਪ੍ਰਸਿੱਧ ਕਾਰੋਬਾਰੀ ਬਲਬੀਰ ਸਿੰਘ ਉਸਮਾਨਪੁਰ ਨੇ ਦੱਸਿਆ ਕਿ ਬਗ਼ੈਰ ਪੇਪਰਾਂ ਵਾਲੇ ਲੋਕਾਂ ਦੀ ਫੜੋ-ਫੜੀ ਕਾਰਨ ਉਨ੍ਹਾਂ ਨੂੰ ਲੇਬਰ ਦੀ ਵੱਡੀ ਕਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਗੈਸ ਸਟੇਸ਼ਨ ਤੇ ਹੋਟਲਾਂ ਦਾ ਵੀ ਕਾਰੋਬਾਰ ਹੈ, ਉਥੇ ਵੀ ਇਸ ਵੇਲੇ ਵਰਕਰਾਂ ਦੀ ਭਾਰੀ ਕਮੀ ਹੈ। ਸਿਆਟਲ ਦੇ ਕਾਰੋਬਾਰੀ ਜਤਿੰਦਰ ਸਿੰਘ ਸਪਰਾਏ ਜਿਨ੍ਹਾਂ ਦੇ ਕਾਫ਼ੀ ਹੋਟਲ ਤੇ ਮੋਟਲ ਹਨ, ਦਾ ਵੀ ਇਹੋ ਕਹਿਣਾ ਸੀ ਕਿ ਇਸ ਵੇਲੇ ਵਪਾਰ ਔਖੇ ਸਮੇਂ ਵਿਚੋਂ ਲੰਘ ਰਿਹਾ ਹੈ। 'ਇੰਡੀਅਨ ਬਿਜ਼ਨੈਸ ਓਨਰ ਐਸੋਸੀਏਸ਼ਨ ਸਿਆਟਲ' ਦੇ ਜਨਰਲ ਸਕੱਤਰ ਗੁਰਬਿੰਦਰ ਸਿੰਘ ਮੁੱਲਾਂਪੁਰ ਜੋ ਖ਼ੁਦ ਰੈਸਟੋਰੈਂਟ ਦੇ ਮਾਲਕ ਹਨ, ਨੇ ਕਿਹਾ ਕਿ ਇਸ ਵੇਲੇ ਕਾਰੋਬਾਰ ਤਾਂ ਪਹਿਲਾਂ ਹੀ ਭਾਰੀ ਮੰਦੇ ਵਿਚੋਂ ਲੰਘ ਰਿਹਾ ਸੀ, ਉੱਪਰੋਂ ਵਰਕਰਾਂ ਦੀ ਤੰਗੀ ਕਾਰਨ ਆਰਥਿਕ ਬੋਝ ਹੋਰ ਵਧ ਗਿਆ ਹੈ। ਅਮਰੀਕਾ ਵਲੋਂ ਕੈਨੇਡਾ, ਮੈਕਸੀਕੋ ਤੇ ਚੀਨ ਦੀਆਂ ਵਸਤਾਂ 'ਤੇ ਟੈਰਿਫ਼ ਲਾਉਣ ਨਾਲ ਮਹਿੰਗਾਈ ਬਹੁਤ ਵਧ ਜਾਵੇਗੀ, ਜਿਸ ਨਾਲ ਆਮ ਲੋਕਾਂ 'ਤੇ ਆਰਥਿਕ ਬੋਝ ਵੱਧ ਜਾਵੇਗਾ।

# ਸਿਆਟਲ ਦੇ ਗੁਰਦੁਆਰਾ ਮੈਰਿਸਵੈੱਲ ਵਿਖੇ ਬਾਬਾ ਦੀਪ ਸਿੰਘ ਦਾ ਜਨਮ ਦਿਹਾੜਾ ਸ਼ਰਧਾ ਨਾਲ ਮਨਾਇਆ


ਸਿਆਟਲ : ਸਿਆਟਲ ਦੇ ਗੁਰਦੁਆਰਾ ਗੁਰੂ ਨਾਨਕ ਸਿੱਖ ਟੈਂਪਲ ਮੈਰਿਸਵੈੱਲ ਵਿਖੇ ਬਾਬਾ ਦੀਪ ਸਿੰਘ ਦਾ ਜਨਮ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਧਾਰਮਿਕ ਦੀਵਾਨ ਸਜਾਏ ਗਏ, ਜਿਸ ਵਿਚ ਵਿਸ਼ੇਸ਼ ਤੌਰ 'ਤੇ ਬੀਬੀ ਬਲਜੀਤ ਕੌਰ ਤਲਵਾੜੇ ਵਾਲਿਆਂ ਦਾ ਰਾਗੀ ਜਥਾ, ਭਾਈ ਸੋਹਨ ਸਿੰਘ ਅਰਸ਼ ਚੰਡੀਗੜ੍ਹ ਵਾਲੇ ਅਤੇ ਭਾਈ ਰਵੇਲ ਸਿੰਘ ਦੇ ਰਾਗੀ ਜਥਿਆਂ ਨੇ ਕੀਰਤਨ ਕੀਤਾ। ਗੁਰੂ ਘਰ ਕਮੇਟੀ ਦੇ ਪ੍ਰਧਾਨ ਤੇ ਕਾਰੋਬਾਰੀ ਬਲਬੀਰ ਸਿੰਘ ਉਸਮਾਨਪੁਰ ਨੇ ਸੰਗਤਾਂ ਨੂੰ ਜਨਮ ਦਿਹਾੜੇ ਦੀਆਂ ਮੁਬਾਰਕਾਂ ਦਿੱਤੀਆਂ। ਇਸ ਮੌਕੇ ਬੀਬੀ ਬਲਜੀਤ ਕੌਰ ਦੇ ਜਥੇ ਦਾ ਕਮੇਟੀ ਵਲੋਂ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਇਸ ਸਾਰੇ ਸਮਾਗਮ ਦੀ ਸਟੇਜ ਸਕੱਤਰ ਦੀ ਸੇਵਾ ਕਮੇਟੀ ਦੇ ਜਨਰਲ ਸਕੱਤਰ ਗੁਰਬਿੰਦਰ ਸਿੰਘ ਧਾਲੀਵਾਲ ਨੇ ਬਾਖ਼ੂਬੀ ਨਿਭਾਈ।



ਗੁਰੂ ਨਾਨਕ ਸਿੱਖ ਟੈਂਪਲ ਮੈਰਿਸਵੈੱਲ ਵਿਖੇ ਬਾਬਾ ਦੀਪ ਸਿੰਘ ਦੇ ਜਨਮ ਦਿਹਾੜੇ ਮੌਕੇ ਬੀਬੀ ਬਲਜੀਤ ਕੌਰ ਤਲਵਾੜੇ ਵਾਲਿਆਂ ਦਾ ਰਾਗੀ ਜਥਾ ਕੀਰਤਨ ਕਰਦਾ ਹੋਇਆ ਅਤੇ ਬਲਬੀਰ ਸਿੰਘ ਉਸਮਾਨਪੁਰ ਜਥੇ ਦਾ ਵਿਸ਼ੇਸ਼ ਸਨਮਾਨ ਕਰਦੇ ਹੋਏ।

# ਚਰਚਿਤ ਪੁਲਿਸ ਅਫਸਰ ਡੈਰਕ ਚੌਵਿਨ ਦੀ ਧੱਕੇਸ਼ਾਹੀ ਦਾ ਸ਼ਿਕਾਰ ਹੋਈ ਔਰਤ ਨੂੰ ਸਿਟੀ ਕੌਂਸਲ ਦੇਵੇਗੀ 6 ਲੱਖ ਡਾਲਰ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) - ਮਿਨੇਅਪੋਲਿਸ ਸਿਟੀ ਕੌਂਸਲ ਇਕ ਪਟੀਸ਼ਨ ਦੇ ਨਿਪਟਾਰੇ ਲਈ ਇਕ ਔਰਤ ਨੂੰ 6 ਲੱਖ ਡਾਲਰ ਦੇਣ ਲਈ ਸਹਿਮਤ ਹੋਈ ਹੈ ਜਿਸ ਔਰਤ ਨੇ ਦਾਇਰ ਪਟੀਸ਼ਨ ਵਿਚ ਦੋਸ਼ ਲਾਇਆ ਸੀ ਕਿ ਸਾਬਕਾ ਪੁਲਿਸ ਅਧਿਕਾਰੀ ਡੈਰਕ ਚੌਵਿਨ ਨੇ ਉਸ ਨੂੰ ਮਿੰਨੀ ਵੈਨ ਵਿਚੋਂ ਧੂਹ ਕੇ ਬਾਹਰ ਕੱਢਿਆ ਤੇ ਆਪਣੇ ਗੋਡੇ ਨਾਲ ਜਮੀਨ ਉਪਰ ਲਿਟਾ ਕੇ ਉਸ ਉਪਰ ਤਸ਼ੱਦਦ ਕੀਤਾ। ਇਹ ਘਟਨਾ ਜਨਵਰੀ 2020 ਦੀ ਹੈ। ਇਹ ਉਹ ਹੀ ਪੁਲਿਸ ਅਧਿਕਾਰੀ ਹੈ ਜਿਸ ਨੇ ਇਸ ਘਟਨਾ ਤੋਂ 4 ਮਹੀਨੇ ਬਾਅਦ ਕਾਲੇ ਵਿਅਕਤੀ ਜਾਰਜ ਫਲਾਇਡ ਦੀ ਧੌਣ 'ਤੇ ਗੋਡੇ ਨਾਲ ਏਨਾ ਦਬਾਅ ਪਾਇਆ ਸੀ ਕਿ ਸਾਹ ਬੰਦ ਹੋਣ ਕਾਰਨ ਉਸ ਦੀ ਮੌਤ ਹੋ ਗਈ ਸੀ। ਲੋਕ ਨਿਰਮਾਣ ਵਿਭਾਗ ਵਿਚ ਨੌਕਰੀ ਕਰਦੀ



ਪੈਟੀ ਡੇ ਨਾਮੀ ਔਰਤ ਨੇ ਪਿਛਲੇ ਸਾਲ ਮਈ ਵਿਚ ਦਾਇਰ ਪਟੀਸ਼ਨ ਵਿਚ ਦਾਅਵਾ ਕੀਤਾ ਸੀ ਕਿ ਉਹ ਪੁਲਿਸ ਦੇ ਧੱਕੇ ਦਾ ਸ਼ਿਕਾਰ ਹੋਈ ਹੈ ਤੇ ਉਸ ਨੂੰ ਗਲਤ ਗ੍ਰਿਫਤਾਰ ਕੀਤਾ ਗਿਆ ਸੀ। ਉਸ ਨੇ ਮੰਨਿਆ ਕਿ 17 ਜਨਵਰੀ 2020 ਨੂੰ ਉਸ ਨੇ ਸ਼ਰਾਬ ਪੀਤੀ ਸੀ ਕਿਉਂਕਿ ਤਲਾਕ ਦੀ ਕਾਰਵਾਈ ਤੇ ਹੋਰ ਮੁਸ਼ਕਿਲਾਂ ਕਾਰਨ ਉਹ ਪ੍ਰੇਸ਼ਾਨ ਸੀ ਤੇ ਉਹ ਕਈ ਘੰਟਿਆਂ ਤੋਂ ਬਰਫਬਾਰੀ ਵਿਚ ਫਸੀ ਹੋਈ ਸੀ। ਪਟੀਸ਼ਨਰ ਅਨੁਸਾਰ ਚੌਵਿਨ ਤੇ ਉਸ ਦਾ ਇਕ ਸਾਥੀ ਪੁਲਿਸ ਅਫਸਰ ਐਲਨ ਜੈਨਸਨ ਅਚਾਨਕ ਮੌਕੇ ਉਪਰ ਪੁੱਜੇ। ਉਨਾਂ ਨੇ ਮੈਨੂੰ ਗੱਡੀ ਵਿਚੋਂ ਕੱਢ ਕੇ ਹੇਠਾਂ ਸੁੱਟ ਦਿੱਤਾ ਜਿਸ ਕਾਰਨ ਉਹ ਜਖਮੀ ਹੋ ਗਈ। ਵਿਸ਼ੇਸ਼ ਤੌਰ 'ਤੇ ਚੌਵਿਨ ਨੇ ਉਸ ਨਾਲ ਧੱਕਾ ਕੀਤਾ ਤੇ ਉਸ ਦੇ ਹੱਥ ਪਿੱਠ ਪਿੱਛੇ ਬੰਨ ਦਿੱਤੇ। ਇਕ ਜੱਜ ਵੱਲੋਂ ਪੈਟੀ ਵਿਰੁੱਧ ਸ਼ਰਾਬ ਪੀਤੀ ਹੋਣ ਦੇ ਲਾਏ ਦੋਸ਼ ਰੱਦ ਕਰ ਦਿੱਤੇ ਗਏ ਸਨ। ਇਥੇ ਜਿਕਰਯੋਗ ਹੈ ਕਿ ਸਿਟੀ ਕੌਂਸਲ ਚੌਵਿਨ ਦੀ ਸ਼ਮੂਲੀਅਤ ਵਾਲੇ ਪੁਲਿਸ ਧੱਕੇਸ਼ਾਹੀ ਦੇ ਮਾਮਲਿਆਂ ਵਿਚ 3.6 ਕਰੋੜ ਡਾਲਰ ਮੁਆਵਜੇ ਵਜੋਂ ਦੇ ਚੁੱਕੀ ਹੈ। ਇਨਾਂ ਵਿਚ ਜਾਰਜ ਫਲਾਇਡ ਦੇ ਪਰਿਵਾਰ ਨੂੰ ਕੀਤੀ 2.7 ਕਰੋੜ ਡਾਲਰ ਦੀ ਅਦਾਇਗੀ ਵੀ ਸ਼ਾਮਿਲ ਹੈ।

# ਹਿਊਸਟਨ ਹਵਾਈ ਅੱਡੇ 'ਤੇ ਉਡਾਣ ਭਰਨ ਸਮੇ ਜਹਾਜ਼ ਦੇ ਇੰਜਣ ਵਿਚ ਆਈ ਅਚਾਨਕ ਖਰਾਬੀ , ਯਾਤਰੀ ਸੁਰੱਖਿਅਤ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਹਿਊਸਟਨ (ਟੈਕਸਾਸ) ਤੋਂ ਨਿਊਯਾਰਕ ਨੂੰ ਉਡਾਣ ਭਰਨ ਸਮੇ ਜਹਾਜ਼ ਦੇ ਇੰਜਣ ਵਿਚ ਨੁਕਸ ਪੈ ਜਾਣ ਦੀ ਖਬਰ ਹੈ। ਪਾਇਲਟ ਨੇ ਹੁਸ਼ਿਆਰੀ ਵਰਤਦਿਆਂ ਉਡਾਣ ਨੂੰ ਤੁਰੰਤ ਰੋਕ ਲਿਆ ਤੇ ਕੋਈ ਵੱਡਾ ਹਾਦਸਾ ਹੋਣ ਤੋਂ ਬਚਾ ਹੋ ਗਿਆ। ਸੰਘੀ ਹਵਾਬਾਜ਼ੀ ਪ੍ਰਸ਼ਾਸਨ ਅਨੁਸਾਰ ਜਹਾਜ਼ ਵਿਚ ਸਵਾਰ ਸਾਰੇ 104 ਯਾਤਰੀ ਤੇ ਅਮਲੇ ਦੇ 5 ਮੈਂਬਰ ਸੁਰੱਖਿਅਤ ਹਨ। ਜਹਾਜ਼ ਨੂੰ ਤੁਰੰਤ ਪਟੜੀ ਉਪਰ ਹੀ ਪੌੜੀਆਂ ਲਾ ਕੇ ਖਾਲੀ ਕਰਵਾ ਲਿਆ ਗਿਆ। ਯੁਨਾਈਟਿਡ ਏਅਰਲਾਈਨਜ ਦੇ ਜਹਾਜ਼ ਨੇ ਜਾਰਜ ਬੁਸ਼ ਕੌਮਾਂਤਰੀ ਹਵਾਈ ਅੱਡੇ ਤੋਂ ਸਥਾਨਕ ਸਮੇ ਅਨੁਸਾਰ ਸਵੇਰੇ 8.35 ਵਜੇ ਉਡਾਣ ਭਰੀ ਸੀ। ਯੁਨਾਈਟਿਡ ਏਅਰਲਾਈਨਜ ਦੇ ਇਕ ਬੁਲਾਰੇ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਉਡਾਣ ਭਰਨ ਸਮੇ ਜਹਾਜ਼ ਦੇ ਇਕ ਇੰਜਣ ਵਿਚ ਨੁਕਸ ਹੋਣ ਦਾ ਸੰਕੇਤ ਮਿਲਿਆ। ਉਸ ਸਮੇ ਜਹਾਜ਼ ਪੱਟੜੀ ਉਪਰ ਹੀ ਦੌੜ ਰਿਹਾ ਸੀ ਤੇ ਉਡਾਣ ਭਰਨ ਦੀ ਤਿਆਰੀ ਵਿਚ ਸੀ। ਇਕ ਯਾਤਰੀ ਵੱਲੋਂ ਸ਼ੋਸਲ ਮੀਡੀਆ ਉਪਰ ਪਾਈ ਇਕ ਵੀਡੀਓ ਵਿਚ ਜਹਾਜ਼ ਦੇ ਇਕ ਪਰ ਵਿਚੋਂ ਧੂੰਆਂ ਤੇ ਅੱਗ ਦੇ ਚੰਗਿਆੜੇ ਨਿਕਲਦੇ ਹੋਏ ਵਿਖਾਈ ਦੇ ਰਹੇ ਹਨ। ਹਿਊਸਟਨ ਫਾਇਰ ਵਿਭਾਗ ਨੇ ਕਿਹਾ ਹੈ ਕਿ ਉਹ ਸ਼ੋਸਲ ਮੀਡੀਆ ਉਪਰ ਪਾਈ ਵੀਡੀਓ ਬਾਰੇ ਜਾਣਦੇ ਹਨ ਪਰੰਤੂ ਜਦੋਂ ਅੱਗ ਬੁਝਾਊ ਅਮਲਾ ਮੌਕੇ ਉਪਰ ਪੁੱਜਾ ਸੀ ਤਾਂ ਉਸ ਸਮੇ ਅੱਗ ਨਹੀਂ ਲੱਗੀ ਹੋਈ ਸੀ। ਯੁਨਾਈਟਿਡ ਏਅਰਲਾਈਨਜ ਅਨੁਸਾਰ ਘਟਨਾ ਦੀ ਸੰਘੀ ਹਵਾਬਾਜੀ ਪ੍ਰਸ਼ਾਸਨ ਜਾਂਚ ਕਰੇਗਾ।

# ਟੈਕਸ ਜੰਗ: ਟਰੰਪ ਨੇ ਟਰੂਡੋ ਤੇ ਸ਼ੀਨਬੌਮ ਨਾਲ ਗੱਲਬਾਤ ਦੀ ਇੱਛਾ ਪ੍ਰਗਟਾਈ

ਵੈਨਕੂਵਰ : ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕੈਨੇਡਾ, ਮੈਕਸਿਕੋ ਤੇ ਚੀਨ ਤੋਂ ਦਰਾਮਦ ਵਸਤਾਂ 'ਤੇ ਟੈਕਸ ਲਾਉਣ ਤੋਂ ਇਕ ਦਿਨ ਮਗਰੋਂ ਵਪਾਰਕ ਜੰਗ ਛਿੜਨ ਦੇ ਖ਼ਦਸ਼ਿਆਂ ਦਰਮਿਆਨ ਮਸਲੇ ਨੂੰ ਠੰਢਾ ਕਰਨ ਲਈ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਮੈਕਸਿਕੋ ਦੀ ਰਾਸ਼ਟਰਪਤੀ ਕਲੌਡੀਆ ਸ਼ੀਨਬੌਨ ਨਾਲ ਗੱਲਬਾਤ ਦੀ ਇੱਛਾ ਪ੍ਰਗਟਾਈ ਹੈ। ਮੰਨਿਆ ਜਾ ਰਿਹਾ ਹੈ ਕਿ ਉਹ ਟੈਕਸ ਦੀ ਥਾਂ ਦੋਵਾਂ ਮੁਲਕਾਂ ਤੋਂ ਅਮਰੀਕਾ ਨਾਲ ਲਗਦੀ ਸਰਹੱਦ ਦੀ ਸੁਰੱਖਿਆ ਦਾ ਵਾਅਦਾ ਲੈ ਕੇ ਟੈਕਸ ਜੰਗ ਕਾਰਨ ਤਿੰਨਾਂ ਦੇਸ਼ਾਂ ਸਮੇਤ ਆਲਮੀ ਪੱਧਰ 'ਤੇ ਵਧੀ ਵਪਾਰਕ ਬੇਚੈਨੀ ਨੂੰ ਘਟਾਉਣ ਦਾ ਯਤਨ ਕਰਨਗੇ। ਦੂਜੇ ਪਾਸੇ ਟੈਕਸ ਦੇ ਰੋਸ ਵਜੋਂ ਕੈਨੇਡਾ ਦੇ ਠੇਕਿਆਂ ਤੋਂ ਅਮਰੀਕੀ ਸ਼ਰਾਬ ਦੇ ਬਰਾਂਡ ਗਾਇਬ ਹੋ ਗਏ ਹਨ।



ਇਸ ਦੌਰਾਨ ਅਮਰੀਕੀ ਰਾਸ਼ਟਰਪਤੀ ਨੇ ਨਿਰਾਸ਼ਾ ਦੇ ਆਲਮ ਵਿੱਚ ਬੈਠੇ ਉਦਯੋਗਪਤੀਆਂ ਨੂੰ ਦਿਲਾਸਾ ਦੇਣ ਲਈ ਸੋਸ਼ਲ ਮੀਡੀਆ 'ਤੇ ਕੁਝ ਸੁਨੇਹੇ ਭੇਜੇ ਹਨ। ਉਨ੍ਹਾਂ ਇਕ ਸੁਨੇਹੇ ਵਿਚ ਲਿਖਿਆ ਕਿ ਟੈਰਿਫ ਦੀ ਸ਼ੁਰੂਆਤ ਦਰਦ ਵਾਲੀ ਹੋ ਸਕਦੀ ਹੈ, ਪਰ ਇਸ ਦਰਦ ਨੂੰ ਅਮਰੀਕਾ ਨੂੰ ਫਿਰ ਤੋਂ ਮਹਾਨ ਬਣਾਉਣ ਦੇ ਯਤਨ ਵਜੋਂ ਵੇਖਿਆ ਤੇ ਮਹਿਸੂਸ ਕੀਤਾ ਜਾਣਾ ਚਾਹੀਦਾ ਹੈ। ਉਦਯੋਗਪਤੀਆਂ ਉੱਤੇ ਹਾਲਾਂਕਿ ਰਾਸ਼ਟਰਪਤੀ ਦੇ ਇਸ ਦਿਲਾਸੇ ਦਾ ਕੋਈ ਅਸਰ ਨਹੀਂ ਹੋ ਰਿਹਾ ਤੇ ਉਹ ਇਸ ਨੂੰ ਰਾਸ਼ਟਰਪਤੀ ਦੇ ਅੜੀਅਲ ਸੁਭਾਅ ਵਜੋਂ ਵੇਖ ਰਹੇ ਹਨ।

# ਯੂਰਪੀਅਨ ਯੂਨੀਅਨ ਸੰਸਦ 'ਚ ਸਿੱਖ ਨੁਮਾਇੰਦਿਆਂ ਦੀ ਇਕੱਤਰਤਾ

ਵੈਨਿਸ (ਇਟਲੀ) : ਯੂਰਪ 'ਚ ਵੱਸਦੇ ਸਿੱਖਾਂ ਵਲੋਂ ਇਕ ਮੰਚ 'ਤੇ ਇਕੱਠੇ ਹੁੰਦਿਆਂ ਹੋਇਆ ਯੂਰਪ 'ਚ ਵੱਸਦੇ ਸਿੱਖਾਂ ਦੀਆਂ ਪ੍ਰਾਪਤੀਆਂ ਅਤੇ ਇਥੋਂ ਦੇ ਵੱਖ ਵੱਖ ਦੇਸ਼ਾਂ 'ਚ ਰਹਿੰਦੇ ਸਿੱਖਾਂ ਨੂੰ ਆ ਰਹੀਆਂ ਮੁਸ਼ਕਲਾਂ ਨੂੰ ਲੈ ਕੇ ਪਹਿਲੀ ਵਾਰ ਯੂਰਪੀਅਨ ਯੂਨੀਅਨ ਦੀ ਸੰਸਦ 'ਚ ਇਕੱਤਰਤਾ ਕੀਤੀ ਗਈ। ਇਸ ਦੌਰਾਨ ਆਰਟੀਕਲ 17 ਜੋ ਕਿ ਯੂਰਪ 'ਚ ਧਾਰਮਿਕ ਆਜ਼ਾਦੀ ਅਤੇ ਧਾਰਮਿਕ ਅਦਾਰਿਆਂ ਨਾਲ ਸੰਬੰਧਿਤ ਹੈ, ਦੀ ਉਪ ਪ੍ਰਧਾਨ ਆਨਤੋਨੇਲਾ ਸਬੇਰੈਨਾ ਨੇ ਆਏ ਹੋਏ ਨੁਮਾਇੰਦਿਆਂ ਨਾਲ ਗੱਲਬਾਤ ਕੀਤੀ। ਯੂਰਪੀਅਨ ਸਿੱਖ ਆਰਗੇਨਾਈਜੇਸ਼ਨ ਦੇ ਮੁਖੀ ਭਾਈ ਬਿੰਦਰ ਸਿੰਘ ਬੈਲਜੀਅਮ ਦੀਆਂ ਕੋਸ਼ਿਸ਼ਾਂ ਸਦਕਾ ਯੂਰਪੀਅਨ ਯੂਨੀਅਨ ਦੀ ਸੰਸਦ ਦੇ ਆਗੂਆਂ ਸਾਹਮਣੇ ਸਿੱਖਾਂ ਨੂੰ ਆਪਣੀ ਗੱਲ ਰੱਖਣ ਦਾ ਮੌਕਾ ਮਿਲਿਆ, ਜੋ ਕਿ ਆਪਣੇ ਆਪ



'ਚ ਇਤਿਹਾਸਕ ਪਲ ਸੀ। ਆਰਟੀਕਲ 17 ਦੇ ਤਹਿਤ ਇਥੇ ਵੱਸਦੇ ਸਿੱਖਾਂ ਨੂੰ ਆ ਰਹੀਆਂ ਮੁਸ਼ਕਲਾਂ ਅਤੇ ਉਨ੍ਹਾਂ ਦੇ ਧਾਰਮਿਕ ਚਿੰਨਾਂ ਨੂੰ ਲੈ ਕੇ ਵਿਸ਼ੇਸ਼ ਤੌਰ 'ਤੇ ਗੱਲਬਾਤ ਕੀਤੀ ਗਈ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਟਲੀ ਦੇ ਪ੍ਰਧਾਨ ਰਵਿੰਦਰਜੀਤ ਸਿੰਘ, ਸੁਰਿੰਦਰਜੀਤ ਸਿੰਘ ਪੰਡੋਰੀ, ਸਤਪਾਲ ਸਿੰਘ ਗਰਚਾ ਆਸਟਰੀਆ, ਨਾਰਵੇ, ਸਪੇਨ, ਇੰਗਲੈਂਡ, ਹਾਲੈਂਡ ਸਮੇਤ ਕਈ ਹੋਰਨਾਂ ਦੇਸ਼ਾਂ ਦੇ ਆਗੂ ਵੀ ਮੌਜੂਦ ਸਨ, ਜਿਨ੍ਹਾਂ ਵਲੋ ਆਪੋ-ਆਪਣੇ ਦੇਸ਼ਾਂ ਦੀ ਨੁਮਾਇੰਦਗੀ ਕੀਤੀ ਗਈ। ਇਸ ਮੌਕੇ ਪਿਛਲੇ ਸਾਲ ਸਪੇਨ ਵਿਚ ਆਏ ਹੜ੍ਹ ਦੌਰਾਨ ਸਪੇਨ ਵਾਸੀਆਂ ਦੀ ਮਦਦ ਕਰਨ ਵਾਲੇ ਸਿੱਖਾਂ ਨੂੰ ਇਕ ਸਨਮਾਨ੍ਹ ਚਿੰਨ ਵੀ ਦਿੱਤਾ ਗਿਆ, ਜੋ ਸਪੇਨ ਵਾਸੀ ਅਮਰੀਕ ਸਿੰਘ ਸਿੰਘ ਵਲੋਂ ਪ੍ਰਾਪਤ ਕੀਤਾ ਗਿਆ।

# ਸਾਕਾ ਨੀਲਾ ਤਾਰਾ 'ਚ ਬਰਤਾਨੀਆ ਦੀ ਭੂਮਿਕਾ ਦੀ ਜਨਤਕ ਜਾਂਚ ਦੀ ਮੰਗ ਨੇ ਫੜਿਆ ਜ਼ੋਰ

ਲੰਡਨ : ਸਾਕਾ ਨੀਲਾ ਤਾਰਾ 'ਚ ਬਰਤਾਨੀਆ ਦੀ ਭੂਮਿਕਾ ਦੀ ਜਨਤਕ ਜਾਂਚ ਦੀ ਸਿੱਖਾਂ ਵਲੋਂ ਲਗਾਤਾਰ ਕੀਤੀ ਜਾ ਰਹੀ ਮੰਗ ਦਾ ਸਮਰਥਨ ਕਰਦਿਆਂ ਗ੍ਰੇਵਜ਼ੈਂਡ ਦੀ ਸੰਸਦ ਮੈਂਬਰ ਡਾ. ਲੌਰੇਨ ਸੁਲੀਵਾਨ ਨੇ ਵਿਦੇਸ਼ ਮੰਤਰੀ ਡੇਵਿਡ ਲੈਮੀ ਨੂੰ ਪੱਤਰ ਲਿਖਿਆ ਹੈ। ਵਿਦੇਸ਼, ਰਾਸ਼ਟਰਮੰਡਲ ਅਤੇ ਵਿਕਾਸ ਮਾਮਲਿਆਂ ਦੇ ਵਿਦੇਸ਼ ਮੰਤਰੀ ਨੂੰ ਸੰਸਦ ਮੈਂਬਰ ਲੌਰੇਨ ਨੇ ਲਿਖਿਆ ਕਿ ਭਾਰਤੀ ਫ਼ੌਜ ਦੇ 1984 'ਚ ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ 'ਤੇ ਭਾਰਤੀ ਫ਼ੌਜ ਦੇ ਹਮਲੇ 'ਚ ਯੂ.ਕੇ. ਦੀ ਭੂਮਿਕਾ ਅਤੇ ਨਾਲ ਹੀ 1979 ਤੋਂ 1990 ਤੱਕ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਅਧੀਨ ਬ੍ਰਿਟਿਸ਼ ਸਰਕਾਰ ਵਲੋਂ ਲਾਗੂ ਕੀਤੇ ਗਏ ਸਿੱਖ ਵਿਰੋਧੀ ਉਪਾਵਾਂ ਦੀ ਇਕ ਜੱਜ ਦੀ ਅਗਵਾਈ 'ਚ ਜਨਤਕ ਜਾਂਚ ਸਥਾਪਤ ਕਰਨ ਦੀ ਆਪਣੀ ਵਚਨਬੱਧਤਾ ਨੂੰ ਪੂਰਾ ਕਰਨ ਲਈ ਤੁਰੰਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਇਹ ਮਾਮਲਾ ਪਹਿਲਾਂ ਵੀ ਸੰਸਦ ਮੈਂਬਰਾਂ ਵਲੋਂ ਉਠਾਇਆ ਜਾ ਚੁੱਕਾ ਹੈ ਅਤੇ ਮੇਰੇ ਹਲਕੇ, ਪੂਰੇ ਯੂ.ਕੇ. ਅਤੇ ਅੰਤਰਰਾਸ਼ਟਰੀ ਪੱਧਰ 'ਤੇ ਸਿੱਖ ਭਾਈਚਾਰੇ 'ਚ ਇਹ ਚਿੰਤਾ ਦਾ ਵਿਸ਼ਾ ਰਿਹਾ ਹੈ। ਅਕਤੂਬਰ 2022 'ਚ ਲੇਬਰ ਪਾਰਟੀ ਦੇ ਨੇਤਾ ਵਜੋਂ ਕੀਰ ਸਟਾਰਮਰ ਨੇ ਸਿੱਖ ਭਾਈਚਾਰੇ ਨੂੰ ਪੱਤਰ ਲਿਖ ਕੇ ਇਹ ਪੁਸ਼ਟੀ ਕੀਤੀ ਗਈ ਸੀ ਕਿ ਭਵਿੱਖ ਦੀ ਲੇਬਰ ਸਰਕਾਰ ਆਪ੍ਰੇਸ਼ਨ ਬਲੂ ਸਟਾਰ ਦੇ ਆਲੇ-ਦੁਆਲੇ ਦੀਆਂ ਦੁਖਦਾਈ ਘਟਨਾਵਾਂ 'ਚ ਬਰਤਾਨੀਆ ਦੀ ਸ਼ਮੂਲੀਅਤ ਦੀ ਇਕ ਸੁਤੰਤਰ ਜਾਂਚ ਕਰਵਾਏਗੀ। ਪ੍ਰਧਾਨ ਮੰਤਰੀ ਦਾ ਬਿਆਨ ਯੂ.ਕੇ. ਭਰ ਦੇ ਸਿੱਖ ਭਾਈਚਾਰੇ ਲਈ ਇਸ ਮੁੱਦੇ ਦੀ ਡੂੰਘੀ ਭਾਵਨਾਤਮਕ ਅਤੇ ਇਤਿਹਾਸਕ ਮਹੱਤਤਾ ਦੀ ਇਕ ਮਹੱਤਵਪੂਰਨ ਪ੍ਰਵਾਨਗੀ ਸੀ। ਦੋਸ਼ਾਂ ਦੀ ਗੰਭੀਰਤਾ ਨੂੰ ਦੇਖਦੇ ਹੋਏ ਨਿਰਪੱਖ, ਪਾਰਦਰਸ਼ੀ ਅਤੇ ਸੰਪੂਰਨ ਜਾਂਚ ਹੋਣੀ ਚਾਹੀਦੀ ਹੈ, ਜਿਸ ਨਾਲ ਯੂ.ਕੇ. ਦੀ ਫ਼ੌਜੀ ਅਤੇ ਕੂਟਨੀਤਕ ਭੂਮਿਕਾ ਦਾ ਪੂਰਾ ਅਤੇ ਇਮਾਨਦਾਰ ਵੇਰਵਾ ਮਿਲ ਸਕੇ। ਸਿੱਖ ਭਾਈਚਾਰਾ ਅਤੇ ਆਮ ਜਨਤਾ, ਸੱਚਾਈ ਜਾਣਨ ਦੀ ਹੱਕਦਾਰ ਹੈ ਅਤੇ ਸਿਰਫ਼ ਇਕ ਸੁਤੰਤਰ ਜਾਂਚ ਹੀ ਇਸ ਅਣ-ਸੁਲਝੇ ਮੁੱਦੇ ਨੂੰ ਹੱਲ ਕਰਨ ਲਈ ਲੋੜੀਂਦੀ ਸਪੱਸ਼ਟਤਾ ਅਤੇ ਜਵਾਬਦੇਹੀ ਪ੍ਰਦਾਨ ਕਰ ਸਕਦੀ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਵੀ ਸੰਸਦ 'ਚ ਤੀਜੇ ਘੱਲੂਘਾਰੇ 'ਚ ਬਰਤਾਨੀਆ ਦੀ ਭੂਮਿਕਾ ਦੀ ਨਿਰਪੱਖ ਜਾਂਚ ਦੀ ਮੰਗ ਕਰ ਚੁੱਕੇ ਹਨ।


ਡਾ. ਲੌਰੇਨ ਸੁਲੀਵਾਨ

# ਸਵੀਡਨ ਦੇ ਸਕੂਲ 'ਚ ਗੋਲੀਬਾਰੀ; ਦਸ ਹਲਾਕ

## ਮਰਨ ਵਾਲਿਆਂ ਵਿੱਚ ਹਮਲਾਵਰ ਵੀ ਸ਼ਾਮਲ; ਸਵੀਡਨ ਲਈ ਦਰਦਨਾਕ ਦਿਨ: ਪ੍ਰਧਾਨ ਮੰਤਰੀ ਕ੍ਰਿਸਟਰਸਨ

ਓਰੇਬਰੋ (ਸਵੀਡਨ) : ਇੱਥੋਂ ਦੇ ਇੱਕ ਬਾਲਗ ਸਿੱਖਿਆ ਕੇਂਦਰ ਵਿੱਚ ਗੋਲੀਬਾਰੀ ਵਿੱਚ ਲਗਪਗ 10 ਲੋਕ ਮਾਰੇ ਗਏ। ਪ੍ਰਧਾਨ ਮੰਤਰੀ ਕ੍ਰਿਸਟਰਸਨ ਨੇ ਕਿਹਾ ਕਿ ਇਹ ਗੋਲੀਬਾਰੀ ਦੇਸ਼ ਲਈ ਇੱਕ ਦਰਦਨਾਕ ਦਿਨ ਹੈ ਜੋ ਸਵੀਡਨ ਵਿੱਚ ਹੋਣ ਵਾਲਾ ਸਭ ਤੋਂ ਘਾਤਕ ਹਮਲਾ ਹੈ। ਸਥਾਨਕ ਪੁਲੀਸ ਮੁਖੀ ਨੇ ਪ੍ਰੈਸ ਕਾਨਫਰੰਸ ਵਿੱਚ ਦੱਸਿਆ ਕਿ ਗੋਲੀਬਾਰੀ ਕਰਨ ਵਾਲਾ ਬੰਦੂਕਧਾਰੀ ਮਾਰਿਆ ਗਿਆ ਹੈ ਤੇ ਇਸ ਹਮਲੇ ਵਿਚ ਕੁੱਲ ਦਸ ਜਣੇ ਹਲਾਕ ਹੋ ਗਏ ਹਨ ਤੇ ਪੁਲੀਸ ਵੱਲੋਂ ਹੋਰ ਪੀੜਤਾਂ ਦੀ ਭਾਲ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਹਮਲੇ ਦਾ ਕਾਰਨ ਸਪਸ਼ਟ ਨਹੀਂ ਹੋਇਆ। ਪੁਲੀਸ ਮੁਖੀ ਰੋਬਰਟੋ ਇਦ ਫੋਰੈਸਟ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਪੁਲੀਸ ਦਾ ਮੰਨਣਾ ਹੈ ਕਿ ਇਹ ਕਾਰਾ ਬੰਦੂਕਧਾਰੀ ਨੇ ਇਕੱਲੇ ਕੀਤਾ ਸੀ ਅਤੇ ਉਨ੍ਹਾਂ ਨੂੰ ਇਸ ਸਮੇਂ ਦਹਿਸ਼ਤੀ ਹਮਲੇ ਦਾ ਸ਼ੱਕ ਨਹੀਂ ਹੈ। ਪੁਲੀਸ ਵੱਲੋਂ ਸਾਰੇ ਤੱਥਾਂ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਹਾਲੇ ਕੁਝ ਹੋਰ




ਕਹਿਣਾ ਜਲਦਬਾਜ਼ੀ ਹੋਵੇਗਾ। ਇਹ ਗੋਲੀਬਾਰੀ ਦੀ ਘਟਨਾ ਸਟਾਕਹੋਮ ਤੋਂ ਲਗਪਗ 200 ਕਿਲੋਮੀਟਰ (125 ਮੀਲ) ਪੱਛਮ ਵਿੱਚ ਓਰੇਬਰੋ ਵਿੱਚ ਵਾਪਰੀ। ਜ਼ਿਕਰਯੋਗ ਹੈ ਕਿ ਸਵੀਡਨ ਦੇ ਸਕੂਲਾਂ ਵਿੱਚ ਅਜਿਹੀਆਂ ਹਿੰਸਾ ਦੀਆਂ ਘਟਨਾਵਾਂ ਦੀ ਗਿਣਤੀ ਨਾਂਹ ਦੇ ਬਰਾਬਰ ਹੈ ਪਰ ਹਾਲ ਹੀ ਦੇ ਸਾਲਾਂ ਵਿੱਚ ਅਜਿਹੀਆਂ ਕਈ ਘਟਨਾਵਾਂ ਵਾਪਰੀਆਂ ਹਨ ਜਿਨ੍ਹਾਂ ਵਿੱਚ ਲੋਕਾਂ ਨੂੰ ਚਾਕੂਆਂ ਜਾਂ ਕੁਹਾੜਿਆਂ ਨਾਲ ਜ਼ਖ਼ਮੀ ਕਰ ਦਿੱਤਾ ਗਿਆ ਜਾਂ ਮਾਰ ਦਿੱਤਾ ਗਿਆ ਸੀ।

# ਅਮਰੀਕਾ ਦੇ ਵੀਜ਼ਾ ਨਿਯਮਾਂ ਦੀ ਉਲੰਘਣਾ ਕਰਨ ਦੇ ਮਾਮਲੇ ਵਿਚ ਭਾਰਤੀ ਵਿਦਿਆਰਥੀ ਪਹਿਲੇ ਸਥਾਨ 'ਤੇ

## *ਪਿਛਲੇ ਸਾਲ 7000 ਵਿਦਿਆਰਥੀਆਂ ਨੇ ਵੀਜ਼ਾ ਖਤਮ ਹੋਣ ਦੇ ਬਾਵਜੂਦ ਨਹੀਂ ਕੀਤੀ ਵਤਨ ਵਾਪਸੀ*

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਵਿਚ ਪਿਛਲੇ ਸਾਲ ਭਾਰਤ ਦੇ ਸਭ ਤੋਂ ਵਧ ਵਿਦਿਆਰਥੀਆਂ ਨੇ ਵੀਜ਼ਾ ਨਿਯਮਾਂ ਨੂੰ ਤੋੜਿਆ ਤੇ 7000 ਭਾਰਤੀ ਵਿਦਿਆਰਥੀ ਵੀਜ਼ਾ ਖਤਮ ਹੋਣ ਦੇ ਬਾਵਜੂਦ ਅਮਰੀਕਾ ਵਿਚ ਟਿਕੇ ਰਹੇ। ਯੂ ਐਸ ਇਮੀਗ੍ਰੇਸ਼ਨ ਮਾਹਿਰ ਜੈਸਿਕਾ ਐਮ ਵਾਘਨ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਭਾਰਤ ਤੋਂ ਬਾਅਦ ਬਰਾਜ਼ੀਲ ਤੇ ਚੀਨ ਦਾ ਸਥਾਨ ਆਉਂਦਾ ਹੈ। ਇਸ ਤੋਂ ਬਾਅਦ ਹਰੇਕ ਦੇਸ਼ ਦੇ 2000 ਦੇ ਆਸ ਪਾਸ ਵਿਦਿਆਰਥੀਆਂ ਨੇ ਵੀਜ਼ਾ ਖਤਮ ਹੋਣ ਦੀ ਪਰਵਾਹ ਨਹੀਂ ਕੀਤੀ ਤੇ ਉਹ ਨਿਰਧਾਰਤ ਸਮਾਂ ਸੀਮਾ ਤੋਂ ਬਾਅਦ ਵੀ ਅਮਰੀਕਾ ਵਿਚ ਰਹਿ ਰਹਿ ਹਨ। ਨਿਆਂਪਾਲਿਕਾ ਸਬੰਧੀ ਯੂ ਐਸ ਹਾਊਸ ਕਮੇਟੀ ਦੇ ਸਾਹਮਣੇ ਬੋਲਦਿਆਂ ਵਾਘਨ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਸਾਰੇ ਆਰਜੀ ਵੀਜ਼ਾ ਸ਼ ?ਰੇਣੀਆਂ ਵਿਚੋਂ ਨਿਰਧਾਰਤ ਸਮਾਂ ਸੀਮਾ ਦੀ ਉਲੰਘਣਾ ਕਰਨ ਵਲਿਆਂ ਦੀ ਸਭ ਤੋਂ ਵਧ ਗਿਣਤੀ ਐਫ-1 (ਅਕਾਦਮਿਕ ਵਿਦਿਆਰਥੀ) ਤੇ ਐਮ-1 (ਵੋਕੇਸ਼ਨਲ ਵਿਦਿਆਰਥੀ) ਵੀਜ਼ਾ ਸ਼ ?ਰੇਣੀ ਵਾਲਿਆਂ ਦੀ ਹੈ। ਇਮੀਗ੍ਰੇਸ਼ਨ ਅਧਿਐਨ ਬਾਰੇ ਕੇਂਦਰ ਵਿਖੇ ਨੀਤੀ ਵਿਸ਼ਲੇਸ਼ਕ ਵਾਘਨ ਨੇ ਕਿਹਾ ਕਿ ਮੌਜੂਦਾ ਪ੍ਰਣਾਲੀ ਬਹੁਤ ਨਰਮ ਹੈ ਜੋ ਵਿਦਿਆਰਥੀਆਂ ਨੂੰ ਵੀਜ਼ਾ ਸਥਿੱਤੀ ਦੀ ਦੁਰਵਰਤੋਂ ਕਰਨ ਦੀ ਇਜ਼ਾਜਤ ਦਿੰਦੀ ਹੈ। ਉਨਾਂ ਨੇ ਸਖਤ ਨਿਯਮ ਲਾਗੂ ਕਰਨ ਦਾ ਸੁਝਾਅ ਦਿੱਤਾ ਜਿਸ ਤਹਿਤ ਵਿਦਿਆਰਥੀਆਂ ਦੀ ਪੜਾਈ ਉਪਰੰਤ ਘਰ ਵਾਪਿਸੀ ਯਕੀਨੀ ਬਣਾਈ ਜਾ ਸਕੇ। ਉਨਾਂ ਨੇ ਦੋ ਮੂਹੀ ਨੀਤੀ ਦੀ ਅਲੋਚਨਾ ਕੀਤੀ ਜੋ ਵਿਦਿਆਰਥੀਆਂ ਵਿਚ ਗਰੈਜੂਏਸ਼ਨ ਉਪਰੰਤ ਅਮਰੀਕਾ ਵਿਚ ਟਿਕੇ ਰਹਿਣ ਦੀ ਰੁਚੀ ਪੈਦਾ ਕਰਦੀ ਹੈ। ਵਾਘਨ ਨੇ ਸਕੂਲਾਂ ਉਪਰ ਸਖਤ ਨਿਯੰਤਰਣ ਤੇ ਸਖਤ ਮਾਪ ਦੰਡ ਲਾਗੂ ਕਰਨ ਦਾ ਸੁਝਾਅ ਦਿੱਤਾ ਹੈ। ਉਨਾਂ ਕਿਹਾ ਕਿ ਵੀਜ਼ਾ ਸਮਾਂ ਸੀਮਾ ਉਲੰਘਣਾ ਕਰਨ ਦੇ ਮਾਮਲੇ ਵਿਚ ਜਿਨਾਂ ਸਕੂਲਾਂ ਦੇ ਵਿਦਿਆਰਥੀਆਂ ਦੀ ਗਿਣਤੀ ਜਿਆਦਾ ਹੈ, ਉਨਾਂ ਦਾ ਵਿਦੇਸ਼ੀ ਵਿਦਿਆਰਥੀਆਂ ਨੂੰ ਸੱਦਣ ਦਾ ਅਧਿਕਾਰ ਖਤਮ ਹੋਣਾ ਚਾਹੀਦਾ ਹੈ। ਉਨਾਂ ਨੇ ਵਿਦਿਆਰਥੀ ਵੀਜ਼ਾ ਤੋਂ ਇਲਾਵਾ ਐਚ-1 ਬੀ ਵੀਜ਼ਾ ਸਮੇਤ ਵਰਕ ਵੀਜ਼ਾ ਪ੍ਰੋਗਰਾਮ ਵਿਚ ਵੀ ਵੱਡੇ ਪੱਧਰ 'ਤੇ ਸੁਧਾਰਾਂ ਦੀ ਲੋੜ ਉਪਰ ਜੋਰ ਦਿੱਤਾ। ਉਨਾਂ ਤਜਵੀਜ ਰਖੀ ਕਿ ਐਚ-ਬੀ ਵੀਜ਼ਾ ਸ਼ ?ਰੇਣੀ ਵਿਚ ਸਲਾਨਾ 75000 ਕਟੌਤੀ ਕੀਤੀ ਜਾਵੇ ਤੇ ਉੱਚ ਮਜ਼ਦੂਰੀ ਦੇਣ ਵਾਲੇ ਮਾਲਕਾਂ ਨੂੰ ਤਰਜੀਹ ਦਿੱਤੀ ਜਾਵੇ। ਵਾਘਨ ਨੇ ਕਿਰਤੀਆਂ ਦੀ ਘਾਟ ਦੇ ਦਾਅਵਿਆਂ ਨੂੰ ਰੱਦ ਕਰਦਿਆਂ ਕਿਹਾ ਕਿ ਅਮਰੀਕਾ ਨੂੰ ਵਿਦੇਸ਼ੀ ਵਰਕ ਪ੍ਰੋਗਰਾਮ ਲਾਗੂ ਕਰਨ ਤੋਂ ਪਹਿਲਾਂ ਅਮਰੀਕੀ ਵਰਕਰਾਂ ਨੂੰ ਭਰਤੀ ਕਰਨ ਵੱਲ ਤਵਜੋਂ ਦੇਣੀ ਚਾਹੀਦੀ ਹੈ।


# ਸੰਸਦ 'ਚ ਸਭ ਤੋਂ ਵੱਧ ਮੁੱਦੇ ਉਠਾਉਣ ਵਾਲਿਆਂ 'ਚ ਢੇਸੀ 9ਵੇਂ ਸਥਾਨ 'ਤੇ

ਲੰਡਨ : ਲੋਕਤੰਤਰ 'ਚ ਲੋਕਾਂ ਵਲੋਂ ਚੁਣੇ ਜਾਂਦੇ ਨੇਤਾਵਾਂ ਦਾ ਪਹਿਲਾ ਫਰਜ਼ ਆਪਣੇ ਲੋਕਾਂ ਦੀ ਆਵਾਜ਼ ਬੁਲੰਦ ਕਰਨਾ ਹੁੰਦਾ ਹੈ। ਇਸ ਫਰਜ਼ ਦੀ ਪਾਲਣਾ ਕਰਨ ਵਾਲੇ ਬਰਤਾਨਵੀ ਸੰਸਦ ਮੈਂਬਰਾਂ ਦੀ ਜਾਰੀ ਸੂਚੀ 'ਚ ਬਰਤਾਨੀਆਂ ਦੇ ਪਹਿਲੇ ਦਸਤਾਰਧਾਰੀ ਸਿੱਖ ਤਨਮਨਜੀਤ ਸਿੰਘ ਢੇਸੀ 9ਵੇਂ ਸਥਾਨ 'ਤੇ ਹਨ। ਜਿਨ੍ਹਾਂ ਨੇ ਇਸ ਮਿਆਦ 'ਚ ਹੁਣ ਤੱਕ 327 ਵਾਰ ਸੰਸਦ 'ਚ ਆਪਣੀ ਅਤੇ ਆਪਣੇ ਲੋਕਾਂ ਲਈ ਆਵਾਜ਼ ਬੁਲੰਦ ਕੀਤੀ ਹੈ। ਪਹਿਲੇ ਨੰਬਰ 'ਤੇ ਡੀ.ਯੂ.ਪੀ. ਦੇ ਸੰਸਦ ਮੈਂਬਰ ਜਿੰਮ ਸ਼ਾਨਨ ਦਾ ਨਾਂਅ ਹੈ, ਜਿਨ੍ਹਾਂ ਨੇ 1128 ਵਾਰ ਆਵਾਜ਼ ਬੁਲੰਦ ਕੀਤੀ ਹੈ। ਇਸ 'ਚ ਕੋਈ ਸ਼ੱਕ ਨਹੀਂ ਕਿ ਸਲੋਹ ਤੋਂ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਆਪਣੇ ਸਲੋਹ ਹਲਕੇ ਦੇ ਲੋਕਾਂ ਦੇ ਕਾਰ ਪਾਰਕਿੰਗ ਦੇ ਮੁੱਦੇ ਤੋਂ ਲੈ ਕੇ ਸਾਕਾ ਨੀਲਾ ਤਾਰਾ 'ਚ ਬਰਤਾਨੀਆਂ ਸਰਕਾਰ ਦੀ ਭੂਮਿਕਾ ਦੀ ਨਿਰਪੱਖ ਜਾਂਚ ਦੀ ਮੰਗ ਤੱਕ ਦੇ ਅਹਿਮ ਮੁੱਦੇ ਉਠਾਏ ਹਨ। ਉਨ੍ਹਾਂ ਧਰਮ ਨਿਰਪੱਖਤਾ ਦਾ ਸਬੂਤ ਦਿੰਦਿਆਂ ਆਪਣੇ ਸਮੁੱਚੇ ਸਿਆਸੀ ਜੀਵਨ ਦੌਰਾਨ ਹਰ ਵਰਗ ਦੇ ਲੋਕਾਂ ਦਾ ਮੁੱਦਿਆ ਉਠਾਇਆ ਹੈ।



# ਹੱਤਿਆ ਦੇ ਮਾਮਲੇ ਵਿਚ ਦੋਸ਼ੀ ਨੂੰ ਜ਼ਹਿਰ ਦਾ ਟੀਕਾ ਲਾ ਕੇ ਸਦਾ ਦੀ ਨੀਂਦ ਸਵਾਇਆ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਦੱਖਣੀ ਕੈਰੋਲੀਨਾ ਵਿਚ ਮੈਰੀਅਨ ਬੋਮੈਨ ਜੂਨੀਅਰ ਨਾਮੀ ਵਿਅਕਤੀ ਨੂੰ ਹੱਤਿਆ ਦੇ ਇਕ ਮਾਮਲੇ ਵਿਚ ਅਦਾਲਤ ਵੱਲੋਂ ਸੁਣਾਈ ਸਜ਼ਾ ਅਨੁਸਾਰ ਜ਼ਹਿਰ ਦਾ ਟੀਕਾ ਲਾ ਕੇ ਮੌਤ ਦੇਣ ਦੀ ਖਬਰ ਹੈ। ਬੋਮੈਨ ਨੂੰ 6.27 ਵਜੇ ਸ਼ਾਮ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਉਸ ਨੂੰ 2001 ਵਿਚ 21 ਸਾਲਾ ਕੈਂਡੀ ਮਾਰਟਿਨ ਨਾਮੀ ਨੌਜਵਾਨ ਮਾਂ ਦੀ ਹੱਤਿਆ ਦੇ ਮਾਮਲੇ ਵਿਚ ਮੌਤ ਦੀ ਸਜ਼ਾ ਸੁਣਾਈ ਗਈ ਸੀ। ਪੁਲਿਸ ਨੇ ਮਾਰਟਿਨ ਦੀ ਗੋਲੀਆਂ ਵਿੰਨੀ ਲਾਸ਼ ਉਸ ਦੀ ਆਪਣੀ ਕਾਰ ਵਿਚੋਂ ਬਰਾਮਦ ਕੀਤੀ ਸੀ ਜਿਸ ਕਾਰ ਨੂੰ ਅੱਗ ਲਾ ਦਿੱਤੀ ਗਈ ਸੀ। ਅਦਾਲਤੀ ਦਸਤਾਵੇਜ਼ਾਂ ਅਨੁਸਾਰ ਬੋਮੈਨ ਲੰਬੇ ਸਮੇ ਤੋਂ ਮਾਰਟਿਨ ਦਾ ਦੋਸਤ ਸੀ ਤੇ ਉਹ ਉਸ ਨਾਲ ਸਰੀਰਕ ਸਬੰਧ ਵੀ ਬਣਾਉਂਦਾ ਰਿਹਾ ਸੀ। ਬੋਮੈਨ ਨੇ ਮੰਨਿਆ ਕਿ ਉਹ ਮਾਰਟਿਨ ਨੂੰ ਕੁਕੀਨ ਦਿੰਦਾ ਸੀ ਪਰੰਤੂ ਬੋਮੈਨ ਹਮੇਸ਼ਾਂ ਆਪਣੇ ਆਪ ਨੂੰ ਨਿਰਦੋਸ਼ ਕਹਿੰਦਾ ਰਿਹਾ ਹੈ। ਆਪਣੀ ਲੀਗਲ ਟੀਮ ਰਾਹੀਂ ਜਾਰੀ ਆਪਣੇ ਆਖਰੀ ਸ਼ਬਦਾਂ ਵਿਚ ਬੋਮੈਨ ਨੇ ਕਿਹਾ "ਮੈ ਮਾਰਟਿਨ ਦੀ ਹੱਤਿਆ ਨਹੀਂ ਕੀਤੀ, ਮੈ ਨਿਰਦੋਸ਼ ਹਾਂ ਤੇ ਮੈ ਉਸ ਗੁਨਾਹ ਲਈ ਮਰਨ ਜਾ ਰਿਹਾ ਹਾਂ ਜੋ ਮੈ ਕੀਤਾ ਹੀ ਨਹੀਂ ਹੈ।"


ਮੈਰੀਅਨ ਬੋਮੈਨ ਜੂਨੀਅਰ



ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਨਾਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖ਼ਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਜਉ ਸਰਧਨੁ ਨਿਰਧਨ ਕੈ ਜਾਇ॥
ਦੀਆ ਆਦਰੁ ਲੀਆ ਬੁਲਾਇ॥ ੨॥
ਨਿਰਧਨੁ ਸਰਧਨੁ ਦੋਨਉ ਭਾਈ॥
ਪ੍ਰਭ ਕੀ ਕਲਾ ਨ ਮੇਟੀ ਜਾਈ॥ ੩॥
(ਅੰਗ ੧੧੫੯)

ਇਸ ਲਈ ਹੁਕਮ ਹੈ ਕਿ ਗਰੀਬ ਦੀ ਰਸਨਾ ਨੂੰ ਗੁਰੂ ਕੀ ਗੋਲਕ ਜਾਣ ਕੇ ਆਪਣਾ ਫਰਜ਼ ਪੂਰਾ ਕਰਨਾ ਹੈ। ਭੁੱਲ ਕੇ ਵੀ ਕਿਸੇ ਗਰੀਬ ਨਾਲ ਨਫ਼ਰਤ ਜਾਂ ਨਿਰਾਦਰ ਨਹੀਂ ਕਰਨਾ ਚਾਹੀਦਾ।

ਕਬੀਰ ਗਰਬੁ ਨ ਕੀਜੀਐ ਰੰਕੁ ਨ ਹਸੀਐ ਕੋਇ॥
ਅਜਹੁ ਸੁ ਨਾਉ ਸਮੁੰਦ੍ਰ ਮਹਿ ਕਿਆ ਜਾਨਉ ਕਿਆ ਹੋਇ॥ ੩੯॥
(ਭ.ਕਬੀਰ ਜੀ, ਅੰਗ ੧੩੬੬)

ਮੱਕੇ ਮਦੀਨੇ ਦੀ ਗੋਸ਼ਟਿ ਵਿਚ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਕਾਰੂੰ ਦੇ ਬਾਦਸ਼ਾਹ ਨੂੰ ਨਸੀਹਤਨਾਮਾ ਦੇ ਰੂਪ ਵਿਚ ਦਿੱਤਾ ਹੁਕਮ ਦਰਜ ਹੈ,

ਜੋ ਕੀਚੇ ਨੇਕ ਨਾਮੀ ਜੋ ਦੇਵੇ ਖੁਦਾਇ।
ਜੋ ਦੀਸੇ ਜਿਮੀ ਪੁਰ ਸੋ ਹੋਸੀ ਫਨਾਹਿ।
ਦਾਇਮ ਨ ਦੌਲਤ ਕਸੇ ਬੇਸੁਮਾਰ।
ਨ ਰਹੇਗੇ ਕਰੋੜੀ ਨ ਰਹੇਗੇ ਹਜਾਰਿ।
ਦਮੜੀ ਤਿਸੀ ਕਾ ਜੋ ਖਰਚੇ ਅਰ ਖਵਾਇ।
ਦੇਵੇ ਦਿਲਾਵੇ ਬਰਾਏ ਖੁਦਾਇ।
ਹੋਤਾ ਨ ਰਾਖੇ ਇਕੇਲਾ ਨ ਖਾਇ।
ਤਹਕੀਕੀ ਦਿਲਦਾਨੀ ਵਹੀ ਭਿਸ਼ਤ ਜਾਇ।
(ਮੱਕੇ ਮਦੀਨੇ ਦੀ ਗੋਸ਼ਟਿ, ਪੰਨਾ ੧੬੮)

ਹੁਕਮਨਾਮਿਆਂ ਵਿਚ ਵੀ ਇਸ ਬਾਰੇ ਦਰਜ ਹੈ:

ਗਰੀਬਾਂ ਸਿਖਾਂ ਦਾ ਨਿਰਾਦਰ ਕਰੇ,
ਸੋ ਅਹੰਕਾਰੀ ਤਨਖਾਹੀਆ।
ਗੁਰੂ ਕਾ ਸਿਖ ਗਰੀਬ ਦੀ ਰਸਨਾ,
ਗੁਰੂ ਕੀ ਗੋਲਕ ਜਾਣੇ।
(ਰਹਿਤਨਾਮਾ ਹਜ਼ੂਰੀ ਭਾਈ ਚਉਪਾ ਸਿੰਘ ਛਿੱਬਰ, ਪੰਨਾ ੮੫)

(ਞ) ਚੋਰੀ ਯਾਰੀ ਨਾ ਕਰੇ, ਜੂਆ ਨਾ ਖੇਡ।
(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੦)


ਇਸ ਮੱਦ ਵਿਚ ਚੋਰੀ ਯਾਰੀ ਅਤੇ ਜੂਏ ਤੋਂ ਵਰਜਿਆ ਗਿਆ ਹੈ।

**ਯਾਰੀ**

"ਲਖ ਚੋਰੀਆ ਲਖ ਜਾਰੀਆ ਲਖ ਕੂੜੀਆ ਲਖ ਗਾਲਿ॥" (ਮ: ੧, ਅੰਗ 471)

ਗੁਰਮਤਿ ਦੀ ਜੀਵਨ ਜਾਚ ਦਾ ਮਕਸਦ ਪੂਰਨ ਮਨੁੱਖ ਦੀ ਸਿਰਜਨਾ ਕਰ ਕੇ ਉਸ ਦਾ ਲੋਕ ਪ੍ਰਲੋਕ ਸੁਹੇਲਾ ਕਰਨਾ ਹੈ। ਇਸ ਲਈ ਜੀਵਨ ਜਲ ਨੂੰ ਗੰਧਲਾ ਕਰਨ ਵਾਲੀਆਂ ਸਾਰੀਆਂ ਇੱਲਤਾਂ ਤੋਂ ਉਸ ਨੂੰ ਪਾਕ ਕਰ ਕੇ ਪਵਿੱਰਤਾ ਵਾਲਾ ਜੀਵਨ ਬਖਸ਼ਿਆ ਹੈ। ਇਨ੍ਹਾਂ ਵਿਚ ਚੋਰੀ ਚੋਰੀ ਯਾਰੀ ਅਤੇ ਜੂਏ ਤੋਂ ਬਚਣ ਦੀ ਤਾਕੀਦ ਅਹਿਮ ਹੈ।

ਰਾਮ ਬਿਲਾਸ ਸ਼ਰਮਾ ਨੇ 'ਭਾਰਤੀਯਾ ਸੰਸਕ੍ਰਿਤੀ ਔਰ ਹਿੰਦੀ ਪ੍ਰਦੇਸ਼' ਵਿਚ ਦੱਸਿਆ ਹੈ ਕਿ ਰਿਗਵੇਦ ਵਿਚ ਜਾਇਜ਼ ਨਾਜਾਇਜ਼ ਭੁਲਾ ਕੇ ਇਸਤ੍ਰੀ ਦੇ ਪ੍ਰੇਮੀ ਨੂੰ ਜਾਰ ਕਿਹਾ ਗਿਆ ਹੈ। ਭਾਈ ਗੁਰਦਾਸ ਜੀ ਬਚਨ ਕਰਦੇ ਹਨ : "ਚੋਰੁ ਯਾਰੁ ਜੂਆਰਿ ਹਉ ਪਰ ਘਰ ਜੋਹੰਦਾ॥" ਚੋਰ ਅਤੇ ਯਾਰ (ਵਿਭਚਾਰੀ) ਹਮੇਸ਼ਾ ਹੀ ਪਰਾਏ ਘਰ ਤੇ ਵਿਕ੍ਰਤ ਨਜ਼ਰ ਰੱਖਦੇ ਹਨ। ਯਾਰੀ ਜਾਂ ਜਾਰੀ ਦਾ ਅਰਥ ਮਿਤ੍ਰਤਾ ਨਹੀਂ ਬਲਕਿ ਨਾਜਾਇਜ਼ ਤਅੱਲਕਾਤ ਹੈ। ਇਸਤ੍ਰੀ ਦਾ ਮਰਦ ਅਤੇ ਮਰਦ ਦੇ ਇਸਤ੍ਰੀ ਨਾਲ ਵਿਭਚਾਰਕ ਸਬੰਧ ਨੂੰ ਯਾਰ ਜਾਂ ਜਾਰ ਕਿਹਾ ਜਾਂਦਾ ਹੈ। ਚੋਰੀ ਵਿਚ ਪਰ-ਧਨ ਨੂੰ ਹਿਰਨਾ ਅਤੇ ਯਾਰੀ ਵਿਚ ਪਰ-ਤਨ ਨੂੰ। ਪਰ ਯਾਰੀ ਵੀ ਸ਼ਰੇਆਮ ਨਹੀਂ ਬਲਕਿ ਲੁੱਕ ਛਿਪ ਕੇ। ਗੁਰਬਾਣੀ ਅਤੇ ਗੁਰਮਤਿ ਸਾਹਿਤ ਵਿਚ ਵੀ ਇਸ ਨੂੰ ਇਕੱਠਿਆਂ ਹੀ 'ਚੋਰੀ ਯਾਰੀ' ਲਿਖਿਆ ਗਿਆ ਹੈ, ਯਥਾ :




ਚੋਰੀ ਯਾਰੀ ਨਿੰਦਕ ਠਾਨੈ॥
ਰੀਤਿ ਹਿੰਦੂਆਂ ਵਾਰੀ ਜੇਤੀ॥
(ਪੰਥ ਪ੍ਰਕਾਸ਼, ਗਿ. ਗਿਆਨ ਸਿੰਘ)

ਗੁਰੂ ਕਾ ਸਿਖ ਚੋਰੀ, ਯਾਰੀ ਨ ਕਰੇ, ਤੇ ਜੂਆ ਨ ਖੇਡੇ।
ਸਾਖ : 'ਚੋਰ ਯਾਰ ਜੂਆਰ ਪੀੜੇ ਘਾਣੀਐ।' ੯੨।
(ਰਹਿਤਨਾਮਾ ਭਾਈ ਚਉਪਾ ਸਿੰਘ ਛਿੱਬਰ)

ਦੋਹਰਾ : ਪਰਨਾਰੀ ਜੂਆ ਅਸਤ ਚੋਰੀ ਮਦਰਾ ਜਾਨ।
ਪਾਂਚ ਐਬ ਯੇ ਜਗਤ ਮੋ,
ਤਜੈ ਸੁ ਸਿੰਘ ਸੁਜਾਨ।੪੪।
(੧੪੯, ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ)

**ਜੂਆ**

ਗੁਰਮਤਿ ਅਤੇ ਰਹਿਤਨਾਮਿਆਂ ਵਿਚ ਜੂਆ ਨਾ ਖੇਡਣ ਬਾਰੇ ਵਾਰ ਵਾਰ ਆਦੇਸ਼ ਹੈ। ਯਥਾ:

ਭਉਜਲ ਤਾਰਣਹਾਰੁ ਸਬਦਿ ਪਛਾਣੀਐ॥
ਚੋਰ ਜਾਰ ਜੂਆਰ ਪੀੜੇ ਘਾਣੀਐ॥
(ਮ. ੧, ਅੰਗ ੧੨੮੮)

ਸਭ ਤੇ ਜਗ ਜੂਆ ਬੁਰੋ ਕੋਊ ਨ ਖੇਲਹੁ ਰਾਇ॥ ੩੧॥
(ਚਰਿਤ੍ਰ ੧੫੭)

(ਟ) ਪਰ ਬੇਟੀ ਕੋ ਬੇਟੀ ਜਾਨੈ। ਪਰ ਇਸਤ੍ਰੀ ਕੋ ਮਾਤ ਬਖਾਨੈ।
ਅਪਨਿ ਇਸਤ੍ਰੀ ਸੋਂ ਰਤਿ ਹੋਇ। ਰਹਿਤਵੰਤ ਸਿੰਘ ਹੈ ਸੋਈ।
ਇਸੇ ਤਰ੍ਹਾਂ ਸਿੱਖ ਇਸਤ੍ਰੀ ਆਪਣੇ ਪਤੀਬਰਤ ਧਰਮ 'ਚ ਰਹੇ।
(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੧)

**ਤਬਦੀਲੀ**

(ਟ) ਪਰ ਬੇਟੀ ਕੋ ਬੇਟੀ ਜਾਨੈ।
ਪਰ ਇਸਤ੍ਰੀ ਕੋ ਮਾਤ ਬਖਾਨੈ।
ਅਪਨਿ ਇਸਤ੍ਰੀ ਸੋਂ ਰਤਿ ਹੋਇ।
ਰਹਿਤਵਾਨ ਗੁਰ ਕਾ ਸਿਖ ਸੋਈ।
(ਸਿੱਖ ਰਹਿਤ ਮਰਯਾਦਾ, ੧੯੩੬, ਪੰਨਾ ੧੦)

**(ਚਲਦਾ)**

# ਅਮਰੀਕਾ ਵਿਚ ਟਰੰਪ ਦੀ 'ਮਾੜੀ ਸ਼ੁਰੂਆਤ', ਹੋ ਰਹੇ ਅਗਨੀਕਾਂਡ ਅਤੇ ਜਹਾਜ਼ ਹਾਦਸੇ

ਡੋਨਾਲਡ ਟਰੰਪ ਨੂੰ 6 ਨਵੰਬਰ, 2024 ਨੂੰ ਅਮਰੀਕੀ ਰਾਸ਼ਟਰਪਤੀ ਚੋਣ ਦਾ ਜੇਤੂ ਐਲਾਨਿਆ ਗਿਆ ਸੀ। ਉਨ੍ਹਾਂ ਨੇ 20 ਜਨਵਰੀ, 2025 ਨੂੰ ਰਾਸ਼ਟਰਪਤੀ ਦਾ ਅਹੁਦਾ ਸੰਭਾਲਿਆ ਅਤੇ ਉਨ੍ਹਾਂ ਦੇ ਅਹੁਦਾ ਸੰਭਾਲਣ ਤੋਂ ਪਹਿਲਾਂ ਅਤੇ ਬਾਅਦ ਵਿਚ ਅਮਰੀਕਾ ਬਹੁਤ ਸਾਰੀਆਂ ਦੁਖਦਾਈ ਘਟਨਾਵਾਂ ਦਾ ਸ਼ਿਕਾਰ ਹੁੰਦਾ ਆ ਰਿਹਾ ਹੈ ਜੋ ਹੇਠ ਲਿਖੇ ਅਨੁਸਾਰ ਦਰਜ ਹਨ :

- 2 ਜਨਵਰੀ ਨੂੰ ਦੱਖਣੀ ਕੈਲੀਫੋਰਨੀਆ ਵਿਚ ਇਕ ਜਹਾਜ਼ ਦੇ ਇਕ ਇਮਾਰਤ ਨਾਲ ਟਕਰਾਉਣ ਨਾਲ 2 ਲੋਕਾਂ ਦੀ ਮੌਤ ਹੋ ਗਈ ਅਤੇ 18 ਜ਼ਖਮੀ ਹੋ ਗਏ।
- 7 ਜਨਵਰੀ ਨੂੰ ਕੈਲੀਫੋਰਨੀਆ ਰਾਜ ਦੇ ਲਾਸ ਏਂਜਲਸ ਸ਼ਹਿਰ ਅਤੇ ਇਸ ਦੇ ਆਲੇ-ਦੁਆਲੇ ਦੇ ਜੰਗਲਾਂ ਸਮੇਤ 7 ਵੱਖ-ਵੱਖ ਖੇਤਰਾਂ ਵਿਚ ਲੱਗੀ ਭਿਆਨਕ ਅੱਗ ਕਾਰਨ ਘੱਟੋ-ਘੱਟ 24 ਲੋਕ ਮਾਰੇ ਗਏ। ਹਜ਼ਾਰਾਂ ਘਰ ਅਤੇ ਇਮਾਰਤਾਂ ਜਿਨ੍ਹਾਂ ਵਿਚ ਵੱਡੇ ਫਿਲਮੀ ਸਿਤਾਰਿਆਂ ਅਤੇ ਉੱਥੇ ਰਹਿਣ ਵਾਲੇ ਅਮੀਰ ਲੋਕਾਂ ਦੇ ਘਰ ਵੀ ਸ਼ਾਮਲ ਸਨ, ਤਬਾਹ ਹੋ ਗਏ ਅਤੇ ਉਨ੍ਹਾਂ ਨੂੰ ਆਪਣੀਆਂ ਜਾਨਾਂ ਬਚਾ ਕੇ ਸੁਰੱਖਿਅਤ ਥਾਵਾਂ 'ਤੇ ਭੱਜਣਾ ਪਿਆ।

ਕਈ ਦਿਨਾਂ ਤੱਕ ਧੁਖ-ਧੁਖ ਕੇ ਬਲਦੀ ਰਹੀ ਇਸ ਅੱਗ ਨੇ 45 ਕਿਲੋਮੀਟਰ ਤੋਂ ਵੱਧ ਦੇ ਖੇਤਰ ਨੂੰ ਤਬਾਹ ਕਰ ਦਿੱਤਾ ਅਤੇ ਲਾਸ ਏਂਜਲਸ ਦੇ ਪੱਛਮ ਵਿਚ ਸਥਿਤ 'ਸੈਂਟਾ ਮੋਨਿਕਾ ਸ਼ਹਿਰ' ਵਿਚ ਐਮਰਜੈਂਸੀ ਦਾ ਐਲਾਨ ਕਰ ਕੇ ਕਰਫਿਊ ਲਾ ਦਿੱਤਾ ਗਿਆ। ਇੰਨੇ ਦਿਨਾਂ ਤੱਕ ਇਸ ਅੱਗ 'ਤੇ ਕਾਬੂ ਨਾ ਪਾ ਸਕਣ ਕਾਰਨ ਅਮਰੀਕੀ ਸਰਕਾਰ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ। ਅੰਦਾਜ਼ਾ ਹੈ ਕਿ ਇਸ ਅੱਗ ਵਿਚ ਘੱਟੋ-ਘੱਟ 20 ਲੱਖ ਕਰੋੜ ਰੁਪਏ ਦੀ ਜਾਇਦਾਦ ਤਬਾਹ ਹੋ ਗਈ ਹੈ। ਲਾਸ ਏਂਜਲਸ ਦੇ ਸ਼ੈਰਿਫ਼ 'ਰੌਬਰਟ ਲੂਨਾ' ਨੇ ਕਿਹਾ ਕਿ "ਕਾਉਂਟੀ ਵਿਚ ਜੰਗਲ ਦੀ ਅੱਗ ਨਾਲ ਇਹ ਇੰਝ ਲੱਗ ਰਿਹਾ ਸੀ ਜਿਵੇਂ ਇਨ੍ਹਾਂ ਖੇਤਰਾਂ 'ਤੇ ਕੋਈ ਪ੍ਰਮਾਣੂ ਬੰਬ ਡਿੱਗ ਗਿਆ ਹੋਵੇ।"

ਉਪਰੋਕਤ ਅਗਨੀਕਾਂਡ ਦੀ ਘਟਨਾ ਦਾ ਇਕ ਸ਼ਰਮਨਾਕ ਪਹਿਲੂ ਇਹ ਸੀ ਕਿ ਇਸ ਆਫ਼ਤ ਦਾ ਫਾਇਦਾ ਉਠਾਉਣ ਲਈ ਸਮਾਜ ਵਿਰੋਧੀ ਅਨਸਰਾਂ ਨੇ ਆਫ਼ਤ ਪ੍ਰਭਾਵਿਤ ਲੋਕਾਂ ਨੂੰ ਲੁੱਟਣਾ ਸ਼ੁਰੂ ਕਰ ਦਿੱਤਾ। ਇਸ ਸਬੰਧ ਵਿਚ ਕਈ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

- 23 ਜਨਵਰੀ ਨੂੰ ਕੈਲੀਫੋਰਨੀਆ ਵਿਚ ਪਿਛਲੇ ਕਈ ਹਫ਼ਤਿਆਂ ਤੋਂ ਸੁਲਗ ਰਹੀ ਅੱਗ ਇਕ ਵਾਰ ਫਿਰ ਭੜਕ ਉੱਠੀ। ਇਸ ਵਾਰ ਅੱਗ ਨੇ ਲਾਸ ਏਂਜਲਸ ਦੇ ਉੱਤਰੀ ਇਲਾਕੇ ਵਿਚ ਸਥਿਤ ਇਕ ਇਲਾਕੇ 'ਹਿਊਜੇਸ' ਨੂੰ ਆਪਣੀ ਲਪੇਟ 'ਚ ਲਿਆ ਜਿਸ ਦੇ ਨਤੀਜੇ ਵਜੋਂ 10,000 ਏਕੜ ਇਲਾਕਾ ਸੜ ਕੇ ਸੁਆਹ ਹੋ ਗਿਆ ਅਤੇ 50,000 ਤੋਂ ਵੱਧ ਲੋਕਾਂ ਨੂੰ ਬੇਘਰ ਹੋਣਾ ਪਿਆ।

ਕੈਲੀਫੋਰਨੀਆ ਦੇ ਜੰਗਲਾਂ ਵਿਚ 'ਓਕਸ' ਅਤੇ 'ਪਾਈਨ' ਵਰਗੇ ਖਾਸ ਰੁੱਖ ਅਤੇ ਪੌਦੇ ਵੀ ਅਕਸਰ ਅੱਗ ਫੈਲਾਉਣ ਵਿਚ ਵੱਡੀ ਭੂਮਿਕਾ ਨਿਭਾਉਂਦੇ ਹਨ। ਇਨ੍ਹਾਂ ਦੇ ਪੱਤਿਆਂ ਅਤੇ ਟਾਹਣੀਆਂ ਵਿਚ ਮੌਜੂਦ ਤੇਲ ਅੱਗ ਨੂੰ ਤੇਜ਼ੀ ਨਾਲ ਫੈਲਣ ਵਿਚ ਮਦਦ ਕਰਦਾ ਹੈ।

ਅਮਰੀਕਾ ਅਜੇ ਵੀ ਉਪਰੋਕਤ ਅੱਗ ਦੀਆਂ ਘਟਨਾਵਾਂ ਕਾਰਨ ਹੋਏ ਜ਼ਖ਼ਮਾਂ ਨੂੰ ਪਲੋਸ ਹੀ ਰਿਹਾ ਸੀ ਕਿ ਇਕ ਹੋਰ ਆਫ਼ਤ ਉਦੋਂ ਆਈ ਜਦੋਂ 29 ਜਨਵਰੀ ਨੂੰ ਦੇਰ ਰਾਤ ਲਗਭਗ 8.37 ਵਜੇ (ਭਾਰਤੀ ਸਮੇਂ ਅਨੁਸਾਰ ਸਵੇਰੇ) ਅਮਰੀਕਨ ਏਅਰਲਾਈਨਜ਼ ਦਾ 'ਬੌਂਬਾਰਡੀਅਰ ਜੈੱਟ' ਵਾਸ਼ਿੰਗਟਨ ਡੀ. ਸੀ. ਦੇ 'ਰੋਨਾਲਡ ਰੀਗਨ ਹਵਾਈ ਅੱਡੇ' 'ਤੇ ਲੈਂਡਿੰਗ ਕਰਦੇ ਸਮੇਂ 400 ਫੁੱਟ ਦੀ ਉਚਾਈ 'ਤੇ ਅਮਰੀਕੀ ਫੌਜ ਦੇ ਇਕ ਬਲੈਕ ਹਾਕ (ਐੱਚ-60) ਹੈਲੀਕਾਪਟਰ ਨਾਲ ਟਕਰਾ ਗਿਆ। ਇਸ ਕਾਰਨ ਦੋਵੇਂ ਜਹਾਜ਼ ਪੋਟੋਮੈਕ ਨਦੀ ਵਿਚ ਜਾ ਡਿੱਗੇ, ਜਿਸ ਨਾਲ 67 ਲੋਕਾਂ ਦੀ ਮੌਤ ਹੋ ਗਈ।

ਜਹਾਜ਼ ਵਿਚ 64 ਲੋਕ ਅਤੇ ਹੈਲੀਕਾਪਟਰ ਵਿਚ 3 ਲੋਕ ਸਵਾਰ ਸਨ। ਕਿਹਾ ਜਾਂਦਾ ਹੈ ਕਿ ਫੌਜ ਦੇ ਹੈਲੀਕਾਪਟਰ ਨੇ ਏਅਰ ਟ ?ਰੈਫਿਕ ਕੰਟਰੋਲਰ ਦੀਆਂ ਦੋ ਚਿਤਾਵਨੀਆਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਅਤੇ ਦੂਜੇ ਜਹਾਜ਼ ਦੇ ਰਸਤੇ 'ਚੋਂ ਨਹੀਂ ਹਟਿਆ।

ਪਿਛਲੇ 24 ਸਾਲਾਂ ਦੌਰਾਨ ਇਹ ਅਮਰੀਕਾ ਵਿਚ ਤੀਜਾ ਵੱਡਾ ਜਹਾਜ਼ ਹਾਦਸਾ ਹੈ। ਇਸ ਤੋਂ ਪਹਿਲਾਂ 12 ਨਵੰਬਰ, 2001 ਨੂੰ ਨਿਊਯਾਰਕ ਵਿਚ ਇਕ ਜਹਾਜ਼ ਹਾਦਸੇ ਵਿਚ 260 ਲੋਕ ਮਾਰੇ ਗਏ ਸਨ ਅਤੇ 2009 ਵਿਚ 'ਬਫੈਲੋ' ਵਿਚ ਇਕ ਹੋਰ ਜਹਾਜ਼ ਹਾਦਸੇ ਵਿਚ 50 ਲੋਕ ਮਾਰੇ ਗਏ ਸਨ।

- 28 ਜਨਵਰੀ ਨੂੰ ਅਲਾਸਕਾ ਦੇ ਆਈਲਸਨ ਏਅਰ ਬੇਸ 'ਤੇ ਉਤਰਦੇ ਸਮੇਂ ਇਕ ਅਮਰੀਕੀ ਐੱਫ-35 ਲੜਾਕੂ ਜਹਾਜ਼ ਅੱਗ ਦੇ ਗੋਲੇ ਵਿਚ ਬਦਲ ਗਿਆ।
- 1 ਫਰਵਰੀ ਨੂੰ ਫਿਲਾਡੈਲਫੀਆ ਵਿਚ ਇਕ ਜਹਾਜ਼ ਦੇ ਉਡਾਣ ਭਰਨ ਤੋਂ 30 ਸਕਿੰਟਾਂ ਅੰਦਰ ਹੀ ਹਾਦਸਾਗ੍ਰਸਤ ਹੋ ਜਾਣ ਨਾਲ 6 ਯਾਤਰੀ ਮਾਰੇ ਗਏ।
- 2 ਫਰਵਰੀ ਨੂੰ ਹਿਊਸਟਨ ਤੋਂ ਨਿਊਯਾਰਕ ਜਾ ਰਹੇ ਇਕ ਜਹਾਜ਼ ਨੂੰ ਉਡਾਣ ਭਰਦਿਆਂ ਹੀ ਅੱਗ ਲੱਗ ਗਈ ਅਤੇ ਉੱਚੀਆਂ-ਉੱਚੀਆਂ ਲਾਟਾਂ ਉੱਠਣ ਲੱਗੀਆਂ।

ਇਸ ਦੌਰਾਨ ਅਮਰੀਕਾ ਵਿਚ ਬੇਘਰ ਲੋਕਾਂ ਦੀ ਗਿਣਤੀ 3.8 ਕਰੋੜ ਦੇ ਖ਼ਤਰਨਾਕ ਪੱਧਰ 'ਤੇ ਪਹੁੰਚ ਗਈ ਹੈ ਜੋ ਭੋਜਨ, ਕੱਪੜੇ ਅਤੇ ਮਕਾਨ ਲਈ ਸੰਘਰਸ਼ ਕਰ ਰਹੇ ਹਨ ਅਤੇ ਸਰਕਾਰ ਲਈ ਉਨ੍ਹਾਂ ਦੀ ਮਦਦ ਕਰਨਾ ਮੁਸ਼ਕਲ ਹੁੰਦਾ ਜਾ ਰਿਹਾ ਹੈ।

ਇੰਨਾ ਹੀ ਨਹੀਂ ਡੋਨਾਲਡ ਟਰੰਪ ਵਲੋਂ ਚੀਨ, ਕੈਨੇਡਾ ਅਤੇ ਮੈਕਸੀਕੋ 'ਤੇ ਟੈਰਿਫ ਵਧਾਉਣ ਦੇ ਜਵਾਬ ਵਿਚ ਇਨ੍ਹਾਂ ਦੇਸ਼ਾਂ ਵਲੋਂ ਵੀ ਅਮਰੀਕਾ 'ਤੇ ਟੈਰਿਫ ਵਧਾਉਣ ਕਾਰਨ ਅਮਰੀਕਾ ਵਿਚ ਮਹਿੰਗਾਈ ਵਧੇਗੀ, ਜਿਸ ਬਾਰੇ ਟਰੰਪ ਨੇ ਦੇਸ਼ ਵਾਸੀਆਂ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ 'ਆਰਥਿਕ ਦਰਦ' ਸਹਿਣ ਲਈ ਤਿਆਰ ਰਹਿਣ।

ਭਾਵੇਂ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਹਮਾਸ ਅਤੇ ਇਜ਼ਰਾਈਲ ਵਿਚਕਾਰ ਜੰਗਬੰਦੀ ਕਰਵਾਉਣ ਦਾ ਸਿਹਰਾ ਪ੍ਰਾਪਤ ਕੀਤਾ ਹੈ ਪਰ ਉਪਰੋਕਤ ਘਟਨਾ ਚੱਕਰ ਉਨ੍ਹਾਂ ਲਈ ਅਸ਼ੁੱਭ ਸਾਬਤ ਹੋ ਰਿਹਾ ਹੈ।

# BASRA
## Heating & Air Conditioning

**ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ**

## ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

**ਹੋਰ ਜਾਣਕਾਰੀ ਲਈ ਕਾਲ ਕਰੋ**

**ਸ. ਰਜਿੰਦਰ ਸਿੰਘ ਬਸਰਾ (209) 834-6188**

**Address: 231 Portico Ln, Tracy, CA 95377**

# ਭਾਰਤ ਦੇ ਅਸਲ ਰਾਸ਼ਟਰਪਿਤਾ ਅਤੇ ਸੰਵਿਧਾਨ ਦੇ ਨਿਰਮਾਤਾ ਅਤੇ ਦਲਿਤਾਂ ਦੇ ਮਸੀਹਾ ਬਾਬਾ ਸਾਹਿਬ ਡਾ. ਅੰਬੇਦਕਰ ਦਾ ਬੁੱਤ ਤੋੜਨਾ ਵੱਡੀ ਸਾਜਿਸ਼

## *ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ : ਸ਼੍ਰੀ ਰਾਮ ਮੂਰਤੀ ਸਰੋਆ*

ਫਰੀਮਾਂਟ/ਕੈਲੀਫੋਰਨੀਆ : ਅਮਰੀਕਾ ਦੇ ਊਘੇ ਆਗੂ ਚੇਅਰਮੈਨ ਡਾਕਟਰ ਅੰਬੇਦਕਰ ਐਜੂਕੇਸ਼ਨ ਏਂਡ ਸੁਸਾਇਟੀ ਸੀਨੀਅਰ ਸੁਪਰੀਮ ਕੌਂਸਲ ਮੈਂਬਰ ਸ਼੍ਰੀ ਗੁਰੂ ਰਵਿਦਾਸ




ਸਭਾ ਅਮਰੀਕਾ ਅਤੇ ਸਾਬਕਾ ਚੇਅਰਮੈਨ ਸ਼੍ਰੀ ਗੁਰੂ ਰਵਿਦਾਸ ਸਭਾ ਬੇਏਰੀਆ ਕੈਲੀਫੋਰਨੀਆ ਨੇ 'ਸਾਡੇ ਲੋਕ' ਅਖਬਾਰ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਅੰਮ੍ਰਿਤਸਰ ਵਿੱਚ ਭਾਰਤ ਦੇ ਅਸਲ ਰਾਸ਼ਟਰਪਿਤਾ ਸੰਵਿਧਾਨ ਦੇ ਨਿਰਮਾਤਾ ਅਤੇ ਦਲਿਤਾਂ ਦੇ ਮਸੀਹਾ ਬਾਬਾ ਸਾਹਿਬ ਡਾਕਟਰ ਅੰਬੇਦਕਰ ਦਾ ਬੁੱਤ ਤੋੜਨਾ ਕੋਈ ਵੱਡੀ ਸਾਜਿਸ਼ ਹੈ। ਇਸ ਲਈ ਦੋਸ਼ੀ ਨੂੰ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ ਤਾਂ ਕਿ ਕੋਈ ਮੁੜ ਐਸਾ ਕਰਕੇ ਕਮਿਊਨਟੀ 'ਚ ਨਫਰਤ ਨਾ ਫੈਲਾ ਸਕੇ।

ਉਹਨਾਂ ਕਿਹਾ ਕਿ ਬਾਬਾ ਸਾਹਿਬ ਅਤੇ ਦਲਿਤਾਂ ਦੇ ਖਿਲਾਫ ਇੱਕ ਵਿਉਂਤਬੰਦ ਤਰੀਕੇ ਨਾਲ ਭਾਰਤੀ ਪਾਰਲੀਮੈਂਟ ਤੋਂ ਲੈਕੇ ਸਾਰੇ ਦੇਸ਼ ਵਿੱਚ ਜਹਿਰ ਅਤੇ ਨਫਰਤ ਫੈਲਾਈ ਜਾ ਰਹੀ ਹੈ। ਅੰਮ੍ਰਿਤਸਰ ਦੀ ਘਟਨਾ ਵੀ ਇਸੇ ਕੜੀ ਦਾ ਹਿੱਸਾ ਹੈ। ਉਹਨਾਂ ਦ੍ਰਿੜਤਾ ਅਤੇ ਪੂਰੀ ਉਮੀਦ ਨਾਲ ਕਿਹਾ ਕਿ ਅਸੀਂ ਹਰ ਹਾਲਤ 'ਚ ਨਫਰਤ ਫੈਲਾਉਣ ਵਾਲਿਆਂ ਨੂੰ ਠੱਲ ਪਾ ਕੇ ਰਹਾਂਗੇ ਅਤੇ ਦੋਸ਼ੀਆਂ ਨੂੰ ਕਟਹਿਰੇ 'ਚ ਖੜ੍ਹਾ ਕਰਾਂਗੇ ਉਪਰੰਤ ਉਹਨਾਂ ਸ਼੍ਰੀ ਗੁਰੂ ਰਵਿਦਾਸ ਜੀ ਦੇ 648ਵੇਂ ਪਾਵਨ ਪ੍ਰਕਾਸ਼ ਦਿਵਸ ਉਪਰ ਲੱਖ ਲੱਖ ਵਧਾਈ ਦਿੱਤੀ।

# ਡਾ. ਭੀਮ ਰਾਓ ਅੰਬੇਡਕਰ ਜੀ ਦੇ ਬੁੱਤ ਨਾਲ ਛੇੜਛਾੜ ਕਰਨ ਦੀ ਘਟਨਾ ਬੇਹੱਦ ਦੁੱਖਦਾਈ : ਸੁਨੀਲ ਜਾਖੜ

## *ਸੰਵਿਧਾਨ ਕੋਈ ਗੁਟਕਾ ਨਹੀਂ ਜੋ ਤੁਸੀਂ ਅਤੇ ਤੁਹਾਡੀ ਭਾਈਵਾਲ ਪਾਰਟੀ ਚੁੱਕੀ ਫਿਰੇ*

ਚੰਡੀਗੜ੍ਹ : ਪੰਜਾਬ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਅੰਮ੍ਰਿਤਸਰ ਵਿਖੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਬੁੱਤ ਨਾਲ ਛੇੜਛਾੜ ਕਰਨ ਦੀ ਘਟਨਾ ਬੇਹੱਦ ਦੁੱਖਦਾਈ ਹੈ। ਉਨ੍ਹਾਂ ਕਿਹਾ ਕਿ ਅਜਿਹੇ ਗੁਨਾਹ ਕਰਨ ਵਾਲੇ ਦੋਸ਼ੀ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਅਜਿਹੀਆਂ ਘਟਨਾਵਾਂ ਰਾਜ ਵਿਚ ਅਫ਼ਰਾ ਤਫ਼ਰੀ ਦੇ ਮਾਹੌਲ ਦਾ ਪ੍ਰਮਾਣ ਹਨ। ਉਨ੍ਹਾਂ ਅੱਗੇ ਕਿਹਾ ਕਿ ਆਪ ਦੀ ਸਰਕਾਰ ਨੂੰ ਵੀ ਦਿੱਲੀ ਦਾ ਖਿਆਲ ਛੱਡ ਕੇ ਪੰਜਾਬ ਦਾ ਖਿਆਲ ਕਰਨਾ ਚਾਹੀਦਾ ਹੈ।



ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਨੂੰ ਜਿਸ ਬਾਬਾ ਸਾਹਿਬ ਜੀ ਮੂਰਤੀ ਦਾ ਅਪਮਾਨ ਕੀਤਾ ਗਿਆ ਗੁਰੂ ਕੀ ਨਗਰੀ ਅੰਮ੍ਰਿਤਸਰ ਦੇ ਅੰਦਰ ਉਸ ਦੀ ਚਿੰਤਾ ਨਹੀਂ ਉਸ ਨੂੰ ਤਾਂ ਦਿੱਲੀ ਵਿਚ 'ਆਪ' ਦੀ ਸਰਕਾਰ ਬਚਾਉਣ ਦੀ ਜ਼ਿਆਦਾ ਚਿੰਤਾ ਹੈ। ਉਨ੍ਹਾਂ ਭਗਵੰਤ ਮਾਨ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਇਹ ਇਕ ਮੂਰਤੀ ਨਹੀਂ ਇਹ ਇਕ ਸੋਚ ਦਾ ਪ੍ਰਤੀਕ ਹੈ। ਇਕ ਸੋਚ ਇਕ ਸੰਵਿਧਾਨ ਦੇ ਨਿਰਮਾਤਾ ਉਸ ਸੰਵਿਧਾਨ ਜੋ ਕਿ ਇਕ ਗੁਟਕਾ ਨਹੀਂ ਜੋ ਤੁਸੀਂ ਅਤੇ ਤੁਹਾਡੀ ਭਾਈਵਾਲ ਪਾਰਟੀ ਵਾਲੇ ਚੁੱਕੀ ਫਿਰਦੇ ਹਨ। ਇਹ ਇਕ ਸੋਚ ਹੈ ਉਹ ਹਰੇਕ ਵਰਗ ਦੀ ਇਕੱਲੇ ਦਲਿਤ ਵਰਗ ਦੀ ਨਹੀਂ। ਬਾਬਾ ਸਾਹਿਬ ਦੀ ਆਸਥਾ ਇਕੱਲੇ ਦਲਿਤ ਵਰਗ ਜਾਂ ਪਛੜੇ ਵਰਗ ਵਿਚ ਨਹੀਂ ਸਗੋਂ ਪੂਰੇ ਹਿੰਦੋਸਤਾਨ ਦੇ 140 ਕਰੋੜ ਲੋਕਾਂ ਦੀ ਆਸਥਾ ਹੈ ਤੇ ਆਸਥਾ ਦੇ ਨਾਲ-ਨਾਲ ਜਿਹੜਾ ਸੰਵਿਧਾਨ ਹੈ ਇਕ ਸੁਰੱਖਿਆ ਕਬਜ਼ ਹੈ। ਅੱਜ ਜਿਹੜੀ ਪ੍ਰੋਡੈਕਸ਼ਨ ਦੀ ਟੈਕਨਾਲੋਜੀ ਹੈ ਬਾਬਾ ਸਾਹਿਬ ਨੇ ਉਸ ਸਮੇਂ ਹੀ ਰਚ ਦਿੱਤੀ ਸੀ ਕਿ ਜਿਹੜੇ ਮਜ਼ਲੂਮ, ਗਰੀਬ, ਲਿਤਾੜੇ ਹੋਏ ਅਤੇ ਬੇਵਸ ਦੀ ਪ੍ਰੋਟੈਕਸ਼ਨ ਅਤੇ ਉਨ੍ਹਾਂ ਦੇ ਬਚਾਅ ਦਾ ਇਕ ਅਲਟੀਮੈਂਟ ਆਖਰੀ ਰਿਜੌਰਡ ਸੀ। ਜਿਸ ਦੀ ਸੋਚ ਦੇ ਖਿਲਾਫ਼ ਇਹ ਘਿਣਾਉਣੀ ਕਾਰਵਾਈ ਕੀਤੀ ਗਈ ਹੈ। ਉਨ੍ਹਾਂ ਕਿਹਾ 'ਆਪ' ਦੀ ਸਰਕਾਰ ਤਾਂ ਸਾਰੀ ਦਿੱਲੀ ਬੈਠੀ ਹੋਈ ਹੈ। ਉਨ੍ਹਾਂ ਕਿਹਾ ਕਿ ਤੁਸੀਂ ਤਾਂ ਲੋਕਾਂ ਦੀ ਬਾਂਹ ਵੀ ਨਹੀਂ ਫੜੀ ਨਾ ਹੀ ਲੋਕਾਂ ਨੂੰ ਭਰੋਸਾ ਦਿਵਾਇਆ। ਉਨ੍ਹਾਂ ਕਿਹਾ ਕਿ ਤੁਹਾਡੀਆਂ ਸਾਰੀਆਂ ਹਰਕਤਾਂ 'ਚ ਇਕ ਘਿਣਾਉਣੀ ਬੋਅ ਆ ਰਹੀ ਹੈ। ਉਨ੍ਹਾਂ ਕਿਹਾ ਕਿ ਜਿਹੜੇ ਬੰਦੇ ਨੇ ਇਹ ਕੋਝਾ ਕੰਮ ਕੀਤਾ ਉਸ ਦੂਬਈ ਤੋਂ ਆਇਆ ਸੀ। ਇਸ ਤੋਂ ਪਹਿਲਾਂ ਵੀ ਇਕ ਸ਼ਖਸ ਆਇਆ ਸੀ ਜਿਹੜਾ ਕਹਿੰਦਾ ਸੀ ਪੰਜਾਬੀਆਂ ਦੇ ਹੱਕਾਂ ਦੀ ਲੜਾਈ ਲੜਨ ਆਇਆ ਹਾਂ ਉਹ ਵੀ ਦੂਬਈ ਤੋਂ ਹੀ ਆਇਆ ਸੀ। ਉਨ੍ਹਾਂ ਕਿਹਾ ਕਿ ਇਹ ਦੋਵਾਂ ਸ਼ਖਸ਼ਾਂ ਦੀ ਸੋਚ ਇਕ ਹੀ ਹੈ। ਇਹ ਲੋਕ ਸੰਵਿਧਾਨ ਨੂੰ ਇਕ ਔਜਾਰ ਹੀ ਸਮਝਦੇ ਹਨ ਇਕ ਟੂਲ ਹੀ ਸਮਝਦੇ ਹਨ। ਸ੍ਰੀ ਜਾਖੜ ਨੇ ਕਿਹਾ ਕਿ ਉਹ ਸ਼ਖਸ ਸੰਵਿਧਾਨ ਨੂੰ ਆਪਣੇ ਫਾਇਦੇ ਵਾਸਤੇ ਇਸਤੇਮਾਲ ਕਰਨਗੇ। ਉਨ੍ਹਾਂ ਸੋਚ ਬਹੁਤ ਹੀ ਕੋਝੀ ਹੈ।





ਜਲੰਧਰ ਵਿਖੇ 26 ਜਨਵਰੀ ਨੂੰ ਇੱਕ ਵਿਅਕਤੀ ਵੱਲੋਂ ਅੰਮ੍ਰਿਤਸਰ ਵਿੱਚ ਬੀ.ਆਰ.ਅੰਬੇਦਕਰ ਦੇ ਬੁੱਤ ਅਤੇ ਸੰਵਿਧਾਨ ਦੀ ਮੂਰਤੀ ਦੀ ਭੰਨਤੋੜ ਕੀਤੇ ਜਾਣ ਤੋਂ ਬਾਅਦ ਦਲਿਤ ਭਾਈਚਾਰੇ ਦੇ ਮੈਂਬਰਾਂ ਵੱਲੋਂ ਦਿੱਤੇ ਗਏ ਬੰਦ ਦੌਰਾਨ ਰੋਸ ਪ੍ਰਦਰਸ਼ਨ ਕੀਤਾ ਗਿਆ।

# ਬੁੱਤ ਦੀ ਭੰਨ-ਤੋੜ: ਭਾਜਪਾ ਆਗੂਆਂ ਵੱਲੋਂ ਘਟਨਾ ਸਥਾਨ ਦਾ ਦੌਰਾ

ਅੰਮ੍ਰਿਤਸਰ : ਯੂਪੀ ਦੇ ਸਾਬਕਾ ਡੀਜੀਪੀ ਅਤੇ ਰਾਜ ਸਭਾ ਮੈਂਬਰ ਬ੍ਰਿਜ ਲਾਲ ਨੇ ਦੋਸ਼ ਲਾਇਆ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਹੈਰੀਟੇਜ ਸਟਰੀਟ ਵਿੱਚ ਡਾ. ਬੀ ਆਰ ਅੰਬੇਡਕਰ ਦੇ ਬੁੱਤ ਦੀ ਭੰਨ-ਤੋੜ ਕਰਨ ਦੀ ਕੋਸ਼ਿਸ਼ ਦੇ ਮਾਮਲੇ ਨੂੰ ਦਬਾਇਆ ਜਾ ਰਿਹਾ ਹੈ। ਇਸ ਮਾਮਲੇ ਵਿੱਚ ਭਾਜਪਾ ਵੱਲੋਂ ਬਣਾਈ ਗਈ ਛੇ ਮੈਂਬਰੀ ਉੱਚ ਪੱਧਰੀ ਟੀਮ ਨੇ ਇੱਥੇ ਹੈਰੀਟੇਜ ਸਟਰੀਟ ਵਿੱਚ ਘਟਨਾ ਸਥਾਨ ਦਾ ਦੌਰਾ ਕੀਤਾ ਹੈ।



ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਹਰਵਿੰਦਰ ਸਿੰਘ ਸੰਧੂ ਦੀ ਅਗਵਾਈ ਹੇਠ ਟੀਮ ਦੇ ਮੈਂਬਰਾਂ ਨੇ ਲੋਕਾਂ ਤੇ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਹੈ। ਟੀਮ ਆਪਣੀ ਰਿਪੋਰਟ ਭਾਜਪਾ ਦੇ ਕੌਮੀ ਪ੍ਰਧਾਨ ਨੂੰ ਸੌਂਪੇਗੀ ਅਤੇ ਅੱਗੇ ਇਹ ਰਿਪੋਰਟ ਕੇਂਦਰ ਸਰਕਾਰ ਨੂੰ ਸੌਂਪੀ ਜਾਵੇਗੀ। ਭਾਜਪਾ ਵੱਲੋਂ ਇਸ ਸਬੰਧ ਵਿੱਚ ਇੱਕ ਛੇ ਮੈਂਬਰੀ ਟੀਮ ਬਣਾਈ ਗਈ ਹੈ, ਜਿਸ ਵਿੱਚ ਉੱਤਰ ਪ੍ਰਦੇਸ਼ ਤੋਂ ਸਾਬਕਾ ਡੀਜੀਪੀ ਅਤੇ ਰਾਜ ਸਭਾ ਮੈਂਬਰ ਬ੍ਰਿਜ ਲਾਲ, ਅਨੁਸੂਚਿਤ ਜਾਤੀ ਮੋਰਚਾ ਦੇ ਕੌਮੀ ਪ੍ਰਧਾਨ ਲਾਲ ਸਿੰਘ, ਸਾਬਕਾ ਕੇਂਦਰੀ ਮੰਤਰੀ ਸੋਮ ਪ੍ਰਕਾਸ਼, ਕੌਮੀ ਬੁਲਾਰੇ ਗੁਰ ਪ੍ਰਕਾਸ਼ ਪਾਸਵਾਨ ਅਤੇ ਉੱਤਰ ਪ੍ਰਦੇਸ਼ ਦੇ ਮੰਤਰੀ ਅਸੀਮ ਅਰੁਣ ਸਮੇਤ ਅੰਬਾਲਾ ਤੋਂ ਬੰਤੋ ਦੇਵੀ ਕਟਾਰੀਆ ਸ਼ਾਮਲ ਹਨ।

ਘਟਨਾ ਸਥਾਨ ਦਾ ਦੌਰਾ ਕਰਨ ਮਗਰੋਂ ਬਾਅਦ ਭਾਜਪਾ ਦਫ਼ਤਰ ਵਿੱਚ ਮੀਡੀਆ ਨਾਲ ਗੱਲ ਕਰਦਿਆਂ ਸਾਬਕਾ ਡੀਜੀਪੀ ਅਤੇ ਰਾਜ ਸਭਾ ਮੈਂਬਰ ਬ੍ਰਿਜ ਲਾਲ ਨੇ ਕਿਹਾ ਕਿ ਮੁੱਖ ਮੰਤਰੀ ਜਾਣਦੇ ਹਨ ਕਿ ਜੇਕਰ ਇਸ ਮਾਮਲੇ ਦੀ ਜਾਂਚ ਹੋਈ ਤਾਂ ਇਸ ਦਾ ਸੇਕ 'ਆਪ' ਤੱਕ ਵੀ ਪੁੱਜੇਗਾ। ਉਨ੍ਹਾਂ ਦੋਸ਼ ਲਾਇਆ ਕਿ ਬਰੀਕੀ ਨਾਲ ਜਾਂਚ ਹੋਣ ਤੇ ਪੰਜਾਬ ਅਤੇ ਭਾਰਤ ਵਿਰੋਧੀ ਤਾਕਤਾਂ ਨਾਲ ਆਮ ਆਦਮੀ ਪਾਰਟੀ ਦੀ ਕਥਿਤ ਨੇੜਤਾ ਦੇ ਸਪੱਸ਼ਟ ਸਬੂਤ ਸਾਹਮਣੇ ਆਉਣਗੇ।

ਅਨੁਸੂਚਿਤ ਜਾਤੀ ਮੋਰਚਾ ਦੇ ਕੌਮੀ ਪ੍ਰਧਾਨ ਲਾਲ ਸਿੰਘ ਨੇ ਆਖਿਆ ਕਿ ਸੂਬੇ ਦੇ ਮੁੱਖ ਮੰਤਰੀ ਲੋਕਾਂ ਨੂੰ ਦੱਸਣ ਕਿ 26 ਜਨਵਰੀ ਨੂੰ ਵਾਪਰੀ ਇਸ ਘਟਨਾ ਤੋਂ ਬਾਅਦ ਹੁਣ ਤੱਕ ਮੁੱਖ ਮੰਤਰੀ ਘਟਨਾ ਸਥਾਨ 'ਤੇ ਕਿਉਂ ਨਹੀਂ ਆਏ ਤੇ ਨਾ ਹੀ ਉਨ੍ਹਾਂ ਕੋਈ ਬਿਆਨ ਜਾਰੀ ਕੀਤਾ ਹੈ। ਇਸ ਤੋਂ ਸਪੱਸ਼ਟ ਹੈ ਕਿ ਆਮ ਆਦਮੀ ਪਾਰਟੀ ਬਾਬਾ ਸਾਹਿਬ ਦੇ ਨਾਂ ਦੀ ਵਰਤੋਂ ਸਿਰਫ਼ ਆਪਣੀ ਸਿਆਸਤ ਲਈ ਕਰ ਰਹੀ ਹੈ।

ਭਾਜਪਾ ਦੇ ਕੌਮੀ ਬੁਲਾਰੇ ਗੁਰ ਪ੍ਰਕਾਸ਼ ਪਾਸਵਾਨ ਨੇ ਕਿਹਾ ਕਿ ਭਾਜਪਾ ਨੇ ਇਸ ਘਟਨਾ ਨੂੰ ਗੰਭੀਰਤਾ ਨਾਲ ਲਿਆ ਹੈ ਅਤੇ ਘਟਨਾ ਦੀ ਬਰੀਕੀ ਨਾਲ ਜਾਂਚ ਵਾਸਤੇ ਛੇ ਮੈਂਬਰ ਦਾ ਗਠਨ ਕਰਕੇ ਜਾਂਚ ਵਾਸਤੇ ਭੇਜਿਆ ਹੈ। ਇਹ ਵਫ਼ਦ ਜਾਂਚ ਰਿਪੋਰਟ ਬਣਾ ਕੇ ਭਾਜਪਾ ਦੇ ਕੌਮੀ ਪ੍ਰਧਾਨ ਜੇਪੀ ਨੱਡਾ ਨੂੰ ਦੇਵੇਗਾ।



ਅੰਮ੍ਰਿਤਸਰ 'ਚ ਬੀ.ਆਰ. ਅੰਬੇਡਕਰ ਦੇ ਬੁੱਤ ਦੀ ਭੰਨਤੋੜ ਦੇ ਵਿਰੋਧ 'ਚ 26 ਜਨਵਰੀ ਨੂੰ ਨਵੀਂ ਦਿੱਲੀ 'ਚ ਆਲ ਇੰਡੀਆ ਬਹੁਜਨ ਤਾਲਮੇਲ ਕਮੇਟੀ ਦੇ ਸਮਰਥਕਾਂ ਨੂੰ ਪੁਲਿਸ ਨੇ ਰੋਕਣ ਦੀ ਕੋਸ਼ਿਸ਼ ਕੀਤੀ।



ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਦੇ ਬੁੱਤ ਦੀ ਭੰਨਤੋੜ ਵਿਰੁੱਧ ਨਿਹੰਗ ਸਿੱਖਾਂ ਨੇ ਕੀਤਾ ਰੋਸ ਪ੍ਰਦਰਸ਼ਨ



ਜਲੰਧਰ ਵਿੱਚ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਦੇ ਬੁੱਤ ਦੀ ਭੰਨਤੋੜ ਦੇ ਵਿਰੋਧ ਵਿੱਚ ਕੱਢੀ ਗਈ ਮੋਟਰਸਾਈਕਲ ਰੈਲੀ ਵਿੱਚ ਲੋਕਾਂ ਨੇ ਹਿੱਸਾ ਲਿਆ।




ਉਦਿਤ ਰਾਜ ਨੇ 'ਆਪ' ਆਗੂ ਅਰਵਿੰਦ ਕੇਜਰੀਵਾਲ ਦੀ ਰਿਹਾਇਸ਼ ਦੇ ਬਾਹਰ ਪ੍ਰਦਰਸ਼ਨ ਕੀਤਾ


ਬ੍ਰਹਮਨ ਬੈਸ ਸੂਦ ਅਰੁ ਖਤ੍ਰੀ, ਡੋਮ ਚੰਡਾਰ, ਮਲੇਛ ਮਨ ਸੋਇ ॥
ਹੋਇ ਪੁਨੀਤ ਭਗਵੰਤ ਭਜਨ ਤੇ, ਆਪ ਤਾਰਿ ਤਾਰੇ ਕੁਲ ਦੋਇ ॥
ਧੰਨ ਧੰਨ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 648ਵੇਂ
ਪਾਵਨ ਪਵਿੱਤਰ ਪ੍ਰਕਾਸ਼ ਦਿਵਸ ਦੀਆਂ ਸਮੂਹ ਲੋਕਾਈ ਨੂੰ
ਲੱਖ-ਲੱਖ ਵਧਾਈਆਂ
ਕਮਿਊਨਿਟੀ ਦੇ ਨਿਸ਼ਕਾਮ ਸੇਵਾਦਾਰ ਦਹਾਕਿਆਂ ਤੋਂ ਕੌਮ ਦੀ ਸਮਾਜ ਦੀ ਸੇਵਾ ਕਰਦੇ ਆ ਰਹੇ ਅਮਰੀਕਾ ਦੇ ਉਘੇ ਬਿਜ਼ਨਸਮੈਨ
ਸ੍ਰੀ ਰਾਮ ਸਰੋਏ, ਸ੍ਰੀ ਸਤਿੰਦਰ ਸਰੋਏ ਅਤੇ ਸਰੋਏ ਪਰਿਵਾਰ
ਚੇਅਰਮੈਨ ਡਾਕਟਰ ਅੰਬੇਦਕਰ ਐਜੂਕੇਸ਼ਨ ਏਡ ਸੁਸਾਇਟੀ, ਸੀਨੀਅਰ ਸੁਪਰੀਮ ਕੌਂਸਲ ਮੈਂਬਰ
ਸ੍ਰੀ ਗੁਰੂ ਰਵੀਦਾਸ ਸਭਾ (ਯੂ.ਐਸ.ਏ.) ਸਾਬਕਾ ਚੇਅਰਮੈਨ ਸ੍ਰੀ ਗੁਰੂ ਰਵੀਦਾਸ ਸਭਾ ਬੇ-ਏਰੀਆ ਕੈਲੀਫੋਰਨੀਆ

### ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ

## ਸ੍ਰ. ਗੁਰਦੇਵ ਸਿੰਘ ਨਾਗਰਾ ਸ੍ਰ. ਕਰਮ ਸਿੰਘ ਨਾਗਰਾ (ਸੋਢੀ) ਸ੍ਰ. ਰਣਜੀਤ ਸਿੰਘ ਨਾਗਰਾ ਅਤੇ ਸਮੂਹ ਨਾਗਰਾ ਪ੍ਰਵਾਰ ਨੂੰ ਭਾਰੀ ਸਦਮਾ

# ਉਹਨਾਂ ਦੇ ਸਤਿਕਾਰਯੋਗ ਪਿਤਾ ਅਤੇ ਉਘੇ ਸਿੱਖ ਆਗੂ ਸ੍ਰ. ਹਰਬੰਸ ਸਿੰਘ ਜੀ ਨਾਗਰਾ ਨਹੀਂ ਰਹੇ



ਸਵ. ਸ੍ਰ. ਸਰਬੰਸ ਸਿੰਘ ਜੀ ਨਾਗਰਾ

ਫਰੀਜਨੋ/ ਕੈਲੀਫੋਰਨੀਆ, (ਸਾਡੇ ਲੋਕ) : ਕੈਲੀਫੋਰਨੀਆਂ ਤੋਂ ਜਾਣੇ ਪਹਿਚਾਣੇ ਨਾਗਰਾ ਗੁਰਸਿੱਖ ਪ੍ਰਵਾਰ ਨੂੰ ਉਸ ਸਮੇਂ ਭਾਰੀ ਸਦਮਾ ਲੱਗਾ ਜਦੋ ਉਹਨਾਂ ਦੇ ਸਤਿਕਾਰਯੋਗ ਪਿਤਾ ਜੀ ਅਤੇ ਅਮਰੀਕਾ ਦੇ ਉਘੇ ਸਿੱਖ ਆਗੂ ਸ੍ਰ. ਹਰਬੰਸ ਸਿੰਘ ਨਾਗਰਾ ਅਚਾਨਕ ਸਦੀਵੀ ਵਿਛੋੜਾ ਦੇ ਗਏ। ਸ੍ਰ. ਹਰਬੰਸ ਸਿੰਘ ਨਾਗਰਾ ਆਪਣੀ ਸਾਰੀ ਜ਼ਿੰਦਗੀ ਪੰਜਾਬੀ ਅਤੇ ਪੰਜਾਬੀ ਸਭਿਆਚਾਰ ਲਈ ਸਮਰਪਿਤ ਰਹੇ। ਸਿੱਖ ਪੰਥ ਦੇ ਸੇਵਾਦਾਰ ਨਿੱਘੇ ਠੰਡੇ ਸੁਭਾਅ ਦੇ ਮਾਲਕ ਹਰ ਵੇਲੇ ਹਰ ਥਾਂ ਕੌਮ ਅਤੇ ਮਨੁੱਖਤਾ ਦੀ ਸੇਵਾ ਲਈ ਹਮੇਸ਼ਾ ਤਿਆਰ-ਬਰ-ਤਿਆਰ ਰਹਿਣ ਸ੍ਰ. ਹਰਬੰਸ ਸਿੰਘ ਨਾਗਰਾ ਆਪਣੀ ਸਖਤ ਮਿਹਨਤ, ਗੁਰਸਿੱਖੀ ਲਗਨ ਨਾਲ ਸਾਰੇ ਪ੍ਰਵਾਰ ਨੂੰ ਗੁਰਸਿੱਖੀ ਜੀਵਨ ਅਤੇ ਸੇਵਾ ਵਾਲੇ ਪਾਸੇ ਜੋੜਕੇ ਸੰਸਾਰ ਤੋਂ ਰੁਖਸਤ ਹੋਏ। ਉਹ ਇੱਕ ਮਹਾਨ ਇਮਾਨਦਾਰ ਕਿਰਤੀ ਸਿੱਖ ਵਾਲਾ ਜੀਵਨ ਬਿਤਾਕੇ ਅਤੇ ਆਪਣੇ ਇੱਕ ਵੱਡੇ ਪ੍ਰਵਾਰ ਨੂੰ ਖੁਸ਼ਹਾਲ ਪ੍ਰਵਾਰ ਬਣਾਕੇ ਇਸ ਫਾਨੀ ਸੰਸਾਰ ਤੋਂ 95 ਸਾਲ ਦੀ ਉਮਰ ਭੋਗਕੇ ਸਦਾ ਲਈ ਅਲਵਿਦਾ ਆਖ ਗਏ। ਗੁਰਬਾਣੀ ਦੇ ਇਲਾਹੀ ਫਰਮਾਨ ਮੁਤਾਬਿਕ :

**ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ।**
**ਸਚੀ ਦਰਗਹ ਜਾਇ ਸਚਾ ਪਿੜੁ ਮਲਿਆ।।**

ਮੁਤਾਬਿਕ ਆਪਣਾ ਤੇ ਕੌਮ ਦਾ ਨਾਮ ਰੌਸ਼ਨ ਕਰਕੇ ਸਰਦਾਰ ਹਰਬੰਸ ਸਿੰਘ ਨਾਗਰਾ ਸੰਸਾਰ 'ਚੋਂ ਫਾਰਗ ਹੋਏ ਅਤੇ ਆਪਣੇ ਗੁਰੂ ਅਕਾਲ ਪੁਰਖ ਦੇ ਚਰਨਾਂ 'ਚ ਜਾ ਬਿਰਾਜੇ। ਗੁਰੂ ਨਾਨਕ ਦੇ ਘਰ ਦੇ ਦੱਸੇ ਹੋਏ ਮਾਰਗ ਉਪਰ ਚਲਦੇ ਹੋਏ ਉਹਨਾਂ ਨੇ ਆਪਣੇ ਮੌਜੂਦਾ ਸ਼ਹਿਰ ਫਰੀਜਨੋ ਵਿਖੇ ਆਖਰੀ ਫਤਿਹ ਬੁਲਾਈ। ਉਹਨਾਂ ਦਾ ਪਿਛਲਾ ਪਿੰਡ ਨਗੱਜਾ ਜ਼ਿਲ੍ਹਾ ਜਲੰਧਰ ਸੀ ਅਤੇ ਇਸ ਸਮੇਂ ਗਦਰੀ ਬਾਬਿਆਂ ਦੀ ਧਰਤੀ ਕੈਲੀਫੋਰਨੀਆ ਵਿਖੇ ਪਿਛਲੇ 40 ਸਾਲ ਤੋਂ ਰਹਿ ਰਹੇ ਸਨ। ਉਹਨਾਂ ਦੇ ਅਕਾਲ ਚਲਾਣੇ ਉਪਰ ਅਸੀਂ **ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਯੂਐਸਏ** ਵਲੋਂ ਸਮਾਜ ਸੇਵਕਾਂ, ਸਮੂਹ ਖੇਡ ਕਲੱਬਾਂ, ਖਿਡਾਰੀਆਂ, ਖੇਡ ਪ੍ਰੇਮੀਆਂ, ਗੁਰੂਘਰਾਂ ਦੀਆਂ ਪ੍ਰਬੰਧਕ ਕਮੇਟੀਆਂ, ਪ੍ਰਵਾਰਕ ਮੈਬਰਾਂ ਸੱਜਣਾਂ ਅਤੇ ਸੁਨੇਹੀਆਂ ਵਲੋਂ ਅਰਦਾਸ ਕਰਦੇ ਹਾਂ ਕਿ ਅਕਾਲ ਪੁਰਖ ਉਨ੍ਹਾਂ ਨੂੰ ਆਪਣੇ ਚਰਨਾਂ 'ਚ ਨਿਵਾਸ ਬਖਸ਼ੇ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

## ਪ੍ਰਵਾਰ ਨਾਲ ਦੁੱਖ ਸਾਂਝਾਂ ਕਰਨ ਲਈ : (559) 302-7061

**FUNERAL**

FEBRUARY 7, 2025 AT 11.00 AM - 1.00 PM
SANT BHAVAN FUNERAL HOME
4800 E. CLAYTON AVE, FOWLER, CA 93625

**ANTIM ARDAAS**

SKH CENTER OF THE PACIFIC COAST
2211 S. HIGHLAND AVE, SELMA, CA 93662

# ਕੈਲੀਫੋਰਨੀਆ ਕਬੱਡੀ ਫੈਡਰੇਸ਼ਨ USA



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਏ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

**(ਪਿਛਲੇ ਅੰਕ ਦੀ ਬਾਕੀ)**

8. ਉਮੀਦਵਾਰ ਸ੍ਰ. ਅਵਤਾਰ ਸਿੰਘ ਜੀ ਬਾਰ-ਐਟ-ਲਾਅ (ਕੋਇਟਾ) ਤਜਵੀਜ਼ ਕਰਤਾ ਸ੍ਰ. ਬਲਬੀਰ ਸਿੰਘ ਵਕੀਲ ਸਰਗੋਧਾ ਤਾਈਦ ਕਰਤਾ ਸ੍ਰ. ਗਰਜਾ ਸਿੰਘ ਕੋਠਾ ਪ੍ਰਧਾਨ ਸਿੰਘ (ਸਿਆਲਕੋਟ)

9. ਉਮੀਦਵਾਰ ਸ੍ਰ. ਦਲੇਲ ਸਿੰਘ ਫਗਵਾੜਾ (ਕਪੂਰਥਲਾ) ਤਜਵੀਜ਼ ਕਰਤਾ ਸ੍ਰ. ਬਖ਼ਸ਼ੀਸ਼ ਸਿੰਘ ਜੀ ਜਲੰਧਰ ਤਾਈਦ ਕਰਤਾ ਸ੍ਰ. ਧੰਨਾ ਸਿੰਘ ਜਲੰਧਰ

10. ਉਮੀਦਵਾਰ ਸ੍ਰ. ਮਹਿੰਦਰ ਪਲੀਡਰ (ਰਿ. ਬਹਾਵਰਪੁਰ) ਤਜਵੀਜ਼ ਕਰਤਾ ਸ੍ਰ. ਸਰਦੂਲ ਸਿੰਘ ਅੰਮ੍ਰਿਤਸਰ ਸ਼ਹਿਰ ਤਾਈਦ ਕਰਤਾ ਸ. ਬ. ਸ. ਉਪਾਰ ਸਿੰਘ ਕਲਾਸਵਾਲ (ਸਿਆਲਕੋਟ)

11. ਉਮੀਦਵਾਰ ਸ੍ਰ. ਜਸਵੰਦ ਸਿੰਘ ਦਾਨੇਵਾਲ (ਰਿ. ਬਹਾਵਲਪੁਰ)ਤਜਵੀਜ਼ ਕਰਤਾ ਸ੍ਰ. ਪ੍ਰਤਾਪ ਸਿੰਘ ਕੈਰੋਂ, ਤਾਈਦ ਕਰਤਾ ਸ੍ਰ. ਫੁੰਮਣ ਸਿੰਘ ਅਜੀਤ

12. ਉਮੀਦਵਾਰ ਸ੍ਰ. ਲੱਖਾ ਸਿੰਘ ਸਪੁੱਤਰ ਸ੍ਰ. ਬੂਟਾ ਸਿੰਘ (ਪਟਿਆਲਾ) ਤਜਵੀਜ਼ ਕਰਤਾ ਸ੍ਰ. ਧਨਰਾਜ ਸਿੰਘ ਲਧਰਾਂਹ ਲੁਧਿਆਣਾ, ਤਾਈਦ ਕਰਤਾ ਸ੍ਰ. ਨਰੈਣ ਸਿੰਘ ਧੂਲ ਕੋਟ ਕਲਾਂ (ਮੋਗਾ) ਫਿਰੋਜ਼ਪੁਰ

13. ਉਮੀਦਵਾਰ ਸ੍ਰ. ਬਸੰਤ ਸਿੰਘ ਭੱਠਲ (ਪਟਿਆਲਾ), ਤਜਵੀਜ਼ ਕਰਤਾ ਸ੍ਰ. ਸੋਭਾ ਸਿੰਘ ਕਾਉਂਕੇ (ਲੁਧਿਆਣਾ), ਤਾਈਦ ਕਰਤਾ ਸ੍ਰ. ਮਾਨ ਸਿੰਘ ਚੱਕ (ਸ਼ੇਖੂਪੁਰਾ)

14. ਉਮੀਦਵਾਰ ਸ. ਬ. ਭਗਤ ਸਿੰਘ ਜੀ ਰਿਟਾਇਰਡ ਸੀਨੀਅਰ ਬਰੇਲੀ (ਯੂ.ਪੀ.) ਤਜਵੀਜ਼ ਕਰਤਾ ਬਾਵਾ ਹਰਿਕਿਸ਼ਨ ਸਿੰਘ ਗੁੱਜਰਾਂਵਾਲਾ ਸ਼ਹਿਰ, ਤਾਈਦ ਕਰਤਾ : ਸ੍ਰ. ਭਾਗ ਸਿੰਘ ਵਕੀਲ ਗੁਰਦਾਸਪੁਰ

15. ਉਮੀਦਵਾਰ ਸ੍ਰ. ਮੰਗਲ ਸਿੰਘ ਐਮ.ਐਲ.ਏ. (ਦੇਹਲੀ) ਤਜਵੀਜ਼ ਕਰਤਾ : ਸ੍ਰ. ਜਾਤਾ ਸਿੰਘ ਅੰਬਾਲਾ, ਤਾਈਦ ਕਰਤਾ : ਸ੍ਰ. ਚੈਂਚਲ ਸਿੰਘ ਖ਼ਾਲਸਾ ਬਰਾਦਰ, ਚੱਕ ਕਲਾਂ, ਜ਼ਿਲ੍ਹਾ ਜਲੰਧਰ

16. ਉਮੀਦਵਾਰ ਸ੍ਰ. ਕਰਤਾਰ ਸਿੰਘ (ਪਟਿਆਲਾ) ਤਜਵੀਜ਼ ਕਰਤਾ : ਸ੍ਰ. ਸ਼ੇਰ ਸਿੰਘ ਨੀਲਾਂਵਾਲੀ ਜ਼ਿਲ੍ਹਾ ਹਿਸਾਰ, ਤਾਈਦ ਕਰਤਾ : ਸ੍ਰ. ਹਜ਼ੂਰਾ ਸਿੰਘ ਘੱਲ ਕਲਾਂ ਜ਼ਿਲ੍ਹਾ ਫਿਰੋਜ਼ਪੁਰ

17. ਉਮੀਦਵਾਰ ਸ੍ਰ. ਨੰਦ ਸਿੰਘ ਸ਼ਾਹ (ਪੁਣਛ) ਤਜਵੀਜ਼ ਕਰਤਾ : ਗਿ. ਗੁਰਮੁਖ ਸਿੰਘ ਮੁਸਾਫ਼ਰ (ਸ਼. ਸਿੱ.ਮਿ. ਕਾਲਜ, ਅੰਮ੍ਰਿਤਸਰ) (ਗੁਰਦੁਆਰਾ ਗੁ., ਅੰਮ੍ਰਿਤਸਰ (51) ਮਈ 1936) ਤਾਈਦ ਕਰਤਾ : ਸ੍ਰ. ਮੇਲਾ ਸਿੰਘ ਮਾਛੀ ਬੁਗਰਾ ਜ਼ਿਲ੍ਹਾ ਫਿਰੋਜ਼ਪੁਰ




18. ਉਮੀਦਵਾਰ ਸ੍ਰ. ਚਰਨ ਸਿੰਘ ਤੁੰਗ ਪਿੰਡ ਵਡਾਲਾ ਚੋਰਾਂ, ਤਜਵੀਜ਼ ਕਰਤਾ : ਸ੍ਰ. ਗੋਹਲ ਸਿੰਘ, ਤਾਈਦ ਕਰਤਾ ਸ੍ਰ. ਇੰਦਰ ਸਿੰਘ ਚੰਕ ਨੰ. 105-15 ਐਲ. ਮੁਲਤਾਨ।

19. ਉਮੀਦਵਾਰ ਸ੍ਰ. ਉਜਾਗਰ ਸਿੰਘ ਆੜ੍ਹਤੀ ਕੋਟਕਪੂਰਾ ਫਰੀਦਕੋਟ, ਤਜਵੀਜ਼ ਕਰਤਾ ਸ੍ਰ. ਸੁੱਚਾ ਸਿੰਘ ਰੋਡਾ, ਜ਼ਿਲ੍ਹਾ ਫਿਰੋਜ਼ਪੁਰ, ਤਾਈਦ ਕਰਤਾ ਸ੍ਰ. ਮੋਹਨ ਸਿੰਘ ਬਰਾਹਾਰ ਡਾਕਘਰ ਬਾਰੂਵਾਲੀ ਜ਼ਿਲ੍ਹਾ ਫਿਰੋਜ਼ਪੁਰ।

20. ਉਮੀਦਵਾਰ ਮਾ. ਸੁਜਾਨ ਸਿੰਘ ਸਰਹਾਲੀ ਕਲਾਂ (ਪੰਜਾਬ), ਤਜਵੀਜ਼ ਕਰਤਾ ਸ੍ਰ. ਸੰਤਾ ਸਿੰਘ ਸੁਲਤਾਨਵਿੰਡ, ਤਾਈਦ ਕਰਤਾ : ਸ੍ਰ. ਈਸ਼ਰ ਸਿੰਘ ਜੀ ਮਰਹਾਨਾ, ਜ਼ਿਲ੍ਹਾ ਅੰਮ੍ਰਿਤਸਰ।

21. ਉਮੀਦਵਾਰ ਸ੍ਰ. ਕਿਸ਼ਨ ਸਿੰਘ ਜੀ ਬਗਲਿਆਂ ਵਾਲੀ ਬੀਕਾਨੇਰ (ਲੁਧਿਆਣਾ), ਤਜਵੀਜ਼ ਕਰਤਾ ਸ੍ਰ. ਸੁੱਚਾ ਸਿੰਘ, ਚੱਕ ਡਾਕਘਰ, ਮੁੱਲਾਂਪੁਰ, ਤਾਈਦ ਕਰਤਾ ਸ੍ਰ. ਵਰਿਆਮ ਸਿੰਘ ਜੀ ਰੂਪੋਵਾਲ (ਹੁਸ਼ਿਆਰਪੁਰ)

ਇਸ ਤੋਂ ਉਪਰੰਤ ਇਕੱਤਰਾ ਢਾਈ ਵਜੇ ਦੁਪਹਿਰ ਤੋਂ ਬਾਅਦ ਹੋਣ ਲਈ ਮੁਲਤਵੀ ਕੀਤੀ ਗਈ।

ਮੁਲਤਵੀ ਹੋਈ 2 ਇਕੱਤਰਤਾ ਬੈਲਟ ਪੇਪਰਾਂ ਦੇ ਛਪਣ ਵਿਚ ਦੇਰ ਲੱਗ ਜਾਣ ਕਰਕੇ ਢਾਈ ਵਜੇ ਦੀ ਥਾਂ ਸਾਢੇ ਤਿੰਨ ਵਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਸ੍ਰ. ਪ੍ਰਤਾਪ ਸਿੰਘ ਦੀ ਪ੍ਰਧਾਨਗੀ ਹੇਠ ਮੁੜ ਆਰੰਭ ਹੋਈ। ਜਥੇਦਾਰ ਪ੍ਰਤਾਪ ਸਿੰਘ ਜੀ ਕੇਸਗੜ੍ਹ ਸਾਹਿਬ ਵਾਲਿਆਂ ਨੇ ਆਰੰਭ ਦਾ ਅਰਦਾਸਾ ਸੋਧਿਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹੁਕਮ ਲਿਆ ਗਿਆ, ਜਿਸ ਦੀ ਪਹਿਲੀ ਤੁਕ ਇਹ ਹੈ :

ਬਿਲਾਵਲ ਮਹਲਾ ਪੰਜਵਾਂ
ਸਾਧ ਸੰਗਤਿ ਕੈ ਬਾਸਬੈ ਕਲਮਲ ਸਭਿ ਨਸਨਾ॥
ਪ੍ਰਭ ਸੇਤੀ ਰੰਗ ਰਤਿਆ ਤਾਤੇ ਗਰਭਿ ਨ ਗ੍ਰਸਨਾ॥

ਸਾਰੇ ਹਾਜ਼ਰ ਮੈਂਬਰਾਂ ਨੂੰ ਬੈਲਟ ਪੇਪਰ ਵੰਡਣ ਉਪਰੰਤ ਨਿਯਮਾਂ ਮੁਤਾਬਿਕ ਪਰਚੀਆਂ ਬੰਦ ਸੰਦੂਕੜੀ ਵਿਚ ਪਵਾਈਆਂ ਗਈਆਂ ਅਤੇ ਇਕੱਤਰਤਾ ਚੋਣ ਦਾ ਨਤੀਜਾ ਸੁਣਾਉਣ ਲਈ ਅਗਲੇ ਦਿਨ ਸ਼ਾਮ 6 ਵਜੇ ਤੱਕ ਮੁਲਤਵੀ ਕੀਤੀ ਗਈ।

**(ਚਲਦਾ)**




# ਕੁੱਝ ਲੋਕ ਬੋਲ ਰਹੇ ਨੇ 'ਸ਼ਹਿਰੀ ਨਕਸਲੀਆਂ' ਦੀ ਭਾਸ਼ਾ: ਨਰਿੰਦਰ ਮੋਦੀ

## ਰਾਹੁਲ ਗਾਂਧੀ 'ਤੇ ਵਿਅੰਗ ਕੱਸਿਆ; ਵਿਰੋਧੀ ਧਿਰ ਦੇ ਨੇਤਾ 'ਤੇ ਮਨੋਰੰਜਨ ਲਈ ਝੌਂਪੜੀਆਂ 'ਚ ਫੋਟੋਆਂ ਖਿਚਵਾਉਣ ਦਾ ਦੋਸ਼; ਪ੍ਰਧਾਨ ਮੰਤਰੀ ਨੇ ਲੋਕ ਸਭਾ ਵਿੱਚ ਧੰਨਵਾਦੀ ਮਤੇ 'ਤੇ ਚਰਚਾ ਦਾ ਜਵਾਬ ਦਿੱਤਾ



ਨਵੀਂ ਦਿੱਲੀ : ਵਿਕਸਿਤ ਭਾਰਤ ਦਾ ਸੁਪਨਾ ਕੋਈ ਸਰਕਾਰੀ ਸੁਪਨਾ ਨਹੀਂ ਹੈ ਸਗੋਂ 140 ਕਰੋੜ ਭਾਰਤੀਆਂ ਦਾ ਸੁਪਨਾ ਹੈ। ਅਸੀਂ 2047, ਆਜ਼ਾਦੀ ਦੇ 100 ਸਾਲ ਪੂਰੇ ਹੋਣ ਮੌਕੇ ਤੱਕ ਵਿਕਸਿਤ ਭਾਰਤ ਬਣ ਕੇ ਰਹਾਂਗੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਨੂੰ ਲੋਕ ਸਭਾ 'ਚ ਰਾਸ਼ਟਰਪਤੀ ਦੇ ਭਾਸ਼ਨ 'ਤੇ ਧੰਨਵਾਦ ਮਤੇ 'ਤੇ ਹੋਈ ਚਰਚਾ ਦਾ ਜਵਾਬ ਦਿੰਦਿਆਂ ਉਕਤ ਸੰਕਲਪ ਦੁਹਰਾਇਆ। ਪ੍ਰਧਾਨ ਮੰਤਰੀ ਨੇ ਲੋਕ ਸਭਾ 'ਚ ਦਿੱਤੇ 1 ਘੰਟੇ 40 ਮਿੰਟ ਦੇ ਭਾਸ਼ਨ 'ਤੇ ਬਿਨਾਂ ਨਾਂਅ ਲਏ ਨਾ ਸਿਰਫ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ 'ਤੇ ਜੰਮ ਕੇ ਹਮਲੇ ਕੀਤੇ ਸਗੋਂ ਸਾਬਕਾ ਮਰਹੂਮ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ, ਰਾਜੀਵ ਗਾਂਧੀ ਨੂੰ ਵੀ ਆਪਣੇ ਨਿਸ਼ਾਨੇ 'ਤੇ ਲਿਆ। ਨਾਲ ਹੀ ਗਾਂਧੀ ਪਰਿਵਾਰ 'ਤੇ ਅਸਿੱਧਾ ਹਮਲਾ ਕਰਦਿਆਂ, ਇਕੋ ਹੀ ਸਮੇਂ 'ਤੇ ਸੰਸਦ ਦੇ ਦੋਹਾਂ ਸਦਨਾਂ 'ਚ ਉਨ੍ਹਾਂ ਦੇ ਪਰਿਵਾਰ ਦੇ ਤਿੰਨ ਮੈਂਬਰ – ਰਾਹੁਲ ਗਾਂਧੀ, ਸੋਨੀਆ ਗਾਂਧੀ ਅਤੇ ਪ੍ਰਿਅੰਕਾ ਗਾਂਧੀ ਹੋਣ 'ਤੇ ਵੀ ਤਨਜ਼ ਕੀਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਭਾਸ਼ਨ 'ਚ ਆਮ ਆਦਮੀ ਪਾਰਟੀ ਅਤੇ ਉਸ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਲੈ ਕੇ ਕਈ ਤਿੱਖੇ ਸ਼ਬਦੀ ਤੀਰ ਚਲਾਏ। ਦਿੱਲੀ ਵਿਧਾਨ ਸਭਾ ਚੋਣਾਂ ਤੋਂ ਇਕ ਦਿਨ ਪਹਿਲਾਂ ਸੰਸਦ 'ਚ ਦਿੱਤੇ ਭਾਸ਼ਨ 'ਚ ਮੋਦੀ ਨੇ 'ਆਪ' ਅਤੇ ਕੇਜਰੀਵਾਲ ਨੂੰ ਭਰਵੀਂ ਥਾਂ ਦਿੱਤੀ। ਹਾਲਾਂਕਿ ਰਵਾਇਤਨ ਉਨ੍ਹਾਂ ਦੇ ਨਿਸ਼ਾਨੇ 'ਤੇ ਰਹਿਣ ਵਾਲੀ ਕਾਂਗਰਸ ਨੂੰ ਵੀ ਉਨ੍ਹਾਂ ਭਾਸ਼ਨ 'ਚ ਸ਼ਾਮਿਲ ਰੱਖਿਆ, ਪਰ ਆਪ 'ਤੇ ਨੌਜਵਾਨਾਂ ਨੂੰ ਭਰਮਾਉਣ, ਆਯੁਸ਼ਮਾਨ ਯੋਜਨਾ ਲਾਗੂ ਨਾ ਕਰਨ ਦਾ ਦੋਸ਼ ਲਾਉਣ ਦੇ ਨਾਲ-ਨਾਲ ਦਿੱਲੀ ਚੋਣ ਪ੍ਰਚਾਰ 'ਚ ਸਭ ਤੋਂ ਵੱਧ ਵਰਤੇ ਜਾਣ ਵਾਲੇ ਸ਼ਬਦ ਸ਼ੀਸ਼ ਮਹਿਲ ਨੂੰ ਲੈ ਕੇ ਨਿਸ਼ਾਨਾ ਬਣਾਇਆ। ਮੋਦੀ ਨੇ ਕਿਹਾ ਕਿ ਕੁਝ ਪਾਰਟੀਆਂ ਨੌਜਵਾਨਾਂ ਨਾਲ ਧੋਖਾ ਕਰ ਰਹੀਆਂ ਹਨ ਕਿ ਇਹ ਭੱਤਾ ਦੇਣਗੇ, ਉਹ ਭੱਤਾ ਦੇਣਗੇ, ਪਰ ਪੂਰਾ ਨਹੀਂ ਕਰਦੇ। ਫਿਰ ਅੱਗੇ ਆਪ ਲਈ ਵਰਤੇ ਜਾਣ ਵਾਲਾ ਸ਼ਬਦ 'ਆਪਦਾ' ਇਸਤੇਮਾਲ ਕਰਦਿਆਂ ਕਿਹਾ ਕਿ ਇਹ ਪਾਰਟੀਆਂ ਨੌਜਵਾਨਾਂ ਦੇ ਭਵਿੱਖ 'ਤੇ 'ਆਪਦਾ' ਬਣ ਕੇ ਆਈਆਂ ਹਨ। ਪ੍ਰਧਾਨ ਮੰਤਰੀ ਨੇ ਦਿੱਲੀ ਸਰਕਾਰ 'ਤੇ ਆਯੁਸ਼ਮਾਨ ਯੋਜਨਾ ਦਾ ਹਿੱਸਾ ਨਾ ਬਣਨ ਦਾ ਦੋਸ਼ ਲਾਉਂਦਿਆਂ ਕਿਹਾ ਕਿ ਆਯੁਸ਼ਮਾਨ ਭਾਰਤ ਯੋਜਨਾ ਨਾਲ ਦੇਸ਼ ਦੇ ਗਰੀਬਾਂ ਦੇ 1 ਲੱਖ 20 ਹਜ਼ਾਰ ਕਰੋੜ ਰੁਪਏ ਬਣੇ ਹਨ, ਪਰ ਕੁਝ ਪਾਰਟੀਆਂ ਆਪਣੇ ਸਿਆਸੀ ਸੁਆਰਥ ਕਾਰਨ ਜਨਤਾ ਨੂੰ ਇਸ ਦਾ ਫਾਇਦਾ ਨਹੀਂ ਲੈਣ ਦੇ ਰਹੀਆਂ। ਮੋਦੀ ਨੇ ਭਾਸ਼ਨ ਦੇ ਸ਼ੁਰੂ 'ਚ ਹੀ 'ਸ਼ੀਸ਼ ਮਹਿਲ' ਦਾ ਅਸਿੱਧੇ ਢੰਗ ਨਾਲ ਜ਼ਿਕਰ ਕਰਦਿਆਂ ਕਿਹਾ ਕਿ ਅੱਜ ਕੱਲ੍ਹ ਮੀਡੀਆ ਅਤੇ ਸੋਸ਼ਲ ਮੀਡੀਆ 'ਚ ਕਾਫੀ ਚਰਚਾ ਹੈ ਕਿ ਕੁਝ ਲੋਕਾਂ ਦਾ ਧਿਆਨ ਘਰਾਂ 'ਚ ਜਕੂਜ਼ੀ ਤੇ ਸਟਾਈਲਿਸ਼ ਸ਼ਾਵਰ 'ਤੇ ਵਧੇਰੇ ਰਹਿੰਦਾ ਹੈ, ਜਦ ਕਿ ਸਾਡਾ (ਭਾਜਪਾ ਦਾ) ਫੋਕਸ 5 ਸਾਲਾਂ 'ਚ 12 ਕਰੋੜ ਘਰਾਂ 'ਚ ਪਾਣੀ ਪਹੁੰਚਾਉਣ 'ਤੇ ਰਿਹਾ। ਉਨ੍ਹਾਂ ਭਾਸ਼ਨ 'ਚ ਅੱਗੇ ਇਹ ਵੀ ਕਿਹਾ ਕਿ (ਉਨ੍ਹਾਂ ਦੇ ਕਾਰਜਕਾਲ 'ਚ) ਘੁਟਾਲੇ ਨਾ ਹੋਣ ਕਾਰਨ ਵੀ ਦੇਸ਼ ਦੇ ਲੱਖਾਂ ਕਰੋੜਾਂ ਰੁਪਏ ਬਚੇ ਹਨ, ਪਰ ਅਸੀਂ ਦੇਸ਼ ਨੂੰ ਹੋਈ ਇਸ ਬੱਚਤ ਦੇ ਪੈਸਿਆਂ ਦੀ ਵਰਤੋਂ ਸ਼ੀਸ਼ ਮਹਿਲ ਬਣਾਉਣ 'ਚ ਨਹੀਂ ਕੀਤੀ।

**ਅਸੀਂ ਸੰਵਿਧਾਨ ਦੇ ਜਜ਼ਬੇ ਨੂੰ ਜਿਊਂਦੇ ਹਾਂ-ਮੋਦੀ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲੰਮਾ ਚਿਰ ਸੰਵਿਧਾਨ ਨੂੰ ਫੋਕਸ 'ਚ ਰੱਖਦਿਆਂ ਨਾ ਸਿਰਫ ਇਹ ਦਾਅਵਾ ਕੀਤਾ ਕਿ ਉਹ (ਭਾਜਪਾ) ਸੰਵਿਧਾਨ ਦੇ ਜਜ਼ਬੇ ਨੂੰ ਜਿਉਂਦੇ ਹਨ, ਸਗੋਂ ਇਸ ਨੂੰ ਲੈ ਕੇ ਕਾਂਗਰਸ ਨੇਤਾ ਰਾਹੁਲ ਗਾਂਧੀ 'ਤੇ ਵੀ ਤਿੱਖੇ ਸ਼ਬਦੀ ਹਮਲੇ ਕੀਤੇ। ਮੋਦੀ ਨੇ ਕਿਹਾ ਕਿ ਸੰਵਿਧਾਨ ਨੂੰ ਮਜ਼ਬੂਤੀ ਦੇਣ ਲਈ ਸੰਵਿਧਾਨ ਦੀ ਭਾਵਨਾ ਨੂੰ ਜਿਉਣਾ ਪੈਂਦਾ ਹੈ। ਉਨ੍ਹਾਂ ਮਿਸਾਲ ਦਿੰਦਿਆਂ ਗੁਜਰਾਤ ਦੇ ਮੁੱਖ ਮੰਤਰੀ ਰਹਿੰਦਿਆਂ ਸੂਬੇ ਦੇ 50 ਸਾਲ ਪੂਰੇ ਹੋਣ ਮੌਕੇ ਉਸ ਵੇਲੇ ਤੱਕ ਦੇ ਸਾਰੇ ਰਾਜਪਾਲਾਂ ਦੇ ਭਾਸ਼ਨ ਦੀ ਕਿਤਾਬ ਬਣਾਉਣ ਦਾ ਜ਼ਿਕਰ ਕੀਤਾ। ਨਾਲ ਹੀ 2014 'ਚ ਕੋਈ ਵੀ ਰਜਿਸਟਰਡ ਵਿਰੋਧੀ ਧਿਰ ਨਾ ਹੋਣ ਦੇ ਬਾਵਜੂਦ ਕਾਂਗਰਸ ਨੂੰ ਸਭ ਤੋਂ ਵੱਡੀ ਪਾਰਟੀ ਹੋਣ ਕਾਰਨ ਮੀਟਿੰਗ ਸੱਦਣ ਦਾ ਵੀ ਜ਼ਿਕਰ ਕੀਤਾ। ਮੋਦੀ ਨੇ ਨਹਿਰੂ ਮਿਊਜ਼ੀਅਮ ਨੂੰ ਪੀ.ਐਮ. ਮਿਊਜ਼ੀਅਮ ਬਣਾਏ ਜਾਣ ਨੂੰ ਸੰਵਿਧਾਨ ਦੀ ਭਾਵਨਾ ਦੱਸਦਿਆਂ ਕਿਹਾ ਕਿ ਦਿੱਲੀ 'ਚ ਕਈ ਥਾਵਾਂ 'ਤੇ ਕੁਝ ਪਰਿਵਾਰਾਂ ਨੇ ਮਿਊਜ਼ੀਅਮ ਬਣਾ ਕੇ ਰੱਖੇ ਸਨ, ਪਰ ਅਸੀਂ ਪੀ.ਐਮ. ਮਿਊਜ਼ੀਅਮ ਬਣਾ ਕੇ ਹੁਣ ਤੱਕ ਦੇ ਸਾਰੇ ਪ੍ਰਧਾਨ ਮੰਤਰੀਆਂ ਨੂੰ ਉਸ 'ਚ ਥਾਂ ਦਿੱਤੀ। ਉਨ੍ਹਾਂ ਅੱਗੇ ਅਸਿੱਧੇ ਢੰਗ ਨਾਲ ਇਹ ਵੀ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀਆਂ ਦੇ ਪਰਿਵਾਰ ਨੂੰ ਜਾ ਕੇ ਵੇਖਣਾ ਚਾਹੀਦਾ ਹੈ ਜੇਕਰ ਕੁਝ ਕਮੀ ਹੈ ਤਾਂ ਸਰਕਾਰ ਨੂੰ ਦੱਸਣ, ਅਸੀਂ ਪੂਰਾ ਕਰਾਂਗੇ।

**ਅਸੀਂ ਜ਼ਹਿਰ ਦੀ ਸਿਆਸਤ ਨਹੀਂ ਕਰਦੇ :** ਪ੍ਰਧਾਨ ਮੰਤਰੀ ਨੇ ਕਾਂਗਰਸੀ ਨੇਤਾ ਰਾਹੁਲ ਗਾਂਧੀ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਅੱਜ ਕੱਲ੍ਹ ਕੁਝ ਲੋਕ ਅਰਬਨ ਨਕਸਲਵਾਦ ਦੀ ਭਾਸ਼ਾ ਬੋਲਦੇ ਹਨ ਅਤੇ ਇੰਡੀਅਨ ਸਟੇਟ ਦੇ ਸਾਹਮਣੇ ਮੋਰਚਾ ਖੋਲ੍ਹਦੇ ਹਨ। ਉਹ ਨਾ ਤਾਂ ਸੰਵਿਧਾਨ ਨੂੰ ਸਮਝਦੇ ਹਨ ਨਾ ਹੀ ਦੇਸ਼ ਦੀ ਏਕਤਾ ਨੂੰ। ਜ਼ਿਕਰਯੋਗ ਹੈ ਕਿ ਕਾਂਗਰਸ ਦੇ ਨਵੇਂ ਮੁੱਖ ਦਫਤਰ ਦੇ ਉਦਘਾਟਨ ਵੇਲੇ ਰਾਹੁਲ ਗਾਂਧੀ ਨੇ ਭਾਸ਼ਨ ਦਿੰਦਿਆਂ ਕਿਹਾ ਸੀ ਕਿ ਕਾਂਗਰਸ ਦਾ ਮੁਕਾਬਲਾ ਇੰਡੀਅਨ ਸਟੇਟ ਦੇ ਨਾਲ ਹੈ। ਮੋਦੀ ਨੇ ਇਹ ਵੀ ਕਿਹਾ ਕਿ ਅਸੀਂ ਜ਼ਹਿਰ ਦੀ ਸਿਆਸਤ ਨਹੀਂ ਕਰਦੇ। ਉਨ੍ਹਾਂ ਕਿਹਾ ਕਿ ਭਾਜਪਾ ਨੇ ਸਰਦਾਰ ਪਟੇਲ ਦਾ ਦੁਨੀਆ 'ਚ ਸਭ ਤੋਂ ਉੱਚਾ ਬੁੱਤ ਬਣਾਇਆ ਜਦਕਿ ਉਹ ਨਾ ਤਾਂ ਭਾਜਪਾ ਦੇ ਸਨ ਨਾ ਹੀ ਜਨਸੰਘ ਦੇ। ਭਾਜਪਾ ਨੂੰ ਸੰਵਿਧਾਨ ਪੱਖੀ ਦੱਸਦਿਆਂ ਉਨ੍ਹਾਂ ਅੱਗੇ ਇਹ ਵੀ ਕਿਹਾ ਕਿ ਜੋ ਲੋਕ ਸੰਵਿਧਾਨ ਜੇਬ 'ਚ ਲੈ ਕੇ ਜਿਉਂਦੇ ਹਨ ਉਨ੍ਹਾਂ ਨੇ ਮੁਸਲਮਾਨ ਔਰਤਾਂ 'ਤੇ ਜ਼ੁਲਮ ਕੀਤਾ ਜਦਕਿ ਭਾਜਪਾ ਨੇ ਉਨ੍ਹਾਂ ਨੂੰ ਤਿੰਨ ਤਲਾਕ ਤੋਂ ਮੁਕਤੀ ਦਿਵਾਈ।

**ਗਾਂਧੀ ਪਰਿਵਾਰ ਦੇ ਤਿੰਨ ਸੰਸਦ ਮੈਂਬਰ ਹੋਣ 'ਤੇ ਕੀਤਾ ਤਨਜ਼ :** ਪ੍ਰਧਾਨ ਮੰਤਰੀ ਨੇ ਸਦਨ 'ਚ ਗਾਂਧੀ ਪਰਿਵਾਰ ਦੇ ਤਿੰਨ ਸੰਸਦ ਮੈਂਬਰ ਸੋਨੀਆ ਗਾਂਧੀ (ਰਾਜ ਸਭਾ), ਰਾਹੁਲ ਅਤੇ ਪ੍ਰਿਅੰਕਾ ਗਾਂਧੀ (ਲੋਕ ਸਭਾ) ਹੋਣ 'ਤੇ ਤਨਜ਼ ਕਰਦਿਆਂ ਕਿਹਾ ਕਿ ਕਿਸੇ ਨੇ ਇਕੋ ਹੀ ਸਮੇਂ ਤੇ ਪੱਟੀਦਰਜ ਜਾਤ ਜਾਂ ਪੱਟੀਦਰਜ ਕਬੀਲੇ ਦੇ ਕੋਈ 3 ਮੈਂਬਰ ਸੰਸਦ 'ਚ ਵੇਖੇ ਹਨ। ਉਨ੍ਹਾਂ ਬਿਨਾਂ ਨਾਂਅ ਲਏ ਇਹ ਤਨਜ਼ ਕਰਦਿਆਂ ਕਿਹਾ ਕਿ ਕੁਝ ਲੋਕਾਂ ਦੇ ਕਹਿਣ ਅਤੇ ਬਰਤਾਵ 'ਚ ਫਰਕ ਹੁੰਦਾ ਹੈ। ਉਨ੍ਹਾਂ ਰਾਹੁਲ ਗਾਂਧੀ ਵਲੋਂ ਜਾਤ ਆਧਾਰਤ ਮਰਦਮਸ਼ੁਮਾਰੀ ਦੀ ਮੰਗ ਨੂੰ ਵੀ ਫੈਸ਼ਨ ਕਹਿ ਕੇ ਤਨਜ਼ ਕਰਦਿਆਂ ਮੈਡੀਕਲ ਕਾਲਜਾਂ 'ਚ ਐਸ.ਸੀ., ਐਸ.ਟੀ. ਅਤੇ ਓ.ਬੀ.ਸੀ. ਵਿਦਿਆਰਥੀਆਂ ਦੀ ਵਧੀ ਗਿਣਤੀ ਨੂੰ ਸਰਕਾਰ ਦੀ ਪ੍ਰਾਪਤੀ ਦੱਸਿਆ।

**ਵਿਦੇਸ਼ ਨੀਤੀ 'ਤੇ ਵੀ ਰਾਹੁਲ ਗਾਂਧੀ ਨੂੰ ਘੇਰਿਆ**

ਰਾਹੁਲ ਗਾਂਧੀ ਵਲੋਂ ਸੋਮਵਾਰ ਨੂੰ ਦਿੱਤੇ ਭਾਸ਼ਨ 'ਚ ਵਿਦੇਸ਼ ਨੀਤੀ ਦੀ ਨੁਕਤਾਚੀਨੀ ਕੀਤੇ ਜਾਣ ਅਤੇ ਅਮਰੀਕੀ ਰਾਸ਼ਟਰਪਤੀ ਤੋਂ ਸੱਦਾ ਲੈਣ ਲਈ ਵਿਦੇਸ਼ ਮੰਤਰੀ ਨੂੰ ਅਮਰੀਕਾ ਭੇਜੇ ਜਾਣ ਦੇ ਦੋਸ਼ 'ਤੇ ਜਵਾਬੀ ਹਮਲਾ ਕਰਦਿਆਂ ਕਿਹਾ ਕਿ ਕੁਝ ਲੋਕਾਂ ਨੂੰ ਲੱਗਦਾ ਕਿ ਜਦੋਂ ਤੱਕ ਉਹ ਵਿਦੇਸ਼ ਨੀਤੀ ਨਹੀਂ ਦੇਖਣਗੇ ਤਾਂ ਗੰਭੀਰ ਨਹੀਂ ਲੱਗਣਗੇ। ਪ੍ਰਧਾਨ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੂੰ ਅਮਰੀਕਾ ਦੇ ਬਰੂਸ ਰੀਡਲ ਦੀ ਕਿਤਾਬ (ਜੇ. ਐਫ. ਕੇਜ਼ ਫਾਰਗੋਟਨ ਕਰਾਈਸਿਸ) ਪੜ੍ਹਨੀ ਚਾਹੀਦੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਸ ਕਿਤਾਬ 'ਚ ਪਤਾ ਲੱਗੇਗਾ ਕਿ ਜਦੋਂ ਦੇਸ਼ ਚੁਣੌਤੀਆਂ ਨਾਲ ਜੂਝ ਰਿਹਾ ਸੀ ਤਾਂ ਪੰਡਤ ਜਵਾਹਰ ਲਾਲ ਨਹਿਰੂ ਨੇ ਦੇਸ਼ ਦੀ ਸੁਰੱਖਿਆ ਨਾਲ ਕੀ ਕੀਤਾ ਸੀ। ਹਾਲਾਂਕਿ ਪ੍ਰਧਾਨ ਮੰਤਰੀ ਦੀ ਇਸ ਕਿਤਾਬ ਪੜ੍ਹਨ ਦੀ ਸਿਫਾਰਸ਼ 'ਤੇ ਕਾਂਗਰਸੀ ਸੰਸਦ ਮੈਂਬਰ ਸ਼ਸ਼ੀ ਥਰੂਰ ਨੇ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਉਨ੍ਹਾਂ ਇਹ ਕਿਤਾਬ 7 ਸਾਲ ਪਹਿਲਾਂ ਪੜ੍ਹੀ ਸੀ। ਇਸ 'ਚ ਕਿਹਾ ਕਿ 1962 'ਚ ਭਾਰਤ ਚੀਨ ਦੀ ਜੰਗ ਦੌਰਾਨ ਅਸੀਂ ਮਦਦ ਮੰਗੀ ਸੀ। ਅਮਰੀਕਾ ਨੇ ਮਦਦ ਕੀਤੀ ਸੀ। ਉਨ੍ਹਾਂ ਕਿਹਾ ਕਿ ਉਹ ਨਹੀਂ ਸਮਝੇ ਕਿ ਪ੍ਰਧਾਨ ਮੰਤਰੀ ਨੇ ਇਸ ਦਾ ਜ਼ਿਕਰ ਕਿਉਂ ਕੀਤਾ ਅਤੇ ਇਸ ਦਾ ਰਾਸ਼ਟਰਪਤੀ ਦੇ ਭਾਸ਼ਨ ਨਾਲ ਕੀ ਲੈਣਾ ਦੇਣਾ ਹੈ?

**ਸੋਨੀਆ ਗਾਂਧੀ ਵਲੋਂ ਕੀਤੀ ਟਿੱਪਣੀ ਦਾ ਵੀ ਜ਼ਿਕਰ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਭਾਸ਼ਨ 'ਚ ਸੋਨੀਆ ਗਾਂਧੀ ਵਲੋਂ ਰਾਸ਼ਟਰਪਤੀ ਦਰੋਪਦੀ ਮੁਰਮੂ ਲਈ ਕੀਤੀ ਵਿਵਾਦਿਤ ਟਿੱਪਣੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਕ ਔਰਤ ਅਤੇ ਗਰੀਬ ਆਦਿਵਾਸੀ ਪਰਿਵਾਰ ਦੀ ਬੇਟੀ ਜੋ ਰਾਸ਼ਟਰਪਤੀ ਦੇ ਅਹੁਦੇ 'ਤੇ ਹਨ, ਦਾ ਕੁਝ ਲੋਕ ਸਨਮਾਨ ਨਹੀਂ ਕਰਦੇ ਸਗੋਂ ਉਨ੍ਹਾਂ ਦਾ ਅਪਮਾਨ ਕਰਦੇ ਹਨ, ਪਰ ਅੱਜ ਭਾਰਤ ਔਰਤ ਦੀ ਅਗਵਾਈ ਹੇਠ ਵਿਕਾਸ ਦੇ ਮੰਤਰ ਨਾਲ ਅੱਗੇ ਵਧ ਰਿਹਾ ਹੈ।

# ਪ੍ਰਧਾਨ ਮੰਤਰੀ ਮੋਦੀ ਨੇ ਸਿੱਖਾਂ ਲਈ ਜੋ ਕੀਤਾ ਉਹ ਕਿਸੇ ਹੋਰ ਨੇ ਨਹੀਂ ਕੀਤਾ : ਲਾਲਪੁਰਾ

## ਭਾਰਤ ਘੱਟ ਗਿਣਤੀਆਂ ਲਈ ਸਵਰਗ

ਨਵੀਂ ਦਿੱਲੀ : ਰਾਸ਼ਟਰੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਅੱਜ ਕਿਹਾ ਕਿ ਭਾਰਤ ਘੱਟ ਗਿਣਤੀਆਂ ਲਈ 'ਸਵਰਗ' ਹੈ ਅਤੇ ਸਿੱਖ ਭਾਈਚਾਰਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪਿਛਲੇ 10 ਸਾਲਾਂ 'ਚ ਸਿੱਖ ਭਾਈਚਾਰੇ ਲਈ ਕੀਤੇ ਗਏ ਕੰਮਾਂ ਲਈ ਉਨ੍ਹਾਂ ਨੂੰ 'ਮਸੀਹਾ' ਮੰਨਦੇ ਹਨ। ਇਸ ਮੌਕੇ ਉਨ੍ਹਾਂ ਕਿਹਾ ਕਿ ਭਾਰਤ ਘੱਟ ਗਿਣਤੀਆਂ ਲਈ ਸਵਰਗ ਹੈ। ਉਨ੍ਹਾਂ ਕਿਹਾ ਕਿ ਸਾਨੂੰ ਘੱਟ ਗਿਣਤੀਆਂ ਨੇ ਚਾਰ ਵਾਰ ਰਾਸ਼ਟਰਪਤੀ ਅਤੇ ਇਕ ਵਾਰ ਪ੍ਰਧਾਨ ਮੰਤਰੀ ਦਾ ਅਹੁਦਾ ਦਿੱਤਾ ਗਿਆ ਹੈ। ਲਾਲਪੁਰਾ ਨੇ ਇਸ ਦੌਰਾਨ ਇਹ ਵੀ ਦਾਅਵਾ ਕੀਤਾ ਕਿ ਸਿੱਖ ਪ੍ਰਧਾਨ ਮੰਤਰੀ ਮੋਦੀ ਤੋਂ ਬਹੁਤ ਖੁਸ਼ ਹਨ ਕਿਉਂਕਿ ਉਨ੍ਹਾਂ ਨੇ ਪਿਛਲੇ 10 ਸਾਲਾਂ ਵਿਚ ਭਾਈਚਾਰੇ ਲਈ ਜੋ ਕੀਤਾ ਹੈ, ਪਹਿਲਾਂ ਕਿਸੇ ਨੇ ਅਜਿਹਾ ਕਰਨ ਬਾਰੇ ਸੋਚਿਆ ਵੀ ਨਹੀਂ ਸੀ। ਉਨ੍ਹਾਂ ਨੇ ਕਰਤਾਰਪੁਰ ਸਾਹਿਬ ਲਾਂਘੇ ਦੀ ਸਹੂਲਤ ਦਿਵਾਈ, ਵੀਰ ਬਾਲ ਦਿਵਸ ਮਨਾਇਆ ਜਾ ਰਿਹਾ ਹੈ। ਪ੍ਰਧਾਨ ਮੰਤਰੀ ਨੇ ਸਿੱਖਾਂ ਦੇ ਇਤਿਹਾਸ ਦਾ ਖਿਆਲ ਰੱਖਿਆ ਹੈ ਅਤੇ ਲਾਲ ਕਿਲ੍ਹੇ ਤੋਂ ਗੁਰੂ ਤੇਗ ਬਹਾਦਰ ਜੀ ਦੀ 400ਵੀਂ ਜਨਮ ਸ਼ਤਾਬਦੀ ਮਨਾਈ ਹੈ। ਮੌਜੂਦਾ ਸਰਕਾਰ ਸਿੱਖ ਭਾਈਚਾਰੇ ਦੇ ਸਾਰੇ ਮੁੱਦਿਆਂ ਨੂੰ ਸੁਲਝਾਉਣ ਲਈ ਇਹੀ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਿੱਖ ਭਾਈਚਾਰਾ ਮੋਦੀ ਜੀ ਨੂੰ ਪਿਆਰ ਕਰਦਾ ਹੈ ਅਤੇ ਮੈਂ ਉਨ੍ਹਾਂ ਨੂੰ ਮਸੀਹਾ ਕਹਿੰਦਾ ਹਾਂ। ਮੈਂ ਸਿੱਖਾਂ ਲਈ ਪ੍ਰਧਾਨ ਮੰਤਰੀ ਮੋਦੀ ਵਲੋਂ ਪਾਏ ਯੋਗਦਾਨ 'ਤੇ ਇਕ ਕਿਤਾਬ ਲਿਖ ਰਿਹਾ ਸੀ ਅਤੇ ਮੈਂ 'ਮਸੀਹਾ' ਸ਼ਬਦ ਦੀ ਵਰਤੋਂ ਕਰਨਾ ਚਾਹੁੰਦਾ ਸੀ, ਪਰ ਮੋਦੀ ਜੀ ਨੇ ਮੈਨੂੰ ਅਜਿਹਾ ਕਰਨ ਤੋਂ ਰੋਕ ਦਿੱਤਾ ਅਤੇ ਕਿਹਾ ਕਿ 'ਮੈਂ ਮਸੀਹਾ ਨਹੀਂ ਹਾਂ'। ਫਿਰ ਮੈਨੂੰ 'ਸੇਵਕ' ਸ਼ਬਦ ਦੀ ਵਰਤੋਂ ਕਰਨੀ ਪਈ।




# ਸਤਨਾਮ ਸਿੰਘ ਸੰਧੂ ਨੇ ਰਾਜ ਸਭਾ 'ਚ ਖੇਤਰੀ ਬੋਲੀਆਂ ਦਾ ਮੁੱਦਾ ਚੁੱਕਿਆ

ਨਵੀਂ ਦਿੱਲੀ : ਸੰਸਦ ਮੈਂਬਰ ਸਤਨਾਮ ਸਿੰਘ ਸੰਧੂ ਨੇ ਰਾਜ ਸਭਾ 'ਚ ਭਾਰਤ ਦੀਆਂ ਵਿਭਿੰਨ ਭਾਸ਼ਾਵਾਂ ਅਤੇ ਖੇਤਰੀ ਬੋਲੀਆਂ ਨੂੰ ਸੁਰੱਖਿਅਤ ਰੱਖਣ ਦਾ ਮੁੱਦਾ ਚੁੱਕਿਆ, ਜੋ ਕਿ ਅਲੋਪ ਹੋਣ ਦੇ ਕੰਢੇ 'ਤੇ ਹਨ। ਬਜਟ ਇਜਲਾਸ ਦੌਰਾਨ ਇਹ ਮੁੱਦਾ ਚੁਕਦਿਆਂ ਸੰਸਦ ਮੈਂਬਰ ਸੰਧੂ ਨੇ ਕਿਹਾ ਕਿ ਭਾਰਤ ਇਕ ਅਜਿਹਾ ਦੇਸ਼ ਸੀ ਜਿੱਥੇ ਵੱਖ-ਵੱਖ ਖੇਤਰਾਂ ਦੇ ਲੋਕਾਂ ਵਲੋਂ 120 ਤੋਂ ਵੱਧ ਭਾਸ਼ਾਵਾਂ ਅਤੇ 270 ਮਾਤ ਭਾਸ਼ਾਵਾਂ ਦਾ ਅਭਿਆਸ ਕੀਤਾ ਜਾਂਦਾ ਸੀ। ਇਸ ਤੋਂ ਇਲਾਵਾ 19,500 ਖੇਤਰੀ ਬੋਲੀਆਂ ਸਨ, ਜਿਨ੍ਹਾਂ ਦੀ ਵਰਤੋਂ ਲੋਕ, ਸੰਚਾਰ ਲਈ ਕਰਦੇ ਸਨ ਪਰ ਹਿੰਦੀ, ਪੰਜਾਬੀ, ਤਾਮਿਲ, ਬੰਗਾਲੀ ਵਰਗੀਆਂ ਪ੍ਰਮੁੱਖ ਭਾਰਤੀ ਭਾਸ਼ਾਵਾਂ ਦੇ ਮਾਨਵੀਕਰਨ ਕਾਰਨ, ਜ਼ਿਆਦਾਤਰ ਖੇਤਰੀ ਬੋਲੀਆਂ ਤੇ ਮਾਤ ਭਾਸ਼ਾਵਾਂ ਅੱਜ ਅਲੋਪ ਹੋਣ ਦੇ ਖ਼ਤਰੇ ਦਾ ਸਾਹਮਣਾ ਕਰ ਰਹੀਆਂ ਹਨ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਭਾਰਤੀ ਭਾਸ਼ਾਵਾਂ ਅਤੇ ਖੇਤਰੀ ਬੋਲੀਆਂ ਦੇ ਸ਼ਬਦ-ਕੋਸ਼ ਦੇ ਪ੍ਰਕਾਸ਼ਨ, ਭਾਰਤੀ ਖੇਤਰੀ ਬੋਲੀਆਂ ਅਤੇ ਉਪਭਾਸ਼ਾਵਾਂ 'ਚ ਲਿਖੇ ਸਾਹਿਤ ਦੇ ਡਿਜੀਟਲਾਈਜ਼ੇਸ਼ਨ 'ਤੇ ਕੰਮ ਸ਼ੁਰੂ ਕੀਤਾ ਜਾਵੇ ਜੋ ਕਿ ਅਲੋਪ ਹੋਣ ਦੇ ਖ਼ਤਰੇ 'ਚ ਹਨ।



# ਡਾ. ਵਿਕਰਮਜੀਤ ਸਿੰਘ ਸਾਹਨੀ ਵੱਲੋਂ ਰੁਜ਼ਗਾਰ ਤੇ ਰੋਜ਼ੀ-ਰੋਟੀ ਲਈ ਵੱਖਰੇ ਮੰਤਰਾਲੇ ਦੀ ਮੰਗ

ਨਵੀਂ ਦਿੱਲੀ : ਰਾਜ ਸਭਾ ਮੈਂਬਰ ਡਾ. ਵਿਕਰਮਜੀਤ ਸਿੰਘ ਸਾਹਨੀ ਨੇ ਆਰਥਿਕ ਵਿਕਾਸ ਦੇ ਉਦੇਸ਼ ਨਾਲ ਸਰਕਾਰੀ ਪਹਿਲਕਦਮੀਆਂ ਦੇ ਬਾਵਜੂਦ ਦੇਸ਼ ਵਿੱਚ ਬੇਰੁਜ਼ਗਾਰੀ ਦੀ ਚਿੰਤਾਜਨਕ ਦਰ 'ਤੇ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਰੁਜ਼ਗਾਰ ਪੈਦਾ ਕਰਨ ਅਤੇ ਰੋਜ਼ੀ-ਰੋਟੀ ਲਈ ਵੱਖਰੇ ਮੰਤਰਾਲੇ ਦੀ ਮੰਗ ਕੀਤੀ। ਡਾ. ਸਾਹਨੀ ਨੇ ਕਿਹਾ ਕਿ ਆਈਆਈਟੀ ਅਤੇ ਐੱਨਆਈਟੀ ਭਾਰਤ ਦੇ ਪ੍ਰਮੁੱਖ ਸੰਸਥਾਨ ਹਨ। ਇਹ ਚਿੰਤਾਜਨਕ ਹੈ ਕਿ ਪਿਛਲੇ ਸਾਲ ਲਗਪਗ 38 ਫ਼ੀਸਦ ਆਈਆਈਟੀ ਗਰੈਜੂਏਟਾਂ ਨੂੰ ਨੌਕਰੀ ਨਹੀਂ ਮਿਲੀ, ਜਦਕਿ ਅੰਤਰਰਾਸ਼ਟਰੀ ਕਿਰਤ ਸੰਗਠਨ ਦੀ ਰਿਪੋਰਟ ਅਨੁਸਾਰ 2022 ਵਿੱਚ ਭਾਰਤ ਵਿੱਚ ਸਿੱਖਿਅਤ ਬੇਰੁਜ਼ਗਾਰੀ 65.7 ਫ਼ੀਸਦ ਸੀ, ਜਿਸ ਵਿੱਚ 83 ਫ਼ੀਸਦ ਬੇਰੁਜ਼ਗਾਰ ਨੌਜਵਾਨ ਸਨ। ਔਸਤਨ ਇੱਕ ਵਿਦਿਆਰਥੀ ਕੇਜੀ ਤੋਂ ਪੀਜੀ ਤੱਕ ਲਗਪਗ 60-70 ਲੱਖ ਦਾ ਨਿਵੇਸ਼ ਕਰਦਾ ਹੈ ਪਰ ਫਿਰ ਵੀ ਬੇਰੁਜ਼ਗਾਰ ਰਹਿੰਦਾ ਹੈ। ਡਾ. ਸਾਹਨੀ ਨੇ ਕਿਹਾ ਕਿ ਆਰਥਿਕ ਸਰਵੇਖਣ ਅਨੁਸਾਰ, ਭਾਰਤ ਨੂੰ 2030 ਤੱਕ ਸਾਲਾਨਾ 7.85 ਮਿਲੀਅਨ ਗੈਰ-ਖੇਤੀ ਨੌਕਰੀਆਂ ਪੈਦਾ ਕਰਨੀਆਂ ਚਾਹੀਦੀਆਂ ਹਨ। ਅੱਜ ਤੱਕ, 30 ਲੱਖ ਤੋਂ ਵੱਧ ਸਰਕਾਰੀ ਅਸਾਮੀਆਂ ਖਾਲੀ ਪਈਆਂ ਹਨ। ਡਾ. ਸਾਹਨੀ ਨੇ ਸਵੈ-ਰੁਜ਼ਗਾਰ ਸਕੀਮਾਂ ਨੂੰ ਲਾਗੂ ਕਰਨ ਵਿਚਕਾਰ ਪਾੜੇ ਨੂੰ ਉਜਾਗਰ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਮੁਦਰਾ ਯੋਜਨਾ ਤੇ ਸਟਾਰਟਅੱਪ ਇੰਡੀਆ ਦਾ ਉਦੇਸ਼ ਜ਼ਮਾਨਤ-ਮੁਕਤ ਕਰਜ਼ੇ ਪ੍ਰਦਾਨ ਕਰਨਾ ਹੈ, ਪਰ ਸਖ਼ਤ ਬੈਂਕਿੰਗ ਸ਼ਰਤਾਂ ਪਹੁੰਚ ਨੂੰ ਮੁਸ਼ਕਲ ਬਣਾਉਂਦੀਆਂ ਹਨ।



# ਯੂਪੀਏ ਤੇ ਐੱਨਡੀਏ ਬੇਰੁਜ਼ਗਾਰੀ ਨਾਲ ਸਿੱਝਣ 'ਚ ਨਾਕਾਮ ਰਹੇ: ਰਾਹੁਲ

- ਰਾਸ਼ਟਰਪਤੀ ਦੇ ਭਾਸ਼ਣ 'ਤੇ ਧੰਨਵਾਦ ਮਤੇ ਉਪਰ ਬਹਿਸ ਦੌਰਾਨ ਕਾਂਗਰਸ ਆਗੂ ਨੇ ਸਰਕਾਰ ਨੂੰ ਘੇਰਿਆ
- ਮਹਾਰਾਸ਼ਟਰ 'ਚ 70 ਲੱਖ ਵੋਟਰ ਬਣਨ, ਮੋਦੀ ਦੇ ਸੰਵਿਧਾਨ ਅੱਗੇ ਝੁਕਣ, ਚੀਨੀ ਸਰਹੱਦੀ ਵਿਵਾਦ ਜਿਹੇ ਮੁੱਦੇ ਚੁੱਕੇ

ਨਵੀਂ ਦਿੱਲੀ : ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਰਾਸ਼ਟਰਪਤੀ ਦੇ ਭਾਸ਼ਣ 'ਤੇ ਪੇਸ਼ ਧੰਨਵਾਦ ਮਤੇ ਉੱਤੇ ਬਹਿਸ ਵਿਚ ਸ਼ਾਮਲ ਹੁੰਦਿਆਂ ਕਿਹਾ ਕਿ ਯੂਪੀਏ ਅਤੇ ਐੱਨਡੀਏ ਸਰਕਾਰਾਂ ਬੇਰੁਜ਼ਗਾਰੀ ਨਾਲ ਸਿੱਝਣ ਵਿਚ ਨਾਕਾਮ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 'ਮੇਕ ਇਨ ਇੰਡੀਆ' ਮੁਹਿੰਮ ਜਿਹੇ ਕੁਝ ਚੰਗੇ ਕਦਮ ਚੁੱਕੇ ਸਨ ਪਰ ਉਹ ਅਸਫ਼ਲ ਰਹੇ। ਮੋਦੀ ਦੀ ਹਾਜ਼ਰੀ 'ਚ ਰਾਹੁਲ ਨੇ ਰਾਸ਼ਟਰਪਤੀ ਦੇ ਭਾਸ਼ਣ ਵਿਚ ਕੁਝ ਵੀ ਨਵਾਂ ਨਾ ਹੋਣ ਦਾ ਦਾਅਵਾ ਕਰਦਿਆਂ ਮਹਾਰਾਸ਼ਟਰ ਵਿਧਾਨ ਸਭਾ ਚੋਣਾਂ 'ਚ 70 ਲੱਖ ਤੋਂ ਵਧ ਨਵੇਂ ਵੋਟਰ ਬਣਨ, ਪ੍ਰਧਾਨ ਮੰਤਰੀ ਅਤੇ ਫੌਜ ਮੁਖੀ ਦੇ ਚੀਨ ਦੀ ਘੁਸਪੈਠ ਸਬੰਧੀ ਵੱਖੋ ਵੱਖਰੇ ਬਿਆਨਾਂ ਅਤੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਹਲਫ਼ਦਾਰੀ ਸਮਾਗਮ ਲਈ ਮੋਦੀ ਨੂੰ ਸੱਦਾ ਨਾ ਭੇਜਣ ਸਬੰਧੀ ਮੁੱਦਿਆਂ 'ਤੇ ਖੁੱਲ੍ਹ ਕੇ ਵਿਚਾਰ ਪ੍ਰਗਟਾਏ। ਉਨ੍ਹਾਂ ਮੁੱਖ ਚੋਣ ਕਮਿਸ਼ਨਰ ਦੀ ਚੋਣ ਲਈ ਬਣੀ ਕਮੇਟੀ 'ਚੋਂ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਨੂੰ ਹਟਾਉਣ 'ਤੇ ਵੀ ਸਵਾਲ ਖੜ੍ਹੇ ਕੀਤੇ। ਇਸ ਦੌਰਾਨ ਲੋਕ ਸਭਾ ਸਪੀਕਰ ਓਮ ਬਿਰਲਾ ਨੇ ਕਾਂਗਰਸ ਆਗੂ ਨੂੰ ਆਪਣੇ ਦਾਅਵਿਆਂ ਸਬੰਧੀ ਸਬੂਤ ਪੇਸ਼ ਕਰਨ ਲਈ ਕਿਹਾ ਤਾਂ ਰਾਹੁਲ ਨੇ ਕਿਹਾ ਕਿ ਉਹ ਤੱਥਾਂ ਦੇ ਆਧਾਰ 'ਤੇ ਹੀ ਬਿਆਨ ਦੇ ਰਹੇ ਹਨ।

ਭਾਜਪਾ ਆਗੂਆਂ ਨੇ ਵਾਰ ਵਾਰ ਰਾਹੁਲ ਦੇ ਭਾਸ਼ਣ ਦੌਰਾਨ ਉਨ੍ਹਾਂ ਨੂੰ ਟੋਕਿਆ। ਵਿਰੋਧੀ ਧਿਰ ਦੇ ਆਗੂ ਰਾਹੁਲ ਨੇ ਕਿਹਾ, "ਰਾਸ਼ਟਰਪਤੀ ਦੇ ਭਾਸ਼ਣ 'ਚ ਸਰਕਾਰ ਦੀਆਂ ਪ੍ਰਾਪਤੀਆਂ ਦੀ ਸੂਚੀ 'ਚ ਕੁਝ ਵੀ ਨਵਾਂ ਨਹੀਂ ਸੀ। ਦੇਸ਼ ਦੇ ਭਵਿੱਖ ਦਾ ਫ਼ੈਸਲਾ ਨੌਜਵਾਨ ਕਰਨਗੇ। ਮੋਦੀ ਜੀ ਦੀ ਮੇਕ ਇਨ ਇੰਡੀਆ ਮੁਹਿੰਮ ਚੰਗਾ ਵਿਚਾਰ ਸੀ ਪਰ ਇਹ ਨਾਕਾਮ ਰਹੀ। ਮੈਂ ਪ੍ਰਧਾਨ ਮੰਤਰੀ 'ਤੇ ਦੋਸ਼ ਨਹੀਂ ਲਗਾ ਰਿਹਾ ਹਾਂ ਕਿਉਂਕਿ ਇਹ ਆਖਣਾ ਠੀਕ ਨਹੀਂ ਕਿ ਉਨ੍ਹਾਂ ਕੋਈ ਕੋਸ਼ਿਸ਼ ਨਹੀਂ ਕੀਤੀ। ਮੇਕ ਇੰਨ ਇੰਡੀਆ ਮੁਹਿੰਮ ਦੌਰਾਨ ਨਿਰਮਾਣ ਤੇ ਉਤਪਾਦਨ ਜੀਡੀਪੀ ਦਾ 12.6 ਫ਼ੀਸਦ ਤੋਂ ਵਧ ਕੇ 15.3 ਫ਼ੀਸਦ ਪਹੁੰਚ ਗਿਆ ਸੀ।" ਉਨ੍ਹਾਂ ਕਿਹਾ ਕਿ 1990 ਤੋਂ ਬਾਅਦ ਸਾਰੀਆਂ ਸਰਕਾਰਾਂ ਨੇ ਖਪਤ ਦੇ ਮਾਮਲੇ 'ਚ ਵਧੀਆ ਕੰਮ ਕੀਤਾ ਪਰ ਮੌਜੂਦਾ ਸਰਕਾਰ ਉਤਪਾਦਨ ਬਣਾਈ ਰੱਖਣ 'ਚ ਨਾਕਾਮ ਰਹੀ ਹੈ। ਰਾਹੁਲ ਨੇ ਕਿਹਾ, "ਨਾ ਤਾਂ ਯੂਪੀਏ ਸਰਕਾਰ ਅਤੇ ਨਾ ਹੀ ਅੱਜ ਦੀ ਐੱਨਡੀਏ ਸਰਕਾਰ ਨੇ ਰੁਜ਼ਗਾਰ ਬਾਰੇ ਨੌਜਵਾਨਾਂ ਨੂੰ ਕੋਈ ਸਪੱਸ਼ਟ ਜਵਾਬ ਦਿੱਤਾ। ਮੁਲਕ ਨੂੰ ਹੁਣ ਖਪਤ ਤੋਂ ਉਤਪਾਦਨ ਵੱਲ ਧਿਆਨ ਦੇਣ ਦੀ ਲੋੜ ਹੈ। ਜੇ ਇੰਜ ਨਾ ਹੋਇਆ ਤਾਂ ਵੱਡਾ ਘਾਟਾ ਪੈਦਾ ਹੋਵੇਗਾ, ਨਾਬਰਾਬਰੀ ਵਧੇਗੀ ਅਤੇ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਵੇਗਾ।" ਉਨ੍ਹਾਂ ਕਿਹਾ ਕਿ 2024 ਦੀਆਂ ਆਮ ਚੋਣਾਂ 'ਚ ਜਿੱਤ ਮਗਰੋਂ ਪ੍ਰਧਾਨ ਮੰਤਰੀ ਨੂੰ ਸੰਵਿਧਾਨ ਅੱਗੇ ਝੁਕਣ ਲਈ ਮਜਬੂਰ ਹੋਣਾ ਪਿਆ ਜੋ ਕਾਂਗਰਸ ਦੀ 'ਸੰਵਿਧਾਨ ਬਚਾਓ' ਮੁਹਿੰਮ ਦੀ ਨੈਤਿਕ ਜਿੱਤ ਹੈ। ਕਾਂਗਰਸ ਆਗੂ ਨੇ ਚੀਨ ਦਾ ਮੁੱਦਾ ਚੁਕਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਅਤੇ ਫੌਜ ਮੁਖੀ ਦੇ ਬਿਆਨ ਵੱਖੋ ਵੱਖਰੇ ਹਨ ਜਿਸ



'ਤੇ ਹੰਗਾਮਾ ਖੜ੍ਹਾ ਹੋ ਗਿਆ। ਰਾਹੁਲ ਨੇ ਦਾਅਵਾ ਕੀਤਾ ਕਿ ਗੁਆਂਢੀ ਮੁਲਕ ਨੇ ਭਾਰਤ ਦੇ 4 ਹਜ਼ਾਰ ਸਕੁਏਅਰ ਕਿਲੋਮੀਟਰ ਇਲਾਕੇ 'ਤੇ ਕਬਜ਼ਾ ਕਰ ਲਿਆ ਹੈ ਪਰ ਪ੍ਰਧਾਨ ਮੰਤਰੀ ਇਸ ਤੋਂ ਇਨਕਾਰ ਕਰਦੇ ਹਨ ਜਦਕਿ ਫੌਜ ਮੁਖੀ ਨੇ ਕਿਹਾ ਹੈ ਕਿ ਚੀਨੀ ਸਾਡੇ ਇਲਾਕੇ 'ਚ ਬੈਠੇ ਹੋਏ ਹਨ। ਇਸ 'ਤੇ ਲੋਕ ਸਭਾ ਸਪੀਕਰ ਓਮ ਬਿਰਲਾ ਨੇ ਕਿਹਾ, "ਜੋ ਤੁਸੀਂ ਸਦਨ 'ਚ ਬੋਲ ਰਹੇ ਹੋ, ਤੁਹਾਨੂੰ ਉਸ ਦੇ ਸਬੂਤ ਦੇਣੇ ਪੈਣਗੇ।" ਕਾਂਗਰਸ ਆਗੂ ਨੇ ਇਹ ਵੀ ਦਾਅਵਾ ਕੀਤਾ ਕਿ ਪ੍ਰਧਾਨ ਮੰਤਰੀ ਨੂੰ ਅਮਰੀਕੀ ਰਾਸ਼ਟਰਪਤੀ ਦੇ ਹਲਫ਼ਦਾਰੀ ਸਮਾਗਮ 'ਚ ਸੱਦਣ ਲਈ ਵਿਦੇਸ਼ ਮੰਤਰੀ ਨੂੰ ਨਹੀਂ ਭੇਜਿਆ ਜਾਣਾ ਚਾਹੀਦਾ ਸੀ ਸਗੋਂ ਜੇ ਮੁਲਕ ਦਾ ਸਨਅਤ ਆਧਾਰ ਮਜ਼ਬੂਤ ਹੁੰਦਾ ਤਾਂ ਅਮਰੀਕੀ ਰਾਸ਼ਟਰਪਤੀ ਖੁਦ ਇਥੇ ਆ ਕੇ ਪ੍ਰਧਾਨ ਮੰਤਰੀ ਨੂੰ ਸੱਦਾ ਦਿੰਦੇ। ਇਸ ਟਿੱਪਣੀ ਨਾਲ ਭਾਜਪਾ ਦੇ ਸੰਸਦ ਮੈਂਬਰ ਭੜਕ ਉੱਠੇ ਅਤੇ ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰਨ ਰਿਜਿਜੂ ਨੇ ਕਿਹਾ ਕਿ ਉਹ ਗ਼ੈਰਤਸਦੀਕਸ਼ੁਦਾ ਅਤੇ ਗੰਭੀਰ ਦਾਅਵੇ ਕਰ ਰਹੇ ਹਨ ਜਿਸ ਨਾਲ ਮੁਲਕ ਦਾ ਕੌਮਾਂਤਰੀ ਪੱਧਰ 'ਤੇ ਅਕਸ ਵਿਗੜ ਰਿਹਾ ਹੈ। ਰਾਹੁਲ ਨੇ ਜਾਤੀਗਤ ਜਨਗਣਨਾ ਦੀ ਮੰਗ ਦੁਹਰਾਉਂਦਿਆਂ ਕਿਹਾ ਕਿ ਓਬੀਸੀਜ਼, ਦਲਿਤਾਂ ਅਤੇ ਆਦਿਵਾਸੀਆਂ ਦੀ ਹਰ ਥਾਂ 'ਤੇ ਨੁਮਾਇੰਦਗੀ ਬਹੁਤ ਘੱਟ ਹੈ। ਉਨ੍ਹਾਂ ਭਾਜਪਾ ਦੇ ਓਬੀਸੀਜ਼ ਆਗੂਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਓਬੀਸੀਜ਼ ਦੇਸ਼ ਦੀ ਆਬਾਦੀ 'ਚ 50 ਫ਼ੀਸਦੀ ਹਨ ਪਰ ਉਨ੍ਹਾਂ ਕੋਲ ਸੱਤਾ ਨਹੀਂ ਹੈ। ਇਸ 'ਤੇ ਰਿਜਿਜੂ ਨੇ ਰਾਹੁਲ ਦੇ ਬਿਆਨ ਨੂੰ ਆਧਾਰਹੀਣ ਕਰਾਰ ਦਿੰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਖੁਦ ਓਬੀਸੀ ਭਾਈਚਾਰੇ ਤੋਂ ਹਨ।

## ਚਰਨਜੀਤ ਸਿੰਘ ਚੰਨੀ ਨੇ ਸੰਸਦ 'ਚ ਚੁੱਕਿਆ ਸਿੱਖਾਂ ਨੂੰ ਵੱਖਰੀ ਕੌਮ ਵਜੋਂ ਪਛਾਣ ਦੇਣ ਦਾ ਮੁੱਦਾ

ਨਵੀਂ ਦਿੱਲੀ : ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਜਲੰਧਰ ਤੋਂ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਨੇ ਅੱਜ ਲੋਕ ਸਭਾ 'ਚ ਸਿੱਖਾਂ ਨੂੰ ਵੱਖਰੀ ਕੌਮ ਵਜੋਂ ਪਛਾਣ ਦੇਣ ਦਾ ਮੁੱਦਾ ਉਠਾਇਆ। ਚੰਨੀ ਨੇ ਲੋਕ ਸਭਾ 'ਚ ਰਾਸ਼ਟਰਪਤੀ ਦੇ ਭਾਸ਼ਨ 'ਤੇ ਚਰਚਾ 'ਚ ਹਿੱਸਾ ਲੈਂਦਿਆਂ



ਸੰਵਿਧਾਨ ਦੀ ਧਾਰਾ 25 (2), ਜਿਸ 'ਚ ਹਿੰਦੂਆਂ ਦੀ ਪਰਿਭਾਸ਼ਾ ਦੇ ਨਾਲ ਹੀ ਸਿੱਖ, ਬੋਧ ਅਤੇ ਜੈਨੀਆਂ ਨੂੰ ਵੀ ਸ਼ਾਮਿਲ ਕੀਤਾ ਗਿਆ ਸੀ, 'ਚ ਤਰਸੀਮ ਕਰ ਕੇ ਸਿੱਖਾਂ ਨੂੰ ਵੱਖਰੀ ਕੌਮ ਵਜੋਂ ਪਛਾਣ ਦੇਣ ਦੀ ਮੰਗ ਕੀਤੀ। ਚੰਨੀ ਨੇ ਕਿਹਾ ਕਿ 22 ਫਰਵਰੀ, 2000 ਨੂੰ ਸਾਬਕਾ ਚੀਫ਼ ਜਸਟਿਸ ਐਮ. ਐਨ. ਵੈਂਕਟਚਲੀਆ ਦੀ ਅਗਵਾਈ ਹੇਠ ਇਕ ਕਮਿਸ਼ਨ ਗਠਿਤ ਕੀਤਾ ਗਿਆ ਸੀ। ਸੰਵਿਧਾਨ ਦੇ ਸੰਚਾਲਨ ਦੀ ਸਮੀਖਿਆ ਲਈ ਰਾਸ਼ਟਰੀ ਕਮਿਸ਼ਨ ਵਲੋਂ ਦਿੱਤੀ ਰਿਪੋਰਟ 'ਚ ਸਿੱਖ, ਬੋਧ ਅਤੇ ਜੈਨੀਆਂ ਨੂੰ ਵੱਖਰੀ ਕੌਮ ਵਜੋਂ ਪਛਾਣ ਦੇਣ ਦੀ ਸਿਫ਼ਾਰਿਸ਼ ਕੀਤੀ ਸੀ। ਚੰਨੀ ਨੇ ਕਿਹਾ ਕਿ ਕਮਿਸ਼ਨ ਦੀਆਂ ਸਿਫ਼ਾਰਿਸ਼ਾਂ ਨੂੰ ਛੇਤੀ ਤੋਂ ਛੇਤੀ ਲਾਗੂ ਕਰਨਾ ਚਾਹੀਦਾ ਹੈ। ਚਰਨਜੀਤ ਸਿੰਘ ਚੰਨੀ ਨੇ ਆਪਣੇ ਭਾਸ਼ਨ 'ਚ ਮਰਹੂਮ ਡਾ. ਮਨਮੋਹਨ ਸਿੰਘ ਨੂੰ ਦੇਸ਼ ਦੇ ਵਿਕਾਸ 'ਚ ਅਹਿਮ ਯੋਗਦਾਨ ਪਾਉਣ ਲਈ ਦੇਸ਼ ਦੇ ਸਰਬਉੱਚ ਸਨਮਾਨ 'ਭਾਰਤ ਰਤਨ' ਨਾਲ ਸਨਮਾਨਿਤ ਕਰਨ ਦੀ ਵੀ ਮੰਗ ਕੀਤੀ।

## ਦਲਿਤ ਅਤੇ ਕਮਜ਼ੋਰ ਵਰਗ ਨੂੰ ਹਰ ਸੰਸਥਾ 'ਚ ਲੀਡਰਸ਼ਿਪ ਦਾ ਅਹੁਦਾ ਸੰਭਾਲਦੇ ਦੇਖਣਾ ਚਾਹੁੰਦਾ ਹਾਂ: ਰਾਹੁਲ



ਪਟਨਾ : ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਬੁੱਧਵਾਰ ਨੂੰ ਕਿਹਾ ਕਿ ਉਹ ਉਸ ਦਿਨ ਦਾ ਇੰਤਜ਼ਾਰ ਕਰ ਰਹੇ ਹਨ ਜਦੋਂ ਦਲਿਤ ਅਤੇ ਕਮਜ਼ੋਰ ਵਰਗ ਭਾਰਤ ਦੇ ਹਰੇਕ ਅਦਾਰੇ ਵਿੱਚ ਲੀਡਰਸ਼ਿਪ ਅਹੁਦਾ ਸੰਭਾਲਣਗੇ। ਇਸ ਦੌਰਾਨ ਉਨ੍ਹਾਂ ਨੇ ਦੇਸ਼ ਵਿਆਪੀ ਜਾਤੀ ਜਨਗਣਨਾ ਦੀ ਲੋੜ ਨੂੰ ਦੁਹਰਾਇਆ। ਗਾਂਧੀ ਨੇ ਇੱਥੇ ਸੁਤੰਤਰਤਾ ਸੈਨਾਨੀ ਜਗਲਾਲ ਚੌਧਰੀ ਦੇ ਜਨਮ ਦਿਨ ਸਮਾਗਮ ਨੂੰ ਸੰਬੋਧਨ ਕਰਦਿਆਂ ਦੋਸ਼ ਲਾਇਆ ਕਿ ਭਾਜਪਾ ਅਤੇ ਆਰਐਸਐਸ ਸੰਵਿਧਾਨ ਦੇ ਵਿਰੁੱਧ ਹਨ, ਕਿਉਂਕਿ ਇਹ ਦਲਿਤਾਂ ਅਤੇ ਦੱਬੇ-ਕੁਚਲੇ ਲੋਕਾਂ ਦੇ ਅਧਿਕਾਰਾਂ ਦੀ ਗਾਰੰਟੀ ਦਿੰਦਾ ਹੈ।

ਉਨ੍ਹਾਂ ਕਿਹਾ ਕਿ "ਦੇਸ਼ ਦੇ ਮੌਜੂਦਾ ਸੱਤਾ ਢਾਂਚੇ ਅਤੇ ਸੰਸਥਾਵਾਂ ਵਿੱਚ ਦਲਿਤਾਂ ਅਤੇ ਦੱਬੇ-ਕੁਚਲੇ ਲੋਕਾਂ ਦੀ ਕੋਈ ਭਾਗੀਦਾਰੀ ਨਹੀਂ ਹੈ ਦਲਿਤਾਂ, ਘੱਟ ਗਿਣਤੀਆਂ ਅਤੇ ਸਮਾਜ ਦੇ ਕਮਜ਼ੋਰ ਵਰਗਾਂ ਦੀ ਸਹੀ ਗਿਣਤੀ ਦੀ ਪਛਾਣ ਕਰਨ ਲਈ ਪੂਰੇ ਭਾਰਤ ਵਿੱਚ ਜਾਤੀ ਜਨਗਣਨਾ ਦੀ ਲੋੜ ਹੈ।" ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਆਪਣੀ ਵੋਟ ਪਾਉਣ ਤੋਂ ਬਾਅਦ ਪਟਨਾ ਪਹੁੰਚੇ।

## ਵੱਡੀ ਵਾਰਦਾਤ ਲਈ ਇਲਾਕੇ ਦੇ ਪੁਲਿਸ ਅਧਿਕਾਰੀ ਹੋਣਗੇ ਜ਼ਿੰਮੇਵਾਰ: ਭਗਵੰਤ ਮਾਨ

*ਮੁੱਖ ਮੰਤਰੀ ਵੱਲੋਂ ਪੁਲਿਸ ਕਮਿਸ਼ਨਰਾਂ ਤੇ ਐਸਐਸਪੀਜ਼ ਨਾਲ ਮੀਟਿੰਗ; ਨਸ਼ਿਆਂ ਨਾਲ ਨਜਿੱਠਣ ਅਤੇ ਅੰਦਰੂਨੀ ਸੁਰੱਖਿਆ ਸਖ਼ਤ ਕਰਨ ਲਈ ਰਣਨੀਤੀ ਬਣਾਈ; ਸੂਬੇ ਵਿੱਚ 703 ਥਾਵਾਂ 'ਤੇ ਲਾਏ ਜਾਣਗੇ 2300 ਤੋਂ ਵੱਧ ਸੀਸੀਟੀਵੀ ਕੈਮਰੇ*

ਚੰਡੀਗੜ੍ਹ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਦਿੱਲੀ ਵਿਧਾਨ ਸਭਾ ਚੋਣਾਂ ਲਈ ਪ੍ਰਚਾਰ ਤੋਂ ਬਾਅਦ ਅੱਜ ਤੋਂ ਪੰਜਾਬ ਵਿੱਚ ਸਰਗਰਮੀ ਵਧਾ ਦਿੱਤੀ ਹੈ। ਇਸ ਤਹਿਤ ਉਨ੍ਹਾਂ ਅੱਜ ਸੂਬੇ ਵਿੱਚ ਅਮਨ ਤੇ ਕਾਨੂੰਨੀ ਦੀ ਸਥਿਤੀ ਦੀ ਬਹਾਲੀ ਲਈ ਚੰਡੀਗੜ੍ਹ 'ਚ ਪੁਲੀਸ ਕਮਿਸ਼ਨਰਾਂ ਤੇ ਐੱਸਐੱਸਪੀਜ਼ ਨਾਲ ਮੀਟਿੰਗ ਕਰਦਿਆਂ ਕਿਹਾ ਕਿ ਜਿਹੜੇ ਵੀ ਇਲਾਕੇ ਵਿੱਚ ਕੋਈ ਵੱਡੀ ਵਾਰਦਾਤ ਵਾਪਰਦੀ ਹੈ, ਉਸ ਇਲਾਕੇ ਦੇ ਸਬੰਧਤ ਪੁਲੀਸ ਅਫਸਰਾਂ ਦੀ ਜ਼ਿੰਮੇਵਾਰੀ ਤੈਅ ਕੀਤੀ ਜਾਵੇਗੀ। ਇਸ ਮੀਟਿੰਗ ਵਿੱਚ ਮੁੱਖ ਮੰਤਰੀ ਨੇ ਪੁਲੀਸ ਅਧਿਕਾਰੀਆਂ ਨਾਲ ਵਿਚਾਰ-ਚਰਚਾ ਕਰਦਿਆਂ ਅੰਦਰੂਨੀ ਸੁਰੱਖਿਆ ਸਖ਼ਤ ਕਰਨ ਅਤੇ ਸੂਬੇ ਵਿੱਚ ਨਸ਼ਿਆਂ ਤੇ ਵੱਡੀਆਂ ਘਟਨਾਵਾਂ ਨਾਲ ਨਜਿੱਠਣ ਲਈ ਰਣਨੀਤੀ ਵੀ ਤਿਆਰ ਕੀਤੀ।

ਪੰਜਾਬ ਸਰਕਾਰ ਨੇ ਸੂਬੇ ਵਿੱਚ ਅਪਰਾਧਕ ਗਤੀਵੀਧੀਆਂ ਨਾਲ ਨਜਿੱਠਣ ਲਈ 703 ਥਾਵਾਂ 'ਤੇ 2300 ਦੇ ਕਰੀਬ ਸੀਸੀਟੀਵੀ ਕੈਮਰੇ ਲਾਉਣ ਦਾ ਫ਼ੈਸਲਾ ਕੀਤਾ ਹੈ। ਇਸ ਲਈ ਸੂਬਾ ਸਰਕਾਰ ਨੇ ਮੁਹਾਲੀ ਪੁਲੀਸ ਨੂੰ 18 ਕਰੋੜ ਰੁਪਏ, ਜਦਕਿ ਹੋਰਨਾਂ ਸ਼ਹਿਰਾਂ ਲਈ 8 ਕਰੋੜ ਰੁਪਏ ਜਾਰੀ ਕੀਤੇ ਹਨ। ਇਸ ਤੋਂ ਇਲਾਵਾ ਜਲੰਧਰ, ਅੰਮ੍ਰਿਤਸਰ, ਲੁਧਿਆਣਾ ਸਣੇ ਹੋਰਨਾਂ ਵੱਡੇ ਸ਼ਹਿਰਾਂ ਵਿੱਚ ਸਮਾਰਟ ਸਿਟੀ ਪ੍ਰਾਜੈਕਟ ਅਧੀਨ ਸੀਸੀਟੀਵੀ ਕੈਮਰੇ ਲਾਏ ਜਾ ਰਹੇ ਹਨ। ਪੁਲੀਸ ਨੇ ਸੂਬੇ ਵਿੱਚ ਅਧਿਕਾਰੀਆਂ ਦੀ ਗਸ਼ਤ ਵਧਾਉਣ ਲਈ 140 ਹੋਰ ਗੱਡੀਆਂ ਐੱਸਐੱਚਓ ਨੂੰ ਦੇਣ ਦਾ ਫ਼ੈਸਲਾ ਕੀਤਾ ਹੈ। ਇਹ ਗੱਡੀਆਂ ਫਰਵਰੀ ਦੇ ਆਖੀਰ ਤੱਕ ਦਿੱਤੀਆਂ ਜਾਣਗੀਆਂ।

ਮੀਟਿੰਗ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਨੇ ਪੁਲੀਸ ਕਮਿਸ਼ਨਰਾਂ ਅਤੇ ਐੱਸਐੱਸਪੀਜ਼ ਨੂੰ ਥਾਣਿਆਂ 'ਚ ਲੋਕਾਂ ਨੂੰ ਇਨਸਾਫ ਦੇਣ ਦੀ ਹਦਾਇਤ ਦਿੱਤੀ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਨਸ਼ਿਆਂ ਖ਼ਿਲਾਫ਼ ਕਿਸੇ ਤਰ੍ਹਾਂ ਦਾ ਲਿਹਾਜ਼ ਨਾ ਵਰਤਣ ਦੀ ਨੀਤੀ ਅਪਣਾਈ ਜਾਣੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਸਕੂਲ ਅਤੇ ਕਾਲਜ ਪੱਧਰ 'ਤੇ ਨੌਜਵਾਨਾਂ ਨੂੰ ਨਸ਼ਿਆਂ ਖ਼ ?ਲਾਫ਼ ਜਾਗਰੂਕ ਕਰਨ ਲਈ ਢੁਕਵੀਂ ਰਣਨੀਤੀ ਬਣਾਈ ਜਾ ਰਹੀ ਹੈ। ਇਸ ਤੋਂ ਇਲਾਵਾ ਨਸ਼ਾਂ ਤਸਕਰਾਂ ਤੇ ਹੋਰ ਅਪਰਾਧਕ ਗਤੀਵਿਧੀਆਂ ਨਾਲ ਨਜਿੱਠਣ ਲਈ ਪੰਚਾਇਤਾਂ ਨੂੰ ਉਤਸ਼ਾਹਿਤ ਕੀਤਾ ਜਾਵੇਗਾ। ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ 'ਚੋਂ ਸੰਗਠਿਤ ਅਪਰਾਧ ਖ਼ਤਮ ਕਰਨ ਲਈ ਵਚਨਬੱਧ ਹੈ। ਇਸ ਲਈ ਗੈਂਗਸਟਰਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਇਸ ਤੋਂ ਇਲਾਵਾ ਕਿਸੇ ਨੂੰ ਵੀ ਕਾਨੂੰਨ ਆਪਣੇ ਹੱਥ ਵਿੱਚ ਲੈਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।



### ਅਪਰਾਧ ਦਰ ਘਟਾਉਣ ਲਈ ਆਮ ਲੋਕਾਂ ਨਾਲ ਤਾਲਮੇਲ ਵਧਾਉਣ ਦੇ ਹੁਕਮ

ਮੁੱਖ ਮੰਤਰੀ ਭਗਵੰਤ ਮਾਨ ਨੇ ਪੁਲਿਸ ਕਮਿਸ਼ਨਰਾਂ ਤੇ ਐੱਸਐੱਸਪੀਜ਼ ਨੂੰ ਸੂਬੇ ਭਰ 'ਚੋਂ ਅਪਰਾਧ ਦਰ ਘਟਾਉਣ ਲਈ ਆਮ ਲੋਕਾਂ ਨਾਲ ਬਿਹਤਰ ਤਾਲਮੇਲ ਬਣਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਇਸ ਨਾਲ ਸੂਬੇ ਵਿੱਚ ਅਪਰਾਧ ਖਤਮ ਕਰਨ 'ਚ ਮਦਦ ਮਿਲੇਗੀ, ਜਿਸ ਨਾਲ ਸੂਬੇ ਦੀ ਸ਼ਾਂਤੀ, ਤਰੱਕੀ ਅਤੇ ਖੁਸ਼ਹਾਲੀ ਨੂੰ ਵੱਡਾ ਹੁਲਾਰਾ ਮਿਲੇਗਾ। ਇਸ ਦੇ ਨਾਲ ਹੀ ਮੁੱਖ ਮੰਤਰੀ ਨੇ ਪੁਲੀਸ ਅਧਿਕਾਰੀਆਂ ਨੂੰ ਆਪੋ-ਆਪਣੇ ਅਧਿਕਾਰ ਖੇਤਰ ਵਿੱਚ ਆਉਂਦੇ ਥਾਣਿਆਂ ਤੇ ਹੋਰ ਇਲਾਕਿਆਂ 'ਚ ਅਚਨਚੇਤ ਚੈਕਿੰਗ ਕਰਨ ਦੇ ਨਿਰਦੇਸ਼ ਵੀ ਦਿੱਤੇ। ਉਨ੍ਹਾਂ ਕਿਹਾ ਕਿ ਇਸ ਦਾ ਮਕਸਦ ਨੁਕਸ ਲੱਭਣਾ ਨਹੀਂ, ਸਗੋਂ ਕਾਨੂੰਨ ਵਿਵਸਥਾ ਨਾਲ ਸਬੰਧਤ ਮਾਮਲਿਆਂ ਨੂੰ ਸੁਚਾਰੂ ਬਣਾਉਣਾ ਹੋਣਾ ਚਾਹੀਦਾ ਹੈ।

# ਅਮਰੀਕਾ ਤੋਂ ਡਿਪੋਰਟ ਕੀਤੇ 104 ਭਾਰਤੀ ਪਰਵਾਸੀ ਅੰਮ੍ਰਿਤਸਰ ਹਵਾਈ ਅੱਡੇ 'ਤੇ ਪੁੱਜੇ

## ਗੈਰਕਾਨੂੰਨੀ ਪਰਵਾਸੀਆਂ 'ਚੋਂ 30 ਪੰਜਾਬ ਤੇ ਦੋ ਚੰਡੀਗੜ੍ਹ ਨਾਲ ਸਬੰਧਤ








ਅੰਮ੍ਰਿਤਸਰ : ਅਮਰੀਕਾ ਵਿੱਚ ਗ਼ੈਰ-ਕਾਨੂੰਨੀ ਢੰਗ ਨਾਲ ਰਹਿ ਰਹੇ ਲੋਕਾਂ ਨੂੰ ਮੁਲਕ 'ਚੋਂ ਬਾਹਰ ਕੱਢਣ ਦੇ ਫ਼ੈਸਲੇ ਤਹਿਤ ਅੱਜ 30 ਪੰਜਾਬੀਆਂ ਸਮੇਤ ਭਾਰਤ ਦੇ 104 ਪਰਵਾਸੀ ਇੱਥੇ ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਪੁੱਜੇ। ਉਨ੍ਹਾਂ ਨੂੰ ਅਮਰੀਕਾ ਦਾ ਫੌਜੀ ਜਹਾਜ਼ ਸੀ-17 ਇੱਥੇ ਛੱਡ ਕੇ ਵਾਪਸ ਪਰਤ ਗਿਆ ਹੈ। ਅਮਰੀਕਾ ਵੱਲੋਂ ਵਾਪਸ ਭੇਜੇ ਗਏ ਪਰਵਾਸੀ ਭਾਰਤੀਆਂ ਵਿੱਚ ਗੁਜਰਾਤ ਦੇ 33 ਅਤੇ ਹਰਿਆਣਾ ਦੇ 35 ਨਾਗਰਿਕ ਵੀ ਸ਼ਾਮਲ ਹਨ। ਇਸ ਤੋਂ ਇਲਾਵਾ ਯੂਪੀ ਅਤੇ ਮਹਾਰਾਸ਼ਟਰ ਦੇ ਨਾਗਰਿਕ ਵੀ ਵਾਪਸ ਭੇਜੇ ਗਏ ਹਨ। ਅਮਰੀਕੀ ਫੌਜ ਦਾ ਵਿਸ਼ੇਸ਼ ਜਹਾਜ਼ ਬਾਅਦ ਦੁਪਹਿਰ ਲਗਪਗ 2 ਵਜੇ ਇੱਥੇ ਅੰਮ੍ਰਿਤਸਰ ਦੇ ਹਵਾਈ ਅੱਡੇ 'ਤੇ ਪੁੱਜਿਆ ਜਿਸ ਵਿੱਚ ਭਾਰਤੀ ਨਾਗਰਿਕਾਂ ਤੋਂ ਇਲਾਵਾ ਅਮਰੀਕੀ ਅਧਿਕਾਰੀ ਅਤੇ ਹਵਾਈ ਅਮਲਾ ਵੀ ਸ਼ਾਮਲ ਸੀ। ਜਾਣਕਾਰੀ ਮੁਤਾਬਕ ਅਮਰੀਕਾ ਤੋਂ ਆਏ 30 ਪੰਜਾਬੀਆਂ ਵਿੱਚੋਂ ਪੰਜ ਅੰਮ੍ਰਿਤਸਰ, ਇਕ-ਇਕ ਗੁਰਦਾਸਪੁਰ, ਤਰਨ ਤਾਰਨ, ਸੰਗਰੂਰ, ਐੱਸਏਐੱਸ ਨਗਰ ਅਤੇ ਫਤਹਿਗੜ੍ਹ ਸਾਹਿਬ, ਚਾਰ-ਚਾਰ ਜਲੰਧਰ ਤੇ ਪਟਿਆਲਾ, ਛੇ ਕਪੂਰਥਲਾ, ਦੋ-ਦੋ ਹੁਸ਼ਿਆਰਪੁਰ, ਲੁਧਿਆਣਾ ਅਤੇ ਐੱਸਬੀਐੱਸ ਨਗਰ ਦੇ ਵਿਅਕਤੀ ਸ਼ਾਮਲ ਹਨ। ਕੁੱਲ 104 ਭਾਰਤੀ ਨਾਗਰਿਕਾਂ ਵਿੱਚ 12 ਬੱਚੇ ਅਤੇ ਦੋ ਦਰਜਨ ਦੇ ਲਗਭਗ ਔਰਤਾਂ ਵੀ ਸ਼ਾਮਲ ਹਨ। ਇਨ੍ਹਾਂ ਵਿੱਚ ਵਧੇਰੇ ਨੌਜਵਾਨਾਂ ਦੀ ਉਮਰ 20 ਤੋਂ 25 ਸਾਲ ਦੇ ਵਿਚਾਲੇ ਹੈ ਜਦੋਂ ਕਿ 40 ਸਾਲ ਦੀ ਉਮਰ ਤੋਂ ਵੱਧ ਦੇ ਸਿਰਫ਼ ਅੱਠ ਵਿਅਕਤੀ ਸ਼ਾਮਲ ਹਨ। ਜਾਣਕਾਰੀ ਮੁਤਾਬਕ ਪੰਜਾਬ ਨਾਲ ਸਬੰਧਤ ਜ਼ਿਆਦਾਤਰ ਨੌਜਵਾਨ ਦੁਬਈ ਤੋਂ ਏਜੰਟਾਂ ਦੇ ਹੱਥੇ ਚੜ੍ਹ ਕੇ ਗ਼ੈਰ-ਕਾਨੂੰਨੀ ਢੰਗ ਨਾਲ ਅਮਰੀਕਾ ਪੁੱਜੇ ਸਨ ਜਿਨ੍ਹਾਂ ਦੁਬਈ ਤੋਂ ਅਮਰੀਕਾ ਜਾਣ ਵਾਸਤੇ 30 ਤੋਂ 40 ਲੱਖ ਰੁਪਏ ਏਜੰਟਾਂ ਨੂੰ ਦਿੱਤੇ ਸਨ।

ਅਮਰੀਕੀ ਜਹਾਜ਼ ਦੇ ਇੱਥੇ ਹਵਾਈ ਅੱਡੇ 'ਤੇ ਉਤਰਨ ਮਗਰੋਂ ਭਾਰਤੀ ਨਾਗਰਿਕਾਂ ਨੂੰ ਸਿਵਲ ਏਵੀਏਸ਼ਨ ਕਲੱਬ ਵਾਲੇ ਪਾਸੇ ਵੱਖਰੇ ਤੌਰ 'ਤੇ ਰੱਖਿਆ ਗਿਆ ਸੀ ਅਤੇ

ਮੀਡੀਆ ਨੂੰ ਉਨ੍ਹਾਂ ਨੇੜੇ ਨਹੀਂ ਜਾਣ ਦਿੱਤਾ ਗਿਆ। ਉਥੇ ਉਨ੍ਹਾਂ ਦੀ ਇਮੀਗਰੇਸ਼ਨ ਅਤੇ ਸ਼ਨਾਖਤ ਦੀ ਜਾਂਚ ਹੋਈ ਅਤੇ ਹੋਰ ਸਬੰਧਤ ਦਸਤਾਵੇਜ਼ ਘੋਖੇ ਗਏ ਹਨ। ਵੱਖ-ਵੱਖ ਏਜੰਸੀਆਂ ਵੱਲੋਂ ਵੀ ਉਨ੍ਹਾਂ ਕੋਲੋਂ ਲੋੜੀਂਦੀ ਪੁੱਛ-ਪੜਤਾਲ ਕੀਤੀ ਗਈ ਹੈ। ਇਸ ਦੌਰਾਨ ਕਿਸੇ ਵੀ ਸਰਕਾਰੀ ਅਧਿਕਾਰੀ ਨੇ ਨੌਜਵਾਨਾਂ ਨਾਲ ਸਬੰਧਤ ਮਾਮਲੇ ਬਾਰੇ ਕੋਈ ਵੀ ਜਾਣਕਾਰੀ ਨਹੀਂ ਦਿੱਤੀ ਅਤੇ ਇਹ ਸਾਰਾ ਮਾਮਲਾ ਗੁਪਤ ਰੱਖਿਆ ਗਿਆ। ਦੇਰ ਸ਼ਾਮ ਲਗਪਗ 7 ਵਜੇ ਜਾਂਚ ਮੁਕੰਮਲ ਹੋਣ ਤੋਂ ਬਾਅਦ ਪੰਜਾਬ ਦੇ ਵਿਅਕਤੀਆਂ ਨੂੰ ਵੱਖ-ਵੱਖ ਜ਼ਿਲ੍ਹਿਆਂ ਦੀ ਪੁਲੀਸ ਵੱਲੋਂ ਭੇਜੇ ਗਏ ਵਾਹਨਾਂ ਰਾਹੀਂ ਉਨ੍ਹਾਂ ਦੇ ਟਿਕਾਣਿਆਂ 'ਤੇ ਭੇਜਿਆ ਗਿਆ ਹੈ। ਇਸੇ ਤਰ੍ਹਾਂ ਹਰਿਆਣਾ ਸਰਕਾਰ ਵੱਲੋਂ ਵੀ ਇੱਕ ਬਸ ਅਤੇ ਪੁਲੀਸ ਕਰਮਚਾਰੀ ਹਵਾਈ ਅੱਡੇ 'ਤੇ ਭੇਜੇ ਗਏ ਸਨ। ਗੁਜਰਾਤ, ਮਹਾਰਾਸ਼ਟਰ ਅਤੇ ਯੂਪੀ ਨਾਲ ਸਬੰਧਤ ਵਿਅਕਤੀਆਂ ਨੂੰ ਹਵਾਈ ਮਾਰਗ ਰਾਹੀਂ ਉਨ੍ਹਾਂ ਦੇ ਸੂਬਿਆਂ ਵਿੱਚ ਭੇਜਿਆ ਜਾਵੇਗਾ। ਹਵਾਈ ਅੱਡੇ 'ਤੇ ਪੁਲੀਸ ਵੱਲੋਂ ਸੁਰੱਖਿਆ ਦੇ ਕਰੜੇ ਪ੍ਰਬੰਧ ਕੀਤੇ ਗਏ ਸਨ। ਜ਼ਿਕਰਯੋਗ ਹੈ ਕਿ ਡੋਨਲਡ ਟਰੰਪ ਦੀ ਅਗਵਾਈ ਹੇਠ ਬਣੀ ਨਵੀਂ ਸਰਕਾਰ ਨੇ ਅਮਰੀਕਾ ਵਿੱਚ ਗ਼ੈਰ-ਕਾਨੂੰਨੀ ਢੰਗ ਨਾਲ ਰਹਿ ਰਹੇ ਵਿਅਕਤੀਆਂ ਨੂੰ ਮੁਲਕ 'ਚੋਂ ਕੱਢਣ ਦਾ ਫ਼ੈਸਲਾ ਕੀਤਾ ਹੈ। ਇਸ ਫ਼ੈਸਲੇ ਤਹਿਤ ਲਗਪਗ 18000 ਤੋਂ ਵੱਧ ਅਜਿਹੇ ਭਾਰਤੀ ਵਿਅਕਤੀਆਂ ਦੀ ਸ਼ਨਾਖਤ ਕੀਤੀ ਗਈ ਹੈ ਜੋ ਲੋੜੀਂਦੇ ਦਸਤਾਵੇਜ਼ ਨਾ ਹੋਣ ਕਾਰਨ ਉੱਥੇ ਗ਼ੈਰ-ਕਾਨੂੰਨੀ ਢੰਗ ਨਾਲ ਰਹਿ ਰਹੇ ਹਨ। ਇਨ੍ਹਾਂ ਵਿੱਚ ਕਈ ਵਿਅਕਤੀ ਅਜਿਹੇ ਵੀ ਹਨ ਜੋ ਗ਼ੈਰ-ਕਾਨੂੰਨੀ ਢੰਗ ਨਾਲ ਸਰਹੱਦ ਪਾਰ ਕਰਕੇ ਅਮਰੀਕਾ ਵਿੱਚ ਦਾਖ਼ਲ ਹੋਏ ਸਨ ਅਤੇ ਕਈ ਅਜਿਹੇ ਹਨ ਜੋ ਵਰਕ ਪਰਮਿਟ ਜਾਂ ਟੂਰਿਸਟ ਵੀਜ਼ਾ 'ਤੇ ਗਏ ਸਨ ਤੇ ਮਿਆਦ ਖ਼ਤਮ ਹੋਣ ਮਗਰੋਂ ਉਥੇ ਹੀ ਰੁਕ ਗਏ ਸਨ।

# ਮੋਦੀ ਅਮਰੀਕਾ 'ਚੋਂ ਕੱਢੇ ਜਾ ਰਹੇ ਭਾਰਤੀਆਂ ਦੀ ਢਾਲ ਬਣਨ: ਕੁਲਦੀਪ ਸਿੰਘ ਧਾਲੀਵਾਲ








ਅੰਮ੍ਰਿਤਸਰ : ਪੰਜਾਬ ਦੇ ਪਰਵਾਸੀ ਮਾਮਲਿਆਂ ਬਾਰੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਹੈ ਕਿ ਉਹ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ, ਜੋ ਉਨ੍ਹਾਂ ਦੇ ਖਾਸ ਮਿੱਤਰ ਹਨ, ਨਾਲ ਗੱਲਬਾਤ ਕਰਕੇ ਅਮਰੀਕਾ ਵਿੱਚੋਂ ਕੱਢੇ ਜਾ ਰਹੇ ਭਾਰਤੀਆਂ ਦੇ ਮਸਲੇ ਨੂੰ ਹੱਲ ਕਰਨ ਦਾ ਉਪਰਾਲਾ ਕਰਨ। ਅਮਰੀਕਾ ਤੋਂ ਦੇਸ਼ ਨਿਕਾਲੇ ਮਗਰੋਂ ਅੰਮ੍ਰਿਤਸਰ ਦੇ ਹਵਾਈ ਅੱਡੇ 'ਤੇ ਪੁੱਜੇ ਭਾਰਤੀਆਂ ਨਾਲ ਮੁਲਾਕਾਤ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਧਾਲੀਵਾਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਅੱਜ ਇਨ੍ਹਾਂ ਨੌਜਵਾਨਾਂ ਦੀ ਢਾਲ ਬਣਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਉਹ ਅਗਲੇ ਕੁਝ ਦਿਨਾਂ ਵਿੱਚ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੂੰ ਮਿਲ ਕੇ ਇਸ ਮਸਲੇ ਦਾ ਹੱਲ ਕੱਢਣ ਦੀ ਅਪੀਲ ਕਰਨਗੇ। ਉਨ੍ਹਾਂ ਕਿਹਾ, "ਮੋਦੀ ਜੀ, ਟਰੰਪ ਨੂੰ ਆਪਣਾ ਪਰਮ ਮਿੱਤਰ ਦੱਸਦੇ ਹਨ। ਅਜਿਹੀ ਦੋਸਤੀ ਕਿਸ ਕੰਮ ਦੀ, ਜੋ ਸਾਡੇ ਬੱਚਿਆਂ ਦੀ ਮੁਸ਼ਕਲ ਵਿੱਚ ਕੰਮ ਨਾ ਆਵੇ।" ਉਨ੍ਹਾਂ ਕਿਹਾ ਕਿ ਇਹ ਨੌਜਵਾਨ ਕਿਸੇ ਸ਼ੌਂਕ ਲਈ ਨਹੀਂ ਸਗੋਂ ਰੋਜ਼ੀ-ਰੋਟੀ ਲਈ ਲੱਖਾਂ ਰੁਪਏ ਖ਼ਰਚ ਕਰਕੇ ਅਮਰੀਕਾ ਪਹੁੰਚੇ ਸਨ। ਮੰਤਰੀ ਨੇ ਕਿਹਾ ਕਿ ਅਮਰੀਕਾ ਸਰਕਾਰ ਵੱਲੋਂ ਇੰਜ ਨੌਜਵਾਨਾਂ ਨੂੰ ਮੁਲਕ 'ਚੋਂ ਬਾਹਰ ਕੱਢਣਾ ਸਰਕਾਰ ਲਈ ਵੀ ਬੜਾ ਗੰਭੀਰ ਮੁੱਦਾ ਹੈ। ਉਨ੍ਹਾਂ ਕਿਹਾ ਕਿ ਇਹ ਦੋ ਦੇਸ਼ਾਂ ਦਾ ਆਪਸੀ ਮੁੱਦਾ ਹੈ, ਜਿਸ ਉੱਤੇ ਰਾਜ ਸਰਕਾਰਾਂ ਕੁਝ ਨਹੀਂ ਕਰ ਸਕਦੀਆਂ ਹਨ। ਉਨ੍ਹਾਂ ਦੱਸਿਆ ਕਿ ਵਧੇਰੇ ਵਿਅਕਤੀਆਂ ਕੋਲ ਜਾਇਜ਼ ਪਾਸਪੋਰਟ ਸਨ ਪਰ ਉਹ ਦੁਬਈ ਜਾਂ ਹੋਰ ਮੁਲਕਾਂ ਵਿੱਚ ਏਜੰਟਾਂ ਦੇ ਹੱਥੇ ਚੜ੍ਹ ਕੇ ਅਮਰੀਕਾ ਪਹੁੰਚੇ ਸਨ ਜਿਨ੍ਹਾਂ ਨਾ ਸਿਰਫ਼ ਉਨ੍ਹਾਂ ਦਾ ਆਰਥਿਕ ਸ਼ੋਸ਼ਣ ਕੀਤਾ ਸਗੋਂ ਗਲਤ ਢੰਗ ਨਾਲ ਅਮਰੀਕਾ ਭੇਜ ਕੇ ਫਸਾਇਆ ਵੀ ਹੈ।

# ਅਮਰੀਕਾ ਤੋਂ ਡਿਪੋਰਟ ਹੋਣ ਵਾਲਿਆਂ 'ਚ ਭੁਲੱਥ ਨਾਲ ਸਬੰਧਤ ਛੇ ਜਣੇ ਸ਼ਾਮਲ

ਭੁਲੱਥ : ਅਮਰੀਕਾ ਦੀ ਟਰੰਪ ਸਰਕਾਰ ਵੱਲੋਂ ਭਾਰਤ ਵਾਪਸ ਭੇਜੇ ਗ਼ੈਰ-ਕਾਨੂੰਨੀ ਪਰਵਾਸੀਆਂ 'ਚ ਸ਼ਾਮਲ ਪੰਜਾਬ ਦੇ 30 ਵਸਨੀਕਾਂ ਵਿੱਚ ਇੱਕ ਦਸ ਸਾਲਾ ਲੜਕੇ ਸਣੇ ਛੇ ਜਣੇ ਭੁਲੱਥ ਸਬ-ਡਿਵੀਜ਼ਨ ਨਾਲ ਸਬੰਧਤ ਹਨ। ਹਾਲਾਂਕਿ ਭੁਲੱਥ ਸਬ-ਡਿਵੀਜ਼ਨ ਦੇ ਤਹਿਸੀਲ ਕੰਪਲੈਕਸ 'ਚ ਲੋਕਾਂ ਦੇ ਡਿਪੋਰਟ ਹੋਣ ਬਾਰੇ ਗੱਲਬਾਤ ਕਰਦਿਆਂ ਕੁਝ ਵਿਅਕਤੀਆਂ ਨੇ ਦੱਸਿਆ ਕਿ ਅੱਜ ਵੀ ਉਨ੍ਹਾਂ ਦੇ ਰਿਸ਼ਤੇਦਾਰਾਂ 'ਚੋਂ ਕੁੱਝ ਕੁ ਮੈਕਸੀਕੋ ਅਤੇ ਕੁੱਝ ਬਾਰਡਰ ਪਾਰ ਕਰ ਗਏ ਹਨ। ਜਾਣਕਾਰੀ ਮੁਤਾਬਕ ਅਮਰੀਕਾ ਤੋਂ ਡਿਪੋਰਟ ਕੀਤੇ ਪਰਵਾਸੀਆਂ 'ਚ ਸਬ-ਡਿਵੀਜ਼ਨ ਦੇ ਪਿੰਡ ਡੋਗਰਾਂਵਾਲ ਦਾ ਵਿਕਰਮਜੀਤ (21) ਪੁੱਤਰ ਸ਼ੀਸ਼ ਸਿੰਘ ਸ਼ਾਮਲ ਹੈ ਜੋ ਛੇ ਭੈਣਾਂ ?ਦਾ ਇਕਲੌਤਾ ਭਰਾ ਹੈ ਤੇ ਦੋ ਮਹੀਨੇ ਪਹਿਲਾਂ ਅਮਰੀਕਾ ਗਿਆ ਸੀ। ਇਸੇ ਤਰ੍ਹਾਂ ਤਰਫ਼ ਬਹਿਬਲ ਬਹਾਦਰ ਦਾ ਗੁਰਪ੍ਰੀਤ ਸਿੰਘ (39), ਪਿੰਡ ਬਰਿਆਰ ਦੇ ਅਮਨ (27) ਤੇ ਹਰਪ੍ਰੀਤ (19) ਜਦਕਿ ਕਸਬਾ ਭੁਲੱਥ ਦੇ ਪਿੰਡ ਭਦਾਸ ਦੇ ਪ੍ਰਭਜੋਤ ਸਿੰਘ (10) ਤੇ ਉਸ ਦੀ ਮਾਂ ਲਵਪ੍ਰੀਤ ਕੌਰ (30) ਵੀ ਡਿਪੋਰਟ ਕੀਤੇ ਗਏ ਪਰਵਾਸੀਆਂ 'ਚ ਸ਼ਾਮਲ ਹਨ। ਇਸ ਦੌਰਾਨ ਪੱਤਰਕਾਰ ਦੀ ਵਾਪਸ ਪਰਤੇ ਵਿਅਕਤੀਆਂ ਦੇ ਪਰਿਵਾਰਾਂ ਨਾਲ ਮੁਲਾਕਾਤ ਨਹੀਂ ਹੋ ਸਕੀ ਕਿਉਂਕਿ ਉਹ ਆਪਣੇ ਪਰਿਵਾਰਕ ਮੈਂਬਰਾਂ ਨੂੰ ਲੈਣ ਲਈ ਅੰਮ੍ਰਿਤਸਰ ਗਏ ਹੋਏ ਸਨ।



Punjabi International Services Inc
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
Harminder Singh Samana
Bonded Immigration Consultant
bond number #10177780
ਆਫਿਸ ਮੈਨੇਜਰ
209-481-7750
209-624-3919
ਪੋਲੀਟੀਕਲ ਅਸਾਈਲਮ · ਸਿਟੀਜਨਸ਼ਿਪ · ਗਰੀਨਕਾਰਡ
Family Petition Immigration
Travel document · Work Permit
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
239 West Yosemite Ave Manteca CA 95336

# ਅਮਰੀਕਾ ਤੋਂ ਡਿਪੋਰਟ ਕੀਤੇ ਪੰਜਾਬ ਦੇ 30 ਵਿਅਕਤੀਆਂ ’ਚੋਂ ਇਕ ਪਿੰਡ ਡੋਗਰਾਂਵਾਲ ਦਾ ਨਿਕਲਿਆ



ਸੁਭਾਨਪੁਰ : ਸੁਭਾਨਪੁਰ ਦੇ ਨਜ਼ਦੀਕੀ ਪਿੰਡ ਡੋਗਰਾਂਵਾਲ ਦਾ ਨੌਜਵਾਨ ਜੋ ਕਿ ਅਮਰੀਕਾ ਤੋਂ ਡਿਪੋਰਟ ਕੀਤਾ ਗਿਆ ਹੈ, ਪੰਜਾਬ ਦੇ 30 ਵਿਅਕਤੀਆਂ ਵਿਚੋਂ ਇਕ ਵਿਅਕਤੀ ਜ਼ਿਲ੍ਹਾ ਕਪੂਰਥਲਾ ਦੇ ਪਿੰਡ ਡੋਗਰਾਂਵਾਲ ਦਾ ਹੈ, ਜਿਸ ਦੇ ਮਾਤਾ-ਪਿਤਾ ਉਸਨੂੰ ਅੰਮ੍ਰਿਤਸਰ ਹਵਾਈ ਅੱਡੇ ਤੋਂ ਲੈਣ ਗਏ ਹੋਏ ਹਨ। ਘਰ ਵਿਚ ਮੌਜੂਦ ਉਸ ਦੇ ਦਾਦਾ ਹਰਮੇਲ ਸਿੰਘ ਨੇ ਦੱਸਿਆ ਕਿ ਉਸਦੇ ਪਰਿਵਾਰ ਨੇ 22 ਸਾਲਾ ਵਿਕਰਮਜੀਤ ਸਿੰਘ ਪੁੱਤਰ ਸ਼ੀਸ਼ ਸਿੰਘ ਵਾਸੀ ਡੋਗਰਾਂਵਾਲ ਕਰੀਬ 2 ਮਹੀਨੇ ਪਹਿਲਾਂ ਹੀ ਅਮਰੀਕਾ ਭੇਜਿਆ ਸੀ ਤੇ ਉਸ ਨੂੰ ਭੇਜਣ ਲਈ ਲੱਖਾਂ ਰੁਪਏ ਦਾ ਕਰਜ਼ਾ ਚੁੱਕਿਆ ਹੋਇਆ ਹੈ, ਜਿਸ ਨੂੰ ਉਸਦਾ ਲੜਕਾ ਹੁਣ ਸਾਰੀ ਉਮਰ ਤੱਕ ਨਹੀਂ ਉਤਾਰ ਸਕੇਗਾ। ਉਨ੍ਹਾਂ ਦੱਸਿਆ ਕਿ ਘਰ ਦੇ ਹਾਲਾਤ ਬਹੁਤ ਮਾੜੇ ਹਨ, ਜਿਸ ਕਰਕੇ ਵਿਕਰਮਜੀਤ ਸਿੰਘ ਜੋ ਕਿ 6 ਭੈਣਾਂ ਦਾ ਇਕਲੌਤਾ ਭਰਾ ਹੈ, ਚੰਗੇ ਭਵਿੱਖ ਲਈ ਵਿਦੇਸ਼ ਗਿਆ ਸੀ।

# 13 ਦਿਨ ਪਹਿਲਾਂ ਹੀ ਪੁੱਜਾ ਸੀ ਅਮਰੀਕਾ, ਆ ਗਿਆ ਪੁਲਿਸ ਅੜਿੱਕੇ, ਹੋਈ ਵਤਨ ਵਾਪਸੀ

ਫਤਿਹਗੜ੍ਹ ਚੂੜੀਆਂ : ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਗੈਰ ਕਾਨੂੰਨੀ ਤੌਰ ’ਤੇ ਅਮਰੀਕਾ ’ਚ ਰਹਿਣ ਵਾਲਿਆਂ ਵਿਰੁੱਧ ਕੀਤੀ ਕਾਰਵਾਈ ਤਹਿਤ 205 ਭਾਰਤੀ ਪਰਵਾਸੀਆਂ ਨੂੰ ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਏਅਰਪੋਰਟ ’ਤੇ ਉਤਾਰਿਆ ਗਿਆ ਹੈ। ਅਮਰੀਕਾ ਤੋਂ ਡਿਪੋਰਟ ਹੋ ਕੇ ਆਏ ਭਾਰਤੀਆਂ ਵਿਚ ਪੰਜਾਬ ਦੇ ਜ਼ਿਲ੍ਹੇ ਗੁਰਦਾਸਪੁਰ ਦੇ ਪਿੰਡ ਹਰਦੋਰਵਾਲ ਹਾਲ ਵਾਸੀ ਫਤਿਹਗੜ੍ਹ ਚੂੜੀਆਂ ਦਾ ਇੱਕ ਨੌਜਵਾਨ ਵੀ ਸ਼ਾਮਿਲ ਹੈ। ਹਾਲਾਂਕਿ ਡਿਪੋਰਟ ਹੋਇਆ ਨੌਜਵਾਨ ਅਜੇ ਕਾਰਨ ਨਹੀਂ ਪੁੱਜਾ ਹੈ ਪਰ ਉਸਦੇ ਪਰਿਵਾਰਿਕ ਮੈਂਬਰ ਗਹਿਰੀਆਂ ਸੋਚਾਂ ਵਿਚ ਡੁੱਬੇ ਹੋਏ ਹਨ।

ਜਾਣਕਾਰੀਆਂ ਅਨੁਸਾਰ ਜਸਪਾਲ ਸਿੰਘ ਪੁੱਤਰ ਨਰਿੰਦਰ ਸਿੰਘ ਵਾਸੀ ਹਰਦੋ ਰਵਾਲ ਹਾਲ ਵਾਸੀ ਫਤਿਹਗੜ੍ਹ ਚੂੜੀਆਂ 6 ਮਹੀਨੇ ਪਹਿਲਾਂ ਡੌਂਕੀ ਲਗਾ ਕੇ ਅਮਰੀਕਾ ਲਈ ਰਵਾਨਾ ਹੋਇਆ ਸੀ ਅਤੇ ਕਰੀਬ 13 ਦਿਨ ਪਹਿਲਾਂ ਹੀ ਅਮਰੀਕਾ ਦਾਖਲ ਹੋਇਆ ਸੀ। ਲੱਖਾਂ ਰੁਪਏ ਖਰਚ ਕੇ ਅਮਰੀਕਾ ਪੁੱਜੇ ਜਸਪਾਲ ਸਿੰਘ ਨੂੰ ਨਵੇਂ ਚੁਣੇਗੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਖਤ ਫੈਸਲੇ ਦਾ ਕਰੋਪ ਸਹਿਣਾ ਪਿਆ ਹੈ।



ਜਾਣਕਾਰੀਆਂ ਅਨੁਸਾਰ ਅਮਰੀਕਾ ਤੋਂ ਡਿਪੋਰਟ ਹੋ ਕੇ ਆਇਆ ਨੌਜਵਾਨ ਜਸਪਾਲ ਸਿੰਘ ਵਿਆਹਿਆ ਹੋਇਆ ਹੈ ਤੇ ਉਸਦੇ ਦੋ ਛੋਟੇ ਛੋਟੇ ਬੱਚੇ ਹਨ। ਜਸਪਾਲ ਸਿੰਘ ਦੇ ਪਿਤਾ ਦਾ ਕੁਝ ਸਮਾਂ ਪਹਿਲਾਂ ਦੇਹਾਂਤ ਹੋ ਚੁੱਕਿਆ ਹੈ ਅਤੇ ਉਸ ਦੀ ਮਾਤਾ ਅਤੇ ਉਸਦੀ ਪਤਨੀ ਤੇ ਬੱਚੇ ਫਤਿਹਗੜ੍ਹ ਚੂੜੀਆਂ ਵਿਚ ਰਹਿ ਰਹੇ ਹਨ। ਪਰਿਵਾਰ ਮੀਡੀਆ ਅੱਗੇ ਕੁਝ ਵੀ ਨਹੀਂ ਬੋਲ ਰਿਹਾ ਹੈ।

# ਬਾਜਵਾ ਨੇ 30 ਡਿਪੋਰਟ ਹੋਏ ਪੰਜਾਬੀਆਂ ਦੇ ਮੁੜ ਵਸੇਬੇ ਦੀ ਕੀਤੀ ਮੰਗ

ਚੰਡੀਗੜ੍ਹ: ਅਮਰੀਕਾ ’ਚ ਟਰੰਪ ਪ੍ਰਸ਼ਾਸਨ ਵੱਲੋਂ 30 ਪੰਜਾਬੀਆਂ ਸਣੇ 104 ਅਣਅਧਿਕਾਰਤ ਭਾਰਤੀ ਪ੍ਰਵਾਸੀਆਂ ਨੂੰ ਵਾਪਸ ਭੇਜੇ ਜਾਣ ’ਤੇ ਪੰਜਾਬ ਵਿਧਾਨ ਸਭਾ ’ਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਜ਼ੋਰਦਾਰ ਵਕਾਲਤ ਕੀਤੀ ਹੈ ਕਿ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੂੰ ਡਿਪੋਰਟ ਹੋਏ ਪੰਜਾਬੀਆਂ ਲਈ ਮੁੜ ਵਸੇਬਾ ਪ੍ਰੋਗਰਾਮ ਤਿਆਰ ਕਰਨਾ ਚਾਹੀਦਾ ਹੈ।

ਉਹ ਸਾਡੇ ਪੁੱਤਰ ਅਤੇ ਧੀਆਂ ਹਨ, ਅਤੇ ਸਾਨੂੰ ਉਨ੍ਹਾਂ ਨੂੰ ਸਵੀਕਾਰ ਕਰਨਾ ਚਾਹੀਦਾ ਹੈ। ਉਚਿੱਤ ਮੁੜ ਵਸੇਬਾ ਪ੍ਰੋਗਰਾਮ ਤੋਂ ਬਿਨਾਂ, ਉਹ ਨਿਰਾਸ਼ਾ ਅਤੇ ਉਦਾਸੀਨਤਾ ਵਿੱਚ ਡੁੱਬ ਸਕਦੇ ਹਨ ਜਾਂ ਨਸ਼ਿਆਂ ਦੀ ਆਦਤ ਅਤੇ ਅਪਰਾਧਿਕ ਗਤੀਵਿਧੀਆਂ ਦਾ ਸਹਾਰਾ ਲੈ ਸਕਦੇ ਹਨ। ‘ਆਪ’ ਸਰਕਾਰ ਨੂੰ ਉਨ੍ਹਾਂ ਨੂੰ ਗੁਮਰਾਹ ਨਹੀਂ ਹੋਣ ਦੇਣਾ ਚਾਹੀਦਾ। ਇਸ ਨੂੰ ਮਦਦ ਦਾ ਹੱਥ ਵਧਾਉਣਾ ਚਾਹੀਦਾ ਹੈ। ਉਨ੍ਹਾਂ ਦੀ ਯੋਗਤਾ ਵਜੋਂ ਰੁਜ਼ਗਾਰ ਅਤੇ ਵਿੱਤੀ ਸਹਾਇਤਾ ਉਨ੍ਹਾਂ ਨੂੰ ਦਿੱਤੀ ਜਾਣੀ ਚਾਹੀਦੀ ਹੈ।

ਸੀਨੀਅਰ ਕਾਂਗਰਸੀ ਆਗੂ ਬਾਜਵਾ ਨੇ ਕਿਹਾ ਕਿ ਅਜਿਹੀਆਂ ਉਦਾਹਰਨਾਂ ਹਨ ਜਿੱਥੇ ਅਮਰੀਕਾ ਵਰਗੇ ਦੇਸ਼ਾਂ ਵਿੱਚ ਗੈਰ-ਕਾਨੂੰਨੀ ਢੰਗ ਨਾਲ ਪਰਵਾਸ ਕਰਨ ਲਈ ਡੌਂਕੀ ਦੇ ਰਸਤੇ ਨੂੰ ਚੁਣਨ ਵਾਲੇ ਬਹੁਤ ਸਾਰੇ ਪੰਜਾਬੀ ਨੌਜਵਾਨਾਂ ਨੇ ਗੈਰ-ਕਾਨੂੰਨੀ ਟਰੈਵਲ ਏਜੰਟਾਂ ਨੂੰ ਬਹੁਤ ਜ਼ਿਆਦਾ ਫ਼ੀਸਾਂ ਅਦਾ ਕਰਨ ਲਈ ਆਪਣੀ ਖੇਤੀ ਵਾਲੀ ਜ਼ਮੀਨ ਵੇਚ ਦਿੱਤੀ ਹੈ। ਜਦੋਂ ਉਹ ਵਾਪਸ ਆਉਣਗੇ ਤਾਂ ਉਨ੍ਹਾਂ ਕੋਲ ਕੁਝ ਵੀ ਨਹੀਂ ਬਚੇਗਾ। ਸਰਕਾਰ ਨੂੰ ਗੈਰ-ਕਾਨੂੰਨੀ ਟਰੈਵਲ ਏਜੰਟਾਂ ਵਿਰੁੱਧ ਵੀ ਸਖ਼ਤ ਕਾਨੂੰਨੀ ਕਾਰਵਾਈ ਕਰਨੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਆਪਣੇ ਜੱਦੀ ਸੂਬੇ ’ਚ ਕੈਰੀਅਰ ਬਣਾਉਣ ਲਈ ਪ੍ਰੇਰਿਤ ਕਰਕੇ ਬ੍ਰੇਨ-ਡਰੇਨ ਨੂੰ ਰੋਕਣਾ ‘ਆਪ’ ਦਾ ਮੁੱਖ ਚੋਣ ਮੁੱਦਾ ਸੀ। ਹੁਣ ਸੱਤਾ ’ਚ ਆਉਣ ਦੇ ਤਿੰਨ ਸਾਲ ਬਾਅਦ ਵੀ ’ਆਪ’ ਕੋਈ ਸਕਾਰਾਤਮਿਕ ਨਤੀਜਾ ਦੇਣ ’ਚ ਬੁਰੀ ਤਰ੍ਹਾਂ ਅਸਫਲ ਰਹੀ ਹੈ ਕਿਉਂਕਿ ਉਸ ਕੋਲ ਇਸ ਦਾ ਕੋਈ ਰੋਡਮੈਪ ਨਹੀਂ ਸੀ। ਬਾਜਵਾ ਨੇ ਕਿਹਾ ਕਿ ’ਆਪ’ ਦਾ ਇਹ ਵਾਅਦਾ ਵੀ ਖੋਖਲਾ ਸਾਬਤ ਹੋਇਆ ਹੈ।

ਕਾਦੀਆਂ ਦੇ ਵਿਧਾਇਕ ਬਾਜਵਾ ਨੇ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਦੇ ਪੱਛਮੀ ਦੇਸ਼ਾਂ ਵਿੱਚ ਜਾਣ ਦਾ ਇੱਕ ਵੱਡਾ ਕਾਰਨ ਸੂਬੇ ਵਿੱਚ ਵਿਆਪਕ ਬੇਰੁਜ਼ਗਾਰੀ ਹੈ। ਆਮ ਆਦਮੀ ਪਾਰਟੀ ਬੇਰੁਜ਼ਗਾਰੀ ਦੇ ਮੁੱਦੇ ਨੂੰ ਹੱਲ ਕਰਨ ਵਿੱਚ ਵਿਅਰਥ ਰਹੀ ਅਤੇ ਇਸ ਦੇ ਬਜਾਏ ਇਸ ਨੇ ਬੇਬੁਨਿਆਦ ਇਸ਼ਤਿਹਾਰਾਂ ’ਤੇ ਪੰਜਾਬ ਦੇ ਖ਼ਜ਼ਾਨੇ ਨੂੰ ਬਰਬਾਦ ਕਰ ਦਿੱਤਾ।



# ਜਬਰੀ ਵਤਨ ਵਾਪਸੀ ਕਾਰਨ ਸੁਨਹਿਰੀ ਭਵਿੱਖ ਦੇ ਸੁਪਨੇ ਟੁੱਟੇ

## ਡਿਪੋਰਟ ਹੋਇਆ ਸੁਖਪਾਲ ਇਟਲੀ ਤੋਂ ਪਹੁੰਚਿਆ ਸੀ ਅਮਰੀਕਾ; ਪਿੰਡ ਟਾਹਲੀ ਦਾ ਹਰਵਿੰਦਰ ਅਮਰੀਕਾ ਦਾ ਬਾਰਡਰ ਪਾਰ ਕਰਦੇ ਸਮੇਂ ਆਇਆ ਸੀ ਕਾਬੂ



ਟਾਂਡਾ : ਅਮਰੀਕਾ ਤੋਂ ਡਿਪੋਰਟ ਕੀਤੇ ਗਏ ਭਾਰਤੀਆਂ ’ਚੋਂ ਦੋ ਵਿਅਕਤੀ ਟਾਂਡਾ ਇਲਾਕੇ ਦੇ ਪਿੰਡ ਦਾਰਾਪੁਰ ਤੇ ਟਾਹਲੀ ਨਾਲ ਸਬੰਧਤ ਹਨ। ਜਾਣਕਾਰੀ ਅਨੁਸਾਰ ਦਾਰਾਪੁਰ ਵਾਸੀ ਸੁਖਪਾਲ ਪੁੱਤਰ ਪ੍ਰੇਮ ਪਾਲ ਅੱਠ ਮਹੀਨੇ ਪਹਿਲਾਂ ਵਰਕ ਪਰਮਿਟ ’ਤੇ ਇਟਲੀ ਗਿਆ ਸੀ ਤੇ ਬਾਅਦ ਵਿੱਚ ਅਮਰੀਕਾ ਦਾਖਲ ਹੁੰਦੇ ਫੜਿਆ ਗਿਆ ਸੀ। ਸੁਖਪਾਲ ਦੇ ਪਿਤਾ ਨੇ ਦੱਸਿਆ ਕਿ ਉਨ੍ਹਾਂ ਨੂੰ ਸੁਖਪਾਲ ਦੇ ਅਮਰੀਕਾ ਤੋਂ ਡਿਪੋਰਟ ਹੋਣ ਬਾਰੇ ਮੀਡੀਆ ਰਿਪੋਰਟਾਂ ਰਾਹੀਂ ਜਾਣਕਾਰੀ ਮਿਲੀ ਹੈ। ਉਨ੍ਹਾਂ ਦੱਸਿਆ, “ਸੁਖਪਾਲ ਪਿਛਲੇ ਸਾਲ ਅਕਤੂਬਰ ਮਹੀਨੇ ’ਚ ਵਰਕ ਪਰਮਿਟ ’ਤੇ ਇਟਲੀ ਗਿਆ ਸੀ। ਕੁਝ ਦਿਨ ਪਹਿਲਾਂ ਉਸ ਨਾਲ ਗੱਲ ਹੋਈ ਸੀ। ਉਹ ਉੱਥੋਂ ਅਮਰੀਕਾ ਕਿਵੇਂ ਗਿਆ, ਇਸ ਬਾਰੇ ਉਸ ਨੇ ਸਾਨੂੰ ਕੁਝ ਨਹੀਂ ਦੱਸਿਆ।”

ਦੂਜਾ ਵਿਅਕਤੀ ਨੇੜਲੇ ਪਿੰਡ ਟਾਹਲੀ ਦਾ ਹਰਵਿੰਦਰ ਸਿੰਘ ਪੁੱਤਰ ਰੇਸ਼ਮ ਸਿੰਘ ਹੈ। ਉਹ ਪਿਛਲੇ ਮਹੀਨੇ ਹੀ ਬਾਰਡਰ ਪਾਰ ਕਰ ਕੇ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਦਾਖ਼ਲ ਹੋਇਆ ਸੀ ਤੇ ਫੜੇ ਜਾਣ ਤੋਂ ਬਾਅਦ ਕੈਂਪ ’ਚ ਸੀ। ਹਰਵਿੰਦਰ ਸਿੰਘ ਦੀ ਪਤਨੀ ਕੁਲਜਿੰਦਰ ਕੌਰ ਨੇ ਦੱਸਿਆ ਕਿ ਅੱਠ ਮਹੀਨੇ ਪਹਿਲਾਂ ਅਮਰੀਕਾ ਜਾਣ ਲਈ ਘਰੋਂ ਗਿਆ ਸੀ। ਕੁਲਜਿੰਦਰ ਕੌਰ ਮੁਤਾਬਕ ਏਜੰਟ ਨੇ 42 ਲੱਖ ਰੁਪਏ ਲੈਣ ਦੇ ਬਾਵਜੂਦ ਕਾਨੂੰਨੀ ਤਰੀਕੇ ਦੀ ਬਜਾਇ ਉਸ ਦੇ ਪਤੀ ਹਰਵਿੰਦਰ ਨੂੰ ਧੋਖੇ ਨਾਲ ਡੌਂਕੀ ਲਵਾ ਕੇ ਅਮਰੀਕਾ ਭੇਜਿਆ ਸੀ। ਉਸ ਦੇ ਪਤੀ ਨੇ 15 ਜਨਵਰੀ ਨੂੰ ਮੈਸਜ ਕਰ ਕੇ ਅਮਰੀਕਾ ਦਾ ਬਾਰਡਰ ਪਾਰ ਕਰਨ ਬਾਰੇ ਦੱਸਿਆ ਸੀ ਪਰ ਬਾਅਦ ਵਿੱਚ ਉਸ ਨਾਲ ਕੋਈ ਰਾਬਤਾ ਨਹੀਂ ਹੋਇਆ ਅਤੇ ਅੱਜ ਹੀ ਉਨ੍ਹਾਂ ਨੂੰ ਉਸ ਦੇ ਵਤਨ ਵਾਪਸੀ ਦੀ ਸੂਚਨਾ ਮਿਲੀ ਹੈ।


Punjabi International Services Inc

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸੱਮਸਿਆਵਾਂ ਦਾ ਹੱਲ ਇਕ ਛੱਤ ਥੱਲੇ

ਪੋਲੀਟੀਕਲ ਅਸਾਈਲਮ · ਸਿਟੀਜਨਸ਼ਿਪ · ਗਰੀਨਕਾਰਡ

Family Petition Immigration

Travel document · Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

239 West Yosemite Ave Manteca CA 95336



Harminder Singh Samana

Bonded Immigration Consultant

bond number #10177780

ਆਫਿਸ ਮੈਨੇਜਰ

209-481-7750 | 209-624-3919

# ਸਿਰਫ ਇੱਕ ਟਾਇਲਟ ਵਾਲੇ ਅਮਰੀਕਨ ਫੌਜ ਦੇ ਜਹਾਜ਼ ਵਿੱਚ ਹੱਥਕੜੀਆਂ, ਲੱਕ ਅਤੇ ਪੈਰਾਂ ਨੂੰ ਜੰਜੀਰਾਂ ਬੇੜੀਆਂ ਨਾਲ 7000 ਤੋਂ ਵੱਧ ਮੀਲ ਅਤੇ 18 ਘੰਟੇ ਦੀ ਫਲਾਈਟ ’ਚ ਲੈ ਕੇ ਜਾਣਾ ਅਣਮਨੁੱਖੀ ਵਰਤਾਰਾ ਮਨੁੱਖਤਾ ਦੀ ਹੱਤਕ ਅਤੇ ਭਾਰਤ ਵਿੱਚ ਪਹੁੰਚਣ ਤੋਂ ਬਾਅਦ ਉਹਨਾਂ ਨੂੰ ਕੈਦੀਆਂ ਵਾਲੀ ਵੈਨ ’ਚ ਲਿਜਾਣਾ ਨਿੰਦਣਯੋਗ ਸ਼ਰਮਨਾਕ

ਕਿਸਮਤ ਦੇ ਮਾਰੇ ਲੋਕ ਆਪਣਾ ਸਭ ਕੁਝ ਵੇਚ ਕੇ ਚੰਗੇ ਭਵਿੱਖ ਦੀ ਭਾਲ ’ਚ ਅਮਰੀਕਾ ਪਹੁੰਚੇ ਲੋਕਾਂ ਨੂੰ ਟਰੰਪ ਸਰਕਾਰ ਵਲੋਂ ਲਵਾਰਿਸ ਸਮਝਕੇ ਭੇਜਣਾ ਅਤੇ ਭਾਰਤ ਵਲੋਂ ਉਹਨਾਂ ਨਾਲ ਕੈਦੀਆਂ ਵਾਲਾ ਸਲੂਕ ਕਰਨਾ ਅਤਿ ਨਿੰਦਣਯੋਗ ਹੈ। ਇਥੇ ਇਹ ਜਿਕਰਯੋਗ ਹੈ ਕਿ ਇਹਨਾਂ ਅਭਾਗੇ ਲੋਕਾਂ ’ਚ 12 ਬੱਚੇ 23 ਔਰਤਾਂ ਅਤੇ 69 ਪੁਰਸ਼ ਸ਼ਾਮਲ ਹਨ ਅਤੇ ਇੱਕ ਲੜਕੀ ਸੁਸਕਾਨ ਜਿਹੜੀ ਸਟੂਡੈਂਟ ਵੀਜ਼ੇ ਉਪਰ ਲੀਗਲ ਤੌਰ ’ਤੇ 5 ਜਨਵਰੀ ਨੂੰ ਅਮਰੀਕਾ ਪਹੁੰਚੀ ਸੀ, ਫੜਕੇ 10 ਦਿਨ ਰੱਖਕੇ ਡਿਪੋਰਟ ਕਰ ਦਿੱਤਾ ਗਿਆ।

ਵੱਖ-ਵੱਖ ਪ੍ਰਵਾਰਾਂ ਦੇ ਲੋਕ ਭਾਰਤ ਦੀ ਕੇਂਦਰ ਸਰਕਾਰ ਖਿਲਾਫ ਆਪਣਾ ਰੋਸ ਜ਼ਾਹਿਰ ਕਰ ਰਹੇ ਜਿਸਨੇ ਸਮੇਂ ਸਿਰ ਕੋਈ ਫੈਸਲਾ ਨਾ ਕੀਤਾ।

ਜੇਕਰ ਇਹਨਾਂ ਲੋਕਾਂ ਨੂੰ ਭਾਰਤ ’ਚ ਆਪਣੀ ਜ਼ਿੰਦਗੀ ਬਸਰ ਕਰਨ ਲਈ ਕੰਮਕਾਰ ਮਿਲਦਾ ਤਾਂ ਇਹ ਲੋਕ ਆਪਣਾ ਪ੍ਰਵਾਰ ਆਪਣਾ ਘਰ-ਬਾਰ ਛੱਡਕੇ ਕਰਜ਼ੇ ਚੁੱਕਕੇ ਜ਼ਮੀਨ ਜਾਇਦਾਦ ਵੇਚ ਕੇ ਆਪਣੀ ਜ਼ਿੰਦਗੀ ਖਤਰੇ ’ਚ ਪਾਕੇ ਮੌਤ ਨਾਲ ਖੇਡਦੇ ਹੋਏ ਵਿਦੇਸ਼ਾਂ ’ਚ ਕਿਉਂ ਜਾਂਦੇ। ਇਥੇ ਇਹ ਜ਼ਿਕਰਯੋਗ ਇਨ੍ਹਾਂ ਵਿਅਕਤੀਆਂ ਨੇ ਪਰਵਾਸ ਕਰਨ ਲਈ ਬਹੁਤ ਜੋਖਮ ਉਠਾਏ ਕਿਉਂਕਿ ਉਹਨਾਂ ਨੂੰ ਲੱਗਦਾ ਸੀ ਕਿ ਉਹਨਾਂ ਦਾ ਭਾਰਤ ਵਿੱਚ ਕੋਈ ਭਵਿੱਖ ਨਹੀਂ ਹੈ, ਬੇਰੁਜ਼ਗਾਰ ਸਿਸਟਮ ਦੇ ਸਿਤਾਏ ਲੋਕ ਆਪਣੀ ਜ਼ਿੰਦਗੀ ਜਿਊਣ ਲਈ ਹੋਰ ਕੀ ਕਰਨ। ਕਸੂਰ ਸਿਰਫ਼ ਇਨ੍ਹਾਂ ਡਿਪੋਰਟ ਕੀਤੇ ਬਦਨਸੀਬ ਲੋਕਾਂ ਦਾ ਹੀ ਨਹੀਂ; ਭਾਰਤੀ ਕੁਰੱਪਟ ਜਾਤਾਂ ਧਰਮਾਂ ਦੀ ਨਫਰਤ ਭਰੇ ਸਿਸਟਮ ਨੇ ਇਹਨਾਂ ਨੂੰ ਅਸਫਲ ਕਰ ਦਿੱਤਾ।

ਇਸ ਸਮੇਂ ਸਰਕਾਰਾਂ ਨੂੰ ਆਪਣੇ ਮੁਸੀਬਤ ’ਚ ਫਸੇ ਨਾਗਰਿਕਾਂ ਦਾ ਸਤਿਕਾਰ ਕਰਨਾ ਅਤੇ ਸਮਰਥਨ ਕਰਨਾ ਚਾਹੀਦਾ ਹੈ।

ਇਹ ਪਛਾਣਦੇ ਹੋਏ ਕਿ ਉਹ ਸਾਡੇ ਆਪਣੇ ਹਨ, ਹਮਦਰਦੀ ਦੇ ਹੱਕਦਾਰ ਹਨ। ਇਹ ਲੋਕ ਸਿਰਫ ਆਪਣੇ ਅਤੇ ਆਪਣੇ ਪਰਿਵਾਰਾਂ ਲਈ ਇੱਕ ਬਿਹਤਰ ਜੀਵਨ ਚਹੁੰਦੇ ਹਨ।

ਆਪਣਾ ਸਭ ਕੁਝ ਗੁਵਾ ਚੁੱਕੇ ਨਿਰਾਸ਼ਾਜਨਕ ਹਾਲਾਤਾਂ ਵਿੱਚ ਚਲੇ ਗਏ ਸਨ।

ਅਮਰੀਕਾ ਵਲੋਂ ਇਹ ਦੇਸ਼ ਨਿਕਾਲਾ ਦੇਣਾ ਬਹੁਤ ਪ੍ਰੇਸ਼ਾਨੀ ਵਾਲੀ ਗੱਲ ਹੈ।

ਅਜਿਹੀਆਂ ਸਥਿਤੀਆਂ ਵਿੱਚ ਭਾਰਤ ਸਰਕਾਰ ਦੀ ਚੁੱਪ ਹੋਰ ਨਿਰਾਸ਼ਾਜਨਕ ਹੈ।

ਸਰਕਾਰ ਨੂੰ ਬਿਹਤਰ ਕੂਟਨੀਤਕ ਗੱਲਬਾਤ ਯਕੀਨੀ ਬਣਾਉਣ ਅਤੇ ਵਾਪਸ ਪਰਤਣ ਵਾਲਿਆਂ ਲਈ ਸਹਾਇਤਾ ਪ੍ਰਦਾਨ ਕਰਨ ਲਈ ਕਦਮ ਚੁੱਕਣ ਦੀ ਲੋੜ ਹੈ। ਸਰਕਾਰ ਨੂੰ ਇਹਨਾਂ ਦੇ ਅਧਿਕਾਰਾਂ ਸਨਮਾਨ ਦਾ ਸਨਮਾਨ ਕਰਨਾ ਚਾਹੀਦਾ ਹੈ ਅਤੇ ਸਮਾਜ ਵਿੱਚ ਮੁੜ ਕਾਮਯਾਬ ਕਰਨ ਲਈ ਸਹਾਇਤਾ ਦੀ ਪੇਸ਼ਕਸ਼ ਕਰਨੀ ਚਾਹੀਦੀ।

ਪੰਜਾਬ ਵਿੱਚ ਵੱਖ ਵੱਖ ਪਾਰਟੀਆਂ ਦੇ ਸਿਆਸਤਦਾਨਾਂ ਨੂੰ ਇਸ ਉਪਰ ਘਟੀਆਂ ਸਿਆਸਤ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਅਤੇ ਮਿਲਕੇ ਪੰਜਾਬ ਦੇ ਇਹਨਾਂ ਲੋੜਵੰਦਾਂ ਦੀ ਮਦਦ ਕਰਨੀ ਚਾਹੀਦੀ ਹੈ।

ਅਸੀਂ ਲੋਕ ਵੀ ਕਦੇ ਆਪਣੀ ਅਤੇ ਆਪਣੇ ਪ੍ਰਵਾਰ ਦੀ ਜੂਨ ਸੰਵਾਰਨ ਦੇ ਸੁਪਨੇ ਲੈਕੇ ਅਮਰੀਕਾ ਆਏ ਸੀ। ਉਨ੍ਹਾਂ ਦਿਨਾਂ ’ਚ ਲੋਕ ਅਤੇ ਮਾਹੌਲ ਅੱਜ ਵਾਂਗ ਨਫਰਤ ਭਰਿਆ ਨਹੀਂ ਸੀ। ਅੱਜ ਸਰਕਾਰਾਂ ਆਪਣੇ ਲੋਕਾਂ ਨੂੰ ਬਹੁਗਿਣਤੀ ਨੂੰ ਖੁਸ਼ ਕਰਨ ਲਈ ਘੱਟ-ਗਿਣਤੀਆਂ ਨੂੰ ਅਤੇ ਪ੍ਰਵਾਸੀਆਂ ਨੂੰ ਸਖਤ ਸਜ਼ਾਵਾਂ ਦੇਣਾ ਆਪਣਾ ਧਰਮ ਸਮਝਦੀਆਂ ਹਨ ਅਤੇ ਇਸ ਕਰਕੇ ਵੱਡੀ ਤਾਦਾਦ ’ਚ ਵੋਟਾਂ ਲੈਕੇ ਕਾਮਯਾਬੀ ਹਾਸਲ ਕਰਦੀਆਂ ਹਨ।

ਸਿੱਖਾਂ ਨੂੰ, ਘੱਟ-ਗਿਣਤੀਆਂ ਨੂੰ ਅਤੇ ਪ੍ਰਵਾਸੀਆਂ ਨੂੰ ਇਸ ਜਬਰ ਦਾ ਮੁਕਾਬਲਾ ਅਕਾਲ ਪੁਰਖ ਉਪਰ ਵਿਸਵਾਸ਼ ਕਰਕੇ ਸਬਰ ਨਾਲ ਕਰਨਾ ਚਾਹੀਦਾ ਹੈ। ਮਾੜੇ ਦਿਨ ਅਤੇ ਜਾਬਰ ਹੁਕਮਰਾਨ ਹਮੇਸ਼ਾ ਲਈ ਨਹੀਂ ਰਹਿੰਦੇ ਚੰਗੇ ਦਿਨ ਅਤੇ ਚੰਗੇ ਲੋਕ ਵੀ ਜ਼ਿੰਦਗੀ ’ਚ ਜ਼ਰੂਰ ਆਉਂਦੇ ਹਨ। ਸਿਆਣੇ ਲੋਕ ਕਹਿੰਦੇ ਹਨ ਕਿ ਹਰ ਰਾਤ ਦੇ ਬਾਅਦ ਸਵੇਰਾ ਜ਼ਰੂਰ ਆਉਂਦਾ ਹੈ। ਇਹ ਇਨ੍ਹਾਂ ਡਿਪੋਰਟ ਕੀਤੇ ਲੋਕਾਂ ਉਪਰ ਵੀ ਰੱਬ ਜ਼ਰੂਰ ਰਹਿਮ ਕਰੇਗਾ।

**- ਸਤਨਾਮ ਸਿੰਘ ਖਾਲਸਾ**








ਅੰਮ੍ਰਿਤਸਰ ਵਿਚ ਬੁੱਧਵਾਰ ਨੂੰ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਕਾਰਗੋ ਟਰਮੀਨਲ ਦੇ ਬਾਹਰ ਪੁਲਿਸ ਕਰਮਚਾਰੀ ਪਹਿਰਾ ਦਿੰਦੇ ਹਨ, ਜਿੱਥੇ ਅਮਰੀਕਾ ਦੇ ਫੌਜੀ ਜਹਾਜ਼ ਡਿਪੋਰਟ ਕੀਤੇ ਗਏ ਭਾਰਤੀਆਂ ਨੂੰ ਲੈ ਕੇ ਉਤਰਦੇ ਹਨ।

# ਭਾਰਤੀ ਪਾਰਲੀਮੈਂਟ ਦੇ ਸਾਹਮਣੇ ਵਿਰੋਧੀ ਧਿਰ ਦੇ ਮੈਂਬਰ ਟਰੰਪ ਅਤੇ ਮੋਦੀ ਸਰਕਾਰ ਦੇ ਖਿਲਾਫ਼ ਕੀਤੀ ਨਾਅਰੇਬਾਜ਼ੀ



ਨਵੀਂ ਦਿੱਲੀ : ਕਾਂਗਰਸੀ ਸੰਸਦ ਮੈਂਬਰ ਪ੍ਰਿਅੰਕਾ ਗਾਂਧੀ ਵਾਡਰਾ ਨੇ ਵੀਰਵਾਰ ਨੂੰ ਅਮਰੀਕਾ ਵਿੱਚ ਗੈਰਕਾਨੂੰਨੀ ਤੌਰ ’ਤੇ ਰਹਿ ਰਹੇ ਭਾਰਤੀਆਂ ਨੂੰ ਦੇਸ਼ ਨਿਕਾਲਾ ਦੇਣ ਦੇ ਤਰੀਕੇ ਲਈ ਸਰਕਾਰ ਦੀ ਆਲੋਚਨਾ ਕੀਤੀ ਅਤੇ ਮੰਗ ਕੀਤੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਵਿਦੇਸ਼ ਮੰਤਰੀ ਜੈਸ਼ੰਕਰ ਇਸ ਮੁੱਦੇ ’ਤੇ ਜਵਾਬ ਦੇਣ।

ਜ਼ਿਕਰਯੋਗ ਹੈ ਕਿ ਡੋਨਲਡ ਟਰੰਪ ਸਰਕਾਰ ਵੱਲੋਂ ਗੈਰ-ਕਾਨੂੰਨੀ ਪਰਵਾਸੀਆਂ ਵਿਰੁੱਧ ਕਾਰਵਾਈ ਦੇ ਹਿੱਸੇ ਵਜੋਂ ਡਿਪੋਰਟ ਕੀਤੇ ਗਏ 104 ਗੈਰ-ਕਾਨੂੰਨੀ ਭਾਰਤੀ ਪਰਵਾਸੀਆਂ ਨੂੰ ਲੈ ਕੇ ਇੱਕ ਅਮਰੀਕੀ ਫੌਜੀ ਜਹਾਜ਼ ਬੁੱਧਵਾਰ ਨੂੰ ਅੰਮ੍ਰਿਤਸਰ ਵਿੱਚ ਉਤਰਿਆ ਸੀ। ਡਿਪੋਰਟੀ ਕੀਤੇ ਵਿਅਕਤੀਆਂ ਨੇ ਦਾਅਵਾ ਕੀਤਾ ਕਿ ਯਾਤਰਾ ਦੌਰਾਨ ਉਨ੍ਹਾਂ ਦੇ ਹੱਥਾਂ ਅਤੇ ਲੱਤਾਂ ਨੂੰ ਬੰਨ੍ ?ਆ ਹੋਇਆ ਸੀ ਅਤੇ ਅੰਮ੍ਰਿਤਸਰ ਹਵਾਈ ਅੱਡੇ ’ਤੇ ਉਤਰਨ ਤੋਂ ਬਾਅਦ ਹੀ ਉਨ੍ਹਾਂ ਨੂੰ ਖੋਲ੍ਹਿਆ ਗਿਆ।

ਕਾਂਗਰਸ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਨੇ ਕਿਹਾ, “ਬਹੁਤ ਸਾਰੀਆਂ ਗੱਲਾਂ ਕਹੀਆਂ ਗਈਆਂ ਕਿ ਮੋਦੀ ਜੀ ਅਤੇ ਟਰੰਪ ਜੀ ਬਹੁਤ ਚੰਗੇ ਦੋਸਤ ਹਨ। ਮੋਦੀ ਜੀ ਨੇ ਅਜਿਹਾ ਕਿਉਂ ਹੋਣ ਦਿੱਤਾ, ਕੀ ਅਸੀਂ ਉਨ੍ਹਾਂ ਨੂੰ ਲੈਣ ਲਈ ਆਪਣਾ ਜਹਾਜ਼ ਨਹੀਂ ਭੇਜ ਸਕਦੇ ਸੀ।” “ਕੀ ਲੋਕਾਂ ਨਾਲ ਅਜਿਹਾ ਸਲੂਕ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਹੱਥਕੜੀਆਂ ਅਤੇ ਜੰਜ਼ੀਰਾਂ ਵਿੱਚ ਵਾਪਸ ਭੇਜਿਆ ਜਾਵੇ।” ਉਨ੍ਹਾਂ ਇਸ ਸਬੰਧੀ ਵਿਦੇਸ਼ ਮੰਤਰੀ ਤੋਂ ਜਵਾਬ ਮੰਗਿਆ।




**Punjabi International Services Inc**

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

ਪੋਲੀਟੀਕਲ ਅਸਾਈਲਮ ਸਿਟੀਜਨਸ਼ਿਪ ਗਰੀਨਕਾਰਡ

Family Petition Immigration

Travel document Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

239 West Yosemite Ave Manteca CA 95336



Harminder Singh Samana

Bonded Immigration Consultant

bond number #10177780

ਆਫਿਸ ਮੈਨੇਜਰ

209-481-7750 | 209-624-3919

# ਬਸੰਤ ਪੰਚਮੀ: ਗੁਰਦੁਆਰਾ ਦੂਖਨਿਵਾਰਨ ਸਾਹਿਬ ਵਿਖੇ ਵੱਡੀ ਗਿਣਤੀ ਸੰਗਤ ਨਤਮਸਤਕ






ਅੰਮ੍ਰਿਤਸਰ ਵਿਖੇ ਬਸੰਤ ਪੰਚਮੀ ਦੇ ਦਿਹਾੜੇ ਮੌਕੇ ਗੁਰਦੁਆਰਾ ਛੇਹਰਟਾ ਸਾਹਿਬ ਵਿਖੇ ਨਤਮਸਤਕ ਹੋਣ ਲਈ ਸੰਗਤਾਂ ਦਾ ਭਾਰੀ ਇਕੱਠ।

ਪਟਿਆਲਾ : ਬਸੰਤ ਪੰਚਮੀ ਮੌਕੇ ਇੱਥੇ ਗੁਰਦੁਆਰਾ ਦੂਖਨਿਵਾਰਨ ਸਾਹਿਬ, ਗੁਰਦੁਆਰਾ ਮੋਤੀ ਬਾਗ਼ ਸਾਹਿਬ ਅਤੇ ਗੁਰਦੁਆਰਾ ਪਾਤਸ਼ਾਹੀ ਨੌਵੀ ਬਹਾਦਰਗੜ੍ਹ ਸਣੇ ਹੋਰ ਗੁਰੂ ਘਰਾਂ ਵਿੱਚ ਵੱਡੀ ਗਿਣਤੀ ਸੰਗਤ ਨਤਮਸਤਕ ਹੋਈ। ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਬਸੰਤ ਪੰਚਮੀ ਦਾ ਸਾਲਾਨਾ ਜੋੜ ਮੇਲ ਹੋਣ ਕਰ ਕੇ ਹਜ਼ਾਰਾਂ ਦੀ ਗਿਣਤੀ ’ਚ ਸੰਗਤ ਨੇ ਗੁਰੂ ਘਰ ਵਿੱਚ ਮੱਥਾ ਟੇਕਿਆ। ਇਸ ਦੌਰਾਨ ਜਿੱਥੇ ਸੰਗਤ ਨੇ ਸਰੋਵਰ ’ਚ ਆਸਥਾ ਦੀ ਡੁਬਕੀ ਲਗਾਈ, ਉਥੇ ਹੀ ਬਸੰਤ ਰਾਗ ਸੰਮੇਲਨ, ਕੀਰਤਨ ਅਤੇ ਢਾਡੀ ਜਥਿਆਂ ਵੱਲੋਂ ਸੁਣਾਈਆਂ ਵਾਰਾਂ ਰਾਹੀਂ ਗੁਰਬਾਣੀ ਦਾ ਆਨੰਦ ਵੀ ਮਾਣਿਆ। ਅਖੰਡ ਪਾਠ ਦੇ ਭੋਗ ਉਪਰੰਤ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸਮਨਦੀਪ ਸਿੰਘ ਵੱਲੋਂ ਆਸਾ ਕੀ ਵਾਰ ਦਾ ਕੀਰਤਨ ਕੀਤਾ ਗਿਆ ਤੇ ਉਪਰੰਤ ਹੈੱਡ ਗ੍ਰੰਥੀ ਭਾਈ ਪ੍ਰਨਾਮ ਸਿੰਘ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਇਸ ਮੌਕੇ ਦੀਵਾਨ ਹਾਲ ਵਿੱਚ ਕਵੀ ਦਰਬਾਰ ਵੀ ਹੋਇਆ। ਇਸ ਮੌਕੇ ਸਿੱਖ ਸਭਾਵਾਂ, ਸੁਸਇਟੀਆਂ ਅਤੇ ਜਥੇਬੰਦੀਆਂ ਨੇ ਲੰਗਰ ਅਤੇ ਧਾਰਮਿਕ ਸਾਹਿਤ ਦੀ ਸਟਾਲ ਵੀ ਲਗਾਈ। ਕਾਰ ਸੇਵਾ ਵਾਲੇ ਬਾਬਾ ਅਮਰੀਕ ਸਿੰਘ ਦੀ ਅਗਵਾਈ ਹੇਠ ਬਾਬਾ ਇੰਦਰ ਸਿੰਘ ਨੇ ਲੰਗਰ ਦੀ ਸੇਵਾ ਜਾਰੀ ਰੱਖੀ। ਜਾਣਕਾਰੀ ਅਨੁਸਾਰ ਮੈਨੇਜਰ ਨਿਸ਼ਾਨ ਸਿੰਘ ਜੱਫਰਵਾਲ ਦੀ ਅਗਵਾਈ ਹੇਠ ਹੋਏ ਇਨ੍ਹਾਂ ਸਮਾਗਮਾਂ ’ਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਐਗਜ਼ੈਕਟਿਵ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ, ਮੈਂਬਰ ਜਸਮੇਰ ਸਿੰਘ ਲਾਛੜੂ, ਜਰਨੈਲ ਸਿੰਘ ਕਰਤਾਰਪੁਰ, ਕੁਲਦੀਪ ਕੌਰ ਟੌਹੜਾ ਤੇ ਨਿਰਮੈਲ ਸਿੰਘ ਜੌਲਾ ਆਦਿ ਨੇ ਹਾਜ਼ਰੀ ਭਰੀ। ਇਸ ਮੌਕੇ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਅਤੇ ਅਕਾਲੀ ਆਗੂ ਸੁਖਜੀਤ ਸਿੰਘ ਬਘੌਰਾ ਹਾਜ਼ਰ ਸਨ।



ਨਵੀਂ ਦਿੱਲੀ ਵਿੱਚ ਬਸੰਤ ਪੰਚਮੀ ਦੇ ਮੌਕੇ ’ਤੇ ਸਮੂਹਿਕ ਵਿਆਹ ਸਮਾਰੋਹ ਦੌਰਾਨ ਚਿਹਰੇ ਦੇ ਮਾਸਕ ਪਹਿਨੇ ਲਾੜਾ ਅਤੇ ਲਾੜਾ



ਨਵੀਂ ਦਿੱਲੀ ਦੇ ਹਜ਼ਰਤ ਨਿਜ਼ਾਮੁਦੀਨ ਔਲੀਆ ਦਰਗਾਹ ਨਿਜ਼ਾਮੁਦੀਨ ਵਿਖੇ ਸ਼ਰਧਾਲੂਆਂ ਨੇ ਬਸੰਤ ਪੰਚਮੀ ਮਨਾਈ।



ਅੰਮ੍ਰਿਤਸਰ ’ਚ ’ਬਸੰਤ ਪੰਚਮੀ’ ਦੇ ਮੌਕੇ ’ਤੇ ਲੋਕ ਪਤੰਗ ਉਡਾਉਂਦੇ ਹਨ



ਪ੍ਰਯਾਗਰਾਜ ਵਿਚ ਸੋਮਵਾਰ ਨੂੰ ਚੱਲ ਰਹੇ ‘ਮਹਾਕੁੰਭ’ ਵਿਚ ‘ਬਸੰਤ ਪੰਚਮੀ’ ਦੇ ਮੌਕੇ ’ਤੇ ਤੀਜੇ ‘ਅੰਮ੍ਰਿਤ ਸੰਨ’ ਦੌਰਾਨ ਤ੍ਰਿਵੇਣੀ ਸੰਗਮ ਵਿਚ ਇਸ਼ਨਾਨ ਕਰਨ ਲਈ ਸ਼ਰਧਾਲੂ ਪਹੁੰਚੇ।

# ਮਹਾਂਕੁੰਭ: ਬਸੰਤ ਪੰਚਮੀ ’ਤੇ ਬਿਨਾਂ ਵਿਘਨ ਦੇ ਤੀਜਾ ‘ਅੰਮ੍ਰਿਤ ਇਸ਼ਨਾਨ’





ਮਹਾਂਕੁੰਭ ਨਗਰ : ਦੇਸ਼-ਵਿਦੇਸ਼ ਦੇ ਕਰੋੜਾਂ ਲੋਕਾਂ ਨੇ ਬਸੰਤ ਪੰਚਮੀ ਮੌਕੇ ਅੱਜ ਮਹਾਂਕੁੰਭ ’ਚ ਤੀਜੇ ਵੱਡੇ ‘ਅੰਮ੍ਰਿਤ ਇਸ਼ਨਾਨ’ ਦੌਰਾਨ ਪਵਿੱਤਰ ਗੰਗਾ ’ਚ ਡੁਬਕੀ ਲਗਾਈ। ਯੂਪੀ ਸਰਕਾਰ ਅਤੇ ਪ੍ਰਸ਼ਾਸਨ ਨੇ ਐਤਕੀਂ ਪੁਖ਼ਤਾ ਪ੍ਰਬੰਧ ਕੀਤੇ ਸਨ ਤਾਂ ਜੋ ਲੋਕਾਂ ਨੂੰ ਇਸ਼ਨਾਨ ਕਰਨ ’ਚ ਕੋਈ ਦਿੱਕਤ ਨਾ ਆਵੇ। ਮੌਨੀ ਮੱਸਿਆ ਮੌਕੇ 29 ਜਨਵਰੀ ਨੂੰ ‘ਅੰਮ੍ਰਿਤ ਇਸ਼ਨਾਨ’ ਮੌਕੇ ਭਗਦੜ ਫੈਲਣ ਕਾਰਨ 30 ਵਿਅਕਤੀ ਮਾਰੇ ਗਏ ਸਨ ਅਤੇ 60 ਹੋਰ ਜ਼ਖ਼ਮੀ ਹੋ ਗਏ ਸਨ। ਬਸੰਤ ਪੰਚਮੀ ਮੌਕੇ ਬਹੁਤੇ ਸ਼ਰਧਾਲੂਆਂ ਨੇ ਵੱਖ ਵੱਖ ਘਾਟਾਂ ’ਤੇ ਗੰਗਾ ’ਚ ਡੁਬਕੀ ਲਗਾਉਣ ਨੂੰ ਤਰਜੀਹ ਦਿੱਤੀ ਕਿਉਂਕਿ ਭਗਦੜ ਦੀ ਘਟਨਾ ਤੋਂ ਝੰਬੀ ਉੱਤਰ ਪ੍ਰਦੇਸ਼ ਸਰਕਾਰ ਨੇ ਅੱਜ ਖਾਮੀ ਰਹਿਤ ਪਹੁੰਚ ਅਪਣਾਈ। ਡੁਬਕੀ ਲਗਾਉਣ ਵਾਲੇ ਸਾਧੂਆਂ ਅਤੇ ਸ਼ਰਧਾਲੂਆਂ ’ਤੇ ਹੈਲੀਕਾਪਟਰ ਰਾਹੀਂ ਗੁਲਾਬ ਦੇ ਫੁੱਲਾਂ ਦੀ ਵਰਖਾ ਕੀਤੀ ਗਈ। ਅੱਜ ਦਾ ਆਖਰੀ ਅੰਮ੍ਰਿਤ ਇਸ਼ਨਾਨ ਹੈ ਜਦਕਿ ਦੋ ਹੋਰ ਵਿਸ਼ੇਸ਼ ਇਸ਼ਨਾਨ 12 ਫਰਵਰੀ ਨੂੰ ਮਾਘ ਦੀ ਪੁੰਨਿਆ ਅਤੇ 26 ਫਰਵਰੀ ਨੂੰ ਮਹਾਸ਼ਿਵਰਾਤਰੀ ਮੌਕੇ ਕੀਤੇ ਜਾਣਗੇ। ਅਧਿਕਾਰੀਆਂ ਨੇ ਕਿਹਾ ਕਿ ਸੂਬਾ ਸਰਕਾਰ ਨੇ ਸੰਗਮ ਇਲਾਕੇ ’ਚ ਸੁਰੱਖਿਆ ਅਤੇ ਭੀੜ ਪ੍ਰਬੰਧਨ ਦੇ ਕਈ ਉਪਰਾਲੇ ਕੀਤੇ ਸਨ ਤਾਂ ਜੋ ਕਿਸੇ ਵੀ ਮੰਦਭਾਗੀ ਘਟਨਾ ਨੂੰ ਰੋਕਿਆ ਜਾ ਸਕੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਤੜਕੇ ਸਾਢੇ ਤਿੰਨ ਵਜੇ ਤੋਂ ਹੀ ਆਪਣੀ ਸਰਕਾਰੀ ਰਿਹਾਇਸ਼ ਤੋਂ ਹਾਲਾਤ ’ਤੇ ਨਜ਼ਰ ਰੱਖ ਰਹੇ ਸਨ। ਡੀਆਈਜੀ (ਮਹਾਂਕੁੰਭ) ਵੈਭਵ ਕ੍ਰਿਸ਼ਨਾ ਨੇ ਪੀਟੀਆਈ ਵੀਡੀਓਜ਼ ਨੂੰ ਦੱਸਿਆ ਕਿ ਭਾਰੀ ਭੀੜ ਵਾਲੇ ਇਲਾਕਿਆਂ ’ਚ ਵਾਧੂ ਸੁਰੱਖਿਆ ਬਲ ਤਾਇਨਾਤ ਕੀਤੇ ਗਏ ਸਨ। ਉਨ੍ਹਾਂ ਮੇਲੇ ਦੇ ਇਲਾਕੇ ’ਚ ਵੱਡੇ ਤੜਕੇ ਤੋਂ ਹੀ ਗਸ਼ਤ ਸ਼ੁਰੂ ਕਰ ਦਿੱਤੀ ਸੀ। ਪਹੁ ਫੁਟਾਲੇ ’ਤੇ ਨਾਗਾ ਸਾਧੂਆਂ ਸਮੇਤ ਵੱਖ ਵੱਖ ਅਖਾੜਿਆਂ ਦੇ ਸਾਧ-ਸੰਤਾਂ ਨੇ ਤ੍ਰਿਵੇਣੀ ਸੰਗਮ ਵੱਲ ਚਾਲੇ ਪਾਏ ਅਤੇ ਸਵੇਰੇ 10 ਵਜੇ ਤੱਕ ਕਈ ਅਖਾੜਿਆਂ ਨੇ ਇਸ਼ਨਾਨ ਮੁਕੰਮਲ ਕਰ ਲਿਆ ਸੀ।



ਤੀਸਰੇ ‘ਅੰਮ੍ਰਿਤ ਸੰਨ’ ਦੌਰਾਨ ਤ੍ਰਿਵੇਣੀ ਸੰਗਮ ’ਚ ਇਸ਼ਨਾਨ ਕਰਨ ਪਹੁੰਚੇ ਸਾਧੂ

# ਮਹਾਂਕੁੰਭ: ਮੋਦੀ ਨੇ ਸੰਗਮ ’ਚ ਲਗਾਈ ਡੁਬਕੀ

## ਮਾਂ ਗੰਗਾ ਤੋਂ ਦੇਸ਼ਵਾਸੀਆਂ ਦੀ ਖੁਸ਼ਹਾਲੀ, ਅਰੋਗਤਾ ਅਤੇ ਕਲਿਆਣ ਦੀ ਕਾਮਨਾ ਕੀਤੀ: ਪ੍ਰਧਾਨ ਮੰਤਰੀ





ਮਹਾਂਕੁੰਭ ਨਗਰ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਤ੍ਰਿਵੇਣੀ ਸੰਗਮ ’ਚ ਅੱਜ ਡੁਬਕੀ ਲਗਾਈ ਅਤੇ ਕਿਹਾ ਕਿ ਉਹ ਮਹਾਂਕੁੰਭ ’ਚ ਆ ਕੇ ਆਪਣੇ ਆਪ ਨੂੰ ਵਡਭਾਗਾ ਮਹਿਸੂਸ ਕਰ ਰਹੇ ਹਨ। ਉਨ੍ਹਾਂ ਕਿਹਾ, “ਮਾਂ ਗੰਗਾ ਦਾ ਆਸ਼ੀਰਵਾਦ ਲੈ ਕੇ ਮੇਰੇ ਮਨ ਨੂੰ ਅਸੀਮ ਸ਼ਾਂਤੀ ਅਤੇ ਸੁੱਖ ਮਿਲਿਆ।” ਪ੍ਰਧਾਨ ਮੰਤਰੀ ਨੇ ਇਸ਼ਨਾਨ ਦੌਰਾਨ ਆਪਣੇ ਹੱਥ ’ਚ ਰੁਦਾਰਕਸ਼ ਦੀ ਮਾਲਾ ਫੜੀ ਹੋਈ ਸੀ। ਮੰਤਰਾਂ ਦੇ ਉਚਾਰਣ ਦਰਮਿਆਨ ਸੰਗਮ ’ਚ ਇਸ਼ਨਾਨ ਕਰਦੇ ਸਮੇਂ ਪ੍ਰਧਾਨ ਮੰਤਰੀ ਨੇ ਪੂਰੀ ਬਾਂਹ ਦਾ ਕੇਸਰੀ ਰੰਗ ਦਾ ਕੁੜਤਾ ਅਤੇ ਨੀਲੇ ਰੰਗ ਦਾ ਪਜਾਮਾ ਪਹਿਨਿਆ ਹੋਇਆ ਸੀ। ਉਨ੍ਹਾਂ ਸੂਰਜ ਅਤੇ ਗੰਗਾ ਦੀ ਪੂਜਾ ਵੀ ਕੀਤੀ। ਮੋਦੀ ਨੇ ‘ਐਕਸ’ ’ਤੇ ਇਕ ਪੋਸਟ ’ਚ ਕਿਹਾ, “ਪ੍ਰਯਾਗਰਾਜ ਮਹਾਂਕੁੰਭ ’ਚ ਅੱਜ ਪਵਿੱਤਰ ਸੰਗਮ ’ਚ ਇਸ਼ਨਾਨ ਮਗਰੋਂ ਪੂਜਾ ਕਰਨ ਦਾ ਸੁਭਾਗ ਮਿਲਿਆ। ਮਾਂ ਗੰਗਾ ਦਾ ਆਸ਼ੀਰਵਾਦ ਲੈ ਕੇ ਮਨ ਨੂੰ ਅਸੀਮ ਸ਼ਾਂਤੀ ਅਤੇ ਸੁੱਖ ਮਿਲਿਆ ਹੈ। ਉਨ੍ਹਾਂ ਤੋਂ ਸਾਰੇ ਦੇਸ਼ਵਾਸੀਆਂ ਦੇ ਸੁੱਖ-ਖੁਸ਼ਹਾਲੀ, ਅਰੋਗਤਾ ਅਤੇ ਕਲਿਆਣ ਦੀ ਕਾਮਨਾ ਕੀਤੀ। ਹਰ-ਹਰ ਗੰਗੇ।” ਪ੍ਰਧਾਨ ਮੰਤਰੀ ਨੇ ਆਪਣੀ ਪੋਸਟ ’ਚ ਸੰਗਮ ’ਚ ਡੁਬਕੀ ਲਗਾਉਣ, ਸੂਰਜ ਦੇਵਤਾ ਨੂੰ ਜਲ ਅਰਪਣ ਕਰਨ, ਗੰਗਾ ਨੂੰ ਪ੍ਰਣਾਮ ਕਰਨ ਅਤੇ ਰੁਦਰਾਕਸ਼ ਦੀ ਮਾਲਾ ਜਪਣ ਦੀਆਂ ਆਪਣੀਆਂ ਤਸਵੀਰਾਂ ਵੀ ਸਾਂਝੀਆਂ ਕੀਤੀਆਂ ਹਨ। ਮੋਦੀ ਦਾ ਇਹ ਦੌਰਾ ਕਰੀਬ 90 ਮਿੰਟ ਦਾ ਸੀ ਜਿਸ ਦੌਰਾਨ ਉਨ੍ਹਾਂ ਮਸਾਂ ਕਾਰ ਰਾਹੀਂ ਸਿਰਫ਼ ਤਿੰਨ ਕਿਲੋਮੀਟਰ ਦਾ ਸਫ਼ਰ ਤੈਅ ਕੀਤਾ। ਉਹ ਪ੍ਰਯਾਗਰਾਜ ਹਵਾਈ ਅੱਡੇ ਤੋਂ ਇਕ ਹੈਲੀਕਾਪਟਰ ਰਾਹੀਂ ਸੰਗਮ ਨੇੜੇ ਹੈਲੀਪੈਡ ’ਤੇ ਉਤਰੇ ਸਨ ਅਤੇ ਬਾਅਦ ’ਚ ਉਨ੍ਹਾਂ ਅਰੈਲ ਘਾਟ ਤੋਂ ਤ੍ਰਿਵੇਣੀ ਸੰਗਮ ਤੱਕ ਜਾਣ ਲਈ ਮੋਟਰ ਬੋਟ ਦੀ ਵਰਤੋਂ ਕੀਤੀ। ਉਨ੍ਹਾਂ ਨਾਲ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਵੀ ਸਨ। ਯੋਗੀ ਨੇ ਵੀ ਮੋਦੀ ਦੇ ਦੌਰੇ ਦੀਆਂ ਤਸਵੀਰਾਂ ਸੋਸ਼ਲ ਮੀਡੀਆ ’ਤੇ ਸਾਂਝੀਆਂ ਕੀਤੀਆਂ ਹਨ। ਵਾਪਸੀ ਸਮੇਂ ਮੋਦੀ ਨੇ ਦਰਿਆ ਦੇ ਦੋਵੇਂ ਕੰਢਿਆਂ ’ਤੇ ਉਨ੍ਹਾਂ ਨੂੰ ਦੇਖਣ ਲਈ ਜੁੜੇ ਲੋਕਾਂ ਵੱਲ ਹੱਥ ਹਿਲਾ ਕੇ ਪਿਆਰ ਕਬੂਲਿਆ। ਡੁਬਕੀ ਲਗਾਉਣ ਮਗਰੋਂ ਪ੍ਰਧਾਨ ਮੰਤਰੀ ਨੇ ਦਰਿਆ ’ਤੇ ਬਣੇ ਆਰਜੀ ਮੰਚ ’ਤੇ ਆਰਤੀ ਸਮੇਤ ਪੂਜਾ ਦੇ ਹੋਰ ਵਿਧੀ ਵਿਧਾਨ ਮੁਕੰਮਲ ਕੀਤੇ।







ਤੀਜੇ ‘ਅੰਮ੍ਰਿਤ ਸੰਨ’ ਦੌਰਾਨ ਤ੍ਰਿਵੇਣੀ ਸੰਗਮ ’ਚ ਇਸ਼ਨਾਨ ਕਰਨ ਲਈ ਇਕੱਠੇ ਹੋਏ ਨਾਗਾ ਸਾਧੂ।

# ਪੰਜਾਬ ’ਚ ਠੰਢ ਦਾ ਕਹਿਰ



ਅੰਮ੍ਰਿਤਸਰ ’ਚ ਸੋਮਵਾਰ ਨੂੰ ਸਰਦੀ ਦੇ ਠੰਡੇ ਦਿਨ ’ਚ ਧੁੰਦ ਦੇ ਵਿਚਕਾਰ ਟਰੈਕਟਰ ’ਤੇ ਸਵਾਰ ਹੋ ਕੇ ਆਪਣੇ ਆਪ ਨੂੰ ਠੰਢ ਤੋਂ ਬਚਾਉਣ ਲਈ ਲੋਕ ‘ਗਰਮ ਊਨੀ’ ਕੱਪੜੇ ਪਹਿਨਦੇ ਹਨ।



ਅੰਮ੍ਰਿਤਸਰ ਵਿੱਚ ਸਰਦੀ ਦੇ ਦਿਨਾਂ ਵਿੱਚ ਇੱਕ ਵਿਕਰੇਤਾ ਧੁੰਦ ਵਿੱਚ ਸਾਈਕਲ ’ਤੇ ਗੁਬਾਰੇ ਚੁੱਕਦਾ ਹੋਇਆ।



ਸਰਦੀ ਦੇ ਦਿਨਾਂ ਵਿੱਚ ਇੱਕ ਵਿਕਰੇਤਾ ਧੁੰਦ ਵਿੱਚ ਸਾਈਕਲ ’ਤੇ ਗੁਬਾਰੇ ਵੇਚਦਾ ਹੋਇਆ।



ਠੰਡੇ ਸਰਦੀਆਂ ਦੇ ਦਿਨ ਲੋਕ ਧੁੰਦ ਦੇ ਵਿਚਕਾਰ ਆਪਣੇ ਕੰਮਾਂ ਕਾਰਾਂ ਲਈ ਰੇੜ੍ਹਿਆਂ ’ਤੇ ਜਾਂਦੇ ਹੋਏ।

## 2025 ਦੇ ਵਿਰੋਧ ਵਿੱਚ ਰੋਸ ਰੈਲੀ ਕੱਢ ਕੇ ਬਜਟ ਪ੍ਰਸਤਾਵ ’ਤੇ ਮੁੜ ਵਿਚਾਰ ਕਰਨ ਦੀ ਕੀਤੀ ਮੰਗ





ਗੁਹਾਟੀ : ਸੈਂਟਰ ਆਫ਼ ਇੰਡੀਅਨ ਟਰੇਡ ਯੂਨੀਅਨਜ਼ (ਸੀਟੂ) ਨੇ ਗੁਹਾਟੀ ’ਚ ਕਥਿਤ ਮਜ਼ਦੂਰ ਵਿਰੋਧੀ ਯੂਨੀਅਨ ਬਜਟ 2025 ਦੇ ਵਿਰੋਧ ’ਚ ਬਜਟ ਪ੍ਰਸਤਾਵ ’ਤੇ ਮੁੜ ਵਿਚਾਰ ਕਰਨ ਦੀ ਮੰਗ ਕਰਦਿਆਂ ਰੋਸ ਰੈਲੀ ਕੱਢੀ।

## ਟਰੰਪ ਦੀਆਂ ਇਮੀਗ੍ਰੇਸ਼ਨ ਅਤੇ ਦੇਸ਼ ਨਿਕਾਲੇ ਦੀਆਂ ਨੀਤੀਆਂ ਦੇ ਖਿਲਾਫ਼ ਪ੍ਰਦਰਸ਼ਨ

ਲਾਸ ਏਂਜਲਸ : ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਦੀਆਂ ਇਮੀਗ੍ਰੇਸ਼ਨ ਅਤੇ ਦੇਸ਼ ਨਿਕਾਲੇ ਦੀਆਂ ਨੀਤੀਆਂ ਦੇ ਖਿਲਾਫ ਲਾਸ ਏਂਜਲਸ ਦੇ ਡਾਊਨਟਾਊਨ ਵਿੱਚ ਪ੍ਰਦਰਸ਼ਨ ਜਾਰੀ ਰਿਹਾ।

ਸੈਂਕੜੇ ਪ੍ਰਵਾਸੀਆਂ ਲੋਕ ਸੜਕਾਂ ’ਤੇ ਆ ਗਏ, ਜਿਨ੍ਹਾਂ ਵਿੱਚੋਂ ਬਹੁਤਿਆਂ ਨੇ ਮੈਕਸੀਕੋ ਦੇ ਝੰਡੇ ਲਹਿਰਾਏ, ਇੱਕ ਅਜਿਹਾ ਦੇਸ਼ ਜਿਸ ਨਾਲ ਟਰੰਪ ਨਿਯਮਿਤ ਤੌਰ ’ਤੇ ਝਗੜਾ ਕਰਦੇ ਰਹੇ ਹਨ। ਟਰੰਪ ਦੇ ਵਾਅਦੇ ਕੀਤੇ ਸਮੂਹਿਕ ਦੇਸ਼ ਨਿਕਾਲੇ ਦੇ ਵਿਰੋਧ ਵਿੱਚ, “ਕਈਆਂ ਨੇ ਡੀ.ਆਈ.ਵਾਈ. ਸ਼ਹਿਰ ਦੇ ਵਧਦੇ ਖ਼ਤਰੇ ਵਾਲੇ ਪ੍ਰਵਾਸੀ ਭਾਈਚਾਰਿਆਂ ਲਈ ਸਮਰਥਨ ਦੇ ਹੋਰ ਬਿਆਨਾਂ ਦੇ ਨਾਲ-ਨਾਲ ‘ਪਰਿਵਾਰਾਂ ਨੂੰ ਇਕੱਠੇ ਰੱਖੋ’ ਅਤੇ ‘ਪ੍ਰਵਾਸੀ ਅਮਰੀਕਾ ਨੂੰ ਮਹਾਨ ਬਣਾਉਂਦੇ ਹਨ’ ਪੜ੍ਹਦੇ ਹਨ।

ਦਰਜਨਾਂ ਲੋਕਾਂ ਨੇ ਸੜਕਾਂ ’ਤੇ ਮਾਰਚ ਕੀਤਾ, ਕੁਝ ਚਿੰਨ੍ਹ ਜਾਂ ਮੈਕਸੀਕਨ ਝੰਡੇ ਨਾਲ ਓਲਵੇਰਾ ਸਟਰੀਟ ਵੱਲ ਗਏ, ਜਿੱਥੇ ਉਨ੍ਹਾਂ ਨੇ ਨਾਅਰੇਬਾਜ਼ੀ ਕੀਤੀ ਅਤੇ ਰੈਲੀ ਕੀਤੀ।




ਲਾਸ ਏਂਜਲਸ ਪੁਲਿਸ ਵਿਭਾਗ ਦੇ ਅਨੁਸਾਰ, ਵਿਦਿਆਰਥੀਆਂ ਨੇ ਸਿਟੀ ਹਾਲ ਦੇ ਸਪਰਿੰਗ ਸਟਰੀਟ ਵਾਲੇ ਪਾਸੇ ਵੀ ਪ੍ਰਦਰਸ਼ਨ ਕੀਤਾ।

ਟਰੰਪ ਨੇ ਅਮਰੀਕਾ ਵਿਚ ਗੈਰ-ਕਾਨੂੰਨੀ ਤੌਰ ’ਤੇ ਰਹਿ ਰਹੇ ਪ੍ਰਵਾਸੀਆਂ ਨੂੰ ਨਿਸ਼ਾਨਾ ਬਣਾਉਂਦੇ ਹੋਏ, ਸੰਯੁਕਤ ਰਾਜ ਦੇ ਇਤਿਹਾਸ ਵਿਚ ਸਭ ਤੋਂ ਵਿਆਪਕ ਸਮੂਹਿਕ ਦੇਸ਼ ਨਿਕਾਲੇ ਦੀ ਕਾਰਵਾਈ ਸ਼ੁਰੂ ਕਰਨ ਦੀਆਂ ਯੋਜਨਾਵਾਂ ਦਾ ਐਲਾਨ ਕੀਤਾ ਹੈ। ਉਸਨੇ ਜਨਮ ਅਧਿਕਾਰ ਨਾਗਰਿਕਤਾ ਨੂੰ ਖਤਮ ਕਰਨ ਦੇ ਆਪਣੇ ਇਰਾਦੇ ਦਾ ਵੀ ਐਲਾਨ ਕੀਤਾ, ਜੋ ਗੈਰ-ਨਾਗਰਿਕਾਂ ਨੂੰ ਸੰਯੁਕਤ ਰਾਜ ਵਿੱਚ ਪੈਦਾ ਹੋਏ ਬੱਚਿਆਂ ਨੂੰ ਕਾਨੂੰਨੀ ਦਰਜਾ ਪ੍ਰਦਾਨ ਕਰਦਾ ਹੈ।





ਮੁੰਬਈ ਵਿਖੇ ਮਾਡਲਾਂ ਸ਼ਾਨਦਾਰ ਫੈਸ਼ਨ ਸ਼ੋਅ ਦੌਰਾਨ ਡਿਜ਼ਾਈਨਰ ਤਰੁਣ ਤਾਹਿਲਿਆਨੀ ਦੇ ਤਨਿਸ਼ਕ ‘ਰਿਵਾ’ ਸੰਗ੍ਰਹਿ ਦਾ ਪ੍ਰਦਰਸ਼ਨ ਕਰਦੀਆਂ ਹੋਈਆਂ

# ਕੇਜਰੀਵਾਲ ਨੇ ਲੋਕਾਂ ਨੂੰ ਕੂੜੇ ਦੇ ਢੇਰ, ਜ਼ਹਿਰੀਲਾ ਪਾਣੀ ਤੇ ਭ੍ਰਿਸ਼ਟਾਚਾਰ ਦਿੱਤਾ: ਸ਼ਾਹ

## *ਕੇਂਦਰੀ ਗ੍ਰਹਿ ਮੰਤਰੀ ਵੱਲੋਂ ਕੇਜਰੀਵਾਲ ਤੇ ਸਿਸੋਦੀਆ 'ਬੜੇ ਮੀਆਂ ਤੇ ਛੋਟੇ ਮੀਆਂ' ਕਰਾਰ*



ਨਵੀਂ ਦਿੱਲੀ : ਭਾਜਪਾ ਆਗੂ ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਭਾਜਪਾ ਦੀਆਂ ਡਬਲ ਇੰਜਣ ਸਰਕਾਰਾਂ ਵਾਲੇ ਰਾਜਾਂ ਨੇ ਪਿਛਲੇ ਦਸ ਸਾਲ ਵਿੱਚ ਬਹੁਤ ਤਰੱਕੀ ਕੀਤੀ ਹੈ, ਪਰ ਦਿੱਲੀ ਪਿੱਛੇ ਰਹਿ ਗਿਆ ਕਿਉਂਕਿ ਆਮ ਆਦਮੀ ਪਾਰਟੀ ਬਹਾਨੇ ਘੜਦੀ ਤੇ ਕੇਂਦਰ ਸਰਕਾਰ ਨਾਲ ਲੜਦੀ ਰਹੀ। ਜੰਗਪੁਰਾ ਵਿਚ ਜਨਤਕ ਰੈਲੀ ਨੂੰ ਸੰਬੋਧਨ ਕਰਦਿਆਂ ਸ਼ਾਹ ਨੇ 'ਆਪ' ਆਗੂ ਅਰਵਿੰਦ ਕੇਜਰੀਵਾਲ ਤੇ ਉਨ੍ਹਾਂ ਦੇ ਡਿਪਟੀ ਮਨੀਸ਼ ਸਿਸੋਦੀਆ ਨੂੰ 'ਬੜੇ ਮੀਆਂ ਤੇ ਛੋਟੀ ਮੀਆਂ' ਦੱਸਿਆ। ਉਨ੍ਹਾਂ ਦੋਵਾਂ 'ਤੇ ਦਿੱਲੀ ਨੂੰ ਲੁੱਟਣ ਦਾ ਦੋਸ਼ ਲਾਇਆ। ਸ਼ਾਹ ਨੇ ਕਿਹਾ, "ਜਿਨ੍ਹਾਂ ਰਾਜਾਂ ਵਿਚ ਡਬਲ ਇੰਜਣ ਭਾਜਪਾ ਸਰਕਾਰ ਹੈ ਉਥੇ ਪਿਛਲੇ ਦਸ ਸਾਲਾਂ ਵਿਚ ਬਹੁਤ ਤਰੱਕੀ ਹੋਈ ਹੈ। ਦਿੱਲੀ ਬਹੁਤ ਪਿੱਛੇ ਰਹਿ ਗਿਆ, ਉਹ ਰੋਂਦੇ ਬੱਚੇ (ਬਬੂਆ ਸਾ ਮੁਨਾ ਬਨਕਰ) ਕੇਂਦਰ ਸਰਕਾਰ ਨਾਲ ਲੜਦੇ ਰਹੇ ਤੇ ਬਹਾਨੇ ਲਾਉਂਦੇ ਰਹੇ।" ਜੰਗਪੁਰਾ ਹਲਕੇ ਤੋਂ ਸਿਸੋਦੀਆ ਖਿਲਾਫ਼ ਚੋਣ ਲੜ ਰਹੇ ਭਾਜਪਾ ਉਮੀਦਵਾਰ ਤਰਵਿੰਦਰ ਸਿੰਘ ਮਰਵਾਹਾ ਲਈ ਚੋਣ ਪ੍ਰਚਾਰ ਕਰਦਿਆਂ ਸ਼ਾਹ ਨੇ ਕਿਹਾ ਕਿ ਸਿਸੋਦੀਆ ਦੇਸ਼ ਦਾ ਇਕਲੌਤਾ ਸਿੱਖਿਆ ਮੰਤਰੀ ਹੈ, ਜਿਸ ਨੂੰ ਸ਼ਰਾਬ ਘੁਟਾਲੇ ਕਰਕੇ ਜੇਲ੍ਹ ਜਾਣਾ ਪਿਆ। ਉਨ੍ਹਾਂ ਕਿਹਾ ਕਿ ਕੇਜਰੀਵਾਲ ਨੇ ਦਿੱਲੀ ਦੇ ਲੋਕਾਂ ਨਾਲ ਝੂਠ ਬੋਲਿਆ ਤੇ ਉਨ੍ਹਾਂ ਨੂੰ ਸਿਰਫ਼ ਕੂੜੇ ਦੇ ਢੇਰ, ਜ਼ਹਿਰੀਲਾ ਪਾਣੀ ਤੇ ਭ੍ਰਿਸ਼ਟਾਚਾਰ ਹੀ ਦਿੱਤਾ। ਉਨ੍ਹਾਂ ਕਿਹਾ ਕਿ ਬੜੇ ਮੀਆਂ ਤੇ ਛੋਟੇ ਮੀਆਂ ਨੇ ਝੂਠੇ ਵਾਅਦੇ ਕਰਕੇ ਦਿੱਲੀ ਨੂੰ ਲੁੱਟਿਆ। ਇਹ ਦੋਵੇਂ ਚੋਣ ਹਾਰਨਗੇ। ਸ਼ਾਹ ਨੇ ਦਾਅਵਾ ਕੀਤਾ ਕਿ ਭਾਜਪਾ ਹੀ ਇਕੋ ਇਕ ਪਾਰਟੀ ਹੈ ਜੋ ਦਿੱਲੀ ਦੀ ਕਾਇਆਕਲਪ ਕਰਕੇ ਇਸ ਨੂੰ ਆਲਮੀ ਪੱਧਰ ਦੇ ਰਾਜਧਾਨੀ ਸ਼ਹਿਰ ਵਿੱਚ ਤਬਦੀਲ ਕਰ ਸਕਦੀ ਹੈ।

# ਯਮੁਨਾ ਪ੍ਰਦੂਸ਼ਣ: ਮਾਲੀਵਾਲ ਵੱਲੋਂ ਕੇਜਰੀਵਾਲ ਦੀ ਰਿਹਾਇਸ਼ ਅੱਗੇ ਮੁਜ਼ਾਹਰਾ

## *ਦਿੱਲੀ ਪੁਲਿਸ ਨੇ ਰਾਜ ਸਭਾ ਮੈਂਬਰ ਨੂੰ ਹਿਰਾਸਤ ਲਿਆ 'ਚ*



ਨਵੀਂ ਦਿੱਲੀ : ਦਿੱਲੀ ਪੁਲਿਸ ਨੇ ਅੱਜ ਰਾਜ ਸਭਾ ਮੈਂਬਰ ਸਵਾਤੀ ਮਾਲੀਵਾਲ ਨੂੰ ਉਸ ਸਮੇਂ ਹਿਰਾਸਤ ਵਿੱਚ ਲੈ ਲਿਆ ਜਦੋਂ ਉਹ ਯਮੁਨਾ ਨੂੰ ਸਾਫ਼ ਕਰਨ 'ਚ ਸਰਕਾਰ ਦੀ ਨਾਕਾਮੀ ਨੂੰ ਲੈ ਕੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਰਿਹਾਇਸ਼ ਦੇ ਬਾਹਰ ਰੋਸ ਮੁਜ਼ਾਹਰਾ ਕਰ ਰਹੀ ਸੀ। ਮਾਲੀਵਾਲ ਵੱਲੋਂ ਪੂਰਵਾਂਚਲ ਦੀਆਂ ਮਹਿਲਾਵਾਂ ਦੇ ਇੱਕ ਸਮੂਹ ਨਾਲ ਯਮੁਨਾ ਦਾ ਪਾਣੀ ਲੈ ਕੇ ਕੇਜਰੀਵਾਲ ਦੀ ਰਿਹਾਇਸ਼ 'ਤੇ ਪਹੁੰਚੀ ਹੋਈ ਸੀ।

ਮੀਡੀਆ ਨਾਲ ਗੱਲ ਕਰਦਿਆਂ ਮਾਲੀਵਾਲ ਨੇ ਕਿਹਾ ਕਿ ਯਮੁਨਾ ਨਦੀ 'ਵੈਂਟੀਲੇਟਰ' 'ਤੇ ਹੈ ਜਦਕਿ 'ਆਪ' ਮੁਖੀ ਆਪਣੀਆਂ ਸ਼ਾਨਦਾਰ ਕਾਰਾਂ ਵਿੱਚ ਘੁੰਮ ਰਹੇ ਹਨ। ਉਨ੍ਹਾਂ ਕੇਜਰੀਵਾਲ ਨੂੰ ਯਮੁਨਾ 'ਚ ਨਹਾਉਣ ਦੀ ਚੁਣੌਤੀ ਦਿੱਤੀ। ਉਨ੍ਹਾਂ ਕਿਹਾ ਕਿ ਅਰਵਿੰਦ ਕੇਜਰੀਵਾਲ ਨੇ ਯਮੁਨਾ ਨਦੀ ਨੂੰ ਨਾਲਾ ਬਣਾ ਦਿੱਤਾ ਹੈ। ਯਮੁਨਾ 'ਚ ਕਾਲਾ ਗੰਦਾ ਪਾਣੀ ਵਗ ਰਿਹਾ ਹੈ। ਨਦੀ ਵੈਂਟੀਲੇਟਰ 'ਤੇ ਹੈ ਜਦਕਿ ਅਰਵਿੰਦ ਕੇਜਰੀਵਾਲ ਆਪਣੇ ਮਹਿਲ 'ਚ ਹਨ ਅਤੇ ਸ਼ਾਨਦਾਰ ਕਾਰਾਂ 'ਚ ਘੁੰਮਦੇ ਹਨ। ਉਨ੍ਹਾਂ ਕਿਹਾ, 'ਪੂਰਵਾਂਚਲ ਦੀਆਂ ਹਜ਼ਾਰਾਂ ਮਹਿਲਾਵਾਂ ਉਨ੍ਹਾਂ ਨੂੰ ਚੁਣੌਤੀ ਦੇਣ ਲਈ ਇੱਥੇ ਆਈਆਂ ਹਨ। ਉਨ੍ਹਾਂ ਨੂੰ ਮਹਿਲਾਵਾਂ ਤੋਂ ਇੰਨਾ ਨਹੀਂ ਡਰਨਾ ਚਾਹੀਦਾ ਅਤੇ ਬਾਹਰ ਆ ਕੇ ਯਮੁਨਾ ਦੇ ਗੰਦੇ ਪਾਣੀ 'ਚ ਡੁਬਕੀ ਲਾਉਣੀ ਚਾਹੀਦੀ ਹੈ ਅਤੇ ਇਸ ਪਾਣੀ 'ਚੋਂ ਇੱਕ ਘੁੱਟ ਪੀਣਾ ਚਾਹੀਦਾ ਹੈ।'

# ਮਹਾਂਕੁੰਭ ਭਗਦੜ ਮਾਮਲਾ: ਸੁਪਰੀਮ ਕੋਰਟ ਵੱਲੋਂ ਜਨਹਿਤ ਪਟੀਸ਼ਨ 'ਤੇ ਸੁਣਵਾਈ ਤੋਂ ਇਨਕਾਰ



ਨਵੀਂ ਦਿੱਲੀ : ਮਹਾਂਕੁੰਭ 'ਚ ਮੌਨੀ ਮੱਸਿਆ ਵਾਲੇ ਦਿਨ ਭਗਦੜ ਦੌਰਾਨ 30 ਵਿਅਕਤੀਆਂ ਦੀ ਮੌਤ ਨੂੰ 'ਮੰਦਭਾਗਾ' ਕਰਾਰ ਦਿੰਦਿਆਂ ਸੁਪਰੀਮ ਕੋਰਟ ਨੇ ਅੱਜ ਜਨਹਿੱਤ ਪਟੀਸ਼ਨ 'ਤੇ ਸੁਣਵਾਈ ਤੋਂ ਇਨਕਾਰ ਕਰਦਿਆਂ ਪਟੀਸ਼ਨਰ ਨੂੰ ਅਲਾਹਾਬਾਦ ਹਾਈ ਕੋਰਟ ਜਾਣ ਲਈ ਕਿਹਾ। ਚੀਫ਼ ਜਸਟਿਸ ਸੰਜੀਵ ਖੰਨਾ ਅਤੇ ਜਸਟਿਸ ਸੰਜੇ ਕੁਮਾਰ 'ਤੇ ਆਧਾਰਿਤ ਬੈਂਚ ਨੇ ਕਿਹਾ, "ਇਹ ਮੰਦਭਾਗੀ ਘਟਨਾ ਹੈ, ਜਿਸ 'ਤੇ ਚਿੰਤਾ ਕਰਨੀ ਬਣਦੀ ਹੈ ਪਰ ਤੁਸੀਂ ਅਲਾਹਾਬਾਦ ਹਾਈ ਕੋਰਟ ਜਾਓ।" ਬੈਂਚ ਨੇ ਯੂਪੀ ਸਰਕਾਰ ਦੀ ਦਲੀਲ ਦਾ ਨੋਟਿਸ ਲਿਆ ਕਿ ਇਸ ਮਾਮਲੇ 'ਚ ਅਲਾਹਾਬਾਦ ਹਾਈ ਕੋਰਟ 'ਚ ਪਹਿਲਾਂ ਹੀ ਅਰਜ਼ੀ ਦਾਖ਼ਲ ਕੀਤੀ ਜਾ ਚੁੱਕੀ ਹੈ ਅਤੇ ਸੁਪਰੀਮ ਕੋਰਟ 'ਚ ਮੌਜੂਦਾ ਪਟੀਸ਼ਨ 'ਤੇ ਸੁਣਵਾਈ ਨਹੀਂ ਹੋਣੀ ਚਾਹੀਦੀ ਹੈ। ਯੂਪੀ ਸਰਕਾਰ ਦੇ ਨੁਮਾਇੰਦੇ ਸੀਨੀਅਰ ਵਕੀਲ ਮੁਕੁਲ ਰੋਹਤਗੀ ਨੇ ਕਿਹਾ ਕਿ ਭਗਦੜ ਮਾਮਲੇ ਦੀ ਨਿਆਂਇਕ ਜਾਂਚ ਸ਼ੁਰੂ ਹੋ ਚੁੱਕੀ ਹੈ। ਵਕੀਲ ਵਿਸ਼ਾਲ ਤਿਵਾੜੀ ਨੇ ਸੰਵਿਧਾਨ ਦੀ ਧਾਰਾ 32 ਤਹਿਤ ਜਨਹਿੱਤ ਪਟੀਸ਼ਨ ਦਾਖ਼ਲ ਕਰਕੇ ਭਗਦੜ ਵਰਗੀਆਂ ਘਟਨਾਵਾਂ ਨੂੰ ਰੋਕਣ ਲਈ ਦਿਸ਼ਾ-ਨਿਰਦੇਸ਼ ਜਾਰੀ ਕਰਨ ਦੀ ਮੰਗ ਕੀਤੀ ਸੀ। ਉਨ੍ਹਾਂ ਧਾਰਾ 21 ਤਹਿਤ ਬਰਾਬਰੀ ਦੇ ਬੁਨਿਆਦੀ ਹੱਕਾਂ ਅਤੇ ਜ਼ਿੰਦਗੀ ਦੀ ਰਾਖੀ ਲਈ ਵੀ ਕਦਮ ਚੁੱਕਣ ਦੀ ਮੰਗ ਕੀਤੀ ਸੀ।

# ਸੰਸਦ 'ਚ ਮਹਾਂਕੁੰਭ ਭਗਦੜ ਮਾਮਲੇ 'ਤੇ ਹੰਗਾਮਾ

## *ਰਾਜ ਸਭਾ 'ਚੋਂ ਵਿਰੋਧੀ ਧਿਰ ਨੇ ਕੀਤਾ ਵਾਕਆਊਟ; ਵਿਰੋਧੀ ਧਿਰਾਂ ਚਰਚਾ ਦੀ ਮੰਗ 'ਤੇ ਅੜੀਆਂ*



ਨਵੀਂ ਦਿੱਲੀ : ਪ੍ਰਯਾਗਰਾਜ ਵਿਚ ਮਹਾਂਕੁੰਭ ਦੌਰਾਨ ਮਚੀ ਭਗਦੜ ਬਾਰੇ ਵਿਰੋਧੀ ਧਿਰਾਂ ਵੱਲੋਂ ਚਰਚਾ ਦੀ ਮੰਗ ਲਈ ਸੰਸਦ ਦੇ ਦੋਵੇਂ ਸਦਨਾਂ 'ਚ ਹੰਗਾਮਾ ਦੇਖਣ ਨੂੰ ਮਿਲਿਆ। ਰਾਜ ਸਭਾ 'ਚ ਚੇਅਰਮੈਨ ਜਗਦੀਪ ਧਨਖੜ ਵੱਲੋਂ ਕੁੰਭ ਦੁਖਾਂਤ 'ਤੇ ਚਰਚਾ ਲਈ ਵਿਰੋਧੀ ਧਿਰ ਦੇ ਮੈਂਬਰਾਂ ਵੱਲੋਂ ਦਿੱਤੇ ਨੋਟਿਸਾਂ 'ਤੇ ਵਿਚਾਰ ਨਾ ਕਰਨ ਮਗਰੋਂ ਵਿਰੋਧੀ ਪਾਰਟੀਆਂ ਸਿਫ਼ਰਕਾਲ ਦੌਰਾਨ ਸਦਨ ਵਿੱਚੋਂ ਵਾਕਆਊਟ ਕਰ ਗਈਆਂ। ਰਾਸ਼ਟਰਪਤੀ ਵੱਲੋਂ ਦੋਵੇਂ ਸਦਨਾਂ ਦੇ ਸਾਂਝੇ ਸੰਬੋਧਨ ਅਤੇ ਕੇਂਦਰੀ ਬਜਟ ਪੇਸ਼ ਹੋਣ ਮਗਰੋਂ ਲੋਕ ਸਭਾ ਅਤੇ ਰਾਜ ਸਭਾ ਅੱਜ ਪਹਿਲੀ ਵਾਰ ਜੁੜੇ ਸਨ। ਰਾਜ ਸਭਾ 'ਚ ਕਾਂਗਰਸ ਦੇ ਪ੍ਰਮੋਦ ਤਿਵਾੜੀ ਤੇ ਦਿਗਵਿਜੈ ਸਿੰਘ, ਤ੍ਰਿਣਮੂਲ ਕਾਂਗਰਸ ਦੀ ਸਾਗਰਿਕਾ ਘੋਸ਼, ਸਮਾਜਵਾਦੀ ਪਾਰਟੀ ਦੇ ਰਾਮਜੀ ਲਾਲ ਸੁਮਨ ਤੇ ਸੀਪੀਆਈ (ਐੱਮ) ਦੇ ਜੌਹਨ ਬ੍ਰਿਟਾਸ ਸਣੇ ਸੱਤ ਮੈਂਬਰਾਂ ਨੇ ਨੇਮ 267 ਤਹਿਤ ਦਿੱਤੇ ਨੋਟਿਸਾਂ ਵਿਚ ਸਦਨ ਦੀ ਕਾਰਵਾਈ ਮੁਲਤਵੀ ਕਰਕੇ ਪ੍ਰਯਾਗਰਾਜ ਵਿਚ ਮਹਾਂਕੁੰਭ ਦੌਰਾਨ ਮਚੀ ਭਗਦੜ 'ਤੇ ਚਰਚਾ ਕਰਵਾਉਣ ਦੀ ਮੰਗ ਕੀਤੀ। ਉਧਰ ਕਾਂਗਰਸ ਦੇ ਰਣਦੀਪ ਸਿੰਘ ਸੁਰਜੇਵਾਲਾ ਨੇ ਦੇਸ਼ ਭਰ ਵਿੱਚ ਸੰਵਿਧਾਨ ਅਤੇ ਡਾਕਟਰ ਬੀਆਰ ਅੰਬੇਡਕਰ ਦੇ ਨਿਰਾਦਰ ਦੀਆਂ ਘਟਨਾਵਾਂ 'ਤੇ ਚਰਚਾ ਕਰਨ ਲਈ ਕਾਰਵਾਈ ਮੁਲਤਵੀ ਕਰਨ ਦਾ ਨੋਟਿਸ ਦਿੱਤਾ ਹੈ। ਸੀਪੀਆਈ ਦੇ ਪੀ. ਸੰਦੋਸ਼ ਕੁਮਾਰ ਨੇ ਕੇਂਦਰੀ ਪੈਟਰੋਲੀਅਮ ਅਤੇ ਕੁਦਰਤੀ ਗੈਸ ਰਾਜ ਮੰਤਰੀ ਸੁਰੇਸ਼ ਗੋਪੀ ਵੱਲੋਂ ਕੀਤੀ ਕਥਿਤ ਜਾਤੀਵਾਦੀ ਟਿੱਪਣੀ ਦੇ ਮੁੱਦੇ 'ਤੇ ਚਰਚਾ ਲਈ ਸਦਨ ਦੀ ਕਾਰਵਾਈ ਮੁਲਤਵੀ ਕਰਨ ਦਾ ਨੋਟਿਸ ਦਿੱਤਾ। ਧਨਖੜ ਨੇ ਇਨ੍ਹਾਂ ਨੋਟਿਸਾਂ ਨੂੰ ਇਹ ਕਹਿ ਕੇ ਰੱਦ ਕਰ ਦਿੱਤਾ ਕਿ ਉਹ ਨਿਰਧਾਰਤ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਨਹੀਂ ਕਰਦੇ ਹਨ। ਚੇਅਰਮੈਨ ਵੱਲੋਂ ਨੋਟਿਸਾਂ ਨੂੰ ਮੰਨਣ ਤੋਂ ਇਨਕਾਰ ਕਰਨ 'ਤੇ ਵਿਰੋਧੀ ਧਿਰਾਂ ਦੇ ਮੈਂਬਰਾਂ ਨੇ ਸਦਨ ਦੇ ਐਨ ਵਿਚਾਲੇ ਜਾ ਕੇ ਨਾਅਰੇਬਾਜ਼ੀ ਕੀਤੀ ਅਤੇ ਮਗਰੋਂ ਉਹ ਸਦਨ 'ਚੋਂ ਵਾਕਆਊਟ ਕਰ ਗਏ।

ਉਧਰ ਲੋਕ ਸਭਾ 'ਚ ਕਾਂਗਰਸ ਦੀ ਅਗਵਾਈ ਹੇਠ ਵਿਰੋਧੀ ਧਿਰਾਂ ਦੇ ਮੈਂਬਰਾਂ ਨੇ ਮਹਾਂਕੁੰਭ ਦੁਖਾਂਤ 'ਤੇ ਚਰਚਾ ਦੀ ਮੰਗ ਕੀਤੀ। ਵਿਰੋਧੀ ਧਿਰਾਂ ਦੇ ਮੈਂਬਰ ਸਦਨ ਦੇ ਵਿਚਾਲੇ ਆ ਗਏ ਅਤੇ ਉਨ੍ਹਾਂ ਨਾਅਰੇਬਾਜ਼ੀ ਕੀਤੀ। ਲੋਕ ਸਭਾ ਵਿਚ ਕਾਂਗਰਸ ਦੇ ਡਿਪਟੀ ਆਗੂ ਗੌਰਵ ਗੋਗੋਈ ਅਤੇ ਕੇਸੀ ਵੇਣੂਗੋਪਾਲ ਦੀ ਅਗਵਾਈ ਹੇਠ ਵਿਰੋਧੀ ਧਿਰਾਂ ਨੇ ਪ੍ਰਸ਼ਨਕਾਲ ਦੀ ਕਾਰਵਾਈ ਮੁਅੱਤਲ ਕਰਕੇ ਮਹਾਂਕੁੰਭ ਭਗਦੜ ਦੇ ਮੁੱਦੇ 'ਤੇ ਚਰਚਾ ਦੀ ਮੰਗ ਕੀਤੀ। ਵਿਰੋਧੀ ਧਿਰਾਂ ਨੇ 'ਸਨਾਤਨ ਵਿਰੋਧੀ ਸਰਕਾਰ ਅਸਤੀਫ਼ਾ ਦੋ' ਦੇ ਨਾਅਰੇ ਲਾਏ। ਸਪੀਕਰ ਓਮ ਬਿਰਲਾ ਨੇ ਮੈਂਬਰਾਂ ਵੱਲੋਂ ਰੋਸ ਵਜੋਂ ਮੇਜ਼ਾਂ ਨੂੰ ਥਪਥਪਾਉਣ ਦਾ ਵਿਰੋਧ ਕੀਤਾ। ਬਿਰਲਾ ਨੇ ਕਿਹਾ ਕਿ ਲੋਕਾਂ ਨੇ ਉਨ੍ਹਾਂ ਨੂੰ ਆਪਣੇ ਨੁਮਾਇੰਦੇ ਵਜੋਂ ਸਵਾਲ ਪੁੱਛਣ ਲਈ ਭੇਜਿਆ ਹੈ, ਟੇਬਲਾਂ ਨੂੰ ਨੁਕਸਾਨ ਪਹੁੰਚਾਉਣ ਲਈ ਨਹੀਂ। ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰਨ ਰਿਜਿਜੂ ਨੇ ਵੀ ਵਿਰੋਧੀ ਧਿਰਾਂ ਵੱਲੋਂ ਕੀਤੇ ਪ੍ਰਦਰਸ਼ਨ ਦੀ ਨਿਖੇਧੀ ਕੀਤੀ। ਵਿਰੋਧੀ ਧਿਰਾਂ ਨੇ ਮੰਗ ਕੀਤੀ ਕਿ ਭਗਦੜ ਵਿਚ ਮੌਤ ਦੇ ਮੂੰਹ ਪਏ ਲੋਕਾਂ ਦੀ ਮੁਕੰਮਲ ਸੂਚੀ ਦਿੱਤੀ ਜਾਵੇ।

# ਅਖੰਡ ਹਨੂੰਮਾਨ ਚਾਲੀਸਾ ਪਾਠ ਦੌਰਾਨ 'ਕਲਸ਼ ਯਾਤਰਾ' ਵਿੱਚ ਸ਼ਾਮਲ ਸ਼ਰਧਾਲੂ



ਸੋਨੀਤਪੁਰ: ਬੁੱਧਵਾਰ ਨੂੰ ਸੋਨੀਤਪੁਰ ਦੇ ਤੇਜ਼ਪੁਰ ਹਨੂੰਮਾਨ ਮੰਦਿਰ ਵਿਖੇ ਅਖੰਡ ਹਨੂੰਮਾਨ ਚਾਲੀਸਾ ਪਾਠ ਦੇ ਮੌਕੇ 'ਤੇ ਚੱਲ ਰਹੀ ਕਲੋਸ਼ ਯਾਤਰਾ 'ਚ ਸ਼ਰਧਾਲੂ ਸ਼ਾਮਲ ਹੋਏ।

# ਬਦਲ ਰਹੀ ਦੁਨੀਆ ਅਤੇ ਸੰਵਾਦ ਦੀ ਤਾਕਤ

ਆਲਮੀ ਰਾਜਨੀਤੀ ਦੇ ਚੱਕਰਵਰਤੀ ਜਗਤ ਵਿੱਚ ਇਸ ਹਫ਼ਤੇ ਟੁੱਟ-ਭੱਜ ਦਾ ਸਿਲਸਿਲਾ ਸ਼ੁਰੂ ਹੋ ਗਿਆ ਹੈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ 'ਫੌਕਸ ਨਿਊਜ਼' ਨੂੰ ਦੱਸਿਆ ਕਿ ਪਿਛਲੇ ਹਫ਼ਤੇ ਉਨ੍ਹਾਂ ਆਪਣੇ ਸਹੁੰ ਚੁੱਕ ਸਮਾਗਮ ਤੋਂ ਐਨ ਪਹਿਲਾਂ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ 'ਟਿਕ ਟੌਕ, ਵਪਾਰ ਅਤੇ ਤਾਇਵਾਨ' ਉੱਪਰ ਚਰਚਾ ਕੀਤੀ ਸੀ ਅਤੇ ਇਹ ਵੀ ਦੱਸਿਆ ਕਿ ਗੱਲਬਾਤ ਦੋਸਤਾਨਾ ਮਾਹੌਲ ਵਿੱਚ ਹੋਈ। ਅਸੀਂ ਜਾਣਦੇ ਹਾਂ ਕਿ ਟਰੰਪ ਨੇ ਰਾਸ਼ਟਰਪਤੀ ਸ਼ੀ ਨੂੰ ਆਪਣੇ ਸਹੁੰ ਚੁੱਕ ਸਮਾਗਮ ਲਈ ਵੀ ਸੱਦਿਆ ਸੀ ਪਰ ਸ਼ੀ ਨੇ ਆਪ ਜਾਣ ਦੀ ਬਜਾਇ ਆਪਣੇ ਉਪ ਰਾਸ਼ਟਰਪਤੀ ਹਾਨ ਜ਼ੈਂਗ ਨੂੰ ਉੱਥੇ ਭੇਜ ਦਿੱਤਾ। ਉਸ ਤੋਂ ਬਾਅਦ ਟਰੰਪ ਨੇ ਟਿਕ ਟੌਕ ਉੱਪਰ ਪ੍ਰਸਤਾਵਿਤ ਪਾਬੰਦੀ ਲਾਉਣ ਅਤੇ ਚੋਣ ਪ੍ਰਚਾਰ ਵੇਲੇ ਚੀਨ ਦੇ ਮਾਲ ਉੱਪਰ (60 ਫ਼ੀਸਦੀ ਤੱਕ) ਟੈਕਸ ਲਾਉਣ ਦੀਆਂ ਧਮਕੀਆਂ ਬੰਦ ਕਰ ਦਿੱਤੀਆਂ ਹਨ।

ਅਸੀਂ ਇਹ ਵੀ ਜਾਣਦੇ ਹਾਂ ਕਿ ਵਾਸ਼ਿੰਗਟਨ ਡੀਸੀ ਵਿੱਚ ਭਾਰਤੀ ਦੂਤਾਵਾਸ ਦੇ ਅਧਿਕਾਰੀਆਂ ਨੇ ਸਹੁੰ ਚੁੱਕ ਸਮਾਗਮ ਤੋਂ ਪੂਰਬਲੀ ਸ਼ਾਮ ਟਰੰਪ ਦੀ ਆ ਰਹੀ ਟੀਮ ਨੂੰ ਬੇਨਤੀ ਕੀਤੀ ਸੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸਮਾਗਮ ਲਈ ਸੱਦਾ ਪੱਤਰ ਭੇਜ ਦਿੱਤਾ ਜਾਵੇ ਪਰ ਟਰੰਪ ਦੀ ਟੀਮ ਨੇ ਇਹ ਕਹਿ ਕੇ ਪੱਲਾ ਝਾੜ ਲਿਆ ਕਿ ਇਸ ਮੌਕੇ ਐਨਾ ਕੁਝ ਚੱਲ ਰਿਹਾ ਹੈ ਤੇ ਬਹੁਤਾ ਸਮਾਂ ਨਹੀਂ ਹੈ, ਜਾਂ ਇਹੋ ਜਿਹਾ ਕੋਈ ਹੋਰ ਬਹਾਨਾ। ਇਸ ਦੀ ਬਜਾਇ ਉਨ੍ਹਾਂ ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਐੱਸ ਜੈਸ਼ੰਕਰ ਨੂੰ ਸਮਾਗਮ ਵਿੱਚ ਅਗਲੀ ਕਤਾਰ ਵਿੱਚ ਬਿਠਾ ਦਿੱਤਾ (ਕੋਈ ਨਹੀਂ ਜਾਣਦਾ, ਹਾਨ ਜ਼ੈਂਗ ਕਿੱਥੇ ਬੈਠੇ ਸਨ)। ਕਿਸੇ ਵੀ ਵਿਦੇਸ਼ੀ ਨੀਤੀ ਦੀ ਅਧੂਰੀ ਸਫਲਤਾ ਦੇ ਅਕਸ ਤੋਂ ਚੰਗੀ ਤਰ੍ਹਾਂ ਵਾਕਿਫ਼ ਅਮਰੀਕੀਆਂ ਨੇ ਅਗਲੇ ਦਿਨ ਹੀ ਕੁਆਡ ਦੀ ਮੀਟਿੰਗ ਸੱਦ ਲਈ ਤੇ ਚੀਨੀਆਂ ਨੂੰ ਇਹ ਸੰਦੇਸ਼ ਦਿੱਤਾ ਕਿ ਜੇ ਤੁਸੀਂ ਸਾਡੇ ਗੁਆਂਢ 'ਚ ਆ ਕੇ ਆਢਾ ਲਵੋਗੇ ਤਾਂ ਦੇਖੋ ਸਾਡੇ ਕੋਲ ਭਾਰਤ, ਆਸਟਰੇਲੀਆ ਤੇ ਜਪਾਨ ਜਿਹੇ ਮੁਲਕ ਹਨ। ਹਰੇਕ ਖ਼ਾਸਕਰ ਭਾਰਤ ਲਈ ਇਸ ਦਾ ਵਡੇਰਾ ਸੰਦੇਸ਼ ਇਹ ਹੈ ਕਿ ਨਵੇਂ ਅਮਰੀਕਾ ਨੂੰ ਕਿਸੇ ਨਾਲ ਵੀ ਗੱਲਬਾਤ ਕਰਨ ਵਿੱਚ ਕੋਈ ਸਮੱਸਿਆ ਨਹੀਂ ਹੈ ਜੋ ਤੁਹਾਨੂੰ ਆਲੇ ਦੁਆਲੇ ਨਿਗਾਹ ਮਾਰ ਕੇ ਗ਼ੌਰ ਕਰਨ ਲਈ ਕਾਫ਼ੀ ਹੈ ਕਿ ਮਹਾਕੁੰਭ ਵਿੱਚ ਗੰਗਾ ਦੇ ਪ੍ਰਵਾਹ ਨਾਲੋਂ ਵੀ ਤੇਜ਼ੀ ਨਾਲ ਦੇਸ਼ ਆਪਣੇ ਦੋਸਤ ਬਦਲ ਰਹੇ ਹਨ। ਮਹੀਨਾ ਪਹਿਲਾਂ ਟਰੰਪ ਸ਼ੀ ਜਿਨਪਿੰਗ ਨੂੰ ਕਹਿਰਾਂ ਦੀਆਂ ਧਮਕੀਆਂ ਦੇ ਰਹੇ ਸਨ ਤੇ ਹੁਣ ਉਹ ਮਾਣੋ ਬਿੱਲੀ ਵਾਂਗ ਪੂਛ ਹਿਲਾ ਰਹੇ ਹਨ; ਤੇ ਇਸੇ ਹਫ਼ਤੇ ਦੇ ਸ਼ੁਰੂ ਵਿੱਚ ਪਾਕਿਸਤਾਨੀ ਆਈਐੱਸਆਈ ਦੀ ਟੀਮ ਬੰਗਲਾਦੇਸ਼ ਦੇ ਦੌਰੇ ਲਈ ਰਵਾਨਾ ਹੋਈ ਸੀ ਜੋ 2009 ਤੋਂ ਬਾਅਦ ਅਜਿਹਾ ਪਹਿਲਾ ਦੌਰਾ ਹੈ। ਇਸ ਤੋਂ ਕੁਝ ਦਿਨ ਪਹਿਲਾਂ ਹੀ ਲੈਫਟੀਨੈਂਟ ਜਨਰਲ ਐੱਸਐੱਮ ਕਮਰੁਲ ਹਸਨ ਦੀ ਅਗਵਾਈ ਹੇਠ ਬੰਗਲਾਦੇਸ਼ ਦਾ ਫ਼ੌਜੀ ਵਫ਼ਦ ਇਸਲਾਮਾਬਾਦ ਗਿਆ ਸੀ।

ਇਸ ਮੰਥਨ ਦੇ ਦਰਮਿਆਨ 'ਪਹਾੜਾਂ ਨਾਲੋਂ ਉੱਚੇ, ਸਾਗਰ ਨਾਲੋਂ ਗਹਿਰੇ ਤੇ ਸ਼ਹਿਦ ਤੋਂ ਵੱਧ ਮਿੱਠੇ' ਦੇ ਰੂਪ ਵਿੱਚ ਪਰਿਭਾਸ਼ਤ ਕੀਤਾ ਜਾਂਦਾ ਜਿਹੜਾ ਇਕਮਾਤਰ ਰਿਸ਼ਤਾ ਕਾਇਮ ਦਾਇਮ ਰਿਹਾ ਹੈ, ਉਹ ਹੈ ਪਾਕਿਸਤਾਨ ਅਤੇ ਚੀਨ ਦਾ ਰਿਸ਼ਤਾ।

**ਜਯੋਤੀ ਮਲਹੋਤਰਾ**

ਇਸ ਲਈ ਪਿਆਰੇ ਪਾਠਕੋ, ਜਿਵੇਂ ਤੁਸੀਂ ਧਰਤੀ ਦੇ ਪੰਧ ਨੂੰ ਨਿਹਾਰਦੇ ਹੋ, ਉਸੇ ਤਰ੍ਹਾਂ ਪੁਰਾਣੀਆਂ ਵਫ਼ਾਦਾਰੀਆਂ ਨੂੰ ਮੁਰਝਾਉਂਦਿਆਂ ਅਤੇ ਨਵੇਂ ਰਿਸ਼ਤਿਆਂ ਨੂੰ ਉਸਰਦਿਆਂ ਵੀ ਤੱਕੋ। ਪੰਜਾਬ ਵਿੱਚ ਤੁਸੀਂ ਲੋਹੜੀ 'ਤੇ ਦਲਿੱਦਰ ਦੀ ਜੜ੍ਹ ਚੁੱਲ੍ਹੇ ਪਾਉਂਦੇ ਹੋ ਕਿਉਂਕਿ ਮਾਘ ਦੀ ਸੰਗਰਾਂਦ ਤੁਹਾਡੇ ਲਈ ਨਵੀਂ ਦੁਨੀਆ ਦਾ ਪੈਗ਼ਾਮ ਲੈ ਕੇ ਆਉਂਦੀ ਹੈ।

ਆਓ ਦੇਖੀਏ ਕਿ ਮਾਘ ਨੇ ਹੁਣ ਤੱਕ ਦੁਨੀਆ ਲਈ ਕੀ ਕੁਝ ਨਵਾਂ ਲਿਆਂਦਾ ਹੈ: ਅਮਰੀਕਾ ਤੇ ਚੀਨ ਵਿਚਕਾਰ ਨਵੀਂ ਦੋਸਤੀ, ਚੀਨ ਤੇ ਪਾਕਿਸਤਾਨ ਵਿਚਕਾਰ ਪੁਰਾਣੇ ਰਿਸ਼ਤਿਆਂ ਦਾ ਟਿਕਾਓ ਅਤੇ ਨਾਲ ਹੀ ਪਾਕਿਸਤਾਨ ਅਤੇ ਬੰਗਲਾਦੇਸ਼ ਵਿਚਕਾਰ ਵਧ ਰਹੀ ਨੇੜਤਾ- ਆਖ਼ਿਰਕਾਰ, ਕਿਸੇ ਸਮੇਂ ਇਹ ਦੋਵੇਂ ਇੱਕੋ ਦੇਸ਼ ਸਨ ਜਦੋਂ 1971 ਵਿੱਚ ਦੁਨੀਆ ਅਚਾਨਕ ਬਦਲੀ ਅਤੇ ਨਵੇਂ ਦੇਸ਼ ਦਾ ਜਨਮ ਹੋਇਆ ਸੀ।

ਹੁਣ ਇੱਕ ਵਾਰ ਫਿਰ ਦੁਨੀਆ ਬਦਲ ਰਹੀ ਹੈ। ਇਹ ਸਪਸ਼ਟ ਹੋ ਰਿਹਾ ਹੈ ਕਿ ਆਈਐੱਸਆਈ ਬੰਗਲਾਦੇਸ਼ ਵਿੱਚ ਇੰਚਾਰਜ ਹੈ। ਮੁੱਖ ਸਲਾਹਕਾਰ ਮੁਹੰਮਦ ਯੂਨਸ 'ਮੁਖੌਟਾ' ਬਣ ਕੇ ਰਹਿ ਗਏ ਹਨ ਜਿਨ੍ਹਾਂ ਰਾਖੇ ਦੇ ਤੌਰ 'ਤੇ ਆਪਣੀ ਭੂਮਿਕਾ ਨਿਭਾ ਦਿੱਤੀ ਹੈ ਤੇ ਜੇ ਹੁਣ ਉਹ ਚਲੇ ਵੀ ਜਾਣ ਜਾਂ ਬਣੇ ਰਹਿਣ ਤਾਂ ਵੀ ਕੋਈ ਫ਼ਰਕ ਨਹੀਂ ਪੈਣ ਲੱਗਿਆ। ਦੱਖਣੀ ਏਸ਼ੀਆ ਵਿੱਚ ਇੱਕ ਵਾਰ ਫਿਰ ਉੱਭਰ ਰਹੀ ਮਹਾਂ ਖੇਡ ਦਾ ਸੱਜਰਾ ਗੇੜ ਪਾਕਿਸਤਾਨ ਨੇ ਜਿੱਤ ਲਿਆ ਹੈ। ਬੰਗਲਾਦੇਸ਼ ਵਿੱਚ ਭਾਰਤ ਬੈਕਫੁੱਟ 'ਤੇ ਆ ਗਿਆ ਹੈ ਜਿਸ ਕਰ ਕੇ ਇਹ ਚੰਗੀ ਗੱਲ ਹੈ ਕਿ ਇਹ ਆਪਣੀ ਪੁਰਾਣੀ ਮਿੱਤਰ ਸ਼ੇਖ ਹਸੀਨਾ ਦਾ ਸਾਥ ਦੇ ਰਿਹਾ ਹੈ ਤੇ ਜਦੋਂ ਤੋਂ ਢਾਕਾ ਵਿੱਚ ਆਈਐੱਸਆਈ ਦੀ ਵਾਪਸੀ ਹੋ ਗਈ ਹੈ ਤਾਂ ਤੁਸੀਂ ਆਪਣੇ ਆਖ਼ਿਰੀ ਟਕੇ ਦੀ ਸ਼ਰਤ ਲਾ ਸਕਦੇ ਹੋ ਕਿ ਭਾਰਤ ਦੇ ਉੱਤਰ-ਪੂਰਬ ਵਿੱਚ ਅਸਥਿਰਤਾ ਦੀ ਨਵੀਂ ਖੇਡ ਸ਼ੁਰੂ ਹੋਣ ਵਾਲੀ ਹੈ।

ਪਿਆਰੇ ਪਾਠਕੋ, ਯਾਦ ਰੱਖਣਾ ਕਿ ਦੋ ਸਾਲਾਂ ਬਾਅਦ ਮਨੀਪੁਰ ਅਜੇ ਵੀ ਜਲ ਰਿਹਾ ਹੈ, ਅਸਾਮ ਬਾਰੂਦ ਦੇ ਢੇਰ 'ਤੇ ਬੈਠਾ ਹੈ, ਬੰਗਲਾਦੇਸ਼ ਦੇ ਦਰਾਂ 'ਤੇ ਮੌਜੂਦ ਮਿਜ਼ੋਰਮ ਵਿੱਚ ਵੀ ਅਸਥਿਰਤਾ ਦਾ ਮਾਹੌਲ ਚੱਲ ਰਿਹਾ ਹੈ। ਇਸ ਗਣਤੰਤਰ ਦਿਵਸ 'ਤੇ ਵਿਦੇਸ਼ ਸਕੱਤਰ ਵਿਕਰਮ ਮਿਸਰੀ ਪੇਈਚਿੰਗ ਦੌਰੇ ਲਈ ਰਵਾਨਾ ਹੋ ਗਏ ਹਨ ਪਰ ਇਹ ਤੱਥ ਹੈ ਕਿ ਹਾਲ ਹੀ ਵਿੱਚ ਕਜ਼ਾਨ (ਰੂਸ) ਵਿੱਚ ਮੋਦੀ-ਸ਼ੀ ਦੀ ਜੱਫੀ ਪਵਾਉਣ ਵਿੱਚ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਭੂਮਿਕਾ ਨਿਭਾਈ ਸੀ ਜਿਸ ਸਦਕਾ ਭਾਰਤ ਅਤੇ ਚੀਨ ਨੂੰ ਆਪਣੇ ਸਰਹੱਦੀ ਵਿਵਾਦਾਂ ਨੂੰ ਸੁਲਝਾਉਣ ਲਈ ਵਾਰਤਾਵਾਂ ਦਾ ਸਿਲਸਿਲਾ ਮੁੜ ਸ਼ੁਰੂ ਕਰਨ ਦਾ ਮੌਕਾ ਮਿਲਿਆ ਸੀ। ਇਹ ਵਧੀਆ ਚੀਜ਼ ਹੈ। ਜੰਗ-ਜੰਗ ਦੇ ਰਟਣ ਨਾਲੋਂ ਗੱਲਬਾਤ ਦਾ ਰਾਹ ਕਿਤੇ ਬਿਹਤਰ ਹੈ; ਖ਼ਾਸਕਰ ਜੇ ਤੁਸੀਂ ਭਾਰਤ ਅਤੇ ਚੀਨ ਵਿਚਕਾਰ ਜ਼ਬਰਦਸਤ ਫ਼ੌਜੀ ਨਾ-ਬਰਾਬਰੀ 'ਤੇ ਗ਼ੌਰ ਕਰੋ। ਇਸ ਲਈ ਸਮਝੌਤਾ ਹੋਣ ਨਾਲ ਜਿੱਥੇ ਭਾਰਤੀ ਦਸਤਿਆਂ ਨੂੰ ਉਸ ਜਗ ?ਹਾ 'ਤੇ ਗਸ਼ਤ ਕਰਨ ਦੀ ਆਗਿਆ ਮਿਲ ਗਈ ਹੈ ਜਿੱਥੇ ਉਹ ਅਪਰੈਲ 2020 ਤੱਕ ਗਸ਼ਤ ਕਰਦੇ ਸਨ ਹਾਲਾਂਕਿ ਅਜੇ ਵੀ ਇਹ ਸਪਸ਼ਟ ਨਹੀਂ ਹੋ ਸਕਿਆ ਕਿ ਕੀ ਦੋਵੇਂ ਦੇਸ਼ ਅਪਰੈਲ 2020 ਤੋਂ ਪਹਿਲਾਂ ਵਾਲੀਆਂ ਪੁਜ਼ੀਸ਼ਨਾਂ 'ਤੇ ਪਰਤ ਗਏ ਹਨ ਕਿ ਨਹੀਂ।



ਇਸ ਦੌਰਾਨ ਇਹ ਵੀ ਚੰਗੀ ਗੱਲ ਹੈ ਕਿ ਪ੍ਰਧਾਨ ਮੰਤਰੀ ਮੋਦੀ ਟਰੰਪ ਨਾਲ ਛੇਤੀ ਮੀਟਿੰਗ ਰੱਖਣਾ ਚਾਹੁੰਦੇ ਹਨ ਜਿਸ ਤੋਂ ਉਨ੍ਹਾਂ ਨੂੰ ਅੰਦਾਜ਼ਾ ਹੋ ਜਾਵੇਗਾ ਕਿ ਅਮਰੀਕਾ-ਚੀਨ ਦੀ ਭਿਆਲੀ ਕਿਸ ਹੱਦ ਤੱਕ ਵਧੀ ਹੈ ਜਿਸ ਵਿੱਚ ਐਲਨ ਮਸਕ ਮੁੱਖ ਵਾਰਤਾਕਾਰ ਦੀ ਭੂਮਿਕਾ ਨਿਭਾ ਰਹੇ ਹਨ। ਸਾਫ਼ ਜ਼ਾਹਿਰ ਹੈ ਕ ਟਰੰਪ ਅਤੇ ਮਸਕ ਦੋਵੇਂ ਬਹੁਤ ਜ਼ਿਆਦਾ ਅਸਾਵੇਂ ਵਪਾਰ ਜੋ ਇਸ ਸਮੇਂ ਚੀਨ ਦੇ ਹੱਕ ਵਿੱਚ ਝੁਕਿਆ ਹੋਇਆ ਹੈ, ਨੂੰ ਸਾਵਾਂ ਕਰਨਾ ਚਾਹੁੰਦੇ ਹਨ ਪਰ ਉਨ੍ਹਾਂ ਨੂੰ ਦੁਸ਼ਮਣ ਨਾਲ ਗੱਲ ਕਰਨ ਵਿੱਚ ਕੋਈ ਸਮੱਸਿਆ ਨਹੀਂ ਹੈ।

ਟਰੰਪ ਨੂੰ ਮੜਿੱਕਣ ਲਈ ਕੁਝ ਇਸੇ ਤਰ੍ਹਾਂ ਦਾ ਕੰਮ ਪੂਤਿਨ ਕਰ ਰਹੇ ਹਨ। ਉਹ ਕਹਿ ਰਹੇ ਹਨ ਕਿ ਆਓ ਗੱਲ ਕਰਦੇ ਹਾਂ, ਅਸਲ ਵਿੱਚ ਤੁਸੀਂ ਚਾਹੁੰਦੇ ਕੀ ਹੋ? ਹਾਲਾਂਕਿ ਪਿਛਲੇ ਕਰੀਬ ਤਿੰਨ ਸਾਲਾਂ ਦੌਰਾਨ ਰੂਸ ਨੇ ਆਪਣੇ ਸਕੇ ਭਰਾ ਯੂਕਰੇਨ ਨੂੰ ਬਰਬਾਦ ਕਰ ਕੇ ਰੱਖ ਦਿੱਤਾ ਹੈ ਪਰ ਇੱਕ ਗੱਲ ਸਾਫ਼ ਹੈ ਕਿ ਉਹ ਜੋਅ ਬਾਇਡਨ ਦੇ ਉਤਰਾਧਿਕਾਰੀ ਨਾਲ ਗੱਲਬਾਤ ਕਰਨ ਲਈ ਤਿਆਰ ਹਨ।

ਨਵੀਂ ਦਿੱਲੀ ਦੀ ਸਮੱਸਿਆ ਇਹ ਹੈ ਕਿ ਵੱਡੇ ਦੇਸ਼ ਦੀਆਂ ਬਾਜ਼ੀਆਂ ਵਿੱਚ ਇਹ ਭਾਵਨਾਵਾਂ ਨੂੰ ਲੈ ਕੇ ਆ ਜਾਂਦੀ ਹੈ। ਟਰੰਪ ਹੋਵੇ ਜਾਂ ਪੂਤਿਨ ਜਾਂ ਸ਼ੀ, ਉਹ ਆਪਣੇ ਦੁਸ਼ਮਣਾਂ ਨਾਲ ਗੱਲਬਾਤ ਕਰਨ ਤੋਂ ਕਦੇ ਵੀ ਪਿੱਛੇ ਨਹੀਂ ਹਟਦੇ ਕਿਉਂਕਿ ਹਰੇਕ ਰਾਜਨੀਤੀ ਦਾ ਪਹਿਲਾ ਬੁਨਿਆਦੀ ਨੇਮ ਇਹ ਸਿਖਾਉਂਦਾ ਹੈ ਕਿ ਆਪਣੇ ਦੋਸਤਾਂ ਨੂੰ ਲਾਗੇ ਰੱਖੋ ਪਰ ਆਪਣੇ ਦੁਸ਼ਮਣਾਂ ਨੂੰ ਹੋਰ ਵੀ ਨੇੜੇ ਰੱਖੋ ਪਰ ਇਸ ਦੀ ਬਜਾਇ ਪ੍ਰਧਾਨ ਮੰਤਰੀ ਮੋਦੀ ਪਾਕਿਸਤਾਨ ਨਾਲ ਗੱਲਬਾਤ ਕਰਨ ਲਈ ਤਿਆਰ ਨਹੀਂ ਹਨ ਜਿਸ ਦੇ ਸਰਹੱਦ ਪਾਰ ਦਹਿਸ਼ਤਗਰਦੀ ਸਣੇ ਕਈ ਕਾਰਨ ਹਨ।

ਹੁਣ ਇਹ ਖ਼ਬਰ ਆ ਰਹੀ ਹੈ ਕਿ ਦਿੱਲੀ ਨੇਪਾਲ ਦੇ ਪ੍ਰਧਾਨ ਮੰਤਰੀ ਕੇਪੀ ਓਲੀ ਤੋਂ ਨਾਖ਼ੁਸ਼ ਹੈ ਕਿਉਂਕਿ ਉਨ੍ਹਾਂ ਪਹਿਲਾਂ ਦਿੱਲੀ ਆਉਣ ਦੀ ਬਜਾਇ ਪੇਈਚਿੰਗ ਦੌਰਾ ਕਰਨ ਦੀ ਜੁਰੱਅਤ ਕੀਤੀ ਹੈ ਜਿਸ ਕਰ ਕੇ ਓਲੀ ਦੀ ਦਿੱਲੀ ਫੇਰੀ ਲੰਮੇ ਅਰਸੇ ਲਈ ਮੁਲਤਵੀ ਕਰ ਦਿੱਤੀ ਗਈ ਹੈ। ਇਹ ਵੱਖਰਾ ਮਾਮਲਾ ਹੈ ਕਿ ਪਾਕਿਸਤਾਨ ਤੇ ਨੇਪਾਲ, ਦੋਵੇਂ ਚੀਨ ਤੋਂ ਲਾਭ ਹਾਸਿਲ ਕਰਦੇ ਹਨ ਜਿਸ ਕਰ ਕੇ ਇਹ ਗੱਲ ਸਮਝ ਨਹੀਂ ਪੈਂਦੀ ਕਿ ਜੇ ਇਨ੍ਹਾਂ ਦੇਸ਼ਾਂ ਦੀਆਂ ਸਰਕਾਰਾਂ ਨਾਲ ਭਾਰਤ ਦੀ ਦਾਲ ਨਹੀਂ ਗ਼ਲਦੀ ਤਾਂ ਇਸ ਦੀ ਸਜ਼ਾ ਉੱਥੋਂ ਦੇ ਲੋਕਾਂ ਨੂੰ ਕਿਉਂ ਦਿੱਤੀ ਜਾਂਦੀ ਹੈ?

ਕੀ ਤੁਸੀਂ ਕਦੇ ਸੋਚਿਆ ਹੈ ਕਿ ਆਖ਼ਿਰ ਉਹ ਕਿਹੜੀ ਸ਼ੈਅ ਹੈ ਜੋ ਹਮੇਸ਼ਾ ਆਪਣੀ ਲੈਅ ਵਿੱਚ ਚੱਲਣ ਵਾਲੇ ਇਸ ਬੇਮਿਸਾਲ ਬਹੁਭਾਂਤੇ ਤੇ ਪ੍ਰਾਚੀਨ ਦੇਸ਼ ਨੂੰ ਮਹਾਨਤਾ ਹਾਸਲ ਕਰਨ ਤੋਂ ਰੋਕਦੀ ਹੈ? ਮਾਘ ਦੇ ਇਸ ਮਹੀਨੇ ਵਿੱਚ ਉੱਤਰ ਮਿਲਦੇ ਹਨ, ਤੁਹਾਨੂੰ ਸਿਰਫ਼ ਇਹ ਜਾਣਨ ਦੀ ਲੋੜ ਹੈ ਕਿ ਉਨ੍ਹਾਂ ਦੀ ਖੋਜ ਕਿੱਥੇ ਕਰਨੀ ਹੈ।

# ਟਰੰਪ ਦੀ ਤਾਜਪੋਸ਼ੀ ਮੌਕੇ ਵੱਡੇ ਧਨਾਢਾਂ ਦਾ ਇਕੱਠ



ਅਮਰੀਕਾ ਦੇ 47 ਵੇਂ ਰਾਸ਼ਟਰਪਤੀ ਵਜੋਂ ਡੋਨਲਡ ਟਰੰਪ ਦੇ ਤਾਜਪੋਸ਼ੀ ਸਮਾਰੋਹ ਵਿੱਚ ਉਨ੍ਹਾਂ ਉੱਚ ਅਮੀਰਾਂ ਦੀ ਮੌਜੂਦਗੀ ਸੀ ਜਿਨ੍ਹਾਂ ਦਾ ਨਾ ਸਿਰਫ ਆਪਣੀਆਂ ਸਰਕਾਰਾਂ ਬਲਕਿ ਦੂਜੇ ਦੇਸ਼ਾਂ ਦੀਆਂ ਸਰਕਾਰਾਂ 'ਤੇ ਵੀ ਪ੍ਰਭਾਵ ਹੈ। ਇਨ੍ਹਾਂ ਵਿੱਚੋਂ ਬਹੁਤ ਸਾਰੇ ਤਕਨੀਕੀ ਪ੍ਰਬੰਧਕ ਹਨ ਜੋ ਦੂਰ-ਦੁਰਾਡੇ ਤੋਂ ਲੋਕਾਂ ਦੇ ਮਨਾਂ ਨੂੰ ਕਾਬੂ ਕਰਨ ਦੀ ਯੋਜਨਾ ਬਣਾਉਂਦੇ ਹਨ। ਕੁਝ ਪ੍ਰਮੁੱਖ ਵਿਅਕਤੀਆਂ ਵਿੱਚ ਮੇਟਾ ਦੇ ਸੀਈਓ ਮਾਰਕ ਜ਼ੁਕਰਬਰਗ, ਐਮਾਜ਼ਨ ਦੇ ਸੀਈਓ ਜੈਫ ਬੇਜੋਸ, ਗੂਗਲ ਦੇ ਸੀਈਓ ਸੁੰਦਰ ਪਿਚਾਈ, ਐਲਨ ਮਸਕ, ਐਪਲ ਦੇ ਸੀਈਓ ਟਿਮ ਕੁੱਕ ਅਤੇ ਟਿੱਕਟੌਕ ਦੇ ਸੀਈਓ ਸ਼ੌ ਜ਼ੀ ਚਿਊ ਸ਼ਾਮਲ ਹਨ। ਜਿਨ੍ਹਾਂ ਸਿਆਸਤਦਾਨਾਂ ਨੇ ਸ਼ਿਰਕਤ ਕੀਤੀ, ਉਨ੍ਹਾਂ ਵਿੱਚ ਅਰਜਨਟੀਨਾ ਦੇ ਰਾਸ਼ਟਰਪਤੀ ਜੇਵੀਅਰ ਮਾਈਲੀ, ਇਟਲੀ ਦੀ ਪ੍ਰਧਾਨ ਮੰਤਰੀ ਜੌਰਜੀਆ ਮੇਲੋਨੀ, ਇਕੁਆਡੋਰ ਦੇ ਰਾਸ਼ਟਰਪਤੀ ਡੈਨੀਅਲ ਨੋਬੋਆ, ਪੋਲੈਂਡ ਦੇ ਸਾਬਕਾ ਪ੍ਰਧਾਨ ਮੰਤਰੀ ਮੈਟਿਊਜ਼ ਮੋਰਾਵੀਏਕ ਵਰਗੇ ਸੱਜੇ ਪੱਖੀ ਤਾਨਾਸ਼ਾਹੀ ਰੁਚੀ ਵਾਲੇ ਨੇਤਾ ਸ਼ਾਮਲ ਹਨ। ਸਹੁੰ ਚੁੱਕਣ ਤੋਂ ਤੁਰੰਤ ਬਾਅਦ ਟਰੰਪ ਨੇ ਕਈ ਆਦੇਸ਼ਾਂ 'ਤੇ ਦਸਤਖਤ ਕਰਨ ਲਈ ਸਮਾਂ ਨਹੀਂ ਗੁਆਇਆ। ਵੱਡੀ ਚਿੰਤਾ ਦਾ ਇੱਕ ਆਦੇਸ਼ (ਜਿਸ ਦੇ ਲੰਮੇ ਸਮੇਂ ਦੌਰਾਨ ਪ੍ਰਭਾਵ ਪੈਣਗੇ) ਹੈ- ਪੈਰਿਸ ਜਲਵਾਯੂ ਸਮਝੌਤਿਆਂ ਤੋਂ ਅਮਰੀਕਾ ਨੂੰ ਰਸਮੀ ਤੌਰ 'ਤੇ ਵਾਪਸ ਲੈਣ ਦਾ ਆਦੇਸ਼। ਜਲਵਾਯੂ ਪਰਿਵਰਤਨ ਵਿਸ਼ੇ 'ਤੇ ਇਹ ਹੁਣ ਤੱਕ ਦਾ ਸਭ ਤੋਂ ਮਹੱਤਵਪੂਰਨ ਸਮਝੌਤਾ ਹੈ ਜਿਸ ਵਿੱਚ ਮਨੁੱਖ ਦੁਆਰਾ ਬਣਾਏ ਜਲਵਾਯੂ ਸੰਕਟਾਂ ਦਾ ਨੋਟਿਸ ਲਿਆ ਗਿਆ ਹੈ। ਇਸ ਨੇ ਜਲਵਾਯੂ ਪਰਿਵਰਤਨ ਘੱਟ ਕਰਨ ਲਈ ਵਿਸ਼ਵ ਪੱਧਰ 'ਤੇ ਸਹਿਯੋਗ ਦੀ ਮਹੱਤਤਾ ਉਜਾਗਰ ਕੀਤੀ ਹੈ। ਅਸੀਂ ਪਹਿਲਾਂ ਹੀ ਵਧ ਰਹੇ ਤਾਪਮਾਨ, ਹੜ੍ਹਾਂ, ਫਸਲਾਂ ਦੇ ਪੈਟਰਨ ਵਿੱਚ ਤਬਦੀਲੀ, ਖ਼ੁਰਾਕ ਸੁਰੱਖਿਆ ਦਾ ਸੰਕਟ ਅਤੇ ਤੀਜੀ ਦੁਨੀਆ ਦੇ ਦੇਸ਼ਾਂ ਵਿੱਚ ਕਮਜ਼ੋਰ ਤੇ ਗਰੀਬ ਲੋਕਾਂ ਦੀ ਸਿਹਤ ਉੱਤੇ ਪੈਣ ਵਾਲੇ ਪ੍ਰਭਾਵਾਂ ਦੇ ਰੂਪ ਵਿੱਚ ਜਲਵਾਯੂ ਤਬਦੀਲੀ ਦੇ ਪ੍ਰਭਾਵ ਦੇਖ ਰਹੇ ਹਾਂ। ਇਸ ਗੱਲ ਦੀ ਵਧੇਰੇ ਸੰਭਾਵਨਾ ਨਹੀਂ ਹੈ ਕਿ ਟਰੰਪ ਦੇ ਸਹੁੰ ਚੁੱਕ ਸਮਾਗਮ ਵਿੱਚ ਉਪਰੋਕਤ ਜ਼ਿਕਰ ਕੀਤੇ ਭਾਗੀਦਾਰਾਂ ਵਿੱਚੋਂ ਕੋਈ ਵੀ ਇਸ ਆਦੇਸ਼ ਨੂੰ ਕਿਸੇ ਜਨਤਕ ਫੋਰਮ 'ਤੇ ਚੁਣੌਤੀ ਦੇਵੇਗਾ। ਉਨ੍ਹਾਂ ਲਈ ਵਿਕਾਸ ਦਾ ਅਰਥ ਭੋਜਨ, ਆਸਰਾ, ਸਿਹਤ ਸੰਭਾਲ, ਸਿੱਖਿਆ ਅਤੇ ਬੁਨਿਆਦੀ ਘੱਟੋ-ਘੱਟ ਲੋੜਾਂ ਲਈ ਲੋਕਾਂ ਦੀਆਂ ਚਿੰਤਾਵਾਂ ਨਾਲੋਂ ਵੱਖਰਾ ਹੈ। ਉਹ ਜੈਵਿਕ ਈਂਧਨ ਦੀ ਵਰਤੋਂ ਕਰ ਕੇ ਸੁਪਰ ਉਦਯੋਗੀਕਰਨ ਵਿੱਚ ਵਿਸ਼ਵਾਸ ਕਰਦੇ ਹਨ ਜਾਂ ਲੋੜ ਪੈਣ 'ਤੇ ਇਸ ਦੇ ਅੰਦਰੂਨੀ ਖ਼ਤਰੇ ਮਹਿਸੂਸ ਕੀਤੇ ਬਿਨਾਂ ਸਵੱਛ ਊਰਜਾ ਸਰੋਤ ਦੀ ਗ਼ਲਤ ਧਾਰਨਾ ਦੇ ਨਾਮ 'ਤੇ ਪਰਮਾਣੂ ਊਰਜਾ ਦੀ ਵਰਤੋਂ ਦੇ ਹੱਕ ਵਿੱਚ ਹਨ।

ਟਰੰਪ ਨੇ ਵਿਸ਼ਵ ਸਿਹਤ ਸੰਗਠਨ (WHO) ਤੋਂ ਹਟਣ ਦਾ ਹੁਕਮ ਵੀ ਪਾਸ ਕਰ ਦਿੱਤਾ ਹੈ। ਇਹ ਲੋਕਾਂ ਦੀ ਸਿਹਤ ਨੂੰ ਉਤਸ਼ਾਹਿਤ ਕਰਨ ਲਈ ਵਿਸ਼ਵਵਿਆਪੀ ਯਤਨਾਂ ਵਿੱਚ ਹਿੱਸਾ ਲੈਣ ਦੀ ਜ਼ਿੰਮੇਵਾਰੀ ਤੋਂ ਭੱਜਣ ਦੇ ਬਰਾਬਰ ਹੈ। ਟਰੰਪ ਦਾ ਫੈਸਲਾ ਆਧਾਰਹੀਣ ਹੈ ਕਿਉਂਕਿ ਪਿਛਲੇ ਕੁਝ ਸਮੇਂ ਤੋਂ ਇਹ ਸਾਫ ਨਜ਼ਰ ਆ ਰਿਹਾ ਸੀ ਕਿ ਡਬਲਿਊਐੱਚਓ ਕਈ ਮਾਮਲਿਆਂ ਵਿੱਚ ਬਹੁ-ਕੌਮੀ ਕਾਰਪੋਰੇਸ਼ਨਾਂ ਦੀ ਲਾਈਨ ਨੂੰ ਲਾਗੂ ਕਰਦਾ ਹੈ। ਇਨ੍ਹਾਂ ਵਿੱਚੋਂ ਜ਼ਿਆਦਾਤਰ ਕਾਰਪੋਰੇਸ਼ਨਾਂ ਅਮਰੀਕਾ ਨਾਲ ਸਬੰਧਤ ਹਨ। ਜਿੱਥੇ ਵਿਸ਼ਵ ਸਿਹਤ ਸੰਗਠਨ ਦੁਆਰਾ ਮਹਾਮਾਰੀ ਨਾਲ ਨਜਿੱਠਣ ਵਿੱਚ ਕਮੀਆਂ ਹਨ, ਇਹ ਨੋਟ ਕੀਤਾ ਜਾਣਾ ਚਾਹੀਦਾ ਹੈ ਕਿ ਅਮਰੀਕਾ ਆਧਾਰਿਤ ਟੀਕਾ ਬਣਾਉਣ ਵਾਲੀਆਂ ਕਾਰਪੋਰੇਸ਼ਨਾਂ ਨੇ ਬਹੁਤ ਜ਼ਿਆਦਾ ਮੁਨਾਫਾ ਕਮਾਇਆ, ਇੱਥੋਂ ਤੱਕ ਕਿ ਕੁਝ ਵਿਕਾਸਸ਼ੀਲ ਦੇਸ਼ਾਂ ਖਾਸ ਤੌਰ 'ਤੇ ਅਫਰੀਕੀ ਦੇਸ਼ਾਂ ਨੂੰ ਬਲੈਕਮੇਲ ਵੀ ਕੀਤਾ। ਇਹ ਕਹਿਣ ਦੀ ਲੋੜ ਨਹੀਂ ਕਿ ਸਿਹਤ ਨਾਲ ਸਬੰਧਿਤ ਅਮਰੀਕਾ ਦੀਆਂ ਬਹੁ-ਕੌਮੀ ਕਾਰਪੋਰੇਸ਼ਨਾਂ ਨੇ ਵਿਸ਼ਵ ਸਿਹਤ ਸੰਗਠਨ ਵਿੱਚ ਅਮਰੀਕੀ ਸਰਕਾਰਾਂ ਦੇ ਯੋਗਦਾਨ ਦੇ ਨਾਮ 'ਤੇ ਬਹੁਤ ਜ਼ਿਆਦਾ ਮੁਨਾਫਾ ਕਮਾਇਆ ਹੈ। ਸਿਰਫ ਦੋ ਲਿੰਗਾਂ ਨੂੰ ਲੈ ਕੇ ਟਰੰਪ ਦਾ ਆਦੇਸ਼ ਬਹੁਤ ਪਿਛਾਂਹਖਿੱਚੂ ਹੈ। ਇਸ ਆਦੇਸ਼ ਮੁਤਾਬਿਕ, ਲਿੰਗ ਨੂੰ ਇਸ ਆਧਾਰ 'ਤੇ ਪਰਿਭਾਸ਼ਿਤ ਕੀਤਾ ਜਾਣਾ ਚਾਹੀਦਾ ਹੈ ਕਿ ਵਿਅਕਤੀ ਦੇ ਸਰੀਰ ਵਿੱਚ ਆਂਡੇ ਹਨ ਜਾਂ ਸ਼ੁਕਰਾਣੂ; ਨਾ ਕਿ ਕਰੋਮੋਸੋਮ ਦੇ ਆਧਾਰ 'ਤੇ। ਇਸ ਨਾਲ ਟਰਾਂਸਜੈਂਡਰ ਆਬਾਦੀ ਦੇ ਅਧਿਕਾਰਾਂ 'ਤੇ ਅਸਰ ਪਵੇਗਾ।

ਪਰਵਾਸੀਆਂ ਬਾਰੇ ਕੋਈ ਵੀ ਨੀਤੀ ਮਾਨਵਤਾਵਾਦੀ ਕਦਰਾਂ-ਕੀਮਤਾਂ ਦੇ ਆਧਾਰ 'ਤੇ ਤਿਆਰ ਕੀਤੀ ਜਾਣੀ ਚਾਹੀਦੀ ਹੈ। ਪਰਵਾਸੀਆਂ ਦੇ ਹੱਕਾਂ ਬਾਰੇ ਉਸ ਦੇ ਸਟੈਂਡ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਿਆ ਜਾਣਾ ਚਾਹੀਦਾ ਹੈ। ਲਾਤੀਨੀ ਅਮਰੀਕਾ, ਖਾਸ ਤੌਰ 'ਤੇ ਕਿਊਬਾ ਪ੍ਰਤੀ ਹਮਲਾਵਰ ਰੁਖ਼, ਸਾਮਰਾਜਵਾਦੀ ਦਖ਼ਲ ਨੂੰ ਜਾਰੀ ਰੱਖਣ ਦਾ ਸੰਕੇਤ ਦਿੰਦੇ ਹਨ ਤੇ ਰਾਸ਼ਟਰਾਂ ਦੇ ਸਵੈ-ਨਿਰਣੇ ਨੂੰ ਖ਼ਤਰਾ ਬਣਾਉਂਦੇ ਹਨ।

ਉਨ੍ਹਾਂ ਨੇ ਜਲ ਸੈਨਾ ਦੀ ਨਾਕਾਬੰਦੀ ਕਰ ਕੇ ਪਨਾਮਾ ਨਹਿਰ 'ਤੇ ਕਬਜ਼ਾ ਕਰਨ ਦੀ ਗੱਲ ਦੁਹਰਾਈ ਹੈ। ਉਨਾਂ ਨੇ ਪਹਿਲਾਂ ਹੀ ਮੈਕਸਿਕੋ ਦੀ ਖਾੜੀ ਦਾ ਨਾਮ ਬਦਲ ਕੇ ਅਮਰੀਕਾ ਦੀ ਖਾੜੀ ਕਰ ਦਿੱਤਾ ਹੈ। ਗਰੀਨ

**ਡਾ. ਅਰੁਣ ਮਿੱਤਰਾ**

ਲੈਂਡ ਖਰੀਦਣ ਦੀ ਖੁੱਲ੍ਹੀ ਚਾਲ ਚੱਲੀ ਜਾ ਰਹੀ ਹੈ।

ਅਮਰੀਕਾ ਨੂੰ ਫਿਰ ਤੋਂ ਮਹਾਨ ਬਣਾਉਣ ਦੇ ਨਾਂ 'ਤੇ ਵਿਸ਼ਵ ਮਾਮਲਿਆਂ ਵਿਚ ਅਮਰੀਕਾ ਦੀਆਂ ਹਮਲਾਵਰ ਨੀਤੀਆਂ ਨੂੰ ਦੂਰ ਕਰਨ ਦੀ ਸੰਭਾਵਨਾ ਨਹੀਂ ਹੈ। ਟਰੰਪ ਨੇ ਇਜ਼ਰਾਈਲ ਨੂੰ ਹਥਿਆਰਾਂ ਦੀ ਸਪਲਾਈ ਜਾਰੀ ਰੱਖਣ ਦੀ ਗੱਲ ਦੁਹਰਾਈ ਹੈ। ਗਾਜ਼ਾ ਵਿੱਚ ਜੰਗਬੰਦੀ ਕਿੰਨੀ ਦੇਰ ਤੱਕ ਰਹੇਗੀ, ਇਹ ਦੇਖਣਾ ਬਾਕੀ ਹੈ। ਇਹ ਸ਼ਾਂਤੀ ਸਮਝੌਤਾ ਨਹੀਂ ਸਗੋਂ ਜੰਗ ਦੀ ਅਸਥਾਈ ਸਮਾਪਤੀ ਹੈ ਜੋ ਸ਼ਾਂਤੀ ਲਈ ਸਥਾਈ ਹੱਲਾਂ 'ਤੇ ਚਰਚਾ ਕਰਨ ਲਈ ਇਕ ਕਦਮ ਅੱਗੇ ਵਧਾ ਸਕਦੀ ਹੈ। ਦੁਨੀਆ ਚੰਗੀ ਤਰ੍ਹਾਂ ਜਾਣਦੀ ਹੈ ਕਿ ਅਮਰੀਕਾ ਦਾ ਮੱਧ ਪੂਰਬ ਵਿਚ ਬਹੁਤ ਕੁਝ ਦਾਅ 'ਤੇ ਹੈ ਅਤੇ ਇਜ਼ਰਾਈਲ ਇਸ ਖੇਤਰ ਵਿਚ ਉਨ੍ਹਾਂ ਦੀ ਪੱਕੀ ਕਠਪੁਤਲੀ ਹੈ।

ਇਹ ਅਸੰਭਵ ਹੈ ਕਿ ਉਹ ਰੂਸ ਦੇ ਰਾਸ਼ਟਰਪਤੀ ਪੂਤਿਨ ਨੂੰ ਖ਼ੁਸ਼ ਕਰਨ ਅਤੇ ਜ਼ੇਲੈਂਸਕੀ ਉੱਤੇ ਲੜਾਈ ਬੰਦ ਕਰਨ ਲਈ ਦਬਾਅ ਪਾਉਣ ਲਈ ਸਭ ਕੁਝ ਕਰਨਗੇ। ਨਾ ਤਾਂ ਪੂਤਿਨ ਅਤੇ ਨਾ ਹੀ ਯੂਰੋਪੀਅਨ ਦੇਸ਼ ਜੋ ਯੂਕਰੇਨ ਦੇ ਰਾਸ਼ਟਰਪਤੀ ਨੂੰ ਲੜਦੇ ਰਹਿਣ ਲਈ ਲਗਾਤਾਰ ਤਾੜੀਆਂ ਵਜਾ ਰਹੇ ਹਨ, ਉਹ ਆਸਾਨੀ ਨਾਲ ਟਰੰਪ ਗੱਲ ਸੁਣਨਗੇ।

ਅਮਰੀਕਾ ਦੀ ਆਰਥਿਕਤਾ, ਅਸਲਾ ਉਦਯੋਗ 'ਤੇ ਆਧਾਰਿਤ ਹੈ ਅਤੇ ਉਹ ਲੋਕਾਂ ਦੇ ਜੀਵਨ ਦੀ ਕੀਮਤ 'ਤੇ ਹਥਿਆਰ ਵੇਚ ਕੇ ਅਤੇ ਯੁੱਧਾਂ ਨੂੰ ਉਤਸ਼ਾਹਤ ਕਰ ਕੇ ਮੁਨਾਫਾ ਕਮਾਉਣਾ ਜਾਰੀ ਰੱਖੇਗਾ।

ਟਰੰਪ ਦਾ ਉਦਘਾਟਨੀ ਭਾਸ਼ਣ ਵਿਸ਼ਵ ਰਾਜਨੀਤੀ ਵਿੱਚ ਪਰੇਸ਼ਾਨੀ ਭਰੀ ਤਬਦੀਲੀ ਦੀ ਨਿਸ਼ਾਨਦੇਹੀ ਕਰਦਾ ਹੈ। ਉਸ ਦੀਆਂ ਨੀਤੀਆਂ 18ਵੀਂ ਅਤੇ 19ਵੀਂ ਸਦੀ ਦੀ ਬਸਤੀਵਾਦੀ ਮਾਨਸਿਕਤਾ ਨੂੰ ਦਰਸਾਉਂਦੀਆਂ ਹਨ। ਉਹ ਵਿਸ਼ਵ ਪੱਧਰ 'ਤੇ ਆਪਸੀ ਸਹਿਯੋਗ ਅਤੇ ਬਹੁ-ਪੱਖੀਵਾਦ ਤੋਂ ਇਨਕਾਰ ਕਰਦਾ ਹੈ। ਬ੍ਰਿਕਸ ਲਈ ਉਸ ਦੀ ਧਮਕੀ ਰਾਸ਼ਟਰਾਂ ਦੀ ਪ੍ਰਭੂਸੱਤਾ ਲਈ ਪੂਰੀ ਤਰ੍ਹਾਂ ਅਪਮਾਨ ਨੂੰ ਦਰਸਾਉਂਦੀ ਹੈ। ਇਸ ਨਾਲ ਵਿਸ਼ਵ ਸਥਿਰਤਾ ਨੂੰ ਖਤਰਾ ਪੈਦਾ ਹੋਵੇਗਾ। ਉਸ ਦੇ ਹੁਕਮਾਂ ਨੇ ਕੌਮਾਂ ਵਿਚਕਾਰ ਆਪਸੀ ਸਤਿਕਾਰ ਅਤੇ ਗੱਲਬਾਤ ਵਿਰੁੱਧ ਇਕਪਾਸੜ ਮਾਨਸਿਕਤਾ ਦਰਸਾਈ ਹੈ। ਸੁਰੱਖਿਆਵਾਦੀ ਆਰਥਿਕ ਨੀਤੀਆਂ (ਜਿਵੇਂ ਟੈਰਿਫ) ਦਾ ਉਦੇਸ਼ ਵਿਕਾਸਸ਼ੀਲ ਦੇਸ਼ਾਂ ਵਿਰੁੱਧ ਵਪਾਰ ਕੰਟਰੋਲ ਕਰਨਾ, ਵਿਸ਼ਵੀ ਅਸਮਾਨਤਾ ਨੂੰ ਵਧਾਉਣਾ ਅਤੇ ਪ੍ਰਣਾਲੀਗਤ ਸ਼ੋਸ਼ਣ ਕਰਨਾ ਹੈ। ਪਰਮਾਣੂ ਹਥਿਆਰਾਂ ਦੀ ਦੌੜ ਸਮੇਤ ਹਥਿਆਰਾਂ ਦੀ ਦੌੜ 'ਤੇ ਵਿਸ਼ਵਵਿਆਪੀ ਖਰਚਾ ਲਗਾਤਾਰ ਵਧ ਰਿਹਾ ਹੈ ਜਿਸ ਵਿਚ ਅਮਰੀਕਾ ਦੀ ਸਭ ਤੋਂ ਵੱਧ ਹਿੱਸੇਦਾਰੀ ਹੈ। ਟਰੰਪ ਨੇ ਆਲਮੀ ਪਰਮਾਣੂ ਨਿਸ਼ਸਤਰੀਕਰਨ ਲਈ ਇੱਕ ਸ਼ਬਦ ਵੀ ਨਹੀਂ ਬੋਲਿਆ। ਉਸ ਦੇ ਪੈਂਤੜੇ ਅਤੇ ਆਲੇ-ਦੁਆਲੇ ਉੱਚ ਅਮੀਰਾਂ ਦੇ ਇਕੱਠ ਨਾਲ ਆਉਣ ਵਾਲੇ ਸਮੇਂ ਵਿੱਚ ਸੰਸਾਰ ਦੇ ਭਵਿੱਖ ਦਾ ਅੰਦਾਜ਼ਾ ਲਗਾਉਣਾ ਕੋਈ ਔਖਾ ਕੰਮ ਨਹੀਂ। ਵਿਕਾਸਸ਼ੀਲ ਦੇਸ਼ਾਂ ਨੂੰ ਆਪਣੀ ਰਣਨੀਤੀ ਬਣਾਉਣੀ ਪਵੇਗੀ ਅਤੇ ਆਪਣੇ ਹਿੱਤ ਬਚਾਉਣ ਲਈ ਜਥੇਬੰਦ ਹੋਣਾ ਪਵੇਗਾ।

# ਭਾਰਤ ਨੇ ਮਹਿਲਾ ਟੀ-20 ਵਿਸ਼ਵ ਕੱਪ ਜਿੱਤਿਆ

## ਅੰਡਰ-19 ਟੀਮ ਨੇ ਫਾਈਨਲ ਵਿੱਚ ਦੱਖਣੀ ਅਫਰੀਕਾ ਨੂੰ ਨੌਂ ਵਿਕਟਾਂ ਨਾਲ ਹਰਾਇਆ






ਕੁਆਲਾਲੰਪੁਰ : ਭਾਰਤ ਨੇ ਆਪਣਾ ਦਬਦਬਾ ਕਾਇਮ ਰੱਖਦਿਆਂ ਅੱਜ ਇੱਥੇ ਇੱਕਪਾਸੜ ਮੈਚ ਵਿੱਚ ਦੱਖਣੀ ਅਫਰੀਕਾ ਨੂੰ ਨੌਂ ਵਿਕਟਾਂ ਨਾਲ ਹਰਾ ਕੇ ਲਗਾਤਾਰ ਦੂਜੀ ਵਾਰ ਅੰਡਰ-19 ਮਹਿਲਾ ਟੀ-20 ਵਿਸ਼ਵ ਕੱਪ ਦਾ ਖਿਤਾਬ ਜਿੱਤ ਲਿਆ। ਭਾਰਤ ਨੇ ਦੱਖਣੀ ਅਫਰੀਕਾ ਦੇ 83 ਦੌੜਾਂ ਦੇ ਟੀਚੇ ਦਾ ਪਿੱਛਾ ਕਰਦਿਆਂ 52 ਗੇਂਦਾਂ ਬਾਕੀ ਰਹਿੰਦਿਆਂ 11.2 ਓਵਰਾਂ ਵਿੱਚ ਇੱਕ ਵਿਕਟ ਦੇ ਨੁਕਸਾਨ ’ਤੇ 84 ਦੌੜਾਂ ਬਣਾ ਕੇ ਜਿੱਤ ਹਾਸਲ ਕੀਤੀ। ਭਾਰਤ ਇੱਕ ਵੀ ਮੈਚ ਹਾਰੇ ਬਿਨਾਂ ਟੂਰਨਾਮੈਂਟ ਜਿੱਤਣ ਵਾਲੀ ਪਹਿਲੀ ਟੀਮ ਬਣ ਗਈ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟੀਮ ਨੂੰ ਵਧਾਈ ਦਿੱਤੀ ਹੈ। ਭਾਰਤ ਲਈ ਜੀ ਤ੍ਰਿਸ਼ਾ ਨੇ ਸਭ ਤੋਂ ਵੱਧ 33 ਗੇਂਦਾਂ ’ਤੇ ਨਾਬਾਦ 44 ਦੌੜਾਂ, ਜਦਕਿ ਸਾਨਿਕਾ ਚਲਕੇ ਨੇ 22 ਗੇਂਦਾਂ ’ਤੇ ਨਾਬਾਦ 26 ਦੌੜਾਂ ਦੀ ਪਾਰੀ ਖੇਡੀ। ਦੋਵਾਂ ਨੇ ਦੂਜੀ ਵਿਕਟ ਲਈ 48 ਦੌੜਾਂ ਦੀ ਨਾਬਾਦ ਭਾਈਵਾਲੀ ਵੀ ਕੀਤੀ।

ਇਸ ਤੋਂ ਪਹਿਲਾਂ ਤ੍ਰਿਸ਼ਾ ਨੇ 15 ਦੌੜਾਂ ਦੇ ਕੇ ਤਿੰਨ ਵਿਕਟਾਂ ਵੀ ਲਈਆਂ, ਜਿਸ ਬਦੌਲਤ ਦੱਖਣੀ ਅਫਰੀਕਾ ਦੀ ਟੀਮ 82 ਦੌੜਾਂ ’ਤੇ ਹੀ ਆਊਟ ਹੋ ਗਈ। ਤ੍ਰਿਸ਼ਾ ਤੋਂ ਇਲਾਵਾ ਪਰੂਣਿਕਾ ਸਿਸੋਦੀਆ ਨੇ 6 ਦੌੜਾਂ ਦੇ ਕੇ 2 ਵਿਕਟਾਂ, ਆਯੂਸ਼ੀ ਸ਼ੁਕਲਾ ਨੇ 9 ਦੌੜਾਂ ਕੇ 2 ਜਦਕਿ ਵੈਸ਼ਨਵੀ ਸ਼ਰਮਾ ਨੇ 23 ਦੌੜਾਂ ਦੇ ਕੇ ਦੋ ਵਿਕਟਾਂ ਲਈਆਂ। ਸ਼ਬਨਮ ਨੇ 7 ਦੌੜਾਂ ਦੇ ਕੇ ਇੱਕ ਵਿਕਟ ਲਈ। ਇਸ ਦੌਰਾਨ ਤ੍ਰਿਸ਼ਾ ਨੂੰ ‘ਪਲੇਅਰ ਆਫ ਦਿ ਮੈਚ’ ਅਤੇ ‘ਪਲੇਅਰ ਆਫ ਦਿ ਟੂਰਨਾਮੈਂਟ’ ਐਲਾਨਿਆ ਗਿਆ। ਉਸ ਨੇ ਟੂਰਨਾਮੈਂਟ ਵਿੱਚ 309 ਦੌੜਾਂ ਬਣਾਈਆਂ ਅਤੇ 7 ਵਿਕਟਾਂ ਵੀ ਲਈਆਂ। ਟੂਰਨਾਮੈਂਟ ਵਿੱਚ ਸਭ ਤੋਂ ਵੱਧ ਦੌੜਾਂ ਵੀ ਉਸੇ ਦੇ ਨਾਮ ਹਨ। ਸਾਨਿਕਾ ਨੇ ਮੈਚ ਜਿੱਤਣ ਮਗਰੋਂ ਕਿਹਾ, ‘ਮੈਂ ਪਿਛਲੇ ਦੋ ਸਾਲਾਂ ਤੋਂ ਇਸ ਪਲ ਦਾ ਸੁਫਨਾ ਦੇਖ ਰਹੀ ਸੀ ਅਤੇ ਮੈਨੂੰ ਵਿਸ਼ਵਾਸ ਨਹੀਂ ਹੋ ਰਿਹਾ ਕਿ ਮੈਂ ਜੇਤੂ ਚੌਕਾ ਮਾਰਿਆ। ਇਹ ਅਸਲੀਅਤ ਤੋਂ ਪਰੇ ਜਾਪਦਾ ਹੈ। ਇਹ ਇੱਕ ਅਜਿਹਾ ਪਲ ਹੈ, ਜਿਸ ਨੂੰ ਮੈਂ ਹਮੇਸ਼ਾ ਯਾਦ ਰੱਖਾਂਗੀ।’ ਜ਼ਿਕਰਯੋਗ ਹੈ ਕਿ ਭਾਰਤ ਨੇ ਸੁਪਰ ਸਿਕਸ ਵਿੱਚ ਬੰਗਲਾਦੇਸ਼ ਅਤੇ ਸਕਾਟਲੈਂਡ ਨੂੰ ਹਰਾਉਣ ਤੋਂ ਪਹਿਲਾਂ ਵੈਸਟਇੰਡੀਜ਼, ਮਲੇਸ਼ੀਆ ਅਤੇ ਸ੍ਰੀਲੰਕਾ ਖ਼?ਲਾਫ਼ ਗਰੁੱਪ ਗੇੜ ਦੇ ਮੈਚ ਆਸਾਨੀ ਨਾਲ ਜਿੱਤੇ ਸਨ। ਭਾਰਤ ਨੇ ਸੈਮੀਫਾਈਨਲ ਵਿੱਚ ਇੰਗਲੈਂਡ ’ਤੇ ਵੀ ਇੱਕਪਾਸੜ ਜਿੱਤ ਦਰਜ ਕੀਤੀ ਸੀ।

### ਬੀਸੀਸੀਆਈ ਵੱਲੋਂ ਪੰਜ ਕਰੋੜ ਰੁਪਏ ਦੇ ਇਨਾਮ ਦਾ ਐਲਾਨ

ਮੁੰਬਈ: ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀਸੀਸੀਆਈ) ਨੇ ਬਯੂਮਾਸ ਓਵਲ ਵਿੱਚ ਅੱਜ ਲਗਾਤਾਰ ਦੂਜੀ ਵਾਰ ਅੰਡਰ-19 ਆਈਸੀਸੀ ਮਹਿਲਾ ਟੀ20 ਵਿਸ਼ਵ ਕੱਪ ਦਾ ਖ਼?ਤਾਬ ਜਿੱਤਣ ਵਾਲੀ ਭਾਰਤੀ ਟੀਮ ਲਈ ਪੰਜ ਕਰੋੜ ਰੁਪਏ ਦੇ ਨਕਦ ਇਨਾਮ ਦਾ ਐਲਾਨ ਕੀਤਾ ਹੈ। ਬੀਸੀਸੀਆਈ ਨੇ ਅੰਡਰ-19 ਮਹਿਲਾ ਟੀ20 ਵਿਸ਼ਵ ਕੱਪ 2025 ਜਿੱਤਣ ’ਤੇ ਟੀਮ ਨੂੰ ਵਧਾਈ ਵੀ ਦਿੱਤੀ ਹੈ।

## ਨਿਸ਼ਾਨੇਬਾਜ਼ੀ: ਪੰਜਾਬ ਨੇ ਏਅਰ ਰਾਈਫਲ ਮਿਕਸਡ ਟੀਮ ’ਚ ਸੋਨ ਤ.ਗਮਾ ਜਿੱਤਿਆ



38ਵੀਆਂ ਰਾਸ਼ਟਰੀ ਖੇਡਾਂ ਦੌਰਾਨ ਐਕਸ਼ਨ ਵਿੱਚ ਭਜਨ ਕੌਰ

ਦੇਹਰਾਦੂਨ : ਨਿਸ਼ਾਨੇਬਾਜ਼ ਅਰਜੁਨ ਬਬੂਟਾ ਅਤੇ ਓਜਸਵੀ ਠਾਕੁਰ ਦੀ ਪੰਜਾਬ ਦੀ ਜੋੜੀ ਨੇ 38ਵੀਆਂ ਕੌਮੀ ਖੇਡਾਂ ਦੇ ਚੌਥੇ ਦਿਨ ਅੱਜ ਇੱਥੇ 10 ਮੀਟਰ ਏਅਰ ਰਾਈਫਲ ਮਿਕਸਡ ਟੀਮ ਮੁਕਾਬਲੇ ਵਿੱਚ ਸੋਨ ਤ.ਗਮਾ ਜਿੱਤਿਆ। ਅਰਜੁਨ ਅਤੇ ਓਜਸਵੀ ਨੇ ਇੱਥੇ ਤ੍ਰਿਸ਼ੂਲ ਸ਼ੂਟਿੰਗ ਰੇਂਜ ਵਿੱਚ ਸੋਨ ਤ.ਗਮੇ ਲਈ ਹੋਏ ਕਰੀਬੀ ਮੁਕਾਬਲੇ ਵਿੱਚ ਆਰਿਆ ਬੋਰਸੇ ਅਤੇ ਰੁਦਰਾਕਸ਼ ਪਾਟਿਲ ਦੀ ਮਹਾਰਾਸ਼ਟਰ ਦੀ ਜੋੜੀ ਨੂੰ 16-12 ਨਾਲ ਹਰਾਇਆ। ਖਿਤਾਬੀ ਮੈਚ ਵਿੱਚ ਦੋਵਾਂ ਟੀਮਾਂ ਵਿਚਾਲੇ ਬਹੁਤਾ ਫਰਕ ਨਹੀਂ ਸੀ ਪਰ ਪੰਜਾਬ ਦੀ ਜੋੜੀ ਨੇ ਆਖਰੀ ਨਿਸ਼ਾਨੇ ਵਿੱਚ ਮਹਾਰਾਸ਼ਟਰ ਦੇ 21.0 ਦੇ ਮੁਕਾਬਲੇ 21.4 ਅੰਕਾਂ ਨਾਲ ਜਿੱਤ ਪੱਕੀ ਕੀਤੀ। ਪੱਛਮੀ ਬੰਗਾਲ ਦੇ ਅਭਿਨਵ ਅਤੇ ਇਸਮਿਤਾ ਭੋਵਾਲ ਦੀ ਜੋੜੀ ਨੇ ਗੁਜਰਾਤ ਨੂੰ 17-11 ਨਾਲ ਹਰਾ ਕੇ ਕਾਂਸੇ ਦਾ ਤ.ਗਮਾ ਜਿੱਤਿਆ। ਇਸ ਤੋਂ ਪਹਿਲਾਂ 25 ਟੀਮਾਂ ਦੇ ਕੁਆਲੀਫਿਕੇਸ਼ਨ ਗੇੜ ਵਿੱਚ ਪੰਜਾਬ (631.7) ਨੇ ਪਹਿਲਾ ਸਥਾਨ ਹਾਸਲ ਕੀਤਾ ਸੀ।

## ਹਰਿਆਣਾ ਦੀ ਨਿਸ਼ਾਨੇਬਾਜ਼ ਸੁਰੁਚੀ ਨੇ ਸੋਨ ਤ.ਗਮਾ ਜਿੱਤਿਆ

### ਮਹਿਲਾ 10 ਮੀਟਰ ਏਅਰ ਪਿਸਟਲ ਮੁਕਾਬਲੇ ’ਚ ਪੰਜਾਬ ਦੀ ਸਿਮਰਨਪ੍ਰੀਤ ਕੌਰ ਬਰਾੜ ਨੇ ਕਾਂਸਾ ਜਿੱਤਿਆ



ਦੇਹਰਾਦੂਨ: ਹਰਿਆਣਾ ਦੀ ਨਿਸ਼ਾਨੇਬਾਜ਼ ਸੁਰੁਚੀ ਨੇ ਅੱਜ ਇੱਥੇ ਕੌਮੀ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਮਹਿਲਾ 10 ਮੀਟਰ ਏਅਰ ਪਿਸਟਲ ਮੁਕਾਬਲੇ ਵਿੱਚ 245.7 ਅੰਕਾਂ ਨਾਲ ਸੋਨ ਤ.ਗਮਾ ਜਿੱਤਿਆ। ਤ੍ਰਿਸ਼ੂਲ ਸ਼ੂਟਿੰਗ ਰੇਂਜ ਵਿੱਚ ਹਰਿਆਣਾ ਦੀ ਪਲਕ ਨੇ 243.6 ਅੰਕਾਂ ਨਾਲ ਚਾਂਦੀ, ਜਦਕਿ ਪੰਜਾਬ ਦੀ ਸਿਮਰਨਪ੍ਰੀਤ ਕੌਰ ਬਰਾੜ ਨੇ 218.8 ਅੰਕਾਂ ਨਾਲ ਕਾਂਸੇ ਦਾ ਤ.ਗਮਾ ਜਿੱਤਿਆ। ਪੁਰਸ਼ਾਂ ਦੇ 50 ਮੀਟਰ ਰਾਈਫਲ 3 ਪੋਜ਼ੀਸ਼ਨ ਵਰਗ ਵਿੱਚ ਮੱਧ ਪ੍ਰਦੇਸ਼ ਦੇ ਐਸ਼ਵਰਿਆ ਪ੍ਰਤਾਪ ਸਿੰਘ ਤੋਮਰ ਨੇ 598 ਅੰਕਾਂ ਨਾਲ ਕੁਆਲੀਫਾਇਰ ਗੇੜ ਵਿੱਚ ਸਿਖਰਲਾ ਸਥਾਨ ਹਾਸਲ ਕੀਤਾ। ਇਸ ਮੁਕਾਬਲੇ ਵਿੱਚ 33 ਨਿਸ਼ਾਨੇਬਾਜ਼ਾਂ ਨੇ ਹਿੱਸਾ ਲਿਆ, ਜਿਨ੍ਹਾਂ ’ਚੋਂ ਅੱਠ ਨੇ ਫਾਈਨਲ ਵਿੱਚ ਜਗ?ਹਾ ਬਣਾਈ। ਤੋਮਰ ਤੋਂ ਇਲਾਵਾ ਸਰਵਿਸਿਜ਼ ਸਪੋਰਟਸ ਕੰਟਰੋਲ ਬੋਰਡ (ਐੱਸਐੱਸਸੀਬੀ) ਦੇ ਚੈਨ ਸਿੰਘ (594), ਨੀਰਜ ਕੁਮਾਰ (591) ਅਤੇ ਨਿਸ਼ਾਨ ਬੁੱਧ (589), ਮਹਾਰਾਸ਼ਟਰ ਦੇ ਸਵਪਨਿਲ ਸੁਰੇਸ਼ ਕੁਸਾਲੇ (588), ਉੱਤਰ ਪ੍ਰਦੇਸ਼ ਦੇ ਅਖਿਲ ਸ਼ਿਓਰਾਨ (587), ਮੱਧ ਪ੍ਰਦੇਸ਼ ਦੇ ਗੋਲਡੀ ਗੁੱਜਰ (587) ਅਤੇ ਐੱਸਐੱਸਸੀਬੀ ਦੇ ਗੰਗਾ ਸਿੰਘ (587) ਨੇ ਫਾਈਨਲ ਲਈ ਕੁਆਲੀਫਾਈ ਕੀਤਾ। ਪੁਰਸ਼ਾਂ ਦੇ 50 ਮੀਟਰ ਰਾਈਫਲ 3 ਪੋਜ਼ੀਸ਼ਨ ਮੁਕਾਬਲੇ ਦਾ ਫਾਈਨਲ ਵੀਰਵਾਰ ਨੂੰ ਹੋਵੇਗਾ।

# ਸਾਨੂੰ ਮਾਨਵਤਾ ਦੀ ਸੇਵਾ ਕਰਨੀ ਚਾਹੀਦੀ ਹੈ: ਐਡਵੋਕੇਟ ਹਰਜਿੰਦਰ ਸਿੰਘ ਧਾਮੀ

## ਸ੍ਰੀ ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ 'ਚ ਵਿਸ਼ੇਸ਼ ਬੱਚਿਆਂ ਦੇ ਯੂਨਿਟ ਦਾ ਉਦਘਾਟਨ



ਫ਼ਤਹਿਗੜ੍ਹ ਸਾਹਿਬ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅੱਜ ਇਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵਿਚ ਵਿਸ਼ੇਸ਼ ਬੱਚਿਆਂ ਦੇ ਇਲਾਜ ਅਤੇ ਪੁਨਰਵਾਸ ਲਈ ਫਿਜ਼ੀਓਥੈਰੇਪੀ ਵਿਭਾਗ ਵਿੱਚ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਯੂਨਿਟ ਦਾ ਉਦਘਾਟਨ ਕੀਤਾ ਅਤੇ ਮਾਊਂਟ ਐਵਰੈਸਟ ਚੋਟੀ ਨੂੰ ਸਰ ਕਰਨ ਵਾਲੇ ਪਹਿਲੇ ਅੰਮ੍ਰਿਤਧਾਰੀ ਗੁਰਸਿੱਖ ਭਾਈ ਮਲਕੀਤ ਸਿੰਘ ਦਾ ਸਨਮਾਨ ਕੀਤਾ। ਉਨ੍ਹਾਂ ਕਿਹਾ ਕਿ ਸਾਡੇ ਗੁਰੂਆਂ ਨੇ ਸਾਨੂੰ ਮਾਨਵਤਾ ਦੀ ਸੇਵਾ ਦਾ ਮਾਰਗ ਦਿਖਾਇਆ ਹੈ ਜਿਸ 'ਤੇ ਚੱਲ ਕੇ ਸਾਨੂੰ ਗੁਰੂ ਦਾ ਅਸ਼ੀਰਵਾਦ ਹਾਸਲ ਕਰਨਾ ਚਾਹੀਦਾ ਹੈ। ਉਨ੍ਹਾਂ ਜ਼ਿਲ੍ਹਾ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਐਡਵੋਕੇਟ ਅਮਰਦੀਪ ਸਿੰਘ ਧਾਰਨੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਆਪਣੇ ਐਨਆਰਆਈ ਸਾਥੀਆਂ ਦੀ ਮਦਦ ਨਾਲ ਯੂਨੀਵਰਸਿਟੀ ਵਿਚ ਅਤਿ-ਆਧੁਨਿਕ ਸਹੂਲਤਾਂ ਨਾਲ ਲੈਸ ਵਿਸ਼ੇਸ਼ ਬੱਚਿਆਂ ਦੇ ਜੀਵਨ ਨੂੰ ਬਿਹਤਰ ਬਣਾਉਣ ਲਈ ਕੀਮਤੀ ਮਸ਼ੀਨਾਂ ਦਾ ਪ੍ਰਬੰਧ ਕਰਵਾਇਆ ਹੈ ਜਿਨ੍ਹਾਂ ਵਿਚ ਸੁਰਜੀਤ ਸਿੰਘ ਮਾਵੀ, ਅਮਰੀਕ ਸਿੰਘ ਟਿਵਾਣਾ, ਪਰਮਜੀਤ ਸਿੰਘ ਗਰਚਾ, ਹੈਪੀ ਮੁੰਡੀ, ਪਾਲ ਤਲਾਣੀਆਂ, ਤੇਜਿੰਦਰ ਸਿੰਘ ਭੰਗੂ, ਗੁਰਸਿਮਰ ਸਿੰਘ, ਮਨਦੀਪ ਸਿੰਘ ਕੰਗ ਅਤੇ ਗੁਰਬੀਰ ਸਿੰਘ ਧਾਰਨੀ ਸ਼ਾਮਲ ਹਨ ਜਿਨ੍ਹਾਂ ਇਨ੍ਹਾਂ ਮਸ਼ੀਨਾਂ ਦੀ ਖਰੀਦ ਕਰਵਾਈ।

# ਅਕਾਲ ਤਖ਼ਤ ਵੱਲੋਂ ਕਾਇਮ ਅਕਾਲੀ ਦਲ ਦੀ ਭਰਤੀ ਕਮੇਟੀ ਦੀ ਪਲੇਠੀ ਮੀਟਿੰਗ

## ਭੂੰਦੜ ਤੋਂ 11 ਨੂੰ ਹੋਣ ਵਾਲੀ ਮੀਟਿੰਗ 'ਚ ਭਰਤੀ ਸਬੰਧੀ ਲਿਆ ਜਾਵੇਗਾ ਸਪੱਸ਼ਟੀਕਰਨ



ਪਟਿਆਲਾ : ਅਕਾਲ ਤਖ਼ਤ ਸਾਹਿਬ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਸਬੰਧੀ ਦੋ ਮਹੀਨੇ ਪਹਿਲਾਂ ਕਾਇਮ ਕੀਤੀ ਸੱਤ ਮੈਂਬਰੀ ਕਮੇਟੀ ਦੀ ਪਲੇਠੀ ਮੀਟਿੰਗ ਅੱਜ ਇੱਥੇ ਬਹਾਦਰਗੜ੍ਹ 'ਚ ਹੋਈ। ਢਾਈ ਘੰਟੇ ਚੱਲੀ ਮੀਟਿੰਗ ਦੌਰਾਨ ਬਾਦਲ ਦਲ ਵੱਲੋਂ ਸ਼ੁਰੂ ਕੀਤੀ ਭਰਤੀ ਸਣੇ ਕੁਝ ਹੋਰ ਪਹਿਲੂਆਂ ਬਾਰੇ ਵੀ ਚਰਚਾ ਹੋਈ। ਅਧਿਕਾਰਤ ਤੌਰ 'ਤੇ ਇਸ ਮੀਟਿੰਗ 'ਚ ਕੇਵਲ ਇਸ ਮੱਦ 'ਤੇ ਹੀ ਸਹਿਮਤੀ ਬਣੀ ਕਿ 11 ਫਰਵਰੀ ਨੂੰ ਇੱਥੇ ਅਗਲੀ ਮੀਟਿੰਗ ਸੱਦ ਕੇ ਉਸ 'ਚ ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਵਜੋਂ ਬਲਵਿੰਦਰ ਸਿੰਘ ਭੂੰਦੜ ਨੂੰ ਸੱਦਿਆ ਜਾਵੇਗਾ। ਉਨ੍ਹਾਂ ਤੋਂ ਪੁੱਛਿਆ ਜਾਵੇਗਾ ਕਿ ਕੀ ਸ਼੍ਰੋਮਣੀ ਅਕਾਲੀ ਦਲ 2 ਦਸੰਬਰ 2024 ਨੂੰ ਅਕਾਲ ਤਖ਼ਤ ਸਾਹਿਬ ਵੱਲੋਂ ਸੱਤ ਮੈਂਬਰੀ ਕਮੇਟੀ ਨੂੰ ਹੋਏ ਹੁਕਮ ਮੁਤਾਬਿਕ ਭਰਤੀ ਪ੍ਰਕਿਰਿਆ ਸ਼ੁਰੂ ਕਰਨਾ ਚਾਹੁੰਦਾ ਹੈ। ਇੱਥੇ ਕਸਬਾ ਬਹਾਦਰਗੜ੍ਹ ਵਿੱਚ ਸਥਿਤ ਸ਼੍ਰੋਮਣੀ ਕਮੇਟੀ ਦੇ ਅਕਾਦਮਿਕ ਟ੍ਰੇਨਿੰਗ ਸੈਂਟਰ 'ਚੌੜਾ ਇੰਸਟੀਚਿਊਟ' ਵਿੱਚ ਹੋਈ ਮੀਟਿੰਗ ਦੀ ਪ੍ਰਧਾਨਗੀ ਭਰਤੀ ਕਮੇਟੀ ਦੇ ਮੁਖੀ ਵਜੋਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ (ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਨੇ ਕੀਤੀ। ਇਸ ਦੌਰਾਨ ਕਮੇਟੀ ਦੇ ਬਾਕੀ ਛੇ ਮੈਂਬਰਾਂ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਮਨਪ੍ਰੀਤ ਸਿੰਘ ਇਆਲੀ, ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ, ਸੰਤਾ ਸਿੰਘ ਉਮੈਦਪੁਰ, ਇਕਬਾਲ ਸਿੰਘ ਝੂੰਦਾਂ ਅਤੇ ਬੀਬੀ ਸਤਵੰਤ ਕੌਰ ਨੇ ਵੀ ਸ਼ਿਰਕਤ ਕੀਤੀ। ਮੀਟਿੰਗ ਮਗਰੋਂ ਸ੍ਰੀ ਧਾਮੀ ਨੇ ਵਿਸ਼ੇਸ਼ ਤੌਰ 'ਤੇ ਆਖਿਆ ਕਿ 11 ਫਰਵਰੀ ਵਾਲੀ ਮੀਟਿੰਗ ਦੇ ਜੋ ਵੀ ਸਿੱਟੇ ਹੋਣਗੇ, ਉਹ ਬਾਕਾਇਦਾ ਸਾਂਝੇ ਕੀਤੇ ਜਾਣਗੇ। ਸ੍ਰੀ ਧਾਮੀ ਨੇ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਮੁਤਾਬਕ ਇਕਜੁੱਟਤਾ 'ਤੇ ਜ਼ੋਰ ਦਿੱਤਾ। ਗੁਰਪ੍ਰਤਾਪ ਵਡਾਲਾ ਨੇ ਕਿਹਾ ਕਿ ਹੁਕਮਾਂ ਦੀ ਪਾਲਣਾ ਹੋਣੀ ਚਾਹੀਦੀ ਹੈ।

# ਪਦਮਸ੍ਰੀ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਦਾ ਸਨਮਾਨ



ਲੁਧਿਆਣਾ : ਸਿੱਖ ਨੌਜਵਾਨ ਸੇਵਾ ਸੁਸਾਇਟੀ ਵੱਲੋਂ ਪਦਮਸ੍ਰੀ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਦੇ ਸਨਮਾਨ ਵਿੱਚ ਇੱਕ ਸਮਾਗਮ ਕਰਵਾਇਆ ਗਿਆ। ਇਸ ਮੌਕੇ ਮੁੱਖ ਸੇਵਾਦਾਰ ਮਨਿੰਦਰ ਸਿੰਘ ਆਹੂਜਾ ਦੀ ਅਗਵਾਈ ਹੇਠ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਭਾਈ ਹਰਜਿੰਦਰ ਸਿੰਘ ਨੇ ਸੁਸਾਇਟੀ ਪ੍ਰਬੰਧਕਾਂ ਅਤੇ ਮਨਿੰਦਰ ਸਿੰਘ ਆਹੂਜਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਉਨ੍ਹਾਂ ਦਾ ਨਹੀਂ ਬਲਕਿ ਸਮੁੱਚੀ ਸਿੱਖ ਕੌਮ ਦਾ ਸਨਮਾਨ ਹੈ। ਉਨ੍ਹਾਂ ਜਥੇਬੰਦੀ ਵੱਲੋਂ ਨੌਜਵਾਨ ਪੀੜ੍ਹੀ ਨੂੰ ਸੇਵਾ ਤੇ ਸਿਮਰਨ ਨਾਲ ਜੋੜਨ ਅਤੇ ਪਰਉਪਕਾਰੀ ਕਾਰਜਾਂ ਲਈ ਵਧਾਈ ਦਿੱਤੀ। ਇਸ ਮੌਕੇ ਜਸਦੀਪ ਸਿੰਘ ਕਾਉਂਕੇ, ਮਨਜੋਤ ਸਿੰਘ ਪਾਹਵਾ, ਤਰਲੋਚਨ ਸਿੰਘ ਮਨੋਚਾ, ਜਤਿੰਦਰ ਸਿੰਘ ਸਭਰਵਾਲ, ਅਮਰਜੀਤ ਸਿੰਘ ਸੋਨੂੰ, ਹਰਵਿੰਦਰ ਸਿੰਘ ਮਨੋਚਾ ਅਤੇ ਸੁਖਵਿੰਦਰ ਸਿੰਘ ਮਨੋਚਾ ਹਾਜ਼ਰ ਸਨ।

# ਜ਼ਿਲ੍ਹਾ ਰੋਜ਼ਗਾਰ ਬਿਊਰੋ ਅਤੇ ਮਾਡਲ ਕੈਰੀਅਰ ਸੈਂਟਰ ਵਲੋਂ ਸੀ-ਪਾਈਟ ਸੈਂਟਰ 'ਚ ਕੈਰੀਅਰ ਸੈਮੀਨਾਰ ਕਰਵਾਇਆ



ਹੁਸ਼ਿਆਰਪੁਰ, (ਰਵਿੰਦਰ ਸਿੰਘ ਟਾਂਡਾ) : ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਅਤੇ ਮਾਡਲ ਕੈਰੀਅਰ ਸੈਂਟਰ ਵਲੋਂ ਸੀ-ਪਾਈਟ ਸੈਂਟਰ, ਤਲਵਾੜਾ ਵਿਚ ਆਰਮੀ/ਪੈਰਾ ਮਿਲਟਰੀ ਭਰਤੀ ਦੀ ਤਿਆਰੀ ਕਰ ਰਹੇ ਉਮੀਦਵਾਰਾਂ ਲਈ ਵਿਭਾਗੀ ਯੋਗਤਾਵਾਂ ਨਾਲ ਸਬੰਧਤ ਕੈਰੀਅਰ ਗਾਈਡੈਂਸ ਪ੍ਰੋਗਰਾਮ ਕਰਵਾਇਆ ਗਿਆ।

ਇਸ ਮੌਕੇ 'ਤੇ ਜ਼ਿਲ੍ਹਾ ਰੋਜ਼ਗਾਰ ਅਫ਼ਸਰ ਰਮਨਦੀਪ ਕੌਰ ਨੇ ਉਮੀਦਵਾਰਾਂ ਨੂੰ ਰੋਜ਼ਗਾਰ ਬਿਊਰੋ ਦੀ ਮਹੱਤਤਾ ਦੇ ਬਾਰੇ ਵਿਚ ਵਿਸਥਾਰ ਨਾਲ ਜਾਣਕਾਰੀ ਦਿੱਤੀ। ਪਲੇਸਮੈਂਟ ਅਫ਼ਸਰ ਰਾਕੇਸ਼ ਕੁਮਾਰ ਨੇ ਵਿਦਿਆਰਥੀਆਂ ਨੂੰ ਪਲੇਸਮੈਂਟ ਸੈਲ ਦੁਆਰਾ ਦਿੱਤੀਆਂ ਜਾਣ ਵਾਲੀਆਂ ਨੌਕਰੀਆਂ ਸਬੰਧੀ ਪਹਿਲ, ਸ਼ਾਰਟ ਟਰਮ ਤਕਨੀਕੀ ਕੋਰਸ, ਪੰਜਾਬ ਸਰਕਾਰ ਦੀਆਂ ਵੱਖ-ਵੱਖ ਸਰਕਾਰੀ ਨੌਕਰੀਆਂ ਅਤੇ ਬੈਂਕਿੰਗ ਸੈਕਟਰ ਵਿਚ ਉਪਲਬੱਧ ਰੋਜ਼ਗਾਰ ਦੇ ਮੌਕਿਆਂ ਦੀ ਵਿਸ਼ਥਾਰ ਨਾਲ ਜਾਣਕਾਰੀ ਦਿੱਤੀ। ਯੰਗ ਪ੍ਰੋਫੈਸ਼ਨਲ ਵਿਕਰਮ ਸਿੰਘ ਨੇ ਵਿਦਿਆਰਥੀਆਂ ਨੂੰ ਨੈਸ਼ਨਲ ਕੈਰੀਅਰ ਸਰਵਿਸ ਪੋਰਟਲ ਰਾਹੀਂ ਉਪਲਬੱਧ ਸਰਕਾਰੀ ਸਹੂਲਤਾਂ, ਰੋਜ਼ਗਾਰ ਬਿਊਰੋ ਵਲੋਂ ਦਿੱਤੀ ਜਾਂਦੀ ਮੁਫ਼ਤ ਇੰਟਰਨੈਟ ਸਹੂਲਤ, ਸਵੈ ਰੋਜ਼ਗਾਰ ਯੋਜਨਾਵਾਂ ਆਦਿ ਦੀ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ ਉਨ੍ਹਾਂ ਵਿਦਿਆਰਥੀਆਂ ਨੂੰ ਰੋਜ਼ਗਾਰ ਵਿਭਾਗ ਦੀ ਮੋਬਾਇਲ ਐਪ 'ਡੀਬੀਈਈ ਆਨਲਾਈਨ' ਨੂੰ ਗੂਗਲ ਪਲੇਅ ਸਟੋਰ ਤੋਂ ਡਾਊਨਲੋਡ ਕਰਕੇ ਘਰ ਬੈਠੇ ਹੀ ਨਿੱਜੀ ਅਤੇ ਸਰਕਾਰੀ ਨੌਕਰੀਆਂ ਦੀ ਜਾਣਕਾਰੀ ਪ੍ਰਾਪਤ ਕਰਨ ਦੇ ਤਰੀਕੇ ਦੱਸੇ।

ਜ਼ਿਲ੍ਹਾ ਰੋਜ਼ਗਾਰ ਅਫ਼ਸਰ ਨੇ ਕਿਹਾ ਕਿ ਜੇਕਰ ਕਿਸੇ ਉਮੀਦਵਾਰ ਨੂੰ ਕਿਸੇ ਤਰ੍ਹਾਂ ਦੀ ਸਮੱਸਿਆ ਆਉਂਦੀ ਹੈ ਤਾਂ ਉਹ ਰੋਜ਼ਗਾਰ ਬਿਊਰੋ ਨਾਲ ਸੰਪਰਕ ਕਰ ਸਕਦਾ ਹੈ। ਇਸ ਕੈਰੀਅਰ ਗਾਈਡੈਂਸ ਪ੍ਰੋਗਰਾਮ ਵਿਚ ਸੀ-ਪਾਈਟ ਸੈਂਟਰ, ਤਲਵਾੜਾ ਦੇ ਸਮੂਚੇ ਸਟਾਫ ਅਤੇ 65 ਉਮੀਦਵਾਰ ਨੇ ਉਤਸ਼ਾਹ ਨਾਲ ਭਾਗ ਲਿਆ।

# ਹਲਕਾ ਵਿਧਾਇਕ ਜਸਵੀਰ ਸਿੰਘ ਰਾਜਾ ਦੀ ਅਗਵਾਈ ਹੇਠ ਸਿਟੀ ਪ੍ਰੈੱਸ ਕਲੱਬ ਅਤੇ ਸਹਾਰਾ ਵੈਲਫੇਅਰ ਕਲੱਬ ਟਾਂਡਾ ਵੱਲੋਂ ਸਤੀਸ਼ ਜੌੜਾ ਸਨਮਾਨਿਤ



ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਹਲਕਾ ਵਿਧਾਇਕ ਜਸਵੀਰ ਸਿੰਘ ਰਾਜਾ ਦੀ ਅਗਵਾਈ ਹੇਠ ਸਿਟੀ ਪ੍ਰੈੱਸ ਕਲੱਬ ਟਾਂਡਾ ਵੱਲੋਂ ਸੀਨੀਅਰ ਪੱਤਰਕਾਰ ਸਤੀਸ਼ ਜੌੜਾ ਨੂੰ ਚੜ੍ਹਦੀ ਕਲਾ ਟਾਈਮ ਟੀ.ਵੀ ਵੱਲੋਂ ਜਲੰਧਰ ਤੋਂ ਬਿਊਰੋ ਚੀਫ਼ ਨਿਯੁਕਤ ਕੀਤੇ ਜਾਣ ਤੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਸਹਾਰਾ ਵੈਲਫੇਅਰ ਕਲੱਬ ਟਾਂਡਾ ਦੇ ਸਰਪ੍ਰਸਤ ਸੁਖਵਿੰਦਰ ਸਿੰਘ ਅਰੋੜਾ ਦੀ ਅਗਵਾਈ ਹੇਠ ਸਤੀਸ਼ ਜੌੜਾ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਤੇ ਜਿੱਥੇ ਹਲਕਾ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਪ੍ਰੈਸ ਲੋਕਤੰਤਰ ਦਾ ਚੌਥਾ ਥੰਮ ਹੈ ਇਸ ਦੀ ਮਾਣ ਮਰਿਆਦਾ ਨੂੰ ਬਹਾਲ ਰੱਖਣ ਲਈ ਸਮੂਹ ਪੱਤਰਕਾਰਾਂ ਨੂੰ ਸਚਾਈ ਤੇ ਪਹਿਰਾ ਦੇਣ ਦੀ ਲੋੜ ਹੈ।

ਇਸ ਮੌਕੇ ਤੇ ਸਹਾਰਾ ਕਲੱਬ ਟਾਂਡਾ ਦੇ ਸਰਪ੍ਰਸਤ ਸ. ਸੁਖਵਿੰਦਰ ਸਿੰਘ ਅਰੋੜਾ ਨੇ ਕਿਹਾ ਕਿ ਸਾਡੇ ਲਈ ਖੁਸ਼ੀ ਦੀ ਗੱਲ ਹੈ ਕਿ ਸਤੀਸ਼ ਜੌੜਾ ਨੇ ਪੱਤਰਕਾਰਿਤਾ ਦਾ ਸਫ਼ਰ ਟਾਂਡਾ ਤੋਂ ਸ਼ੁਰੂ ਕਰਦਿਆਂ ਵੱਖ ਵੱਖ ਨਾਮੀ ਅਖ਼ਬਾਰਾਂ ਲਈ ਕੰਮ ਕੀਤਾ ਅਤੇ ਹੁਣ ਉਨ੍ਹਾਂ ਦੀ ਨਾਮੀ ਚੈਨਲ ਚ ਬਿਊਰੋ ਚੀਫ਼ ਦੀ ਨਿਯੁਕਤੀ ਹੋਣ ਨਾਲ ਉਨ੍ਹਾਂ ਦੀ ਕਾਬਲੀਅਤ ਤੇ ਮੋਹਰ ਲੱਗੀ ਹੈ।

ਇਸ ਮੌਕੇ ਤੇ ਜਿਲ੍ਹਾ ਸਿਟੀ ਪ੍ਰੈੱਸ ਕਲੱਬ ਦੇ ਪ੍ਰਧਾਨ ਸ੍ਰੀ ਤਰਸੇਮ ਪੱਪੂ ਨੇ ਕਿਹਾ ਕਿ ਸਤੀਸ਼ ਜੌੜਾ ਦੀ ਬਿਊਰੋ ਚੀਫ਼ ਦੀ ਨਿਯੁਕਤੀ ਨਾਲ ਸਾਨੂੰ ਮਾਣ ਮਹਿਸੂਸ ਹੋ ਰਿਹਾ ਹੈ।

ਇਸ ਮੌਕੇ ਤੇ ਸਹਾਰਾ ਵੈਲਫੇਅਰ ਕਲੱਬ ਟਾਂਡਾ ਅਤੇ ਜਿਲ੍ਹਾ ਸਿਟੀ ਪ੍ਰੈੱਸ ਕਲੱਬ ਦੀ ਟੀਮ ਦੇ ਅਹੁਦੇਦਾਰ ਤੇ ਮੈਂਬਰ ਸ਼ਾਮਿਲ ਹੋਏ ਜਿਨ੍ਹਾਂ ਨੇ ਸਤੀਸ਼ ਜੌੜਾ ਨੂੰ ਵਧਾਈ ਦਿੱਤੀ।

# ਪਾਸਪੋਰਟ ਵੈਰੀਫਿਕੇਸ਼ਨ ਨੂੰ ਬਿਹਤਰ ਬਣਾਉਣ ਲਈ ਨਵੀਂ ਪ੍ਰਣਾਲੀ ਦੀ ਸ਼ੁਰੂਆਤ

ਚੰਡੀਗੜ੍ਹ: ਪੰਜਾਬ ਪੁਲੀਸ ਨੇ ਅੱਜ ਪਾਸਪੋਰਟ ਵੈਰੀਫ਼ਿਕੇਸ਼ਨ ਲਈ ਸੁਚੱਜੀ ਤੇ ਆਧੁਨਿਕ ਪ੍ਰਣਾਲੀ ਦੀ ਸ਼ੁਰੂਆਤ ਕੀਤੀ ਹੈ, ਜੋ ਨਾਗਰਿਕਾਂ ਨੂੰ ਪ੍ਰੀ-ਵੈਰੀਫ਼ਿਕੇਸ਼ਨ ਐੱਸਐੱਮਐੱਸ ਦੀ ਸਹੂਲਤ ਪ੍ਰਦਾਨ ਕਰੇਗੀ ਅਤੇ ਪੋਸਟ- ਵੈਰੀਫ਼ਿਕੇਸ਼ਨ ਐੱਸਐੱਮਐੱਸ ਰਾਹੀਂ ਬਿਨੈਕਾਰ ਆਪਣੇ ਫੀਡਬੈਕ ਵੀ ਦੇ ਸਕਣਗੇ। ਇਸ ਬਾਰੇ ਸਪੈਸ਼ਲ ਡੀਜੀਪੀ ਕਮਿਊਨਿਟੀ ਅਫੇਅਰਜ਼ ਡਿਵੀਜ਼ਨ ਗੁਰਪ੍ਰੀਤ ਕੌਰ ਦਿਓ ਨੇ ਕਿਹਾ ਕਿ 5 ਫਰਵਰੀ ਤੋਂ ਪੰਜਾਬ ਪੁਲੀਸ ਵੱਲੋਂ ਬਿਨੈਕਾਰ ਨੂੰ 'ਪੀਬੀਸਾਂਝ' ਤੋਂ ਐੱਸਐੱਮਐੱਸ ਰਾਹੀਂ ਸੂਚਨਾ ਭੇਜੀ ਜਾਵੇਗੀ, ਜਿਸ ਵਿੱਚ ਤਸਦੀਕ ਕਰਨ ਵਾਲੇ ਅਧਿਕਾਰੀ ਦਾ ਨਾਮ ਅਤੇ ਮੁਲਾਕਾਤ ਦੀ ਮਿਤੀ ਅਤੇ ਸਮੇਂ ਸਬੰਧੀ ਜਾਣਕਾਰੀ ਹੋਵੇਗੀ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਨਾਗਰਿਕ ਪੋਸਟ-ਵੈਰੀਫਿਕੇਸ਼ਨ ਐੱਸਐੱਮਐੱਸ ਰਾਹੀਂ ਆਪਣੇ ਫੀਡਬੈਕ ਵਿੱਚ ਸਬੰਧਤ ਅਧਿਕਾਰੀ ਦੇ ਵਿਵਹਾਰ ਸਬੰਧੀ ਰਿਪੋਰਟ ਵੀ ਭੇਜ ਸਕਣਗੇ। ਉਨ੍ਹਾਂ ਕਿਹਾ ਕਿ ਫੀਡਬੈਕ ਦੇਣ ਲਈ ਬਿਨੈਕਾਰਾਂ ਨੂੰ 'ਪੀਬੀਸਾਂਝ' ਤੋਂ ਇੱਕ ਪੋਸਟ-ਵੈਰੀਫਿਕੇਸ਼ਨ ਐੱਸਐੱਮਐੱਸ ਪ੍ਰਾਪਤ ਹੋਵੇਗਾ, ਜਿਸ ਵਿੱਚ ਫੀਡਬੈਕ ਫਾਰਮ ਨਾਲ ਇੱਕ ਹਾਈਪਰਲਿੰਕ ਹੋਵੇਗਾ।

# ਕੂੜੇ ਦੀ ਸਮੱਸਿਆ ਨੂੰ ਲੈ ਕੇ ਵਿਧਾਇਕ ਰਾਜਾ ਨੇ ਸ਼ਹਿਰ ਦੇ ਵੱਖ-ਵੱਖ ਥਾਵਾਂ ਦਾ ਕੀਤਾ ਦੌਰਾ






ਹੁਸ਼ਿਆਰਪਰ, (ਰਵਿੰਦਰ ਸਿੰਘ) : ਹਲਕੇ ਟਾਂਡੇ ਦੇ ਵਿੱਚ ਕੂੜੇ ਕਰਕਟ ਦੀ ਸਮੱਸਿਆ ਬਹੁਤ ਵੱਡੀ ਬਣਦੀ ਜਾ ਰਹੀ ਹੈ ਕਿਉਂਕਿ ਸ਼ਹਿਰ ਦੇ ਵਿੱਚ ਜਿਹੜਾ ਡੰਪ ਹੈ ਬਿਲਕੁਲ ਭਰ ਚੁੱਕਾ ਜਿਸ ਕਾਰਨ ਸ਼ਹਿਰ ਦੇ ਵਿੱਚ ਕੂੜੇ ਕਰਕਟ ਤੇ ਢੇਰ ਲੱਗੇ ਰਹੇ ਹਨ ਪਰ ਅਸੀਂ ਬਹੁਤ ਜਲਦ ਕੋਈ ਕਿਰਾਏ ਤੇ ਜਗ੍ਹਾ ਲੈ ਕੇ ਡੰਪ ਬਣਾ ਰਹੇ ਹਾਂ। ਸਾਡੇ ਸਾਰੇ ਸ਼ਹਿਰ ਵਾਸੀਆਂ ਦਾ ਫਰਜ਼ ਬਣਦਾ ਹੈ ਕਿ ਗਿੱਲਾ ਤੇ ਸੁੱਕਾ ਕੂੜਾ ਹੈ ਉਹਨੂੰ ਵੱਖ-ਵੱਖ ਲਿਫਾਫੇ ਵਿੱਚ ਪਾਇਆ ਜਾਵੇ ਤਾਂ ਜੋ ਜਿਹੜਾ ਕੂੜਾ ਸਬਜ਼ੀਆਂ ਵਾਲਾ ਉਸਦੀ ਖਾਦ ਬਣਾਈ ਜਾ ਸਕੇ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਜਸਬੀਰ ਸਿੰਘ ਰਾਜਾ ਨੇ ਸ਼ਹਿਰ ਵਿੱਚ ਵੱਖ-ਵੱਖ ਥਾਵਾਂ ਦੀ ਚੈਕਿੰਗ ਕਰਦਿਆਂ ਕੀਤਾ ਅਤੇ ਦੱਸਿਆ ਕਿ ਸਾਡਾ ਮੁੱਖ ਮਕਸਦ ਹਲਕੇ ਚ ਜਿਹੜੀ ਸਫਾਈ ਦੀ ਸਥਿਤੀ ਹੈ ਉਸ ਨੂੰ ਸੁਧਾਰਿਆ ਜਾ ਸਕੇ। ਉਸ ਤਹਿਤ ਹੀ ਨਗਰ ਕੌਂਸਲ ਨੂੰ ਲੱਖਾਂ ਰੁਪਏ ਦੀਆਂ ਮਸ਼ੀਨਾਂ ਲੈ ਕੇ ਦਿਤੀਆਂ ਹਨ ਤਾਂ ਜੋ ਸ਼ਹਿਰ 'ਚ ਜਿਹੜੇ ਵੱਖ-ਵੱਖ ਥਾਵਾਂ ਤੇ ਕੂੜੇ ਦੇ ਡੰਪ ਬਣੇ ਹਨ ਉੱਥੋਂ ਕੂੜਾ ਕਰਕਟ ਜਿੰਨੀ ਜਲਦੀ ਹੋ ਸਕੇ ਚੱਕਿਆ ਜਾ ਸਕੇ ਤਾਂ ਜੋ ਜਿਹੜੀਆਂ ਬਿਮਾਰੀਆਂ ਪੈਦਾ ਹੋ ਰਹੀਆਂ ਹਨ ਉਹਨਾਂ ਤੋਂ ਨਿਜਾਤ ਦੁਆਈ ਜਾ ਸਕੇ। ਉਨ੍ਹਾਂ ਦੇ ਨਾਲ ਕੇਸ਼ਵ ਸੈਣੀ, ਸੋਨੂ ਖੰਨਾ, ਕੁੱਕੂ ਸੈਣੀ, ਦਿਪਕ ਭੀਲ, ਗੋਲਡੀ, ਕਮਲ ਧੀਰ, ਅਤੇ ਹੋਰ ਮੌਜੂਦ ਸਨ।

# ਪਾਵਰਕਾਮ ਦੇ ਡਿਪਟੀ ਚੀਫ ਇੰਜੀਨਅਰ ਹਰਮਿੰਦਰ ਸਿੰਘ ਅਤੇ ਲਾਇਨਮੈਨ ਕੇਵਲ ਸ਼ਰਮਾ 50 ਹਜਾਰ ਰਿਸ਼ਵਤ ਲੈਂਦੇ ਕਾਬੂ



ਹੁਸ਼ਿਆਰਪੁਰ, (ਰਵਿੰਦਰ ਸਿੰਘ ਟਾਂਡਾ) : ਮੀਡੀਆ ਨੂੰ ਜਾਣਕਾਰੀ ਦਿੰਦੇ ਹੋਏ ਵਿਜੀਲੈਂਸ ਬਿਓਰੋ ਦੇ ਬੁਲਾਰੇ ਨੇ ਦੱਸਿਆ ਕਿ ਲਖਵੀਰ ਸਿੰਘ ਸੀਨੀਅਰ ਕਾਰਜਕਾਰੀ ਇਜੀਨੀਅਰ ਪੁੱਤਰ ਕਰਨੈਲ ਸਿੰਘ ਵਾਸੀ ਜਗਤ ਐਵੀਨਿਊ ਨੇੜੇ ਪਿੰਡ ਹਰਥਲਾ, ਥਾਣਾ ਦਸੂਹਾ ਜ਼ਿਲ੍ਹਾ ਹੁਸ਼ਿਆਰਪੁਰ ਦੀ ਸ਼ਿਕਾਇਤ ਤੇ ਕਾਰਵਾਈ ਕਰਦੇ ਹੋਏ ਮਨੀਸ਼ ਕੁਮਾਰ, ਉਪ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਯੂਨਿਟ, ਹੁਸ਼ਿਆਰਪੁਰ ਦੀ ਜ਼ੇਰੇ ਨਿਗਰਾਨੀ ਇੰਸਪੈਕਟਰ ਵਿਜੈਪਾਲ ਸਿੰਘ ਵੱਲੋਂ ਦੋਸ਼ੀ ਹਰਮਿੰਦਰ ਸਿੰਘ, ਡਿਪਟੀ ਚੀਫ ਇੰਜੀਨੀਅਰ ਵੰਡ ਹਲਕਾ ਹੁਸ਼ਿਆਰਪੁਰ ਅਤੇ ਕੇਵਲ ਸ਼ਰਮਾ, ਲਾਈਨਮੈਨ .ਐਸ.ਪੀ.ਸੀ.ਐਲ., ਦਫਤਰ ਡਿਪਟੀ ਚੀਫ ਇੰਜੀਨੀਅਰ, ਵੰਡ ਹਲਕਾ ਹੁਸ਼ਿਆਰਪੁਰ ਨੂੰ ਸ਼ਿਕਾਇਤਕਰਤਾ ਲਖਵੀਰ ਸਿੰਘ ਪੁੱਤਰ ਕਰਨੈਲ ਸਿੰਘ ਉਕਤ ਪਾਸੋਂ 50,000/– ਰੁਪਏ ਰਿਸ਼ਵਤ ਲੈਂਦਿਆਂ ਨੂੰ ਅੱਜ ਮਿਤੀ 01.02.2025 ਨੂੰ ਰੰਗੇ ਹੱਥੀ ਗ੍ਰਿਫਤਾਰ ਕੀਤਾ ਗਿਆ।

# 1 ਸਿਟੀ ਕਲੱਬ ਦੀ ਮਹੀਨੇਵਾਰ ਮੀਟਿੰਗ ਵਿੱਚ ਹਲਕਾ ਵਿਧਾਇਕ ਜਸਵੀਰ ਸਿੰਘ ਰਾਜਾ ਮੁੱਖ ਮਹਿਮਾਨ ਦੇ ਤੌਰ 'ਤੇ ਪਹੁੰਚੇ



ਟਾਂਡਾ, (ਰਵਿੰਦਰ ਸਿੰਘ ਟਾਂਡਾ) : ਅੱਜ ਸਿਟੀ ਕਲੱਬ ਦੀ ਮਹੀਨੇਵਾਰ ਦੀ ਮੀਟਿੰਗ ਕਲੱਬ ਪ੍ਰਧਾਨ ਤਰਸੇਮ ਪੱਪੂ ਦੀ ਰਹਿਨੁਮਾਈ ਹੇਠ ਹੋਟਲ ਮਹਿਕ ਚ ਹੋਈ ਅਤੇ ਹਲਕਾ ਵਿਧਾਇਕ ਜਸਬੀਰ ਸਿੰਘ ਰਾਜਾ ਮੁੱਖ ਮਹਿਮਾਨ ਦੇ ਤੌਰ 'ਤੇ ਹੋਏ ਸ਼ਾਮਿਲ 9 ਵਿਧਾਇਕ ਰਾਜਾ, ਸਿਟੀ ਪ੍ਰੈਸ ਕਲੱਬ ਅਤੇ ਸਹਾਰਾ ਵੈਲਫੇਅਰ ਵੱਲੋਂ ਸੀਨੀਅਰ ਪੱਤਰਕਾਰ ਸਤੀਸ਼ ਜੌੜਾ ਨੂੰ ਚੜ੍ਹਦੀ ਕਲਾ ਟਾਈਮ ਟੀ.ਵੀ ਵੱਲੋਂ ਜਲੰਧਰ ਤੋਂ ਬਿਊਰੋ ਚੀਫ਼ ਨਿਯੁਕਤ ਕੀਤੇ ਜਾਣ ਤੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਜਸਵੀਰ ਸਿੰਘ ਰਾਜਾ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਪ੍ਰੈਸ ਲੋਕਤੰਤਰ ਦਾ ਚੌਥਾ ਥੰਮ ਹੈ ਇਸ ਦੀ ਮਾਣ ਮਰਿਆਦਾ ਨੂੰ ਬਹਾਲ ਰੱਖਣ ਲਈ ਸਮੂਹ ਪੱਤਰਕਾਰਾਂ ਨੂੰ ਸਚਾਈ ਤੇ ਪਹਿਰਾ ਦੇਣ ਦੀ ਲੋੜ ਹੈ।ਇਸ ਮੌਕੇ ਕਲੱਬ ਪ੍ਰਧਾਨ ਤਰਸੇਮ ਲਾਲ , ਸੁਖਵਿੰਦਰ ਸਿੰਘ ਅਰੋੜਾ, ਸਤਨਾਮ ਸਿੰਘ ਖੱਖ, ਰਵਿੰਦਰ ਸਿੰਘ, ਤਜਿੰਦਰ ਸਿੰਘ, ਸੁਖਦੇਵ ਸਿੰਘ, ਹਰਦੀਪ ਸਿੰਘ,ਸਾਹਿਬ ਸਿੰਘ, ਆਸ਼ੂ, ਸਤੀਜ ਜੌੜਾ, ਬਲਜੀਤ ਸੈਣੀ, ਬੰਟੀ , ਓਕਾਰ ਸਿੰਘ, ਅਨਿਲ ਧੀਮਾਨ ਆਪ ਤੋਂ ਇਲਾਵਾ ਹੋਰ ਵੀ ਪੱਤਰਕਾਰ ਮੌਜੂਦ ਸਨ।

# ਸਿਟੀ ਪ੍ਰੈਸ ਕਲੱਬ ਟਾਂਡਾ ਦੀ ਮੀਟਿੰਗ ਹੋਈ

## ਕੁਲਬੀਰ ਸਿੰਘ ਗੁਰਾਇਆ ਬਣੇ ਚੇਅਰਮੈਨ



ਚੇਅਰਮੈਨ ਬਣਨ ਤੇ ਕੁਲਬੀਰ ਸਿੰਘ ਗੁਰਾਇਆ ਨੂੰ ਸਨਮਾਨਿਤ ਕਰਦੇ ਹੋਏ ਹਲਕਾ ਵਿਧਾਇਕ ਜਸਬੀਰ ਸਿੰਘ ਰਾਜਾ ਤੇ ਹੋਰ।

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਸਿਟੀ ਪ੍ਰੈਸ ਕਲੱਬ ਟਾਂਡਾ ਦੀ ਇੱਕ ਵਿਸ਼ੇਸ਼ ਮੀਟਿੰਗ ਟਾਂਡਾ ਵਿਖੇ ਹੋਈ। ਇਸ ਮੌਕੇ ਸੀਨੀਅਰ ਪੱਤਰਕਾਰ ਕੁਲਬੀਰ ਸਿੰਘ ਗੁਰਾਇਆ ਨੂੰ ਕਲੱਬ ਦਾ ਚੇਅਰਮੈਨ ਬਣਾਇਆ ਗਿਆ। ਇਸ ਮੌਕੇ ਹਲਕਾ ਵਿਧਾਇਕ ਉੜਮੁੜ ਟਾਂਡਾ ਜਸਵੀਰ ਸਿੰਘ ਰਾਜਾ ਨੇ ਵਿਸ਼ੇਸ ਤੌਰ ਤੇ ਸ਼ਿਰਕਤ ਕੀਤੀ ਅਤੇ ਇਸ ਮੌਕੇ ਵਿਧਾਇਕ ਰਾਜਾ ਅਤੇ ਪ੍ਰੈਸ ਕਲੱਬ ਟਾਂਡਾ ਦੇ ਸਮੂਹ ਮੈਂਬਰਾਂ ਨੇ ਨਵ ਨਿਯੁਕਤ ਚੇਅਰਮੈਨ ਕੁਲਬੀਰ ਸਿੰਘ ਗੁਰਾਇਆ ਨੂੰ ਵਧਾਈ ਦਿੱਤੀ ਅਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਵਿਧਾਇਕ ਜਸਬੀਰ ਸਿੰਘ ਰਾਜਾ ਨੇ ਕਿਹਾ ਕਿ ਪ੍ਰੈਸ ਨੂੰ ਲੋਕਤੰਤਰ ਦੇ ਚੌਥੇ ਥੰਮ ਵਜੋਂ ਜਾਣਿਆ ਜਾਂਦਾ ਹੈ। ਇਸ ਕਰਕੇ ਪੱਤਰਕਾਰ ਭਾਈਚਾਰੇ ਨੂੰ ਇਸ ਦੀ ਮਾਣ ਮਰਿਆਦਾ ਨੂੰ ਕਾਇਮ ਰੱਖਦੇ ਹੋਏ ਸੱਚ ਤੇ ਪਹਿਰਾ ਦੇਣ ਦੀ ਲੋੜ ਹੈ। ਇਸ ਮੌਕੇ ਕਲੱਬ ਪ੍ਰਧਾਨ ਤਰਸੇਮ ਲਾਲ , ਸੁਖਵਿੰਦਰ ਸਿੰਘ ਅਰੋੜਾ, ਸਤਨਾਮ ਸਿੰਘ ਖੱਖ, ਰਵਿੰਦਰ ਸਿੰਘ, ਤਜਿੰਦਰ ਸਿੰਘ, ਸੁਖਦੇਵ ਸਿੰਘ, ਹਰਦੀਪ ਸਿੰਘ,ਸਾਹਿਬ ਸਿੰਘ, ਆਸ਼ੂ, ਸਤੀਜ ਜੌੜਾ, ਬਲਜੀਤ ਸੈਣੀ, ਬੰਟੀ, ਓਂਕਾਰ ਸਿੰਘ, ਅਨਿਲ ਧੀਮਾਨ ਆਪ ਤੋਂ ਇਲਾਵਾ ਹੋਰ ਵੀ ਪੱਤਰਕਾਰ ਮੌਜੂਦ ਸਨ।

# ਭਾਰਤੀਯ ਵਾਲਮੀਕਿ ਧਰਮ ਸਮਾਜ (ਭਾਵਾਧਸ) ਰਜਿ. ਭਾਰਤ ਟਾਂਡਾ, ਉੜਮੁੜ ਵੱਲੋਂ ਭਗਵਾਨ ਵਾਲਮੀਕ ਚੌਕ ਬਣਾਉਣ ਲਈ ਮੰਗ ਪੱਤਰ ਦਿੱਤਾ ਗਿਆ



ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਹਲਕੇ ਟਾਂਡੇ 'ਚ ਅੱਜ ਭਾਵਾਧਸ ਸੰਸਥਾਂ ਦੇ ਮੈਂਬਰਾਂ ਵਲੋਂ ਭਗਵਾਨ ਵਾਲਮੀਕ ਜੇ ਦੇ ਨਾਮ ਇੱਕ ਚੌਂਕ ਬਣਾਉਣ ਲਈ ਹਲਕਾ ਵਿਧਾਇਕ ਜਸਵੀਰ ਸਿੰਘ ਰਾਜਾ ਨੂੰ ਇੱਕ ਮੰਗ ਪੱਤਰ ਦਿੱਤਾ ਗਿਆ ਅਤੇ ਵਿਧਾਇਕ ਰਾਜਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਦੱਸਿਆ ਸਾਨੂੰ ਭਗਵਾਨ ਵਾਲਮੀਕ ਜੀ ਦੇ ਆਦਰਸ਼ਾਂ ਤੇ ਚੱਲਣਾ ਚਾਹੀਦਾ ਕਿਉਂਕਿ ਉਹ ਪੂਰਨ ਬ੍ਰਹਮ ਗਿਆਨੀ ਸਨ ਜਿਨਾਂ ਨੇ ਕਾਫੀ ਸਮਾਂ ਪਹਿਲਾ ਹੀ ਰਮਾਇਣ ਦੀ ਰਚਨਾ ਕਰ ਦਿੱਤੀ ਸੀ ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ ਉਹਨਾਂ ਨੂੰ ਆਉਣ ਵਾਲੇ ਸਮੇਂ ਦਾ ਪੂਰਨ ਗਿਆਨ ਸੀ ਅਤੇ ਜਿੰਨੇ ਵੀ ਭਗਤ ਗੁਰੂ ਪੈਗੰਬਰ ਹੋਏ ਹਨ ਉਨ੍ਹਾਂ ਨੇ ਆਪਣਾ ਸਾਰਾ ਜੀਵਨ ਮਨੁੱਖਤਾ ਦੀ ਭਲਾਈ ਲਈ ਲਾ ਦਿੱਤਾ ਜਿਨ੍ਹਾਂ ਚੋਂ ਭਗਵਾਨ ਵਿਲਮੀਕ ਜੀ ਸਨ ਉਨ੍ਹਾਂ ਨੇ ਦੱਸਿਆ ਕਿ ਭਗਵਾਨ ਵਾਲਮੀਕ ਜੀ ਦੇ ਤੀਰਥ ਸਥਾਨਾਂ ਤੇ ਜਾ ਕੇ ਮੈਨੂੰ ਬਹੁਤ ਸਕੂਨ ਮਿਲਦਾ ਹੈ 9 ਸਾਡੀ ਪਾਰਟੀ ਵਲੋਂ ਹਰ ਸਾਲ ਭਗਵਾਨ ਵਾਲਮੀਕ ਜੀ ਦਾ ਰਾਜਪੱਧਰੀ ਦਿਹਾੜਾ ਮਨਾਇਆ ਜਾਂਦਾ ਹੈ ਬਾਕੀ ਜੋ ਭਾਵਾਧਾਸ ਸੰਸਥਾ ਦੇ ਮੈਂਬਰਾਂ ਨੇ ਭਗਵਾਨ ਵਾਲਮੀਕ ਜੀ ਦਾ ਚੌਕ ਬਣਾਉਣ ਦਾ ਜਿਹੜਾ ਉਪਰਾਲਾ ਕੀਤਾ ਹੈ ਬਹੁਤ ਹੀ ਸ਼ਲਾਘਾਯੋਗ ਹੈ ਮੈਂ ਵੀ ਇਸ ਨੂੰ ਬਣਾਉਣ ਚ ਆਪਣਾ ਪੂਰਾ ਯੋਗਦਾਨ ਪਾਵਾਂਗਾ ਅਤੇ ਸਾਡੇ ਸਾਰਿਆਂ ਵਲੋਂ ਭਗਵਾਨ ਵਾਲਮੀਕ ਜੀ ਨੂੰ ਇੱਕ ਸੱਚੀ ਸ਼ਰਧਾਂਜਲੀ ਹੋਵੇਗੀ ਪਰ ਜੋ ਉਨ੍ਹਾਂ ਨੇ ਸ੍ਰਿਸ਼ਟੀ ਲਈ ਕੀਤਾ ਹੈ ਅਸੀਂ ਤਾਂ ਤੁੱਛ ਬਰਾਬਰ ਵੀ ਨਹੀਂ ਹਾਂ 9 ਇਸ ਮੌਕੇ ਭਾਵਾਧਸ ਪੰਜਾਬ ਦੇ ਪ੍ਰਧਾਨ ਸੇਠ ਰਾਮ ਸੇਠੀ,ਦੀਪਕ ਭੀਲ,ਬੌਬੀ ਬੁੱਢੀ ਪਿੰਡ,ਹਰਮੇਸ਼ ਬਸੀ ਸੋਡੀ ਨੰਗਲ ਖੂੰਗਾ ,ਨਿਰਮਲ ਮੂਨਕਾ,ਅਜੇ ਪੰਡਿਤ,ਅਜੇ ਖੋਸਲਾ,ਸੁਮਿਤ ਖੋਸਲਾ ,ਕੇਕੇ ,ਬਲਵਿੰਦਰ ਖੋਸਲਾ ,ਡਾਕਟਰ ਗੁਰਜੀਤ ਸਿੰਘ, ਚੰਚਲ ਸਿੰਘ ਬੇਅੰਤ ਨੰਗਲ ਖੂੰਘਾ ਬੱਬੀ ਜਾਜਾ ਬੰਟੀ ਸੋਤਾ ਸੱਜਣਪੁਰੀ ਆਦਿ ਮੌਜੂਦ ਸਨ।



# ਜਨ ਰਵਿਦਾਸ ਰਾਮ ਰੰਗਿ ਰਾਤਾ....



ਭਗਤ ਰਵਿਦਾਸ ਜੀ ਬਾਰੇ ਜਾਣਕਾਰੀ ਉਹਨਾਂ ਦੀਆਂ ਜਨਮ-ਸਾਖੀਆਂ ਵਿਚੋਂ ਮਿਲਦੀ ਹੈ। ਪਰ ਹੋਰ ਜਨਮ-ਸਾਖੀਆਂ ਵਾਂਗ ਹੀ ਇਹਨਾਂ ਅੰਦਰ ਵੀ ਕਰਾਮਾਤੀ ਅੰਸ਼ ਵਧੇਰੇ ਹੈ ਅਤੇ ਸ਼ਰਧਾ ਨਾਲ ਓਤਪੋਤ ਹਨ। ਇੱਕ ਗੱਲ ਜੋ ਸਪਸ਼ਟ ਹੈ ਅਤੇ ਮੰਨਣਯੋਗ ਵੀ, ਉਹ ਇਹ ਕਿ ਰਵਿਦਾਸ ਜੀ ਉਸ ਵੇਲੇ ਦੀ ਕਹੀ ਜਾਂਦੀ ਸ਼ੂਦਰ ਜਾਤੀ ਵਿੱਚ ਪੈਦਾ ਹੋਏ ਜਿਸ ਕਾਰਨ ਉਹ ਬ੍ਰਾਹਮਣਵਾਦੀ ਸਾਜਿਸ਼ਾਂ ਦਾ ਅਤੇ ਕੁਟਿਲਤਾਵਾਂ ਦੇ ਸ਼ਿਕਾਰ ਹੁੰਦੇ ਰਹੇ। ਇਸੇ ਵਿੱਚੋਂ ਉਹਨਾਂ ਦੀ ਸ਼ਖਸ਼ੀਅਤ ਹੋਰ ਵਧੇਰੇ ਨਿੱਖਰੀ। ਚੌਧਵੀਂ ਸਦੀ ਵਿੱਚ ਜਨਮੇ ਇਸ ਮਹਾਂਪੁਰਸ਼ ਦੇ ਜਨਮ ਬਾਰੇ ਸਾਰੇ ਵਿਦਵਾਨ ਇੱਕ ਮੱਤ ਨਹੀਂ। ਫਿਰ ਵੀ ਅਸੀਂ ਭਗਤ ਰਵਿਦਾਸ ਜੀ ਦਾ ਜਨਮ 1377 ਈਸਵੀ ਵਿੱਚ ਹੋਇਆ ਮੰਨ ਸਕਦੇ ਹਾਂ। ਪਿਤਾ ਸੰਤੋਖ ਦਾਸ, ਜਿਨਾਂ ਨੂੰ ਰਘੂ ਕਰਕੇ ਵੀ ਜਾਣਿਆ ਜਾਂਦਾ ਸੀ, ਦੇ ਘਰ ਅਤੇ ਮਾਤਾ ਕਲਸਾਂ ਦੇਵੀ ਦੀ ਕੁੱਖੋਂ ਸੀਰ ਗੋਵਰਧਨਪੁਰ, ਜ਼ਿਲਾ ਬਨਾਰਸ (ਉੱਤਰ ਪ੍ਰਦੇਸ਼) ਵਿੱਚ ਆਪ ਜੀ ਦਾ ਜਨਮ ਹੋਇਆ। ਅਖੌਤੀ-ਛੋਟੀ ਜਾਤ ਦੇ ਲੋਕਾਂ ਨੂੰ ਉਸ ਸਮੇਂ ਵਿਦਿਆ-ਪ੍ਰਾਪਤੀ ਦੇ ਬਰਾਬਰ ਦੇ ਅਧਿਕਾਰ ਨਹੀਂ ਸਨ। ਇਸ ਲਈ ਉਹ ਜਿਆਦਾ ਰਸਮੀ ਸਿੱਖਿਆ ਨਹੀਂ ਲੈ ਸਕੇ। ਉਹਨਾਂ ਨੇ ਜਾਨਵਰਾਂ ਦੇ ਚੰਮ ਦਾ ਪਿਤਾ ਪੁਰਖੀ ਕੰਮ ਕੀਤਾ। ਉਹਨਾਂ ਨੇ ਇੱਕ ਸਫਲ ਗ੍ਰਹਿਸਥੀ ਜੀਵਨ ਬਤੀਤ ਕੀਤਾ। ਉਹਨਾਂ ਦੀ ਪਤਨੀ ਦਾ ਨਾਂ ਲੋਨਾ ਦੇਵੀ ਅਤੇ ਇੱਕ ਪੁੱਤਰ ਵਿਜੇ ਦਾਸ ਦਾ ਜਿਕਰ ਵੀ ਆਇਆ ਹੈ। ਵਿਆਹ ਉਪਰੰਤ ਆਪ ਮਾਪਿਆਂ ਤੋਂ ਵੱਖਰਾ ਰਹਿਣ ਲੱਗੇ ਅਤੇ ਉਹਨਾਂ ਨੇ ਜੁੱਤੀਆਂ ਗੰਢਣ ਦਾ ਕੰਮ ਕੀਤਾ। ਆਪਣੇ ਕਿੱਤੇ ਬਾਰੇ ਅਤੇ ਆਪਣੀ ਜਾਤ ਬਾਰੇ ਉਹਨਾਂ ਨੇ ਆਪਣੀ ਬਾਣੀ ਵਿੱਚ ਬੇਬਾਕ ਹੋ ਕੇ ਲਿਖਿਆ ਹੈ।

ਬਚਪਨ ਤੋਂ ਹੀ ਉਹ ਬੈਰਾਗੀ ਤਬੀਅਤ ਦੇ ਮਾਲਿਕ ਸਨ। ਇਤਿਹਾਸ ਵਿੱਚ ਉਹਨਾਂ ਨੂੰ ਰਾਮਾਨੰਦ ਜੀ ਦੇ ਮੁਰੀਦ ਲਿਖਿਆ ਮਿਲਦਾ ਹੈ। ਉਹ ਗੁਰੂ ਨਾਨਕ ਦੇਵ ਜੀ, ਭਗਤ ਕਬੀਰ ਜੀ, ਰਾਮਾਨੰਦ ਜੀ, ਪੀਪਾ ਜੀ, ਸੈਣ ਜੀ, ਧੰਨਾ ਜੀ, ਭੀਖਣ ਜੀ ਅਤੇ ਬੇਣੀ ਜੀ ਦੇ ਸਮਕਾਲੀ ਹੋਏ ਹਨ। ਉਨ੍ਹਾਂ ਦੀ ਆਯੂ ਕਾਫੀ ਲੰਮੀ ਸੀ। ਗੁਰੂ ਨਾਨਕ ਜੀ ਨਾਲ ਤਾਂ ਉਨ੍ਹਾਂ ਦੀ ਮੁਲਾਕਾਤ ਦਾ ਬਿਰਤਾਂਤ ਵੀ ਹੈ। 1481 ਈਸਵੀ ਵਿੱਚ ਜਦੋਂ ਭਗਤ ਜੀ 105 ਸਾਲ ਦੇ ਅਤੇ ਗੁਰੂ ਨਾਨਕ ਜੀ 12 ਸਾਲ ਦੇ ਸਨ, ਉਦੋਂ ਉਹਨਾਂ ਦੇ ਮੇਲ ਹੋਣ ਦਾ ਜਿਕਰ ਆਉਂਦਾ ਹੈ। ਕਈ ਥਾਂ ਇੱਕ ਤੋਂ ਵੱਧ ਵਾਰੀ ਮਿਲਣ ਦੀ ਗੱਲ ਵੀ ਹੈ, ਜਿਸ ਵਿੱਚ ਚੂਹੜਕਾਣਾ ਵਿਖੇ, ਸੁਲਤਾਨਪੁਰ ਵਿਖੇ ਅਤੇ ਗੋਪਾਲਦਾਸ ਦੀ ਸਰਾਂ ਬਨਾਰਸ,ਜਿੱਥੇ ਗੁਰਦੁਆਰਾ ਗੁਰੂ ਕਾ ਬਾਗ ਸੁਸ਼ੋਭਿਤ ਹੈ, ਵਿਖੇ ਮੁਲਾਕਾਤ ਹੋਈ ਦੱਸੀ ਗਈ ਹੈ। ਇਤਿਹਾਸ ਵਿੱਚ ਮਿਥਿਹਾਸ ਅਕਸਰ ਹੀ ਸ਼ਾਮਿਲ ਹੋ ਜਾਂਦਾ ਹੈ ਇਸ ਲਈ ਅਸੀਂ ਇਸ ਦੀ ਅਸਲੀਅਤ ਦੇ ਵਿਵਾਦ ਵਿੱਚ ਨਹੀਂ ਪਵਾਂਗੇ। ਇਤਿਹਾਸ ਉਥੋਂ ਤੱਕ ਹੀ ਠੀਕ ਹੈ ਜਿੱਥੇ ਤੱਕ ਉਹ ਸਾਨੂੰ ਅੱਗੇ ਵਧਣ ਲਈ, ਕਿਸੇ ਵਿਅਕਤੀ ਜਾਂ ਘਟਨਾ ਤੋਂ ਕੁਝ ਸਿੱਖਣ ਦੀ ਪ੍ਰੇਰਨਾ ਦਿੰਦਾ ਹੈ। ਅਸੀਂ ਭਗਤ ਰਵਿਦਾਸ ਜੀ ਦੇ ਜੀਵਨ ਤੋਂ ਅਤੇ ਉਹਨਾਂ ਦੀ ਬਾਣੀ ਤੋਂ ਪ੍ਰੇਰਨਾ ਹੀ ਲੈਣੀ ਹੈ।

ਉਨ੍ਹਾਂ ਦੇ ਜੀਵਨ ਵਿੱਚ 2-3 ਘਟਨਾਵਾਂ ਖਾਸ ਵਰਣਨਯੋਗ ਹਨ। ਜਦੋਂ ਉਹ ਪਿਤਾ ਤੋਂ ਅਲੱਗ ਹੋ ਕੇ ਆਪਣੀ ਝੁੱਗੀ ਵਿੱਚ ਰਹਿ ਰਹੇ ਸਨ ਅਤੇ ਮੋਚੀ ਦਾ ਕੰਮ ਕਰ ਰਹੇ ਸਨ, ਉਹਨਾਂ ਦੇ ਇੱਕ ਅਮੀਰ ਹਮਦਰਦ ਨੇ ਉਹਨਾਂ ਨੂੰ ਪਾਰਸ ਦੇ ਦਿੱਤਾ, ਜੋ ਭਗਤ ਜੀ ਨੇ ਉੱਪਰ ਪੜਛੱਤੀ ਵਿੱਚ ਰੱਖ ਦਿੱਤਾ। ਕੁਝ ਸਮੇਂ ਬਾਅਦ ਜਦੋਂ ਉਹ ਵਿਅਕਤੀ ਭਗਤ ਜੀ ਨੂੰ ਮਿਲਣ ਆਇਆ, ਉਨ੍ਹਾਂ ਨੂੰ ਉਸੇ ਹਾਲ ਵਿੱਚ ਦੇਖ ਕੇ ਹੈਰਾਨ ਹੋਇਆ। ਪੁੱਛੇ ਜਾਣ ਤੇ ਭਗਤ ਜੀ ਨੇ ਉਹ ਪਾਰਸ ਉਸੇ ਥਾਂ ਤੇ ਹੀ ਪਿਆ ਦਿਖਾ ਦਿੱਤਾ। ਕਿਉਂਕਿ ਉਹ ਈਮਾਨਦਾਰੀ ਦੀ ਕਿਰਤ ਨੂੰ ਮਾਣ ਦਿੰਦੇ ਸਨ। ਇਸੇ ਤਰਾਂ ਇੱਕ ਹੋਰ ਸਾਖੀ ਵਿੱਚ ਚਿਤੌੜ ਦੀ ਰਾਣੀ ਝਾਲਾਂ ਬਾਈ, ਜੋ ਆਪ ਦੀ ਮੁਰੀਦ ਸੀ ਨੇ ਬ੍ਰਹਮ-ਭੋਜ ਕੀਤਾ ਅਤੇ ਰਵਿਦਾਸ ਜੀ ਨੂੰ ਵੀ ਸੱਦਾ ਦਿੱਤਾ। ਪਰ ਇਹ ਜਾਣ ਕੇ ਜਾਤ ਅਭਿਮਾਨੀ ਪੰਡਿਤਾਂ ਨੇ ਬ੍ਰਹਮ-ਭੋਜ ਵਿੱਚ ਆਉਣ ਤੋਂ ਇਨਕਾਰ ਕਰ ਦਿੱਤਾ। ਫੈਸਲਾ ਇਹ ਹੋਇਆ ਕਿ ਬ੍ਰਾਹਮਣ ਪਹਿਲਾਂ ਭੋਜਨ ਛਕਣਗੇ ਅਤੇ ਭਗਤ ਰਵਿਦਾਸ ਜੀ ਉਹਨਾਂ ਤੋਂ ਬਾਅਦ। ਕੁੱਲ 118 ਪੰਡਤਾਂ ਨੂੰ ਭੋਜਨ ਪਰੋਸਿਆ ਗਿਆ, ਪਰ ਹਰ ਪੰਡਤ ਨੂੰ ਆਪਣੀ ਥਾਲੀ ਵਿੱਚ ਭਗਤ ਰਵਿਦਾਸ ਜੀ ਭੋਜਨ ਕਰਦੇ ਨਜਰ ਆਏ। ਪੰਡਤਾਂ ਨੇ ਭਗਤ ਜੀ ਤੋਂ ਮੁਆਫੀ ਮੰਗੀ ਅਤੇ ਰਾਣੀ ਨੇ ਭਗਤ ਜੀ ਨੂੰ ਹਾਥੀ ਤੇ ਬੈਠਾ ਕੇ ਨਗਰ ਦਾ ਚੱਕਰ ਲਵਾਇਆ ਅਤੇ ਸਨਮਾਨਿਤ ਕੀਤਾ। ਬ੍ਰਾਹਮਣਾਂ ਨੇ ਭਗਤ ਜੀ ਦਾ ਜੱਸ ਵੱਧਦਾ ਦੇਖ ਕੇ ਉਨ੍ਹਾਂ ਤੇ ਇੱਕ ਸਭਿਆਚਾਰਕ ਹਮਲਾ ਕੀਤਾ। ਉਹਨਾਂ ਇਹ ਪ੍ਰਚਾਰਿਆ ਕਿ ਰਵਿਦਾਸ ਜੀ ਪਿਛਲੇ ਜਨਮ ਵਿੱਚ ਬ੍ਰਾਹਮਣ ਸਨ ਅਤੇ ਉਹ ਜਨੇਊ ਵੀ ਪਾਉਂਦੇ ਸਨ। ਇਹ ਸਿਰਫ ਉਨ੍ਹਾਂ ਆਪਣੀ ਉੱਚਤਾ ਨੂੰ ਜਾਇਜ਼ ਦਰਸਾਉਣ ਲਈ ਕੀਤਾ ਕਿਉਂਕਿ ਉਨ੍ਹਾਂ ਨੂੰ ਇਹ ਮੰਨਣ ਵਿੱਚ ਤਕਲੀਫ ਹੋ ਰਹੀ ਸੀ ਕਿ ਕੋਈ ਅਖੌਤੀ ਨੀਵੀਂ ਜਾਤ ਦਾ ਵਿਅਕਤੀ ਭਗਤੀ ਕਰੇ ਅਤੇ ਹਰਮਨ-ਪਿਆਰਾ ਹੋਵੇ। ਭਗਤ ਜੀ ਦੀ ਪ੍ਰਸਿੱਧੀ ਇੱਥੋਂ ਪਤਾ ਲੱਗਦੀ ਹੈ ਕਿ ਉਨ੍ਹਾਂ ਦੇ ਮੁਰੀਦ ਉਸ ਸਮੇਂ ਦੇ ਵੱਡੇ ਵੱਡੇ ਰਾਜੇ ਰਾਣੀਆਂ ਸਨ ਜਿਨ੍ਹਾਂ ਵਿੱਚ ਮੀਰਾਂ ਬਾਈ. ਝਾਲਾਂ ਬਾਈ, ਰਾਣੀ ਰਤਨ ਕੁੰਵਰ, ਰਾਜਾ ਨਾਗਰ ਮੱਲ, ਰਾਜਾ ਪੀਪਾ, ਰਾਜਾ ਬਹਾਦਰ ਸ਼ਾਹ, ਰਾਜਾ ਸਿਕੰਦਰ ਲੋਧੀ, ਰਾਜਾ ਚੰਦ੍ਰਹਾਂਸ, ਰਾਜਾ ਸਾਂਗਾ, ਪੰਡਤ ਸ਼ਰਧਾ ਰਾਮ, ਰਾਮ ਲਾਲ, ਰਾਜਾ ਬੈਨ ਸਿੰਘ, ਪੰਡਤ ਗੰਗਾ ਰਾਮ, ਬੀਬੀ ਭਾਨਮਤੀ, ਰਾਜਾ ਚੰਦ੍ਰ ਪ੍ਰਤਾਪ ਆਦਿ ਵਿਸੇਸ਼ ਸਨ।

ਆਪ ਜੀ ਨੇ ਕਾਫੀ ਯਾਤਰਾਵਾਂ ਵੀ ਕੀਤੀਆਂ। ਜਿਨ੍ਹਾਂ ਦਾ ਜਿਕਰ ਗੁਰੂ ਨਾਨਕ ਜੀ ਦੀਆਂ ਉਦਾਸੀਆਂ ਵਰਗਾ ਹੀ ਹੈ। ਆਪ ਜੀ ਬਨਾਰਸ ਤੋਂ ਨਾਗਪੁਰ, ਬੀਜਾਪੁਰ, ਭੁਪਾਲ, ਬਹਾਵਲਪੁਰ, ਝਾਂਸੀ, ਉਦੇਪੁਰ, ਜੋਧਪੁਰ, ਅਜਮੇਰ, ਅਯੁੱਧਿਆ, ਹੈਦਰਾਬਾਦ, ਕਾਠੀਆਵਾੜ, ਬੰਬਈ, ਕਰਾਚੀ, ਜਲਾਲਾਬਾਦ, ਸ਼੍ਰੀ ਨਗਰ, ਡਲਹੌਜੀ, ਗੋਰਖਪੁਰ ਗਏ। ਦੂਸਰੀ ਯਾਤਰਾ ਗੋਰਖਪੁਰ,ਪਰਤਾਪਗੜ ਅਤੇ ਸ਼ਾਹਜਹਾਨਪੁਰ ਦੀ।


ਜਸਵਿੰਦਰ ਸਿੰਘ ਰੁਪਾਲ
9814715796




ਤੀਸਰੀ ਹਿਮਾਚਲ ਪ੍ਰਦੇਸ਼ ਦੀ। ਛੌਥੀ ਹਰਿਦੁਆਰ, ਗੋਦਾਵਰੀ ਅਤੇ ਕੁਰੂਕਸ਼ੇਤਰ ਦੀ ਮੰਨੀ ਗਈ ਹੈ। ਪੰਜਵੀਂ ਗਾਜੀਪੁਰ ਦੇ ਰਾਜਾ ਰੂਪ-ਪਰਤਾਪ (ਚੰਦਰ ਪ੍ਰਤਾਪ) ਦੇ ਸੱਦੇ ਤੇ ਅਤੇ ਛੇਵੀਂ ਯਾਤਰਾ ਪੰਜਾਬ ਦੀ ਜਿਸ ਵਿੱਚ ਲੁਧਿਆਣਾ, ਫਗਵਾੜਾ, ਜਲੰਧਰ, ਸੁਲਤਾਨਪੁਰ ਲੋਧੀ, ਕਪੂਰਥਲਾ ਅਤੇ ਮੁਲਤਾਨ ਸ਼ਾਮਲ ਹਨ। ਆਪ 1515 ਈਸਵੀ ਵਿੱਚ ਪੰਜਾਬ ਦੇ ਹੁਸ਼ਿਆਰਪੁਰ ਜਿਲੇ ਵਿੱਚ ਖੁਰਾਲਗੜ੍ਹ ਵਿੱਚ ਆਏ ਅਤੇ 4 ਸਾਲ ਦੇ ਕਰੀਬ ਰਹੇ। 1528 ਈਸਵੀ ਨੂੰ ਬਨਾਰਸ ਵਿਖੇ ਆਪ ਜੋਤੀ ਜੋਤ ਸਮਾ ਗਏ। ਆਪ ਜੀ ਦੀ ਉਮਰ 140 ਸਾਲ ਦੇ ਕਰੀਬ ਸੀ। ਕੁਝ ਨੇ 115 ਸਾਲ ਤੇ ਕੁਝ ਨੇ 150 ਸਾਲ ਵੀ ਲਿਖੀ ਹੈ।

ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਭੱਟ ਕਲਸਹਾਰ ਜੀ ਨੇ ਆਪਣੀ ਬਾਣੀ ਵਿੱਚ ਭਗਤ ਜੀ ਦਾ ਵਿਸ਼ੇਸ਼ ਜ਼ਿਕਰ ਕੀਤਾ ਹੈ। ਗੁਰੂ ਅਰਜਨ ਦੇਵ ਜੀ ਨੇ ਆਪ ਜੀ ਦੀ ਬਾਣੀ ਨੂੰ ਗੁਰੂ ਗਰੰਥ ਸਾਹਿਬ ਜੀ ਵਿੱਚ ਸ਼ਾਮਲ ਕਰਕੇ ਉਹਨਾਂ ਨੂੰ ਬਾਕੀ ਗੁਰੂ ਸਾਹਿਬਾਨ ਅਤੇ ਹੋਰ ਬਾਣੀਕਾਰਾਂ ਦੇ ਬਰਾਬਰ ਦਾ ਮਾਣ ਦਿੱਤਾ ਹੈ। ਭਾਈ ਗੁਰਦਾਸ ਜੀ ਨੇ ਵੀ ਬਹੁਤ ਸਤਿਕਾਰ ਨਾਲ ਆਪ ਜੀ ਬਾਰੇ ਲਿਖਿਆ ਹੈ। ਆਪ ਜੀ ਦੀ ਬਾਣੀ ਦਾ ਵਿਸ਼ਾ ਗੁਰਮਤਿ ਦੇ ਅਨੁਸਾਰ ਹੈ। ਹੁਣ ਅਸੀਂ ਭਗਤ ਰਵਿਦਾਸ ਜੀ ਦੀ ਬਾਣੀ ਬਾਰੇ ਚਰਚਾ ਕਰਦੇ ਹਾਂ-

**ਰਵਿਦਾਸ ਬਾਣੀ:**-ਭਗਤ ਰਵਿਦਾਸ ਜੀ ਰਚਿਤ ਬਾਣੀ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ- ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਅਤੇ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਬਾਣੀ। ਜੋ ਬਾਣੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਮਿਲਦੀ ਹੈ, ਉਸ ਦੀ ਪ੍ਰਮਾਣਿਕਤਾ ਦਾ ਕੋਈ ਸਬੂਤ ਸਾਨੂੰ ਨਹੀਂ ਮਿਲਦਾ। ਡਾ. ਧਰਮ ਪਾਲ ਸਿੰਗਲ ਨੇ ਬਾਹਰਲੀ ਬਾਣੀ ਬਾਰੇ ਲਿਖਿਆ ਹੈ-1. ਬੈਲਵੀਡੀਅਰ ਪ੍ਰੈਸ ਵਲੋਂ ਛਾਪੀ "ਰੈਦਾਸ ਜੀ ਦੀ ਬਾਣੀ" ਜਿਸ ਵਿੱਚ 87 ਪਦ ਹਨ 2. ਯੋਗੇਂਦ੍ਰ ਸਿੰਘ ਵਲੋਂ ਛਾਪੀ "ਸੰਤ ਰੈਦਾਸ" ਵਿਚ ਸੰਕਲਿਤ ਬਾਣੀ 3. ਆਚਾਰੀਆ ਪ੍ਰਿਥਵੀ ਸਿੰਘ ਆਜਾਦ ਦੀ "ਰਵਿਦਾਸ ਦਰਸ਼ਨ" ਵਿੱਚ ਸੰਕਲਿਤ 194 ਸਾਖੀਆਂ (ਦੋਹੇ) 4. ਡਾ.ਬੀ.ਪੀ ਸ਼ਰਮਾ ਵਲੋਂ "ਸੰਤ ਗੁਰੂ ਰਵਿਦਾਸ ਬਾਣੀ" ਵਿਚ ਸੰਕਲਿਤ 177 ਪਦ ਓਤੇ 41 ਸਾਖੀਆਂ 6. ਬੀ.ਪੀ. ਸਰਮਾ ਕ੍ਰਿਤ "ਸੰਤ ਰਵਿਦਾਸ ਕੀ ਭਕਤਿ ਸਾਧਨਾ ਵਿਚ ਰੱਖੀ "ਗਿਆਨ ਗੋਸਟੀ"। ਇਸ ਸਾਰੀ ਬਾਣੀ ਨੂੰ ਭਾਵੇਂ ਵਿਦਵਾਨਾਂ ਨੇ ਰਵਿਦਾਸ-ਬਾਣੀ ਮੰਨ ਲਿਆ ਹੈ ਪਰ ਅਸੀਂ ਸਮੇਂ ਅਤੇ ਸਥਾਨ ਦੀ ਸੀਮਾ ਨੂੰ ਮੁੱਖ ਰੱਖ ਕੇ ਭਗਤ ਰਵਿਦਾਸ ਜੀ ਰਚਿਤ ਸਿਰਫ ਉਸ ਬਾਣੀ ਦੀ ਹੀ ਗੱਲ ਕਰਾਂਗੇ ਜੋ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸ਼ਾਮਲ ਹੈ ਅਤੇ ਪ੍ਰਮਾਣਿਕ ਵੀ ਹੈ।

ਗੁਰੂ ਗਰੰਥ ਸਾਹਿਬ ਜੀ ਦੇ 31 ਵਿੱਚੋਂ 16 ਰਾਗਾਂ ਵਿੱਚ ਦਰਜ ਰਵਿਦਾਸ ਜੀ ਦੀ ਬਾਣੀ ਦੇ ਸ਼ਬਦ ਇਸ ਤਰਾਂ ਹਨ।

ਸਿਰੀ-1, ਗਉੜੀ-5, ਆਸਾ-6, ਗੁਜਰੀ-1, ਸੋਰਠਿ-7, ਧਨਾਸਰੀ-3, ਜੈਤਸਰ-1, ਸੂਹੀ-3, ਬਿਲਾਵਲ-2, ਗੋਂਡ-2, ਰਾਮਕਲੀ-1, ਮਾਰੂ-2, ਕੇਦਾਰਾ-1, ਭੈਰਉ-1, ਬਸੰਤ-1, ਮਲਾਰ-1. ਇਸ ਤਰ੍ਹਾਂ ਕੁੱਲ 40 ਸ਼ਬਦ ਭਗਤ ਰਵਿਦਾਸ ਜੀ ਦੇ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸਾਮਲ ਹਨ। ਉਹਨਾਂ ਦੀ ਬਾਣੀ ਦਾ ਵਿਸਾ ਪੱਖ ਵਿਚਾਰਦੇ ਹਾਂ-

**1. ਪ੍ਰਭੂ-ਭਗਤੀ ਅਤੇ ਪ੍ਰਭੂ-ਪ੍ਰੇਮ:-** ਭਗਤ ਰਵਿਦਾਸ ਜੀ ਦੀ ਬਾਣੀ ਦਾ ਮੁੱਖ ਵਿਸ਼ਾ ਪ੍ਰਭੂ-ਪ੍ਰੇਮ ਹੀ ਹੈ। ਪ੍ਰਮਾਤਮਾ ਦਾ ਪਿਆਰ ਅਤੇ ਉਸਦੀ ਨੇੜਤਾ ਪ੍ਰਾਪਤ ਕਰਨ ਲਈ ਹੀ ਉਸ ਦੀ ਭਗਤੀ ਕਰਨੀ ਹੈ ਕਿਉਂਕਿ ਸਿਰਫ ਪਰਮਾਤਮਾ ਹੀ ਹੈ ਜੋ ਸਮਦ੍ਰਿਸ਼ਟੀ ਰੱਖਦਾ ਹੈ, ਦਿਆਲੂ ਹੈ, ਕ੍ਰਿਪਾਲੂ ਹੈ, ਸਰਬ-ਸ਼ਕਤਮਿਾਨ ਹੈ ਅਤੇ ਨਵਿਆਂ ਨੂੰ ਉੱਚਾ ਕਰਦਾ ਹੈ।

*** ਸਗਲ ਭਵਨ ਕੇ ਨਾਇਕਾ, ਇਕੁ ਛਿਨੁ ਦਰਸੁ ਦਿਖਾਇ ਜੀ।**
**ਪ੍ਰੇਮਿ ਭਗਤਿ ਕੈ ਕਾਰਣੈ ਕਹੁ ਰਵਿਦਾਸ ਚਮਾਰ।।.**
**(ਗਉੜੀ ਪੂਰਬੀ, ਪੰਨਾ 346)**

ਜਦੋਂ ਪਰਮਾਤਮਾ ਨਾਲ ਪ੍ਰੇਮ ਪੈ ਜਾਦਾ ਹੈ, ਤਾਂ ਭਗਤ ਵਿੱਚ ਅਤੇ ਪ੍ਰਭੂ ਵਿੱਚ ਕੋਈ ਅੰਤਰ ਨਹੀਂ ਰਹਿ ਜਾਂਦਾ। ਭਗਤ ਪ੍ਰਭੂ ਦਾ ਹੀ ਰੂਪ ਹੋ ਜਾਂਦਾ ਹੈ। ਰਵਿਦਾਸ ਜੀ ਆਪਣਾ ਆਪਾ ਪੂਰਾ ਸਮਰਪਣ ਕਰ ਦਿੰਦੇ ਹਨ। ਉਦੋਂ ਸਾਰੇ ਜੱਗ ਨੂੰ ਵਿਸਾਰ ਕੇ ਸਿਰਫ ਅਤੇ ਸਿਰਫ ਪ੍ਰਭੂ ਵਿੱਚ ਹੀ ਲੀਨ ਹੋ ਜਾਂਦੇ ਹਨ।

**ਸਾਚੀ ਪ੍ਰੀਤ ਹਮ ਤੁਮ ਸਿਉ ਤੋਰੀ।**
**ਤੁਮ ਸਿਉ ਜੋਰਿ ਅਵਰ ਸੰਗਿ ਤੋਰੀ।**
**(ਸੋਰਠਿ, ਪੰਨਾ 659)**

ਪ੍ਰਭੂ ਰੰਗ ਵਿਚ ਰੰਗੇ ਹੋਣ ਬਾਰੇ ਆਪ ਜੀ ਆਖਦੇ ਹਨ –

**ਜਨ ਰਵਿਦਾਸ ਰਾਮ ਰੰਗਿ ਰਾਤਾ।**

**2. ਪਰਮਾਤਮਾ ਦਾ ਨਿਰਗੁਣ ਰੂਪ :-** ਭਾਵੇਂ ਗੁਰਬਾਣੀ ਵਿੱਚ ਸਰਗੁਣ ਨਿਰਗੁਣ ਦੋਵਾਂ ਦਾ ਜਿਕਰ ਹੈ। ਪਰ ਨਿਰਗੁਣ ਪ੍ਰਭੂ ਨੂੰ ਭਗਤ ਅਤੇ ਗੁਰੂ-ਜਨ ਵਧੇਰੇ ਵਡਿਆਈ ਦਿੰਦੇ ਹਨ। ਡਾ. ਜਸਬੀਰ ਸਿੰਘ ਸਾਬਰ ਰਵਿਦਾਸ ਜੀ ਬਾਬਤ ਲਿਖਦੇ ਹਨ," ਉਹਨਾਂ ਦਾ ਗੁਰੂ ਪਾਰਬ੍ਰਹਮ ਪਰਮੇਸ਼ਵਰ ਸੀ। ਭਗਤ ਰਵਿਦਾਸ ਜੀ ਦੀ ਆਪਣੀ ਬਾਣੀ ਵਿੱਚ ਵੀ ਨਿਰਗੁਣ-ਬ੍ਰਹਮ ਦੇ ਹੀ ਦਰਸ਼ਨ ਹੁੰਦੇ ਹਨ। ਆਪਣੀ ਆਰਤੀ ਵਿੱਚ ਉਹ "ਨਾਮ" ਨੂੰ ਹੀ ਸਭ ਤੋਂ ਉੱਚਾ ਕਹਿੰਦੇ ਹਨ-

**ਕਹਿ ਰਵਿਦਾਸ ਅਕਥ ਕਥਾ ਬਹੁ ਕਾਇ ਕਰੀਜੈ।**
**ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ।।**
**(ਬਿਲਾਵਲੁ, ਪੰਨਾ 858)**

**3. ਜਾਤ-ਪਾਤ ਦਾ ਜਿਕਰ ਅਤੇ ਵਿਰੋਧ:-** ਸਭ ਨਾਲੋਂ ਵੱਧ ਭਗਤ ਜੀ ਨੂੰ ਇਸ ਜਾਤ ਕਾਰਨ ਹੀ ਤ੍ਰਿਸਕਾਰ ਦਾ ਸਾਹਮਣਾ ਕਰਨਾ ਪਿਆ। ਉਚ-ਜਾਤ-ਅਭਿਮਾਨੀ ਤਾਂ ਅਖੌਤੀ ਨੀਵੀਆਂ ਜਾਤਾਂ ਵਾਲਿਆਂ ਨੂੰ ਭਗਤੀ ਕਰਨ ਦਾ ਹੱਕ ਵੀ ਨਹੀਂ ਸਨ ਦਿੰਦੇ। ਮੰਦਰਾਂ ਵਿੱਚ ਜਾਣ ਦੀ ਉਹਨਾਂ ਨੂੰ ਆਗਿਆ ਨਹੀਂ ਸੀ। ਧਾਰਮਿਕ ਅਤੇ ਸਮਾਜਿਕ ਥਾਵਾਂ ਤੇ ਉਹਨਾਂ ਨਾਲ ਵਿਤਕਰਾ ਕੀਤਾ ਜਾਂਦਾ ਸੀ। ਭਗਤ ਜੀ ਨੂੰ ਖੁਸ਼ੀ ਹੈ ਕਿ ਉਹ ਇਸ ਜਾਤ ਵਿੱਚੋਂ ਹੋ ਕੇ ਵੀ ਪਰਮਾਤਮਾ ਦੇ ਨੇੜੇ ਹਨ। ਜਦੋਂ ਉਹ ਆਪਣੀ ਬਾਣੀ ਵਿੱਚ ਆਪਣੀ ਜਾਤ ਦਾ ਜਿਕਰ ਖੁੱਲ੍ਹ ਕੇ ਕਰਦੇ ਹਨ-ਜਿਵੇਂ "ਮੇਰੀ ਜਾਤ ਕਮੀਨੀ," "ਕਹੁ ਰਵਿਦਾਸ ਚਮਾਰ, "ਖਲਾਸ ਚਮਾਰਾ" "ਨਾਗਰ ਜਨਾ ਮੇਰੀ ਜਾਤਿ ਬਿਖਿਆਤ ਚਮਾਰੰ" "ਚਮਰਟਾ ਗਾਂਠਿ ਨ ਜਨਈ" ਆਦਿ ਤਾਂ ਇੱਕ ਤਰ੍ਹਾਂ ਨਾਲ ਉਹ ਉਚ-ਜਾਤ-ਅਭਿਮਾਨੀਆਂ ਦੇ ਚਪੇੜ ਹੀ ਤਾਂ ਮਾਰ ਰਹੇ ਹਨ। ਜਦੋਂ ਪ੍ਰਭੂ ਦੀ ਸ਼ਰਨ ਲਈ ਜਾਂਦੀ ਹੈ ਤਾਂ ਸਭ ਬੰਧਨ ਟੁੱਟ ਜਾਂਦੇ ਹਨ ਅਤੇ ਉਹ ਪ੍ਰੀਤਮ ਆਪਣੀਆਂ ਬਾਹਾਂ ਵਿੱਚ ਲੈ ਲੈਂਦਾ ਹੈ।

**ਨੀਚਹੁ ਊਚ ਕਰੈ ਮੇਰਾ ਗੋਬਿੰਦ ਕਾਹੂ ਤੇ ਨ ਡਰੈ।।.(ਮਾਰੂ,ਪੰਨਾ 1106)**

ਭਗਤ ਜੀ ਸਮਾਜਿਕ ਅਸਮਾਨਤਾ ਦੇ ਜਿੰਮੇਵਾਰ ਬ੍ਰਾਹਮਣ ਵਰਗ ਨੂੰ ਸਮਝਾਉਂਦੇ ਹੋਏ ਕਹਿੰਦੇ ਹਨ ਕਿ ਇਹ ਠੀਕ ਹੈ ਕਿ ਮੈਂ ਚਮਾਰ ਜਾਤੀ ਦਾ ਹਾਂ, ਪਰ ਮੇਰੇ ਅੰਦਰ ਗੋਬਿੰਦ ਦਾ ਨਾਮ ਹੈ ਜਦੋਂ ਨਾਲੇ ਦਾ ਪਾਣੀ ਗੰਗਾ ਵਿੱਚ ਮਿਲ ਜਾਂਦਾ ਹੈ, ਤਾਂ ਉਹ ਵੀ ਗਮਗਾ-ਜਲ ਹੀ ਅਖਵਾਉਂਦਾ ਹੈ। ਤਾੜ ਦੇ ਭੈੜੇ ਮੰਨੇ ਜਾਂਦੇ ਰੁੱਖ ਤੋਂ ਬਣੇ ਕਾਗਜ ਤੇ ਪ੍ਰਭੂ ਦੇ ਗੁਣ ਲਿਖੇ ਜਾਣ ਤਾਂ ਓਹੀ ਗ੍ਰੰਥ ਪੂਜਣਯੋਗ ਹੋ ਜਾਂਦਾ ਹੈ।

**ਸੁਰਾ ਅਪਵਿਤ੍ਰ ਨਤ ਅਵਰ ਜਲ ਕੇ,**
**ਸੁਰਸਰੀ ਮਿਲਤ ਨਹਿ ਹੋਇ ਆਨੰ।।**
**ਤਰ ਤਾਰਿ ਅਪਵਿਤ੍ਰ ਕਰਿ ਮਾਨਇ ਹੈ,**
**ਜੈਸੇ ਕਾਰਾਗ ਕਰ ਬੀਚਾਰੰ।।**
**ਭਗਤਿ ਭਗਉਤੁ ਲਿਖੀਐ ਤਿਹ ਉਪਰੇ,**
**ਪੂਜੀਐ ਕਰ ਨਮਸਕਾਰੰ।।**
**(ਮਲਾਰ,ਪੰਨਾ 1293)**

**4. ਸੁੱਚ-ਜੂਠ ਦਾ ਵਿਰੋਧ:-**ਬ੍ਰਾਹਮਣ ਨੇ ਕਈ ਤਰਾਂ ਦੀ ਸੁੱਚ-ਜੂਠ ਦੇ ਭਰਮ ਭੁਲੇਖੇ ਪੈਦਾ ਕੀਤੇ ਹੋਏ ਸਨ। ਉਸਨੇ ਪਰਮਾਤਮਾ ਦੀ ਭਗਤੀ ਅਤੇ ਹੋਰ ਕਰਮ-ਕਾਂਡਾਂ ਵਿੱਚ ਰੱਬ ਪ੍ਰਤੀ ਵੀ ਸੁੱਚ-ਜੂਠ, ਸੂਤਕ ਪਾਤਕ ਆਦਿ ਦੇ ਬਖੇੜੇ ਖੜੇ ਕੀਤੇ ਹੋਏ ਸਨ। ਭਗਤ ਰਵਿਦਾਸ ਜੀ ਦਾ ਕਹਿਣਾ ਸੀ ਕਿ ਪ੍ਰਭੂ ਨਾ ਤਾਂ ਜਾਤ ਪਾਤ ਦੇਖਦਾ ਹੈ, ਨਾ ਦਿਖਾਵੇ ਦੀ ਸੁੱਚ ਜੂਠ ਜਾਂ ਕਰਮ-ਕਾਂਡ। ਉਹ ਤਾਂ ਪ੍ਰੇਮ-ਭਗਤੀ ਦਾ ਭੁੱਖਾ ਹੈ। ਗੁਜਰੀ ਰਾਗੁ ਦੇ ਇੱਕ ਸ਼ਬਦ ਵਿੱਚ ਭਗਤ ਜੀ ਤਿੱਖਾ ਵਿਅੰਗ ਕਰਦੇ ਹੋਏ ਬ੍ਰਾਹਮਣ ਨੂੰ ਕਹਿੰਦੇ ਹਨ ਕਿ ਤੇਰਾ ਦੁੱਧ ਵੱਛਰੇ ਨੇ ਜੂਠਾ ਕਰ ਦਿੱਤਾ ਹੈ, ਫੁੱਲ ਭੌਰੇ ਨੇ ਜੂਠੇ ਕੀਤੇ ਹੋਏ ਹਨ, ਪਾਣੀ ਨੂੰ ਮੱਛੀ ਨੇ ਜੂਠਾ ਕਰ ਦਿੱਤਾ ਹੈ। ਤੂੰ ਕਿਸ ਸੁੱਚਮ ਨਾਲ ਪੂਜਾ ਕਰ ਰਿਹਾ ਹੈਂ-

**ਦੂਧੁ ਤ ਬਛਰੈ ਥਨਹੁ ਬਿਟਾਰਿਓ।।**
**ਫੂਲੁ ਭਵਰਿ ਜਲੁ ਮੀਨਿ ਬਿਗਾਰਿਓ।।**
**(ਗੂਜਰੀ, ਪੰਨਾ 525)**

**5. ਵਿਕਾਰਾਂ ਦਾ ਖੰਡਨ :-** ਆਪਣੀ ਬਾਣੀ ਵਿੱਚ ਪ੍ਰਭੂ-ਭਗਤੀ ਤੇ ਜੋਰ ਦਿੰਦੇ ਹੋਏ ਰਵਿਦਾਸ ਜੀ ਨੇ ਮਨੁੱਖ ਨੂੰ ਗੁਣ ਧਾਰਨ ਕਰਨ ਅਤੇ ਔਗਣਾਂ ਦਾ ਤਿਆਗ ਕਰਨ ਦੀ ਸਿੱਖਿਆ ਦਿੱਤੀ ਹੈ। ਉਨ੍ਹਾਂ ਅਨੁਸਾਰ ਇਨਸਾਨ ਮਾਇਆ ਦੇ ਲੋਭ ਵਿੱਚ ਫਸ ਕੇ ਵਿਕਾਰੀ ਹੋ ਜਾਂਦਾ ਹੈ ਅਤੇ ਆਪਣਾ ਜੀਵਨ-ਮਨੋਰਥ ਭੁੱਲ ਜਾਂਦਾ ਹੈ।

**ਦੇਵ ਸੰਸੇ ਗਾਂਠਿ ਨ ਛੂਟੇ।।**
**ਕਾਮ ਕ੍ਰੋਧ ਮਾਇਆ ਮਦ ਮਤਸਰ ਇਨ ਪੰਚਹੁ ਮਿਲਿ ਲੂਟੇ।।.(ਰਾਮਕਲੀ, ਪੰਨਾ 974 )**
**ਜਬ ਕਛੁ ਪਾਵੈ ਤਬ ਗਰੁਬ ਕਰਤ ਹੈ।।**

**6. ਨਿਮਰਤਾ :-**ਭਗਤੀ ਲਈ ਨਿਮਰਤਾ ਪਹਿਲੀ ਪਉੜੀ ਹੈ ਜਦੋਂ ਭਗਤ ਅਤੇ ਪ੍ਰਭੂ ਇੱਕ ਹੁੰਦੇ ਹਨ, ਤਾਂ ਉਸ ਦੇ ਹਿਰਦੇ ਵਿੱਚ ਜਰਾ ਜਿੰਨੀ ਵੀ ਮੈਂ ਨਹੀਂ ਰਹਿੰਦੀ। ਉਹ ਸਿਰਫ ਅਤੇ ਸਿਰਫ ਤੂੰ ਦਾ ਹੀ ਰੂਪ ਹੋ ਜਾਂਦਾ ਹੈ।

**ਜਬ ਹਮ ਹੋਤੇ ਤਬ ਤੂ ਨਾ ਹੀ,**
**ਅਬ ਤੂਹੀ ਮੈ ਨਾਹੀ ।।**
**ਅਨਲ ਅਗਮ ਜੈਸੇ ਲਹਿਰ ਮਹਿ ਓਦਧਿ**
**ਜਲ ਕੇਵਲ ਜਲ ਮਾਹੀ।।(ਸੋਰਠਿ, ਪੰਨਾ 658)**


**7. ਨਾਸ਼ਮਾਨਤਾ :-** ਰਵਿਦਾਸ ਬਾਣੀ ਵਿੱਚ ਮਨੁੱਖ ਦੀ ਨਾਸ਼ਮਾਨਤਾ ਦਾ ਜ਼ਿਕਰ ਬਹੁਤ ਖੂਬਸੂਰਤੀ ਨਾਲ ਆਇਆ ਹੈ। ਕਿਸੇ ਵੀ ਮ੍ਰਿਤਕ ਦੇ ਭੋਗ ਤੇ ਪੜ੍ਹਿਆ ਜਾਣ ਵਾਲਾ ਇਹ ਸ਼ਬਦ ਬਹੁਤ ਬੈਰਾਗਮਈ ਵਾਤਾਵਰਣ ਸਿਰਜਦਾ ਹੈ;-

**ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ ।।**
**ਹਾਡ ਮਾਸ ਨਾੜੀ ਕੋ ਪਿੰਜਰ ਪੰਖੀ ਬਸੈ ਬਿਚਾਰਾ ।।**
**ਪ੍ਰਾਨੀ ਕਿਆ ਮੇਰਾ ਕਿਆ ਤੇਰਾ ।। ਜੈਸੇ ਤਰਵਰ ਪੰਖਿ ਬਸੇਰਾ।।.(ਸੋਰਠਿ,ਪੰਨਾ 659)**

**8. ਨਵੇਂ ਸਮਾਜਿਕ-ਰਾਜਨੀਤਿਕ ਪ੍ਰਬੰਧ ਦਾ ਢਾਂਚਾ:-** ਭਗਤ ਰਵਿਦਾਸ ਜੀ ਨੇ ਪਰਮਾਤਮਾ ਦੀ ਭਗਤੀ ਕਰ ਕੇ ਨਿਰਭਉ ਅਤੇ ਨਿਰਵੈਰ ਮਨੁੱਖਾਂ ਦਾ ਇੱਕ ਆਦਰਸ਼ ਸਮਾਜਿਕ-ਰਾਜਨੀਤਿਕ ਢਾਂਚਾ ਆਪਣੀ ਬਾਣੀ ਵਿੱਚ ਖਿੱਚਿਆ ਹੈ। ਜਿਸ ਨਿਜਾਮ ਵਿੱਚ ਸਾਰੇ ਮਨੁੱਖ ਬਰਾਬਰ ਹੋਣਗੇ। ਕਿਸੇ ਨੂੰ ਕੋਈ ਦੁੱਖ ਤਕਲੀਫ ਨਹੀਂ ਹੋਏਗੀ। ਕਿਸੇ ਨੂੰ ਕੋਈ ਡਰ ਨਹੀਂ ਹੋਏਗਾ। ਕੋਈ ਟੈਕਸ ਨਹੀਂ ਦੇਣਾ ਹੋਏਗਾ। ਅਜਿਹੀ ਪਾਤਸ਼ਾਹੀ ਸਦਾ ਕਾਇਮ ਰਹਿਣ ਵਾਲੀ ਹੋਏਗੀ। ਇਸ ਨੂੰ ਉਹਨਾਂ ਨੇ ਬੇਗਮਪੁਰਾ ਦਾ ਨਾਮ ਦਿੱਤਾ ਹੈ।

**ਬੇਗਮਪੁਰਾ ਸਹਰ ਕੋ ਨਾਉ।।**
**ਦੂਖੁ ਅੰਦੋਹੁ ਨਹੀ ਤਿਹਿ ਠਾਉ।।**
**ਨਾ ਤਸਵੀਸ ਖਿਰਾਜੁ ਨ ਮਾਲੁ।।**
**ਖਉਫੁ ਨ ਖਤਾ ਨ ਤਰਸੁ ਜੁਆਲੁ।।**
**ਅਬ ਮੋਹਿ ਖੂਬ ਵਤਨ ਗਹ ਪਾਈ।।**
**ਊਹਾਂ ਖੈਰਿ ਸਦਾ ਮੇਰੇ ਭਾਈ।।**
**(ਗਉੜੀ, ਪੰਨਾ 345)**

ਆਓ, ਅਸੀਂ ਸਾਰੇ ਰਲ-ਮਿਲ ਕੇ ਭਗਤ ਰਵਿਦਾਸ ਜੀ ਦੇ ਸਿਰਜੇ ਹੋਏ ਆਦਰਸ਼ਕ ਬੇਗਮ-ਪੁਰਾ ਦੇ ਨਿਰਮਾਣ ਵਿੱਚ ਆਪਣਾ ਬਣਦਾ ਯੋਗਦਾਨ ਪਾਈਏ। ਉਹਨਾਂ ਦੀ ਬਾਣੀ ਅਨੁਸਾਰ ਚੱਲੀਏ, ਜਾਤ-ਪਾਤ ਦੇ ਵਿਤਕਰੇ ਚੋਂ ਬਾਹਰ ਨਿਕਲ ਕੇ ਸਿਰਫ ਜੋਤ ਨੂੰ ਪਛਾਣੀਏ ਓਤੇ ਸਾਂਝ ਓਤੇ ਭਾਈਵਾਲਤਾ ਵਾਲਾ ਨਰੋਆ ਸਮਾਜ ਸਿਰਜੀਏ।






ਸ੍ਰ. ਮਨੋਜ ਸਿੰਘ ਦੁਹਾਨ ਵਲੋਂ ਲਿਖੀ ਪੁਸਤਕ 'TWO REALMS : Bhagat Dhanna Patshah & Guru Nanak Patshah Revolution of Truth Jats In Sikhism' ਸਰਦਾਰ ਪਰਮਜੀਤ ਸਿੰਘ ਸਰਨਾ ਸਾਬਕਾ ਪ੍ਰਧਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਰਫੂਦੀਨ ਅਹਿਮਦ ਸਾਹਿਬ, ਐਡਵੋਕੇਟ ਸੁਪਰੀਮ ਕੋਰਟ ਦਿੱਲੀ ਨੂੰ ਭੇਟ ਕੀਤੀ।

# ਫੋਰਬਸ ਨੇ ਦੁਨੀਆ ਦੇ 10 ਸਭ ਤੋਂ ਸ਼ਕਤੀਸ਼ਾਲੀ ਦੇਸ਼ਾਂ ਦੀ ਸੂਚੀ ਕੀਤੀ ਜਾਰੀ



ਨਵੀਂ ਦਿੱਲੀ : ਫੋਰਬਸ ਨੇ ਦੁਨੀਆ ਦੇ 10 ਸਭ ਤੋਂ ਸ਼ਕਤੀਸ਼ਾਲੀ ਦੇਸ਼ਾਂ ਦੀ ਸੂਚੀ ਜਾਰੀ ਕੀਤੀ ਹੈ, ਭਾਰਤ ਇਸ ਸੂਚੀ 'ਚੋਂ ਬਾਹਰ ਰਹਿ ਗਿਆ ਹੈ। ਫੋਰਬਸ ਦੀ 2025 ਦੀ ਇਸ ਨਵੀਂ ਸੂਚੀ 'ਚ ਟਾਪ 10 'ਚ ਅਮਰੀਕਾ ਪਹਿਲੇ ਸਥਾਨ 'ਤੇ ਹੈ ਜਦਕਿ ਚੀਨ ਦੂਜੇ ਸਥਾਨ 'ਤੇ ਹੈ। ਇਜ਼ਰਾਈਲ ਨੇ ਟਾਪ 10 'ਚ ਦਸਵੇਂ ਸਥਾਨ 'ਤੇ ਕਬਜ਼ਾ ਕੀਤਾ ਹੈ।

ਫੋਰਬਸ ਦੀ ਇਸ ਸੂਚੀ 'ਚ ਭਾਰਤ ਨੂੰ ਟਾਪ 10 'ਚੋਂ ਬਾਹਰ ਰੱਖਣ 'ਤੇ ਕਈ ਗੰਭੀਰ ਸਵਾਲ ਖੜ੍ਹੇ ਹੋ ਰਹੇ ਹਨ। ਪਰ ਫੋਰਬਸ ਨੇ ਕਿਹਾ ਹੈ ਕਿ ਰੈਂਕਿੰਗ ਜਾਰੀ ਕਰਦੇ ਸਮੇਂ ਇਹ ਕਈ ਤਰ੍ਹਾਂ ਦੇ ਮਾਪਦੰਡਾਂ ਦੀ ਜਾਂਚ ਕਰਦਾ ਹੈ ਅਤੇ ਫਿਰ ਸੂਚੀ ਜਾਰੀ ਕੀਤੀ ਜਾਂਦੀ ਹੈ।

ਫੋਰਬਸ ਨੇ ਸਮਝਾਇਆ ਕਿ ਪਾਵਰ ਸਬ-ਰੈਂਕਿੰਗ ਪੰਜ ਮੁੱਖ ਗੁਣਾਂ ਦੇ 'ਸਕੋਰਾਂ ਦੀ ਬਰਾਬਰ ਵਜ਼ਨ ਔਸਤ' 'ਤੇ ਆਧਾਰਿਤ ਹੈ ਜੋ ਕਿਸੇ ਦੇਸ਼ ਦੀ ਸ਼ਕਤੀ ਨੂੰ ਦਰਸਾਉਂਦੇ ਹਨ। ਇਸਦੇ ਲਈ, ਫੋਰਬਸ ਜਿਨ੍ਹਾਂ ਬਿੰਦੂਆਂ 'ਤੇ ਸੂਚੀ ਵਿੱਚ ਸ਼ਾਮਲ ਦੇਸ਼ਾਂ ਦੀ ਜਾਂਚ ਕਰਦਾ ਹੈ ਉਨ੍ਹਾਂ 'ਚ ਇੱਕ ਨੇਤਾ, ਆਰਥਿਕ ਪ੍ਰਭਾਵ, ਰਾਜਨੀਤਿਕ ਪ੍ਰਭਾਵ, ਮਜ਼ਬੂਤ ਅੰਤਰਰਾਸ਼ਟਰੀ ਗਠਜੋੜ ਅਤੇ ਇੱਕ ਮਜ਼ਬੂਤ ਫੌਜ ਹਨ।

ਫੋਰਬਸ ਦੀ ਸੂਚੀ BAV ਸਮੂਹ ਦੁਆਰਾ ਤਿਆਰ ਕੀਤੀ ਗਈ ਹੈ ਜੋ ਗਲੋਬਲ ਮਾਰਕੀਟਿੰਗ ਸੰਚਾਰ ਕੰਪਨੀ WPP ਦੀ ਇੱਕ ਇਕਾਈ ਹੈ। ਇਸ ਰੈਂਕਿੰਗ ਨੂੰ ਤਿਆਰ ਕਰਨ ਵਾਲੀ ਖੋਜ ਟੀਮ ਦੀ ਅਗਵਾਈ ਯੂਨੀਵਰਸਿਟੀ ਆਫ ਪੈਨਸਿਲਵੇਨੀਆ ਦੇ ਵਾਰਟਨ ਸਕੂਲ ਦੇ ਪ੍ਰੋਫੈਸਰ ਡੇਵਿਡ ਰੀਬਸਟੀਨ ਨੇ ਕੀਤੀ ਹੈ ਅਤੇ ਇਸ ਤਰ੍ਹਾਂ ਕਈ ਮਾਪਦੰਡਾਂ ਦੀ ਜਾਂਚ ਕਰਨ ਤੋਂ ਬਾਅਦ ਇਹ ਸੂਚੀ ਤਿਆਰ ਕੀਤੀ ਗਈ ਹੈ। ਭਾਰਤ ਦੇ ਨਾਲ-ਨਾਲ ਪਾਕਿਸਤਾਨ ਵੀ ਇਸ ਸੂਚੀ 'ਚ ਟਾਪ 10 'ਚ ਕਿਤੇ ਵੀ ਨਹੀਂ ਹੈ।

| ਪਾਵਰ ਰੈਂਕ ਅਤੇ ਦੇਸ਼ | ਜੀਡੀਪੀ | ਆਬਾਦੀ |
|---|---|---|
| ਅਮਰੀਕਾ | 30.34 ਟ੍ਰਿਲੀਅਨ ਡਾਲਰ | 34.5 ਕਰੋੜ |
| ਚੀਨ | 19.53 ਟ੍ਰਿਲੀਅਨ ਡਾਲਰ | 141.9 ਕਰੋੜ |
| ਰੂਸ | 2.2 ਟ੍ਰਿਲੀਅਨ ਡਾਲਰ | 144.4 ਕਰੋੜ |
| ਯੂਨਾਈਟਡ ਕਿੰਗਡਮ | 3.73 ਟ੍ਰਿਲੀਅਨ ਡਾਲਰ | 6.91 ਕਰੋੜ |
| ਜਰਮਨੀ | 4.92 ਟ੍ਰਿਲੀਅਨ ਡਾਲਰ | 8.45 ਕਰੋੜ |
| ਦੱਖਣੀ ਕੋਰੀਆ | 1.95 ਟ੍ਰਿਲੀਅਨ ਡਾਲਰ | 5.17 ਕਰੋੜ |
| ਫਰਾਂਸ | 3.28 ਟ੍ਰਿਲੀਅਨ ਡਾਲਰ | 6.65 ਕਰੋੜ |
| ਜਾਪਾਨ | 4.39 ਟ੍ਰਿਲੀਅਨ ਡਾਲਰ | 12.37 ਕਰੋੜ |
| ਸਾਊਦੀ ਅਰਬ | 1.14 ਟ੍ਰਿਲੀਅਨ ਡਾਲਰ | 3.39 ਕਰੋੜ |
| ਇਜ਼ਰਾਈਲ | 550.91 ਬਿਲੀਅਨ ਡਾਲਰ | 93.8 ਲੱਖ |

# ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਬਜਾਜ ਕੰਪਨੀ ਵੱਲੋਂ ਮੋਟਰਸਾਈਕਲ ਭੇਟ

## ਸ਼੍ਰੋਮਣੀ ਕਮੇਟੀ ਵੱਲੋਂ ਬਜਾਜ ਕੰਪਨੀ ਦੇ ਅਧਿਕਾਰੀਆਂ ਨੂੰ ਕੀਤਾ ਸਨਮਾਨਿਤ



ਅੰਮ੍ਰਿਤਸਰ : ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਵਿਖੇ ਅੱਜ ਬਜਾਜ ਕੰਪਨੀ ਵੱਲੋਂ ਇਕ ਮੋਟਰਸਾਈਕਲ ਫਰੀਡਮ 125 (ਸੀਐਨਜੀ) ਭੇਟ ਕੀਤਾ ਗਿਆ, ਜਿਸ ਦੀਆਂ ਚਾਬੀਆਂ ਬਜਾਜ ਕੰਪਨੀ ਦੇ ਅਧਿਕਾਰੀਆਂ ਵੱਲੋਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਅਤੇ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ ਨੂੰ ਸੌਂਪੀਆਂ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਨੇ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ਰਧਾਲੂਆਂ ਵੱਲੋਂ ਸ਼ਰਧਾ ਅਰਪਨ ਕਰਦਿਆਂ ਵੱਖ-ਵੱਖ ਤਰ੍ਹਾਂ ਸੇਵਾਵਾਂ ਵਿਚ ਹਿੱਸਾ ਪਾਇਆ ਜਾਂਦਾ ਹੈ ਅਤੇ ਬਹੁਤ ਸਾਰੀਆਂ ਕੰਪਨੀਆਂ ਵੱਲੋਂ ਆਪਣੇ ਨਵੇਂ ਵਹੀਕਲ ਵੀ ਭੇਟ ਕੀਤੇ ਜਾਂਦੇ ਹਨ। ਇਸੇ ਤਹਿਤ ਹੀ ਅੱਜ ਬਜਾਜ ਕੰਪਨੀ ਵੱਲੋਂ ਇਕ ਨਵਾਂ ਮੋਟਰਸਾਈਕਲ ਭੇਟਾ ਕਰਕੇ ਗੁਰੂ ਸਾਹਿਬ ਦਾ ਸ਼ੁਕਰਾਨਾ ਕੀਤਾ ਗਿਆ ਹੈ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੇ ਬਜਾਜ ਕੰਪਨੀ ਦੇ ਰੀਜਨਲ ਮੈਨੇਜਰ ਸ. ਮਨਪ੍ਰੀਤ ਸਿੰਘ ਬਿੰਦਰਾ ਤੇ ਹੋਰ ਅਧਿਕਾਰੀਆਂ ਨੂੰ ਗੁਰੂ ਬਖ਼ਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਵਧੀਕ ਸਕੱਤਰ ਸ. ਬਿਜੈ ਸਿੰਘ, ਮੀਤ ਸਕੱਤਰ ਸ. ਹਰਭਜਨ ਸਿੰਘ ਵਕਤਾ, ਸੁਪ੍ਰਿੰਟੈਂਡੈਂਟ ਸ. ਨਿਸ਼ਾਨ ਸਿੰਘ, ਇੰਚਾਰਜ ਸ. ਮੇਜਰ ਸਿੰਘ ਸ. ਗੁਰਮੀਤ ਸਿੰਘ ਮੁਕਤਸਰੀ, ਸੂਚਨਾ ਅਧਿਕਾਰੀ ਸ. ਅੰਮ੍ਰਿਤਪਾਲ ਸਿੰਘ, ਬਜਾਜ ਕੰਪਨੀ ਵੱਲੋਂ ਸ. ਹਰਦੀਪ ਸਿੰਘ ਨਲਵਾ ਤੇ ਪੰਜਾਬ ਭਰ ਦੇ ਵੱਖ-ਵੱਖ ਡੀਲਰ ਵੀ ਮੌਜੂਦ ਸਨ।



ਮੱਧ ਪ੍ਰਦੇਸ਼ ਦੇ 103 ਸਿਕਲੀਗਰ ਸਿੱਖ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਖੰਡੇ ਬਾਟੇ ਦੀ ਪਾਹੁਲ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ। ਇਨ੍ਹਾਂ ਸਿੱਖਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਭੇਟਾ ਰਹਿਤ ਕਕਾਰ ਮੁਹੱਈਆ ਕਰਵਾਏ ਗਏ।


# ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਦੇ ਪਿਤਾ ਵੱਲੋਂ ਗੁਰਦੁਆਰਾ ਚੋਣ ਕਮਿਸ਼ਨ ਨਾਲ ਮੁਲਾਕਾਤ

## ਨਵੀਆਂ ਵੋਟਾਂ ਬਣਾਉਣ ਦੇ ਮਾਮਲੇ 'ਤੇ ਕੀਤੀ ਚਰਚਾ



ਚੰਡੀਗੜ੍ਹ : ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਅੱਜ ਚੰਡੀਗੜ੍ਹ ਵਿਚ ਗੁਰਦੁਆਰਾ ਚੋਣ ਕਮਿਸ਼ਨ ਦੇ ਚੀਫ ਕਮਿਸ਼ਨਰ ਜਸਟਿਸ ਸੁਰਿੰਦਰ ਸਿੰਘ ਸਾਰੋਂ ਨਾਲ ਮੁਲਾਕਾਤ ਕੀਤੀ। ਵਫ਼ਦ ਨਾਲ ਪੁੱਜੇ ਤਰਸੇਮ ਸਿੰਘ ਨੇ ਮੁੱਖ ਕਮਿਸ਼ਨਰ ਨਾਲ ਨਵੀਆਂ ਵੋਟਾਂ ਬਣਾਉਣ ਦੇ ਮਾਮਲੇ 'ਤੇ ਚਰਚਾ ਕੀਤੀ। ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅਮ੍ਰਿਤਪਾਲ ਸਿੰਘ ਐੱਨਐੱਸਏ ਤਹਿਤ ਇਸ ਵੇਲੇ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਹੈ।

ਅਕਾਲੀ ਦਲ (ਵਾਰਿਸ ਪੰਜਾਬ ਦੇ) ਵੱਲੋਂ ਤਰਸੇਮ ਸਿੰਘ ਤੇ ਸੀਨੀਅਰ ਆਗੂ ਭਾਈ ਸਰਵਣ ਸਿੰਘ ਅਗਵਾਨ ਦੀ ਅਗਵਾਈ ਵਿੱਚ ਇੱਕ ਵਫਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦੇ ਸਬੰਧ ਵਿੱਚ ਜਸਟਿਸ ਸੁਰਿੰਦਰ ਸਿੰਘ ਸਾਰੋਂ ਨੂੰ ਮਿਲਿਆ। ਵਫ਼ਦ ਨੇ ਕਿਹਾ ਕਿ ਜ਼ਿਲ੍ਹਾ ਪੱਧਰ 'ਤੇ ਵੋਟਾਂ ਬਣਾਉਣ ਲਈ ਜਿਸ ਰਫ਼ਤਾਰ ਨਾਲ ਕੰਮ ਹੋਣਾ ਚਾਹੀਦਾ ਸੀ ਉਹ ਨਹੀਂ ਹੋ ਰਿਹਾ। ਨੌਜਵਾਨਾਂ ਦੀਆਂ ਵੋਟਾਂ ਬਣਾਉਣ ਤੋਂ ਟਾਲਾ ਵੱਟਿਆ ਜਾ ਰਿਹਾ ਹੈ। ਸਿੱਖ ਵਸੋਂ ਦੀ ਗਿਣਤੀ ਦੇ ਪੱਖੋਂ ਜੇ ਦੇਖਿਆ ਜਾਏ ਤਾਂ ਬਣ ਚੁਕੀਆਂ ਵੋਟਾਂ ਦੀ ਗਿਣਤੀ ਅਜੇ ਵੀ ਬਹੁਤ ਘੱਟ ਹੈ। ਉਨ੍ਹਾਂ ਮੰਗ ਕੀਤੀ ਕਿ ਪੰਜਾਬ ਸਰਕਾਰ ਨੂੰ ਜ਼ਿਲ੍ਹਾ ਪ੍ਰਸ਼ਾਸਨ ਨੂੰ ਸਪੈਸ਼ਲ ਆਦੇਸ਼ ਦਿੰਦੇ ਹੋਏ ਇਸ ਸਬੰਧੀ ਵੋਟਾਂ ਬਣਾਉਣ ਲਈ ਵਿਸ਼ੇਸ਼ ਮੁਹਿੰਮ ਚਲਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸੰਗਤ ਨੂੰ ਹੁਣ ਤੋਂ ਹੀ ਆਪੋ ਆਪਣੇ ਹਲਕਿਆਂ ਵਿੱਚ ਸ਼੍ਰੋਮਣੀ ਕਮੇਟੀ ਚੋਣਾਂ ਲਈ ਧਰਮ ਪਰਪੱਕ ਨੌਜਵਾਨਾਂ ਦੀ ਚੋਣ ਕਰਕੇ ਇੱਕ ਉਮੀਦਵਾਰ 'ਤੇ ਹੀ ਸਰਬਸੰਮਤੀ ਬਣਾਉਣੀ ਚਾਹੀਦੀ ਹੈ।


ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ
ਤੇ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ ॥
ਧੰਨ-ਧੰਨ ਸ੍ਰੀ ਗੁਰੂ ਰਵਿਦਾਸ ਜੀ
ਮਹਾਰਾਜ ਦੇ 648ਵੇਂ
ਆਗਮਨ ਪੁਰਬ ਦੀਆਂ
ਲੱਖ-ਲੱਖ
ਵਧਾਈਆਂ
ਸੰਤੋਖ ਸਿੰਘ ਸਰੋਆ, ਰਣਜੀਤ ਕੌਰ ਸਰੋਆ ਅਤੇ ਸਮੂਹ ਸਰੋਆ ਪਰਿਵਾਰ


ਤੋਹੀ ਮੋਹੀ ਮੋਹੀ ਤੋਹੀ ਅੰਤਰ ਕੈਸਾ ॥
ਕਨਕ ਕਟਿਕ ਜਲ ਤਰੰਗ ਜੈਸਾ ॥
ਹਰਿ
ਧੰਨ ਧੰਨ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 648ਵੇਂ
ਪਾਵਨ ਪਵਿੱਤਰ ਪ੍ਰਕਾਸ਼ ਦਿਵਸ ਦੀਆਂ ਸਮੂਹ ਲੋਕਾਈ ਨੂੰ
ਲੱਖ-ਲੱਖ ਵਧਾਈਆਂ
ਵਾਹਿਗੁਰੂ ਜੀ ਆਪ ਸਭ ਦੇ ਜੀਵਨ ਵਿਚ ਨਾਮ
ਬਾਣੀ ਅਤੇ ਖੁਸ਼ੀਆਂ ਦਾ ਪ੍ਰਕਾਸ਼ ਕਰਨ।
ਕਮਿਊਨਟੀ ਦੇ ਨਿਸ਼ਕਾਮ ਸੇਵਕ,
ਨੌਜਵਾਨ ਸਿੱਖ ਆਗੂ ਅਤੇ
ਸ਼੍ਰੀ ਗੁਰੂ ਰਵੀਦਾਸ ਸਭਾ ਪਿਟਸਬਰਗ
ਕੈਲੀਫੋਰਨੀਆ ਦੇ
ਸਾਬਕਾ ਜਰਨਲ ਸਕੱਤਰ
ਸ:ਸੰਤੋਖ ਸਿੰਘ ਝਿੰਗੜਾ

# ਗਣਤੰਤਰ ਕਿਸੇ ਵਿਅਕਤੀ, ਪਾਰਟੀ ਜਾਂ ਵਿਚਾਰਧਾਰਾ ਦੀ ਜਾਗੀਰ ਨਹੀਂ

ਗਣਤੰਤਰ ਕਿਸੇ ਵਿਅਕਤੀ, ਪਾਰਟੀ ਜਾਂ ਵਿਚਾਰਧਾਰਾ ਦੀ ਜਾਗੀਰ ਨਹੀਂ ਹੈ ਤੇ ਨਾ ਹੀ ਇਹ ਕੇਵਲ ਸਰਕਾਰੀ ਉਤਸਵ ਦਾ ਮੁਥਾਜ ਹੈ। ਗਣਤੰਤਰ ਦੀ ਮਹੱਤਤਾ ਸਾਡੇ ਰੋਜ਼ਾਨਾ ਦੀ ਜੀਵਨ-ਜਾਚ ਤੇ ਵਰਤਾਰੇ ਦਾ ਇਕ ਮਹੱਤਵਪੂਰਨ ਹਿੱਸਾ ਹੈ। ਇਹ ਦੇਸ਼ ਦੇ ਸਾਰੇ ਲੋਕਾਂ ਦੇ ਇਕ ਮਹੱਤਵਪੂਰਨ ਪ੍ਰਤੀਕ ਦੀ ਨਿਸ਼ਾਨੀ ਹੈ। ਪ੍ਰੰਤੂ ਇਸ ਵੇਲੇ ਦੇਸ਼ ਦੇ ਰਾਜਨੀਤਕ, ਸਮਾਜਿਕ, ਆਰਥਿਕ ਹਾਲਾਤ ਨੂੰ ਸਾਹਮਣੇ ਰੱਖਦੇ ਹੋਏ ਇਹ ਅੰਦਾਜ਼ਾ ਲਾਉਣਾ ਮੁਸ਼ਕਲ ਨਹੀਂ ਹੈ, ਕਿ ਦੇਸ਼ ਦਾ ਗਣਤੰਤਰ ਬਹੁਤ ਵੱਡੇ ਇਮਤਿਹਾਨ ਵਿਚੋਂ ਨਿਕਲ ਰਿਹਾ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਦੇਸ਼ ਵਿਚ ਪਿਛਲੇ ਤਕਰੀਬਨ ਇਕ ਦਹਾਕੇ ਤੋਂ ਰਾਜ ਕਰਨ ਵਾਲੀ ਧਿਰ ਹਰ ਕੋਸ਼ਿਸ਼ ਰਾਹੀਂ ਗਣਤੰਤਰ ਤੇ ਇਸਦੀਆਂ ਸੰਸਥਾਵਾਂ ਨੂੰ ਆਪਣੇ ਤਰੀਕੇ ਨਾਲ ਢਾਲ ਰਹੀ ਹੈ ਜਿਸ ਨਾਲ ਆਉਣ ਵਾਲਾ ਸਮਾਂ ਦੇਸ਼ ਦੇ ਸਾਹਮਣੇ ਵੱਡੇ ਸਵਾਲ ਪੈਦਾ ਕਰ ਰਿਹਾ ਹੈ।

ਦੇਸ਼ 26 ਜਨਵਰੀ 2025 ਨੂੰ ਆਪਣਾ 76ਵਾਂ ਗਣਤੰਤਰ ਦਿਵਸ ਪਿਛਲੇ ਸਾਲਾਂ ਨਾਲੋਂ ਜ਼ਿਆਦਾ ਜੋਸ਼ ਨਾਲ ਮਨਾ ਰਿਹਾ ਹੈ, ਇਹ ਉਹ ਇਤਿਹਾਸਕ ਦਿਨ ਹੈ ਜਿਸ ਦਿਨ ਅੰਗਰੇਜ਼ ਰਾਜ ਦੇ 1935 ਵਿੱਚ ਬਣੇ ਵੱਡੇ ਕਾਨੂੰਨ Government of India Act AICE ਦੀ ਜਗ੍ਹਾ ਭਾਰਤ ਦਾ ਆਪਣਾ ਸੰਵਿਧਾਨ ਲਾਗੂ ਹੋਇਆ। ਇਹ ਉਹੀ ਸੰਵਿਧਾਨ ਹੈ ਜਿਸ ਕਰਕੇ ਭਾਰਤ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰੀ ਨਿਜਾਮ ਵਜੋਂ ਜਾਣਿਆ ਜਾਂਦਾ ਹੈ। ਭਾਵੇਂ ਮਸੌਦਾ ਕਮੇਟੀ ਨੇ ਆਪਣੀ ਅਣਥੱਕ ਮਿਹਨਤ, ਲਗਨ, ਦਿਆਨਤਦਾਰੀ ਤੇ ਬੁੱਧੀਮਤੀ ਨਾਲ ਇਹ ਸੰਵਿਧਾਨ ਦੋ ਸਾਲ ਗਿਆਰਾਂ ਮਹੀਨੇ ਤੇ ਸਤਾਰਾਂ ਦਿਨਾਂ ਵਿਚ ਤਿਆਰ ਕੀਤਾ ਸੀ ਪਰ ਇਸ ਦੇ ਪਿੱਛੇ ਲੰਮੇ ਸਮੇਂ ਦੀ ਲੋਕ ਜੱਦੋਜਹਿਦ, ਲੱਖਾਂ ਲੋਕਾਂ ਦੀਆਂ ਕੁਰਬਾਨੀਆਂ, ਤਿਆਗ ਤੇ ਅਸਹਿ ਤਸੀਹੇ ਸਨ ਜਿਨ੍ਹਾਂ ਦੀ ਬਦੋਲਤ ਹਿੰਦੋਸਤਾਨ ਨੇ ਇਕ ਬਹੁਤ ਤਾਕਤਵਰ ਸਾਮਰਾਜ ਤੋਂ ਆਜ਼ਾਦੀ ਪ੍ਰਾਪਤ ਕੀਤੀ।

26 ਜਨਵਰੀ ਦਾ ਦਿਨ ਹਰ ਸਾਲ ਦੇਸ਼ ਦੀ ਰਾਜਧਾਨੀ ਦਿੱਲੀ ਤੇ ਵੱਖ-ਵੱਖ ਪ੍ਰਦੇਸ਼ਾਂ ਦੀਆਂ ਰਾਜਧਾਨੀਆਂ ਤੇ ਹੋਰਨਾਂ ਥਾਵਾਂ ਤੇ ਬਹੁਤ ਸ਼ਾਨੋਸ਼ੌਕਤ ਤੇ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ। ਦਿੱਲੀ ਦੇ ਵਿਚ ਆਯੋਜਿਤ ਪ੍ਰੋਗਰਾਮ ਵਿਚ ਵੱਖ-ਵੱਖ ਪ੍ਰੋਗਰਾਮਾਂ ਤੇ ਝਾਕੀਆਂ ਤੋਂ ਇਲਾਵਾ ਦੇਸ਼ ਆਪਣੀ ਸੈਨਿਕ, ਆਰਥਿਕ, ਉਦਯੋਗਿਕ, ਸਾਇੰਸ ਤੇ ਤਕਨਾਲੋਜੀ ਆਦਿ ਖੇਤਰਾਂ ਵਿਚ ਕੀਤੀ ਤਰੱਕੀ ਦੀ ਝਲਕ ਦਿਖਾਉਂਦਾ ਹੈ। ਇਸ ਤੋਂ ਇਲਾਵਾ ਵੱਖ ਵੱਖ ਪ੍ਰਾਂਤਾਂ ਦੀਆਂ ਪ੍ਰਦਰਸ਼ਨੀਆਂ ਤੇ ਝਾਕੀਆਂ ਰਾਹੀਂ ਅਨੇਕਤਾ ਵਿਚ ਏਕਤਾ ਦਾ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਅਸਲ ਵਿਚ ਇਸ ਸਮਾਗਮ ਦੇ ਸ਼ੁਰੂ ਕਰਨ ਪਿੱਛੇ ਸਭ ਤੋਂ ਵੱਡੀ ਧਾਰਨਾ ਗਣਰਾਜ ਨੂੰ ਮਜ਼ਬੂਤ ਕਰਕੇ ਦੇਸ਼ ਨੂੰ ਖ਼ੁਸ਼ਹਾਲ ਬਣਾਉਣ ਦੀ ਸੀ। ਇਸ ਦਿਨ ਸਾਰਾ ਦੇਸ਼ ਇਕ ਨਵੀਂ ਰੰਗਤ ਵਿਚ ਰੰਗਿਆ ਜਾਂਦਾ ਹੈ ਜਿਸ ਨਾਲ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚ ਰਹਿ ਰਹੇ ਲੋਕਾਂ ਵਿਚ ਨਵਾਂ ਜਜ਼ਬਾ ਪੈਦਾ ਕਰਕੇ ਗਣਤੰਤਰ ਨੂੰ ਮਜ਼ਬੂਤ ਕਰਨ ਦਾ ਸੁਪਨਾ ਪੂਰਾ ਹੁੰਦਾ ਹੈ। ਸ਼ੁਰੂ ਤੋਂ ਹੀ ਇਸ ਸਮਾਰੋਹ ਵਿਚ ਇਕ ਵਿਦੇਸ਼ੀ ਮਹਿਮਾਨ (ਰਾਜ ਜਾਂ ਸਰਕਾਰ ਦੇ ਮੁਖੀ) ਨੂੰ ਸੱਦਾ ਦਿੱਤਾ ਜਾਂਦਾ ਹੈ, ਜਿਵੇਂ ਇਸ ਵਾਰੀ ਫ਼ਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੂੰ ਬੁਲਾਇਆ ਗਿਆ ਹੈ। ਏਥੇ ਦੱਸਣਾ ਬਣਦਾ ਹੈ ਕਿ ਪਹਿਲੇ ਗਣਤੰਤਰ 26 ਜਨਵਰੀ 1950 ਨੂੰ ਮੁੱਖ ਮਹਿਮਾਨ ਇੰਡੋਨੇਸ਼ੀਆ ਦੇ ਪ੍ਰਧਾਨ ਸੁਕਾਰਨੋ ਸਨ।

ਮੌਜੂਦਾ ਸਮੇਂ ਦੀ ਰਾਜਨੀਤੀ ਅਤੇ ਦੇਸ਼ ਦੀ ਆਜ਼ਾਦੀ ਤੋਂ ਬਾਅਦ ਵਾਲੀ ਪਹਿਲੀ ਰਾਜਨੀਤੀ ਵਿੱਚ ਵੱਡਾ ਅੰਤਰ ਆ ਗਿਆ ਹੈ, ਇਹ ਵਰਤਾਰਾ ਭਾਵੇਂ ਨਹਿਰੂ ਦੀ ਮੌਤ ਤੋਂ ਬਾਅਦ ਇੰਦਰਾ ਗਾਂਧੀ ਦੇ ਸਮੇਂ ਹੀ ਸ਼ੁਰੂ ਹੋ ਗਿਆ ਸੀ ਪਰ 2014, ਖ਼ਾਸ ਕਰਕੇ 2019 ਤੋਂ ਬਾਅਦ ਇਸ ਵਿਚ ਵੱਡੀ ਤਬਦੀਲੀ ਆਈ ਹੈ। ਜਵਾਹਰ ਲਾਲ ਨਹਿਰੂ ਦੇ ਸਮੇਂ ਦੇ ਸਿਆਸਤਦਾਨ ਤੇ ਰਾਜਨੀਤੀਵਾਨ ਆਜ਼ਾਦੀ ਦੀ ਲੜਾਈ ਦੀ ਉਪਜ ਸਨ ਤੇ ਉਨ੍ਹਾਂ ਨੂੰ ਬੜੀ ਜੱਦੋ-ਜਹਿਦ ਬਾਅਦ ਪ੍ਰਾਪਤ ਹੋਈ ਆਜ਼ਾਦੀ ਦੀ ਕੀਮਤ ਦਾ ਅਹਿਸਾਸ ਸੀ। ਉਨ੍ਹਾਂ ਵਿਚੋਂ ਬਹੁਤ ਸਾਰੇ ਉੱਚ ਪਾਏ ਦੇ ਵਿਦਵਾਨ ਦਾਨਿਸ਼ਮੰਦ ਤੇ ਆਮ ਲੋਕਾਂ ਵਿਚੋਂ ਆਏ ਹੋਏ ਲੋਕ ਸਨ ਜਿਨ੍ਹਾਂ ਦਾ ਮੁੱਖ ਮਕਸਦ ਇਕ ਅਜਿਹਾ ਨਿਜ਼ਾਮ ਸਥਾਪਿਤ ਕਰਨਾ ਸੀ, ਜੋ ਮਹਾਤਮਾ ਗਾਂਧੀ ਦੇ ਆਜ਼ਾਦੀ ਦੇ ਪਰਵਾਨਿਆਂ ਦੀ ਸੋਚ ਦਾ ਹੋਵੇ। ਉਨ੍ਹਾਂ ਦਾ ਰਾਜਨੀਤਕ ਵਰਤਾਰਾ ਬਹੁਤ ਉੱਚਾ ਤੇ ਸੁੱਚਾ ਸੀ ਤੇ ਰਾਜਨੀਤੀ ਉਨ੍ਹਾਂ ਲਈ ਲੋਕ ਸੇਵਾ ਦਾ ਇਕ ਉੱਤਮ ਮਾਧਿਅਮ ਸੀ। ਉਹ ਪੂਰੀ ਤਰ੍ਹਾਂ ਲੋਕਾਂ ਤੇ ਸਮਾਜ ਨੂੰ ਸਮਰਪਿਤ ਸਨ। ਇਸ ਦੇ ਨਾਲ ਹੀ ਰਾਜ ਕਰਦੀ ਕਾਂਗਰਸ ਪਾਰਟੀ ਤੇ ਸਰਕਾਰ ਦਾ ਮੁੱਖ ਮਕਸਦ ਦੇਸ਼ ਨੂੰ ਗਰੀਬੀ, ਅਨਪੜ੍ਹਤਾ, ਪਛੜੇਪਨ ਆਦਿ ਵਿਚੋਂ ਬਾਹਰ ਕੱਢ ਕੇ ਵਿਕਸਿਤ ਰਾਜ ਦੀ ਸਥਾਪਨਾ ਕਰਨਾ ਸੀ। ਰਾਜ ਕਰਨ ਵਾਲੀ ਧਿਰ ਨੂੰ ਪਤਾ ਸੀ ਕਿ ਬਿਨਾਂ ਵੱਡੀ ਆਰਥਿਕ ਤਰੱਕੀ ਦੇ ਦੇਸ਼ ਵਿਚ ਰਾਜਨੀਤਕ ਸਥਿਰਤਾ ਨਹੀਂ ਲਿਆਂਦੀ ਜਾ ਸਕਦੀ। ਇਸ ਤੋਂ ਇਲਾਵਾ ਬਿਨਾਂ ਤਰਕ ਆਧਾਰਿਤ ਸਮਾਜ ਦੀ ਸਥਾਪਨਾ ਕੀਤੇ ਦੇਸ਼ ਤੇ ਸਮਾਜ ਅੱਗੇ ਨਹੀਂ ਵੱਧ ਸਕਦੇ। ਇਸ ਲਈ ਬਹੁਤ ਸਾਰੀਆਂ ਮੁਸ਼ਕਲਾਂ ਦੇ ਬਾਵਜੂਦ ਸਰਕਾਰ ਨੇ ਪੰਜ ਬਹੁਤ ਵੱਡੇ-ਵੱਡੇ ਫੈਸਲੇ ਲਏ ਤੇ ਗਣਰਾਜ ਦੀ ਨੀਂਹ ਮਜ਼ਬੂਤ ਕੀਤੀ। ਇਨ੍ਹਾਂ ਵਿਚ ਪੰਜ ਸਾਲਾ ਯੋਜਨਾਵਾਂ ਨੂੰ ਲਾਗੂ ਕਰਨਾ, ਵੱਡੇ ਵੱਡੇ ਉਦਯੋਗ, ਵਿੱਦਿਅਕ ਸੰਸਥਾਵਾਂ, ਡੈਮ ਆਦਿ ਬਣਵਾਉਣੇ, ਜਿਸ ਨਾਲ ਨਵੇਂ ਹਿੰਦੁਸਤਾਨ ਦੀ ਨੀਂਹ ਰੱਖੀ ਗਈ। ਸਰਕਾਰ ਦੇ ਹੋਰ ਬਹੁਤ ਸਾਰੇ ਫੈਸਲਿਆਂ ਨਾਲ ਆਰਥਿਕ ਤੇ ਸਮਾਜਿਕ ਬਰਾਬਰੀ ਪੈਦਾ ਕਰਨ ਦੇ ਯਤਨ ਕੀਤੇ ਗਏ। ਇਨ੍ਹਾਂ ਸਭ ਯਤਨਾਂ ਦਾ ਮਕਸਦ ਇਕ ਤਾਕਤਵਰ ਗਣਰਾਜ ਦੀ ਨੀਂਹ ਰੱਖਣਾ ਸੀ, ਜਿਸ ਵਿਚ ਹਰ ਨਾਗਰਿਕ ਪ੍ਰਸਤਾਵਨਾ


ਜਗਰੂਪ ਸਿੰਘ ਸੇਖੋਂ
94170-75563




ਵਿਚ ਦਿੱਤੇ ਹੋਏ ਅਧਿਕਾਰਾਂ ਨੂੰ ਮਾਣ ਸਕੇ। 1950 ਤੋਂ ਲੈ ਕੇ ਹੁਣ ਤੱਕ ਗਣਤੰਤਰ ਨੇ ਬਹੁਤ ਉਤਾਰ ਚੜ੍ਹਾਅ ਦੇਖੇ ਹਨ। ਸਭ ਤੋਂ ਵੱਡਾ ਖ਼ਤਰਾ 1960 ਦੇ ਦਹਾਕੇ ਵਿਚ ਆਇਆ ਜਦੋਂ ਦੇਸ਼ ਦੇ ਰਾਜਨੀਤਕ, ਆਰਥਿਕ ਹਾਲਾਤ ਕਾਫੀ ਡਾਵਾਂਡੋਲ ਹੋ ਗਏ। ਇਨ੍ਹਾਂ ਵਿਚ ਚੀਨ ਤੇ ਪਾਕਿਸਤਾਨ ਨਾਲ 1962 ਤੇ 1965 ਵਿਚ ਹੋਈਆਂ ਲੜਾਈਆਂ ਤੇ ਪ੍ਰਧਾਨ ਮੰਤਰੀ ਨਹਿਰੂ ਦੀ 1964 ਲਾਲ ਬਹਾਦੁਰ ਸ਼ਾਸਤਰੀ ਦੀ 1966 ਵਿਚ ਹੋਈ ਮੌਤ ਅਤੇ ਦੇਸ਼ ਵਿਚ ਅਨਾਜ ਦੀ ਭਾਰੀ ਕਮੀ ਤੇ ਫਸਲਾਂ ਦਾ ਸੋਕਾ, ਕਾਂਗਰਸ ਪਾਰਟੀ ਦਾ ਕਮਜ਼ੋਰ ਹੋ ਜਾਣਾ ਆਦਿ



ਚਣੌਤੀਆਂ ਸ਼ਾਮਿਲ ਸਨ। 1967 ਦੀਆਂ ਚੋਣਾਂ ਵਿਚ ਕਾਂਗਰਸ ਦੀ 9 ਰਾਜਾਂ ਵਿਚ ਹਾਰ, ਰੁਪਏ ਦੀ ਘਟਦੀ ਕੀਮਤ, ਵਧੀਆਂ ਕੀਮਤਾਂ ਨੇ ਗਣਤੰਤਰ ਅੱਗੇ ਵੱਡੇ ਸਵਾਲ ਪੈਦਾ ਕੀਤੇ। ਇਹ ਉਹ ਸਮਾਂ ਸੀ ਜਦੋਂ ਗਣਤੰਤਰ ਲਈ ਵੱਡਾ ਖ਼ਤਰਾ ਪੈਦਾ ਹੋਇਆ। ਪਰ ਦੇਸ਼ ਦੇ ਕਿਸਾਨਾਂ ਦੁਆਰਾ ਲਿਆਂਦੀ ਗਈ 'ਹਰੀ ਕ੍ਰਾਂਤੀ' ਤੇ ਇੰਦਰਾ ਗਾਂਧੀ ਦੀ ਤਾਕਤਵਰ ਲੀਡਰਸ਼ਿਪ ਨੇ ਗਣਰਾਜ ਨੂੰ ਇਸ ਖਤਰੇ ਵਿਚੋਂ ਬਾਹਰ ਕੱਢਿਆ। ਗਣਰਾਜ ਨੂੰ ਦੂਜਾ ਵੱਡਾ ਖ਼ਤਰਾ ਜੂਨ 1975 ਵਿਚ ਇੰਦਰਾ ਗਾਂਧੀ ਦੁਆਰਾ ਦੇਸ਼ ਵਿਚ ਸੰਕਟਕਾਲੀਨ ਸਥਿਤੀ ਲਾਗੂ ਕਰਨ ਨਾਲ ਹੋਇਆ ਅਜਿਹੇ ਹਾਲਾਤ ਵਿਚ ਗਣਤੰਤਰ ਤੇ ਲੋਕਤੰਤਰ ਹਾਕਮ ਜਮਾਤ ਦੇ ਰਹਿਮ 'ਤੇ ਨਿਰਭਰ ਹੋ ਗਏ। ਪ੍ਰੰਤੂ ਛੇਤੀ ਬਾਅਦ 1977 ਵਿਚ ਹੋਈਆਂ ਚੋਣਾਂ ਤੋਂ ਬਾਅਦ ਨਵੇਂ ਰਾਜਨੀਤਕ ਵਰਤਾਰੇ ਨੇ ਗਣਤੰਤਰ ਨੂੰ ਭਾਵੇਂ ਫਿਰ ਲੀਹਾਂ 'ਤੇ ਲਿਆਂਦਾ, ਪਰ ਉਸ ਤੋਂ ਬਾਅਦ ਹਾਲਾਤ ਜ਼ਿਆਦਾਤਰ ਬਦ ਤੋਂ ਬਦਤਰ ਹੀ ਹੋ ਰਹੇ ਹਨ। ਇਸ ਸਮੇਂ ਤੇ ਇਸ ਤੋਂ ਬਾਅਦ ਵਿਚ ਜਿਹੜੇ ਵੀ ਲੋਕ ਰਾਜਨੀਤੀ ਵਿਚ ਆਏ ਉਹ ਪਹਿਲਾਂ ਦੇ ਰਾਜਨੀਤੀਵਾਨਾਂ ਵਰਗੇ ਨਹੀਂ ਸਨ। ਇਹ ਰਾਜਨੀਤੀ ਵਿਚ ਕੇਵਲ ਸੱਤਾ ਪ੍ਰਾਪਤੀ ਦੇ ਮਕਸਦ ਨਾਲ ਆਏ ਤੇ ਇਨ੍ਹਾਂ ਨੇ ਲੋਕ ਹਿੱਤ ਨਾਲੋਂ ਆਪਣੇ ਤੇ ਆਪਣੀ ਪਾਰਟੀ ਦੇ ਹਿੱਤ ਨੂੰ ਹੀ ਪਹਿਲ ਦਿੱਤੀ। ਇਨ੍ਹਾਂ ਵਿਚੋਂ ਬਹੁਤ ਸਾਰਿਆਂ ਨੇ ਗੈਰ ਲੋਕਤੰਤਰੀ ਤਰੀਕਿਆਂ ਨਾਲ ਸੱਤਾ ਹਾਸਲ ਕੀਤੀ ਤੇ ਸੰਵਿਧਾਨ, ਗਣਤੰਤਰ ਤੇ ਸੰਵਿਧਾਨਕ ਸੰਸਥਾਵਾਂ ਦਾ ਵੱਡਾ ਨੁਕਸਾਨ ਕੀਤਾ। ਇਹਨਾਂ ਅਜਿਹੇ ਲੋਕਾਂ ਤੇ ਉਹਨਾਂ ਦੀਆਂ ਪਾਰਟੀਆਂ ਨੇ ਲੋਕਤੰਤਰੀ ਮਰਿਆਦਾਵਾਂ ਦਾ ਵੱਡਾ ਘਾਣ ਕੀਤਾ ਤੇ ਤਾਕਤ ਨੂੰ ਸਿਰਫ਼ ਆਪਣੇ ਮੁਫਾਦ ਵਾਸਤੇ ਵਰਤਿਆ। ਦੇਸ਼ ਤੇ ਲੋਕਤੰਤਰ ਦੇ ਮੁੱਦਿਆਂ ਨਾਲੋਂ ਇਨ੍ਹਾਂ ਨੇ ਆਪਣੀਆਂ ਜਾਤਾਂ, ਧਰਮਾਂ, ਫਿਰਕਿਆਂ, ਬੋਲੀਆਂ, ਇਲਾਕਿਆਂ ਤੇ ਹੋਰ ਬਹੁਤ ਸਾਰੇ ਸੰਕੀਰਨ ਮੁੱਦਿਆਂ ਦੀ ਰਾਜਨੀਤੀ ਕਰਕੇ ਨਾ ਕੇਵਲ ਸਮਾਜ ਵਿਚ ਹੀ ਵੰਡਾਂ ਪਾਈਆਂ ਬਲਕਿ ਗਣਤੰਤਰ ਲਈ ਵੀ ਵੱਡੇ ਸਵਾਲ ਖੜ੍ਹੇ ਕੀਤੇ। ਇਨ੍ਹਾਂ ਰਾਜਨੀਤੀਵਾਨਾਂ ਤੇ ਪਾਰਟੀਆਂ ਵਿਚ ਵਿਚਾਰਧਾਰਕ ਅਣਹੋਂਦ ਕਰਕੇ ਹੀ ਦੇਸ਼ ਦੀ ਰਾਜਨੀਤੀ ਰਲਗੱਡ ਹੋਈ ਪਈ ਹੈ। ਪਾਰਟੀਆਂ ਵਿਚ ਲਗਾਤਾਰ ਟੁੱਟ ਭੱਜ, ਦਲ ਬਦਲੀ ਇਹ ਆਮ ਵਰਤਾਰਾ ਹੋ ਗਿਆ ਹੈ। ਇਨ੍ਹਾਂ ਰਾਜਨੀਤੀਵਾਨਾਂ ਦੀ ਤਰਜੀਹ ਹਰ ਹਾਲਤ ਵਿਚ ਸੱਤਾ ਹਾਸਲ ਕਰਨਾ ਹੀ ਰਹਿ ਗਈ ਹੈ। ਇਹੀ ਕਾਰਨ ਹੈ ਕਿ ਹੁਣ ਗਣਰਾਜ ਲੋਕਾਂ ਦੀ ਇੱਛਾ 'ਤੇ ਨਹੀਂ ਰਾਜ ਦੀ ਤਾਕਤ ਤੇ ਟਿਕਿਆ ਦਿਖਾਈ ਦਿੰਦਾ ਹੈ। ਹੁਣ ਤਾਂ ਚੋਣਾਂ ਵੀ ਇਕ ਮਹਿਜ ਵਿਖਾਵਾ ਹੀ ਰਹਿ ਗਈਆਂ ਹਨ ਤੇ ਇਹ ਪੈਸੇ, ਬਾਹੂਬਲ, ਪ੍ਰਚਾਰ ਤੇ ਹੋਰ ਬਹੁਤ ਸਾਰੇ ਆਲੋਕਤੰਤਰੀ ਤਰੀਕਿਆਂ ਦੀ ਭੇਟ ਚੜ੍ਹ ਗਿਆ ਹੈ। ਪਿਛਲੀਆਂ ਸਾਰੀਆਂ ਸਰਕਾਰਾਂ ਚੋਣ ਪ੍ਰਬੰਧ ਵਿਚ ਸੁਧਾਰ ਕਰਨ ਦਾ ਵਾਅਦਾ ਕਰਦੀਆਂ ਰਹੀਆਂ ਹਨ ਪਰ ਧਰਾਤਲ ਤੇ ਕੁਝ ਵੀ ਹੁੰਦਾ ਦਿਖਾਈ ਨਹੀਂ ਦੇ ਰਿਹਾ। ਜੇ ਇਹ ਵਰਤਾਰਾ ਏਸ ਤਰੀਕੇ ਨਾਲ ਚਲਦਾ ਰਿਹਾ ਤਾਂ ਉਹ ਦਿਨ ਦੂਰ ਨਹੀਂ ਜਦੋਂ ਲੋਕੀਂ ਚੋਣਾਂ ਵਿਚ ਵੋਟਾਂ ਪਾਉਣ ਤੋਂ ਵੀ ਕੰਨੀ ਕਤਰਾਉਣਗੇ। ਭਾਵੇਂ ਲੋਕ ਗਣਤੰਤਰ ਦੀ ਇਹ ਸਮੱਸਿਆ ਕਾਫੀ ਸਮੇਂ ਤੋਂ ਚਲਦੀ ਆ ਰਹੀ ਹੈ ਪ੍ਰੰਤੂ ਪਿਛਲੇ ਸਾਲਾਂ ਵਿਚ ਨਰਿੰਦਰ ਮੋਦੀ ਦੀ ਸਰਕਾਰ ਵਿਚ ਇਸ ਸੰਬੰਧੀ ਕਾਫੀ ਸਵਾਲ ਖੜ੍ਹੇ ਹੋਏ ਹਨ। ਲੋਕਾਂ ਨੇ ਮੌਜੂਦਾ ਸਰਕਾਰ ਦੇ ਹੋਂਦ ਵਿਚ ਆਉਣ ਤੋਂ ਬਾਅਦ ਲੋਕਤੰਤਰ ਤੇ ਗਣਰਾਜ ਬਾਰੇ ਕਾਫੀ ਸਵਾਲ ਖੜੇ ਕੀਤੇ ਹਨ। ਸਾਰੇ ਵੇਰਵੇ ਖੋਖਣ ਤੋਂ ਬਾਅਦ ਦਿਖਾਈ ਦਿੰਦਾ ਹੈ ਕਿ ਸਰਕਾਰ ਇਕ ਸੋਚੀ ਸਮਝੀ ਸਾਜਿਸ਼ ਤਹਿਤ ਗਣਤੰਤਰ ਨੂੰ ਕਮਜ਼ੋਰ ਕਰਕੇ ਇਕ ਨਵਾਂ ਨਿਜਾਮ ਉਸਾਰਨਾ ਚਾਹੁੰਦੀ ਹੈ। ਪਿਛਲੇ ਸਮੇਂ ਤੋਂ ਲਗਾਤਾਰ ਸੰਵਿਧਾਨਕ ਸੰਸਥਾਵਾਂ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਸੰਵਿਧਾਨ ਦੇ ਮੁੱਢਲੇ ਢਾਂਚੇ ਵਿਚ ਦਿੱਤੇ ਹੋਏ ਉਦੇਸ਼ਾਂ ਨੂੰ ਹੌਲੀ-ਹੌਲੀ ਕਮਜ਼ੋਰ ਕਰਕੇ ਇਕ ਵੱਖਰੀ ਕਿਸਮ ਦੀ ਬਹੁਲਤਵਾਦੀ ਵਿਚਾਰਧਾਰਾ ਅੱਗੇ ਲਿਆਂਦੀ ਜਾ ਰਹੀ। ਦੇਸ਼ ਦੀ ਸਰਵਉੱਚ ਅਦਾਲਤ ਦੇ ਫ਼ੈਸਲੇ ਸੰਸਦ ਦੁਆਰਾ ਬਹੁਮਤ ਦੇ ਜ਼ੋਰ ਨਾਲ ਬਦਲੇ ਜਾ ਰਹੇ ਹਨ। ਦੇਸ਼ ਵਿਚ ਪਾਰਲੀਮੈਂਟ ਦੁਆਰਾ ਕਾਨੂੰਨ ਬਣਾਉਣ ਦੀ ਪ੍ਰਕਿਰਿਆ ਬਿਲਕੁਲ ਹੀ ਨਹਿਰੂ ਯੁਗ ਦੇ ਉਲਟ ਹੈ ਤੇ ਧੱਕੇ ਨਾਲ ਕਾਨੂੰਨ ਬਣਾਏ ਤੇ ਲਾਗੂ ਕੀਤੇ ਜਾ ਰਹੇ ਹਨ। ਦੇਸ਼ ਦੀਆਂ ਸੰਵਿਧਾਨਕ ਸੰਸਥਾਵਾਂ ਤੇ ਏਜੰਸੀਆਂ ਦੀ ਵਿਰੋਧੀ ਧਿਰਾਂ ਨੂੰ ਦਬਾਉਣ ਲਈ ਖੁੱਲ੍ਹੇਆਮ ਵਰਤੋਂ ਹੋ ਰਹੀ ਹੈ। ਗਣਤੰਤਰ ਦੇ ਚੌਥੇ ਸਤੰਭ ਮੀਡੀਆ 'ਤੇ ਸਰਕਾਰੀ ਕੰਟਰੋਲ ਤੇ ਦਮਨ ਨੇ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਹਨ। ਇਸ ਗਣਰਾਜ ਵਿਚ ਹਰ ਪਾਸੇ ਭੈਅ ਪਸਰਿਆ ਹੋਇਆ ਹੈ ਤੇ ਕੋਈ ਵੀ ਰਾਜਨੀਤਕ ਧਿਰ ਖੁੱਲ੍ਹ ਕੇ ਇਸਦੀ ਵਿਰੋਧਤਾ ਨਹੀਂ ਕਰ ਰਹੀ। ਕਾਂਗਰਸ ਦੇ ਰਾਜ ਵਿਚ ਬਣੇ ਲੋਕ ਹਿੱਤ ਕਾਨੂੰਨ ਜਾਣਕਾਰੀ ਦਾ ਅਧਿਕਾਰ, ਮਨਰੇਗਾ ਆਦਿ ਨੂੰ ਬਹੁਤ ਕਮਜ਼ੋਰ ਕਰਕੇ ਆਮ ਆਦਮੀ ਨੂੰ ਰਾਜਨੀਤਕ ਵਰਤਾਰੇ ਵਿਚੋਂ ਬਾਹਰ ਕੱਢਣ ਦੀ ਕੋਸ਼ਿਸ਼ ਜਾਰੀ ਹੈ। ਇਸ ਦੇ ਨਾਲ ਹੀ ਦੇਸ਼ ਦੀਆਂ ਘੱਟ ਗਿਣਤੀਆਂ ਦੇ ਭਵਿੱਖ ਲਈ ਇਸ ਗਣਰਾਜ ਵਿਚ ਕਈ ਸਵਾਲ ਪੈਦਾ ਹੋ ਗਏ ਹਨ। ਅਜਿਹਾ ਲਗਦਾ ਹੈ ਕਿ ਮੌਜੂਦਾ ਗਣਰਾਜ ਸੰਵਿਧਾਨ ਬਣਾਉਣ ਵਾਲਿਆਂ ਦੀ ਸੋਚ ਤੋਂ ਬਿਲਕੁਲ ਉਲਟ ਦਿਸ਼ਾ ਵਿਚ ਜਾ ਰਿਹਾ ਹੈ।


-ਸਾਬਕਾ ਅਧਿਆਪਕ, ਰਾਜਨੀਤੀ ਸ਼ਾਸਤਰ,
ਗੁਰੂ ਨਾਨਕ ਦੇਵ ਯੂਨੀਵਰਸਿਟੀ,
ਅੰਮ੍ਰਿਤਸਰ,


ਧੰਨਵਾਦ ਸਾਹਿਤ ਸੋਸ਼ਲ ਮੀਡੀਆਂ ਤੋਂ



ਜਿਨ੍ਹਾਂ ਨੈਣਾਂ ਕਰੇ ਦੀਵਾਰ ਤੇਰੇ, ਉਹ ਝੁਕੇ ਨਹੀਂ ਸਰਕਾਰਾਂ ਤੋਂ,
ਜਿਨ੍ਹਾਂ ਕੰਨਾਂ ਸੁਣ ਲਏ ਬੋਲ ਤੇਰੇ, ਉਹ ਨਾ ਘਬਰਾਏ ਮਾਰਾਂ ਤੋਂ
ਉਹ ਜਵਾਨੀਆਂ ਮੌਤੋਂ ਨਹੀਂ ਡਰੀਆਂ, ਇਕ ਵਾਰ ਜੋ ਤੈਨੂੰ ਛੋਹ ਗਈਆਂ,
ਤੇਰੀ ਯਾਦ 'ਚ ਲਿਖੀਆਂ ਨਜ਼ਮਾਂ ਜੋ, ਅੱਜ ਉਹ ਵੀ ਬਾਗੀ ਹੋ ਗਈਆਂ।



ਮੈਂ ਸਰੀਰਕ ਮੌਤ ਨੂੰ ਮੌਤ ਨਹੀਂ ਸਮਝਦਾ
ਪਰ ਜ਼ਮੀਰ ਦੇ ਮਰ ਜਾਣ ਨੂੰ ਯਕੀਨਨ ਮੌਤ ਸਮਝਦਾ ਹਾਂ
ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

**20ਵੀਂ ਸਦੀ ਦੇ ਮਹਾਨ ਜਰਨੈਲ ਕੌਮ ਦੀ ਅਖਣ, ਆਬਰੂ ਅਤੇ ਅਜ਼ਾਦੀ ਲਈ ਭਾਰਤੀ ਫਿਰਕੂ ਹਕੂਮਤ ਦੀਆਂ ਜਾਲਮ ਫੌਜਾਂ ਨਾਲ ਜੂਝਦੇ ਹੋਏ ਸ਼ਾਨਾਮੱਤੀ ਸ਼ਹਾਦਤ ਦਾ ਜਾਮ ਪੀਣ ਵਾਲੇ ਮਹਾਨ ਯੋਧੇ**

# ਸ਼ਹੀਦ ਸੰਤ ਬਾਬਾ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਜੀ



## ਦੇ ਪਾਵਨ ਜਨਮ ਦਿਨ ਦੀ ਸਮੂਹ ਖਾਲਸਾ ਪੰਥ ਨੂੰ

# ਲੱਖ-ਲੱਖ ਵਧਾਈ

## ਅਮਰੀਕਾ ਦੇ ਉਘੇ ਸਿੱਖ ਆਗੂ ਅਤੇ ਪੰਥਕ ਆਵਾਜ਼

# ਸ:ਹਰਮਿੰਦਰ ਸਿੰਘ ਸਮਾਣਾ

ਜਿਨ੍ਹਾਂ ਨੈਣਾਂ ਕਰੇ ਦੀਵਾਰ ਤੇਰੇ, ਉਹ ਝੁਕੇ ਨਹੀਂ ਸਰਕਾਰਾਂ ਤੋਂ, ਜਿਨ੍ਹਾਂ ਕੰਨਾਂ ਸੁਣ ਲਏ ਬੋਲ ਤੇਰੇ, ਉਹ ਨਾ ਘਬਰਾਏ ਮਾਰਾਂ ਤੋਂ
ਉਹ ਜਵਾਨੀਆਂ ਮੌਤੋਂ ਨਹੀਂ ਡਰੀਆਂ, ਇਕ ਵਾਰ ਜੋ ਤੈਨੂੰ ਛੋਹ ਗਈਆਂ, ਤੇਰੀ ਯਾਦ 'ਚ ਲਿਖੀਆਂ ਨਜ਼ਮਾਂ ਜੋ, ਅੱਜ ਉਹ ਵੀ ਬਾਗੀ ਹੋ ਗਈਆਂ।



ਮੈਂ ਸਰੀਰਕ ਮੌਤ ਨੂੰ ਮੌਤ ਨਹੀਂ ਸਮਝਦਾ
ਪਰ ਜ਼ਮੀਰ ਦੇ ਮਰ ਜਾਣ ਨੂੰ ਯਕੀਨਨ ਮੌਤ ਸਮਝਦਾ ਹਾਂ
ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

## 20ਵੀਂ ਸਦੀ ਦੇ ਮਹਾਨ ਜਰਨੈਲ ਕੌਮ ਦੀ ਅਖਣ, ਆਬਰੂ ਅਤੇ ਅਜ਼ਾਦੀ ਲਈ ਭਾਰਤੀ ਫਿਰਕੂ ਹਕੂਮਤ ਦੀਆਂ ਜਾਲਮ ਫੌਜਾਂ ਨਾਲ ਜੂਝਦੇ ਹੋਏ ਸ਼ਾਨਾਮੱਤੀ ਸ਼ਹਾਦਤ ਦਾ ਜਾਮ ਪੀਣ ਵਾਲੇ ਮਹਾਨ ਯੋਧੇ

# ਸ਼ਹੀਦ ਸੰਤ ਬਾਬਾ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਜੀ

## ਦੇ ਪਾਵਨ ਜਨਮ ਦਿਨ ਦੀ ਸਮੂਹ ਖਾਲਸਾ ਪੰਥ ਨੂੰ ਲੱਖ-ਲੱਖ ਵਧਾਈ



# ਬੋਪਾਰਾਏ ਬ੍ਰਦਰਜ਼

ਜਸਵਿੰਦਰ ਸਿੰਘ ਬੋਪਾਰਾਏ, ਗੁਰਦੇਵ ਸਿੰਘ ਬੋਪਾਰਾਏ, ਮਲਕੀਤ ਸਿੰਘ ਬੋਪਾਰਾਏ, ਦਲਬੀਰ ਸਿੰਘ ਬੋਪਾਰਾਏ

1033. W Charter Way Stockton CA 95206 (1-5 Hwy4)

*ਜਨਮ ਦਿਹਾੜੇ 'ਤੇ ਵਿਸ਼ੇਸ਼*

# ਸ਼ਹੀਦ ਸਾਹਿਬਜ਼ਾਦਾ ਅਜੀਤ ਸਿੰਘ ਜੀ



ਗੁਰਜੀਵਨ ਸਿੰਘ ਸਿੱਧੂ ਨਥਾਣਾ

ਸਿੱਖ ਗੁਰੂ ਸਾਹਿਬਾਨ ਵੱਲੋਂ ਮਨੁੱਖਤਾ ਦੇ ਸਵੈਮਾਣ, ਮਨੁੱਖੀ ਹੱਕਾਂ ਦੀ ਅਜ਼ਾਦੀ ਤੇ ਧਾਰਮਿਕ ਆਜ਼ਾਦੀ ਦੀ ਬਹਾਲੀ ਲਈ ਸ਼ੁਰੂ ਕੀਤੀ ਸ਼ਹੀਦੀਆਂ ਦੀ ਲੜੀ ਵਿਚ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਦੀ ਸ਼ਹਾਦਤ ਇਤਿਹਾਸ ਦੇ ਸੁਨਹਿਰੀ ਪੰਨਿਆਂ ਉੱਪਰ ਅੰਕਤ ਹੈ। ਸਾਹਿਬਜ਼ਾਦਾ ਅਜੀਤ ਸਿੰਘ ਜੀ ਦਾ ਜਨਮ ਸਰਬੰਸਦਾਨੀ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਘਰ ਮਾਤਾ ਸੁੰਦਰੀ ਜੀ ਦੀ ਕੁੱਖੋਂ 26 ਜਨਵਰੀ 1687 ਈਸਵੀ ਨੂੰ ਸ੍ਰੀ ਪਾਉਂਟਾ ਸਾਹਿਬ ਵਿਖੇ ਹੋਇਆ। ਨਾਨਕਸ਼ਾਹੀ ਡਾਇਰੀ ਅਨੁਸਾਰ ਉਨ੍ਹਾਂ ਦਾ ਜਨਮ ਦਿਹਾੜਾ ਅੱਜ 12 ਫਰਵਰੀ ਨੂੰ ਮਨਾਇਆ ਜਾ ਰਿਹਾ ਹੈ।

ਪਾਉਂਟਾ ਸਾਬਿਹ ਵਿਖੇ ਨਿਵਾਸ ਤੋਂ ਕੁਝ ਸਮੇਂ ਬਾਅਦ ਗੁਰੂ ਸਾਹਿਬ ਦਾ ਪਰਿਵਾਰ ਸ੍ਰੀ ਅਨੰਦਪੁਰ ਸਾਹਿਬ ਵਿਖੇ ਆ ਗਿਆ। ਇਥੇ ਹੀ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੂੰ ਵਿਦਿਆ, ਧਾਰਮਿਕ ਗ੍ਰੰਥਾਂ, ਕਥਨਾ ਅਤੇ ਇਤਿਹਾਸ ਆਦਿ ਬਾਰੇ ਜਾਣੂ ਕਰਵਾਇਆ ਗਿਆ। ਸਾਹਿਬਜ਼ਾਦਾ ਅਜੀਤ ਸਿੰਘ ਬਚਪਨ ਤੋਂ ਹੀ ਬੇਹੱਦ ਤੀਖਣ ਬੁੱਧੀ, ਸਰੀਰਕ ਤੌਰ ਤੇ ਚੁਸਤ ਅਤੇ ਜੋਸ਼ੀਲੇ ਸਨ। ਉਨ੍ਹਾਂ ਨੇ ਖ਼ਾਲਸਾ ਫ਼ੌਜ ਦੇ ਜੰਗੀ ਕਰਤਬਾਂ ਤੋਂ ਪ੍ਰਭਾਵਿਤ ਹੋ ਕੇ ਘੋੜ ਸਵਾਰੀ, ਤਲਵਾਰਬਾਜ਼ੀ, ਤੀਰਅੰਦਾਜ਼ੀ ਆਦਿ ਦੀ ਸਿਖਲਾਈ ਲਈ।

ਇਤਿਹਾਸ ਅਨੁਸਾਰ, ਸਿੱਖ ਸੰਗਤਾਂ ਦਾ ਇਕ ਜਥਾ ਦੱਖਣੀ ਪੰਜਾਬ ਤੋਂ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨਾਂ ਲਈ ਆ ਰਿਹਾ ਸੀ ਕਿ ਰਸਤੇ ਵਿਚ ਇਸ ਜਥੇ ਉੱਪਰ ਲੱਠਮਾਰਾਂ ਦੇ ਇਕ ਟੋਲੇ ਨੇ ਹਮਲਾ ਕਰ ਕੇ ਸਾਰਾ ਸਮਾਨ ਲੁੱਟ ਲਿਆ। ਜਦੋਂ ਇਸ ਹਮਲੇ ਦੀ ਸੂਚਨਾ ਗੁਰੂ ਗੋਬਿੰਦ ਸਿੰਘ ਜੀ ਨੂੰ ਮਿਲੀ ਤਾਂ ਉਨ੍ਹਾਂ ਨੇ ਸਿੱਖ ਸੰਗਤ ਪਾਸੋਂ ਲੁੱਟੇ ਗਏ ਸਮਾਨ ਦੀ ਵਾਪਸੀ ਲਈ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੂੰ ਤਿਆਰ ਕੀਤਾ। ਉਸ ਸਮੇਂ ਬਾਬਾ ਅਜੀਤ ਸਿੰਘ ਜੀ ਦੀ ਉਮਰ ਸਿਰਫ਼ 12 ਸਾਲ ਸੀ। ਆਪ ਨੇ 100 ਸਿੰਘਾਂ ਦਾ ਜਥਾ ਲੈ ਕੇ ਨਿਡਰਤਾ ਅਤੇ ਬਹਾਦਰੀ ਨਾਲ ਹਮਲਾਵਾਰਾਂ ਤੋਂ ਸਿੱਖ ਸੰਗਤ ਦੀ ਰਾਖੀ ਕਰਦਿਆਂ ਲੁੱਟਿਆ ਹੋਇਆ ਸਮਾਨ ਵਾਪਸ ਕਰਵਾਇਆ। ਸਹਿਬਜ਼ਾਦਾ ਅਜੀਤ ਸਿੰਘ ਜੀ ਨੂੰ ਤਾਰਾਗੜ੍ਹ ਕਿਲ੍ਹੇ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਸੌਂਪੀ ਗਈ ਤਾਂ ਉਨ੍ਹਾਂ ਨੇ ਇਸ ਨੂੰ ਵੀ ਪੂਰੀ ਤਨਦੇਹੀ ਨਾਲ ਨਿਭਾਇਆ। ਇਸ ਤੋਂ ਬਾਅਦ ਅਗਸਤ 1700 ਈਸਵੀ ਨੂੰ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੇ ਇਕ ਹੋਰ ਵਿਰੋਧੀ ਹਮਲੇ ਦਾ ਕਰਾਰਾ ਜਵਾਬ ਦਿੱਤਾ ਤੇ ਉਹ ਨਿਰਮੋਹਗੜ੍ਹ ਵਿਤ ਵੀ ਅਕਤੂਬਰ 1700 ਨੂੰ ਹੋਈ ਵਿਚ ਬਹਾਦਰੀ ਨਾਲ ਲੜੇ। ਇਸ ਪਿੱਛੋਂ ਮਾਰਚ 1701 ਵਿਚ ਸਿੱਖ ਸੰਗਤ ਦਰਪਦ ਖੇਤਰ (ਸਿਆਲਕੋਟ) ਤੋਂ ਆ ਰਹੀ ਸੀ ਕਿ ਉਸ ਨੂੰ ਲੁਟੇਰਿਆਂ ਦੇ ਇਕ ਵੱਡੇ ਟੋਲੇ ਨੇ ਰਸਤੇ ਵਿਚ ਰੋਕ ਲਿਆ ਤਾਂ ਗੁਰੂ ਪਿਤਾ ਦੇ ਹੁਕਮ ਅਨੁਸਾਰ ਸਹਿਬਜ਼ਾਦਾ ਅਜੀਤ ਸਿੰਘ ਨੇ ਆਪਣੇ ਘੋੜ ਸਵਾਰ ਜੰਗਜੂ ਸਿੰਘਾਂ ਨੂੰ ਨਾਲ ਲੈ ਕੇ ਅਜਿਹਾ ਕਰਨ ਵਾਲਿਆਂ ਨੂੰ ਚੰਗਾ ਸਬਕ ਸਿਖਾਇਆ ਤੇ ਸਿੱਖ ਸੰਗਤ ਨੂੰ ਸੁਰੱਖਿਅਤ ਗੁਰੂ ਸਾਹਿਬ ਤਕ ਲੈ ਕੇ ਆਏ।

ਇਕ ਵਾਰ ਦੇਵਦਾਸ ਨਾਂ ਦਾ ਇਕ ਗ਼ਰੀਬ ਬ੍ਰਾਹਮਣ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਆਇਆ ਤੇ ਅਰਜ ਕੀਤੀ ਕਿ ਬੱਸੀ ਦੇ ਕੁਝ ਪਠਾਣ ਹੁਸ਼ਿਆਰਪੁਰ ਨੇੜੇ ਉਸ ਦੀ ਨਵ-ਵਿਆਹੀ ਪਤਨੀ ਨੂੰ ਜਬਰੀ ਲੈ ਗਏ ਹਨ। ਗੁਰੂ ਸਾਹਿਬ ਨੇ ਉਸ ਗ਼ਰੀਬ ਬ੍ਰਾਹਮਣ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਫ਼ਿਕਰ ਨਾ ਕਰੇ, ਖ਼ਾਲਸਾ ਫ਼ੌਜ ਉਸ ਦੀ ਪਤਨੀ ਨੂੰ ਬਾਇੱਜ਼ਤ ਵਾਪਸ ਲੈ ਕੇ ਆਵੇਗੀ। ਸੰਕਟ ਦੀ ਇਸ ਘੜੀ ਵਿਚ ਵੀ ਗੁਰੂ ਸਾਹਿਬ ਨੇ ਬਾਬਾ ਅਜੀਤ ਸਿੰਘ ਜੀ ਨੂੰ ਇਹ ਅਹਿਮ ਜ਼ਿੰਮੇਵਾਰੀ ਸੌਂਪੀ। ਗੁਰੂ ਜੀ ਦੀ ਆਗਿਆ ਨਾਲ ਬਾਬਾ ਜੀ 100 ਘੋੜ ਸਵਾਰ ਸਿੱਖ ਸੈਨਿਕਾਂ ਨੂੰ ਲੈ ਕੇ ਬੱਸੀ ਪਠਾਣਾਂ ਪੁੱਜੇ। ਉਨ੍ਹਾਂ ਨੇ ਆਪਣੇ ਬਹਾਦਰ ਸਿੱਖਾਂ ਨਾਲ ਰਾਤ ਦੇ ਹਨੇਰੇ ਵਿਚ ਹੀ ਪਠਾਣਾਂ ਉੱਪਰ ਹਮਲਾ ਕਰ ਦਿੱਤਾ। ਖ਼ਾਲਸਾ ਫ਼ੌਜ ਨੇ ਇਸ ਘਿਨਾਉਣੀ ਹਰਕਤ ਲਈ ਕਸੂਰਵਾਰ ਪਠਾਣਾਂ ਨੂੰ ਕਾਬੂ ਕਰ ਲਿਆ ਤੇ ਉਸ ਗ਼ਰੀਬ ਬ੍ਰਾਹਮਣ ਦੀ ਪਤਨੀ ਨੂੰ ਉਨ੍ਹਾਂ ਦੀ ਕੈਦ ਤੋਂ ਮੁਕਤੀ ਦਿਵਾਈ। ਖ਼ਾਲਸਾ ਫ਼ੌਜ ਸਵੇਰ ਹੁੰਦਿਆਂ ਹੀ ਕਾਬੂ ਕੀਤੇ ਗਏ ਪਠਾਣਾਂ ਨੂੰ ਲੈ ਕੇ ਅਨੰਦਪੁਰ ਸਾਹਿਬ ਪੁੱਜੀ। ਉਸ ਬ੍ਰਾਹਮਣ ਦੀ ਪਤਨੀ ਉਸ ਨੂੰ ਸੌਂਪ ਦਿੱਤੀ ਗਈ ਤੇ ਪਠਾਣਾਂ ਨੂੰ ਅਜਿਹੀਆਂ ਸਜ਼ਾਵਾਂ ਦਿੱਤੀਆਂ ਕਿ ਉਨ੍ਹਾਂ ਨੇ ਮੁੜ ਅਜਿਹਾ ਕਾਰਾ ਕਰਨ ਤੋਂ ਤੌਬਾ ਕੀਤੀ।

ਅਨੰਦਪੁਰ ਵਿਖੇ ਇਕ ਵਾਰ ਫਿਰ ਸਾਹਿਬਜ਼ਾਦਾ ਅਜੀਤ ਸਿੰਘ ਜੀ ਦੇ ਬਾਹੂਬਲ, ਸਾਹਸ ਤੇ ਜੰਗੀ ਸੂਝ-ਬੂਝ ਦੀ ਪਰਖ ਹੋਈ। 1705 ਵਿਚ ਜਦੋਂ ਦੁਸ਼ਮਣਾਂ ਨੇ ਸ੍ਰੀ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ ਤਾਂ ਗੁਰੂ ਸਾਹਿਬ ਨੇ ਅਚਾਨਕ ਬਣੀ ਅਜਿਹੀ ਹਾਲਤ 'ਤੇ ਵਿਚਾਰ ਕਰਦਿਆਂ ਇਕ ਵਾਰ ਫਿਰ ਇਸ ਸਥਿਤੀ 'ਚੋਂ ਨਿਕਲਣ ਲਈ ਬਾਬਾ ਅਜੀਤ ਸਿੰਘ ਜੀ ਨੂੰ ਜ਼ਿੰਮੇਵਾਰੀ ਸੌਂਪੀ। ਅਨੰਦਪੁਰ ਸਾਹਿਬ ਦੇ ਕਿਲ੍ਹੇ ਨੂੰ ਸੱਤ ਅੱਠ ਮਹੀਨੇ ਦੁਸ਼ਮਣ ਫ਼ੌਜ ਨੇ ਘੇਰਾ ਪਾਈ ਰੱਖਿਆ। ਮੁਗ਼ਲ ਫ਼ੌਜ ਅਤੇ ਪਹਾੜੀ ਰਾਜਿਆਂ ਨੇ ਕਸਮਾਂ ਖਾਧੀਆਂ ਕਿ ਜੇ ਗੁਰੂ ਸਾਹਿਬ ਅਨੰਦਪੁਰ ਦਾ ਕਿਲ੍ਹਾ ਖ਼ਾਲੀ ਕਰ ਦੇਣ ਤਾਂ ਉਹ ਕੋਈ ਨੁਕਸਾਨ ਨਹੀਂ ਕਰਨਗੇ। ਅੰਤ ਮਾਤਾ ਗੁਜਰੀ ਜੀ ਤੇ ਕੁਝ ਸਿੰਘਾਂ ਦੇ ਕਹਿਣ ਤੇ ਜਦ ਗੁਰੂ ਸਾਹਿਬ ਨੇ ਅਨੰਦਪੁਰ ਦਾ ਕਿਲ੍ਹਾ ਖ਼ਾਲੀ ਕੀਤਾ ਤਾਂ ਕਿਲ੍ਹੇ ਤੋਂ ਬਾਹਰ ਨਿਕਲਦਿਆਂ ਹੀ ਮੁਗ਼ਲ ਅਤੇ ਪਹਾੜੀ ਫ਼ੌਜਾਂ ਨੇ ਸਹੁੰਆਂ ਤੋੜ ਕੇ ਹਮਲਾ ਕਰ ਦਿੱਤਾ। ਇਸ ਮੌਕੇ ਪਹਾੜੀ ਰਾਜਿਆਂ ਤੇ ਮੁਗ਼ਲ ਫ਼ੌਜ ਨਾਲ ਜੂਝਦਿਆਂ ਹੋਇਆਂ ਸਾਹਿਬਜ਼ਾਦਾ ਅਜੀਤ ਸਿੰਘ ਜੀ ਆਪਣੇ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਸਾਹਿਬਜ਼ਾਦਾ ਜੁਝਾਰ ਸਿੰਘ ਜੀ ਅਤੇ ਕੁਝ ਸਿੰਘਾਂ ਸਮੇਤ ਸਰਸਾ ਨਦੀ ਪਾਰ ਕਰ ਕੇ ਚਮਕੌਰ ਦੀ ਗੜ੍ਹੀ ਤਕ ਜਾ ਪੁੱਜੇ।

ਦਸ ਲੱਖ ਦੀ ਗਿਣਤੀ ਵਾਲੀ ਵੱਡੀ ਫ਼ੌਜ ਨੇ ਚਮਕੌਰ ਦੀ ਗੜ੍ਹੀ ਨੂੰ ਘੇਰ ਲਿਆ। ਵੱਡੀ ਗਿਣਤੀ ਵਿਚ ਮੁਗ਼ਲ ਫ਼ੌਜਾਂ ਦੇ ਮੁਕਾਬਲੇ ਭਾਵੇਂ ਸਿੰਘਾਂ ਦੀ ਗਿਣਤੀ ਨਾਮਾਤਰ ਸੀ ਪ੍ਰੰਤੂ ਗੁਰੂ ਪਿਆਰ ਵਿਚ ਕੁਰਬਾਨ ਹੋਣ ਵਾਲੇ ਮਰਜੀਵੜੇ ਸਿੱਖਾਂ ਨੇ ਦੁਸ਼ਮਣ ਬੜੀ ਬਹਾਦਰੀ ਅਤੇ ਸਾਹਸ ਨਾਲ ਡਟ ਕੇ ਮੁਕਾਬਲਾ ਕੀਤਾ। ਚਮਕੌਰ ਦੀ ਗੜ੍ਹੀ ਤੋਂ ਇਹ ਯੁੱਧ ਪੰਜ-ਪੰਜ ਸਿੰਘਾਂ ਦਾ ਜਥਾ ਬਣਾ ਕੇ ਬੜੀ ਬਹਾਦਰੀ ਨਾਲ ਲੜਿਆ ਗਿਆ ਅਤੇ ਸਿੰਘਾਂ ਨੇ ਸੈਂਕੜੇ ਵੈਰੀਆਂ ਨੂੰ ਮਾਰਦੇ ਹੋਏ ਸ਼ਹੀਦੀਆਂ ਪ੍ਰਾਪਤ ਕੀਤੀਆਂ।

ਜੰਗ ਦੇ ਇਸ ਸਾਰੇ ਦ੍ਰਿਸ਼ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਅੱਖੀਂ ਤੱਕ ਰਹੇ ਸਨ ਤੇ ਤੀਰਾਂ ਦਾ ਮੀਂਹ ਵਰ੍ਹਾਉਂਦੇ ਹੋਏ ਮੁਗ਼ਲਾਂ ਨੂੰ ਭੰਬਲਭੂਸੇ 'ਚ ਪਾਈ ਰੱਖਿਆ। ਸਿੰਘਾਂ ਦੇ ਇਕ ਜਥੇ ਵਿਚ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਜੰਗ ਦੇ ਮੈਦਾਨ 'ਚ ਜਾਣ ਲਈ ਆਗਿਆ ਮੰਗੀ। ਗੁਰੂ ਸਾਹਿਬ ਦੀ ਆਗਿਆ ਪਾ ਕੇ ਬਾਬਾ ਅਜੀਤ ਸਿੰਘ ਜੀ ਪੰਜ ਯੋਧਿਆਂ ਦਾ ਜਥਾ ਲੈ ਕੇ ਵੈਰੀਆਂ ਨੂੰ ਲਲਕਾਰਦੇ ਹੋਏ ਮੈਦਾਨੇ-ਜੰਗ ਵਿਚ ਦੁਸ਼ਮਣਾਂ ਤੇ ਜਾ ਵਰ੍ਹੇ। ਬਾਬਾ ਅਜੀਤ ਸਿੰਘ ਜੀ ਇਸ ਜੰਗ ਵਿਚ ਬੜੀ ਸੂਰਬੀਰਤਾ ਲੜੇ ਅਤੇ ਅੰਤ ਉਨ੍ਹਾਂ ਸਮੇਤ ਜਥੇ ਦੇ ਬਾਕੀ ਸਿੰਘ ਵੱਡੀ ਗਿਣਤੀ ਵਿਚ ਦੁਸ਼ਮਣਾਂ ਦੇ ਆਹੂ ਲਾਹੁੰਦੇ ਹੋਏ ਸ਼ਹਾਦਤ ਪ੍ਰਾਪਤ ਕਰ ਗਏ।

# ਸੱਤ ਮੈਂਬਰੀ ਨਿਗਰਾਨ ਕਮੇਟੀ ਦੀ ਜਥੇਦਾਰ ਗੁਰਚਰਨ ਸਿੰਘ ਟੌਹੜਾ ਭਵਨ ਬਹਾਦਰਗੜ੍ਹ (ਪਟਿਆਲਾ) ਵਿਖੇ ਹੋਈ ਮੀਟਿੰਗ









ਸ. ਮਾਲਵਿੰਦਰ ਸਿੰਘ ਮਾਲੀ

ਅਕਾਲ ਤਖ਼ਤ ਸਾਹਿਬ ਵੱਲੋਂ ਸ਼ਰੋਮਣੀ ਅਕਾਲੀ ਦਲ ਦੀ ਸਿਧਾਂਤਕ ਲੀਹਾਂ 'ਤੇ ਵਿਧਾਨ ਅਨੁਸਾਰ ਉਸਾਰੀ ਕਰਨ ਲਈ ਸਹੀ ਮੈਂਬਰਸ਼ਿਪ ਭਰਤੀ ਕਰਨ ਲਈ ਬਣਾਈ ਸੱਤ ਮੈਂਬਰੀ ਨਿਗਰਾਨ ਕਮੇਟੀ ਦੀ ਜਥੇਦਾਰ ਗੁਰਚਰਨ ਸਿੰਘ ਟੌਹੜਾ ਭਵਨ ਬਹਾਦਰਗੜ੍ਹ (ਪਟਿਆਲਾ) ਵਿਖੇ 04 ਫਰਵਰੀ 25 ਨੂੰ ਹੋਈ ਪਹਿਲੀ ਮੀਟਿੰਗ, ਜਿਸ ਵਿੱਚ ਸਾਰੇ ਸੱਤ ਮੈਂਬਰ ਸ਼ਾਮਿਲ ਰਹੀਏ, ਅੰਦਰ ਲਿਆ ਗਿਆ ਅਹਿਮ ਫੈਸਲਾ।

"ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਨੇ ਮਿਤੀ 2-12-2024 ਨੂੰ ਹੋਏ ਆਦੇਸ਼ ਅਨੁਸਾਰ 7 ਮੈਂਬਰੀ ਕਮੇਟੀ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਸ਼ੁਰੂ ਕਰਨ ਦਾ ਹੁਕਮ ਹੋਇਆ ਹੈ... ਕੀ ਸ਼੍ਰੋਮਣੀ ਅਕਾਲੀ ਦਲ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ 7 ਮੈਂਬਰੀ ਕਮੇਟੀ ਨੂੰ ਹੋਏ ਹੁਕਮ ਅਨੁਸਾਰ ਭਰਤੀ ਪ੍ਰਕਿਰਿਆ ਪ੍ਰਾਰੰਭ ਕਰਨਾ ਚਾਹੁੰਦਾ ਹੈ...? ਇਸ ਵਾਸਤੇ ਸ. ਬਲਵਿੰਦਰ ਸਿੰਘ ਭੂੰਦੜ ਵਰਕਿੰਗ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਪੰਜਾਬ ਨੂੰ ਮਿਤੀ 11-02-2025 ਨੂੰ ਬਹਾਦਰਗੜ੍ਹ ਵਿਖੇ ਬੈਠਕ ਵਿੱਚ ਬੈਠਣ ਦਾ ਸੱਦਾ ਦਿੰਦਾ ਹੈ...."

ਇਸ ਫੈਸਲੇ ਦੇ ਸਪਸ਼ਟ ਸਿਆਸੀ ਅਰਥ ਕੀ ਬਣਦੇ ਹਨ ਤੇ ਇਸ 'ਚੋਂ ਸੰਭਾਵਤ ਸੰਭਾਵਨਾਵਾਂ ਕੀ ਨਿਕਲ ਸਕਦੀਆਂ ਹਨ?

1. ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਦੋ ਦਸੰਬਰ ਨੂੰ ਸੱਤ ਮੈਂਬਰੀ ਕਮੇਟੀ ਦਾ ਜੋ ਫੈਸਲਾ ਹੋਇਆ ਉਸ ਤੇ ਸਭ ਇਕਮੱਤ ਸਨ, ਇਹ ਗੱਲ ਵੀ ਸਭ ਨੇ ਮੰਨੀ ਕਿ ਸੱਤ ਮੈਂਬਰੀ ਕਮੇਟੀ ਨੂੰ ਪਾਸੇ ਰੱਖ ਜੋ ਭਰਤੀ ਅਕਾਲੀ ਦਲ ਕਰ ਰਿਹਾ ਉਹ ਹੁਕਮਨਾਮਾ ਦੇ ਅਨੁਸਾਰ ਨਹੀ ਹੈ। ਆਖਿਰ ਇਹ ਫੈਸਲਾ ਹੋਇਆ ਕਿ ਇਕ ਵਾਰ ਵਰਕਿੰਗ ਪ੍ਰੈਜ਼ੀਡੈਂਟ ਬਲਵਿੰਦਰ ਸਿੰਘ ਭੂੰਦੜ ਨੂੰ ਮੀਟਿੰਗ 'ਚ ਸੱਤ ਮੈਂਬਰੀ ਕਮੇਟੀ ਬੁਲਾ ਕੇ ਇਹ ਪੁੱਛਿਆ ਜਾਵੇ ਕਿ ਉਹ ਸੱਤ ਮੈਂਬਰੀ ਕਮੇਟੀ ਅਨੁਸਾਰ ਮੈਂਬਰਸ਼ਿੱਪ ਭਰਤੀ ਕਰਵਾਉਣ ਲਈ ਸਹਿਮਤ ਹਨ ਜਾਂ ਨਹੀਂ?

2. ਜੇਕਰ ਭੂੰਦੜ ਸਾਹਿਬ ਹਾਂ ਕਹਿੰਦੇ ਤਾਂ ਫਿਰ ਭਰਤੀ ਸੱਤ ਮੈਂਬਰੀ ਕਮੇਟੀ ਦੀ ਨਿਗਰਾਨੀ ਹੇਠ ਹੀ ਹੋਵੇਗੀ ਅਤੇ ਹੁਣ ਤਕ ਕੀਤੀ ਭਰਤੀ ਹੁਕਮਨਾਮਾ ਦੀ ਉਲੰਘਣਾ ਹੈ ਤੇ ਇਹ ਪ੍ਰਵਾਨ ਨਹੀ ਹੈ।

3. ਪਰ ਜੇਕਰ ਨਾਂਹ ਕਰਦੇ ਤਾਂ ਇਸ ਦਾ ਮਤਲਬ ਹੈ ਭੂੰਦੜ ਸਾਹਿਬ ਦੀ ਅਗਵਾਈ ਵਾਲਾ ਬਾਦਲ ਧੜਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਨੂੰ ਨਹੀਂ ਮੰਨਦਾ।

4. ਜੇਕਰ ਹੋਰ ਸਮਾਂ ਮੰਗਦੇ ਹਨ ਤਾਂ ਭਾਈ ਆਹ ਸੱਤ ਦਿਨ ਦਿੱਤੇ ਬਹੁਤ ਨੇ ਜੀਹਦੇ ਨਾਲ ਵਿਚਾਰ ਕਰਨੀ ਹੋਰ ਕਰ ਲੈਣ।

ਅਸਲੀਅਤ ਇਹ ਹੈ ਕਿ ਹੁਣ ਹੁਕਮਨਾਮੇ ਦਾ ਚੀਰ ਹਰਨ ਕਰਕੇ ਆਖਿਰ ਤੇ ਬਾਦਲਾਂ ਤੇ ਬਾਦਲਕਿਆਂ ਦੀ ਸਾਰੀ ਖੇਡ ਭੂੰਦੜ ਸਾਹਿਬ ਦੇ ਸਿਰ ਪਾਉਣ ਦੀ ਚਾਲ ਚੱਲੀ ਜਾ ਰਹੀ ਹੈ।

ਵਾਰਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ, ਇਹ ਹੁਣ ਬਾਦਲਕਿਆਂ ਉੱਪਰ ਪੂਰੀ ਢੁੱਕਦੀ ਹੈ। ਉਹ ਹੁਣ ਵੀ ਵਿਹਾਰ ਚਤੁਰਾਈਆਂ ਕਰਨਗੇ, ਭਲਾ ਕੀ?

ਮਨ ਮਰਜ਼ੀ ਨਾਲ ਹੁਣ ਤੱਕ 35 ਲੱਖ ਮੈਂਬਰਸ਼ਿਪ ਭਰਤੀ ਕਰਨ ਦੇ ਅਮਲ ਦੀ ਨਿਗਰਾਨੀ ਕਰਨ ਦੀ ਜ਼ੁੰਮੇਵਾਰੀ ਸੱਤ ਦਾ ਫਾਹਾ ਸੱਤ ਮੈਂਬਰੀ ਕਮੇਟੀ ਦੇ ਗੱਲ ਪਾਉਣ ਦੀ ਚਾਲ ਚੱਲਣਗੇ। ਇਸ ਨਾਲ ਇਹ ਕਮੇਟੀ ਅਜਿਹੇ ਖਲਜਗਣ ਵਿੱਚ ਫਸਕੇ ਰਹਿ ਜਾਵੇਗੀ ਕਿ ਆਖ਼ਰ ਨੂੰ ਇਹ ਜਾਂ ਤਾਂ ਆਣਾ ਮੰਨ ਲਵੇਗੀ ਤੇ ਜਾਂ ਹੱਥ ਖੜ੍ਹੇ ਕਰ ਦੇਣ ਲਈ ਮਜਬੂਰ ਹੋ ਜਾਵੇਗੀ।

ਸੋ ਸੱਤ ਮੈਂਬਰੀ ਕੋਲ ਹੁਣ ਸਿਰਫ ਤੇ ਸਿਰਫ ਇੱਕ ਹੀ ਸਹੀ ਰਾਹ ਹੈ ਕਿ ਉਹ ਬਾਦਲਕਿਆਂ ਵੱਲੋਂ ਸ਼ੁਰੂ ਕੀਤੇ ਮੈਂਬਰਸ਼ਿੱਪ ਦੇ ਅਮਲ ਨੂੰ ਸਿਰੇ ਤੋਂ ਖ਼ਾਰਜ ਕਰੇ ਤੇ ਹੁਕਮਨਾਮਾ ਦੇ ਸ਼ਬਦਾਂ ਦੇ ਅਸਲੀ ਅਰਥਾਂ ਵਿੱਚ ਨਵੀਂ ਭਰਤੀ ਦਾ ਅਮਲ ਸ਼ੁਰੂ ਕਰੇ।

11 ਦੀ ਮੀਟਿੰਗ ਵਿੱਚ ਭੂੰਦੜ ਇਹੀ ਕਹਿਣਗੇ ਕਿ ਇਸ ਬਾਰੇ ਫੈਸਲਾ ਮੈਂ ਨਹੀਂ, ਵਰਕਿੰਗ ਕਮੇਟੀ ਹੀ ਲੈ ਸਕਦੀ ਹੈ। 94 ਦੀ ਅਕਾਲੀ ਏਕਤਾ ਵੇਲੇ ਵੀ ਬਾਦਲ ਨੇ ਇਹੀ ਕਹਿਕੇ ਆਪਣਾ ਦਲ ਭੰਗ ਨਹੀ ਸੀ ਕੀਤਾ ਤੇ ਏਕਤਾ ਅਮਲ ਤੋਂ ਬਾਹਰ ਰਿਹਾ ਸੀ!!

# ਇਤਿਹਾਸ ਦੇ ਕੁਝ ਅਣਗੌਲੇ ਕਿਰਦਾਰ ਅਤੇ ਘਟਨਾਵਾਂ


ਵੱਖ ਵੱਖ ਸਮੇਂ ਪੈਦਾ ਹੋਏ ਕੁਝ ਵਿਅਕਤੀਆਂ ਨੇ ਕਈ ਅਜਿਹੇ ਕੰਮ ਕੀਤੇ ਜਿਨ੍ਹਾਂ ਕਾਰਨ ਉਨ੍ਹਾਂ ਦਾ ਨਾਮ ਇਤਿਹਾਸ ਦੇ ਪੰਨਿਆਂ ਵਿੱਚ ਦਰਜ ਹੋ ਗਿਆ। ਨਵੀਆਂ ਪੀੜ੍ਹੀਆਂ ਵੱਖ ਵੱਖ ਸਮੇਂ ਅਜਿਹੇ ਵਿਅਕਤੀਆਂ ਨੂੰ ਯਾਦ ਕਰਦੀਆਂ ਅਤੇ ਇਨ੍ਹਾਂ ਦੇ ਵਿਲੱਖਣ ਕਾਰਜਾਂ ਸਦਕਾ ਇਨ੍ਹਾਂ ਪ੍ਰਤੀ ਆਪਣਾ ਸਤਿਕਾਰ ਪ੍ਰਗਟ ਕਰਦੀਆਂ ਰਹਿੰਦੀਆਂ ਹਨ। ਕੁਝ ਵਿਅਕਤੀਆਂ ਦੇ ਕੀਤੇ ਕੁਝ ਕੰਮਾਂ ਦਾ ਉਸ ਸਮੇਂ ਦੇ ਸਮਾਜ ਦੇ ਨਾਲ ਨਾਲ ਬਾਅਦ ਵਿੱਚ ਵੀ ਕੁਝ ਸਾਕਾਰਾਤਮਕ ਅਸਰ ਜ਼ਰੂਰ ਹੁੰਦਾ ਹੈ, ਪਰ ਜਾਣੇ ਅਣਜਾਣੇ ਇਹ ਵਿਅਕਤੀ ਲੋਕਾਂ ਨੂੰ ਭੁੱਲ ਜਾਂਦੇ ਹਨ। ਇਸ ਕਾਰਨ ਇਨ੍ਹਾਂ ਵੱਲੋਂ ਕੀਤੇ ਚੰਗੇ ਅਤੇ ਪ੍ਰੇਰਨਾਮਈ ਕਾਰਜ ਵੀ ਵਕਤ ਦੀ ਧੂੜ ਹੇਠ ਦੱਬ ਕੇ ਰਹਿ ਜਾਂਦੇ ਹਨ। ਅਜਿਹੀਆਂ ਕੁਝ ਕੁ ਸ਼ਖ਼ਸੀਅਤਾਂ ਅਤੇ ਉਨ੍ਹਾਂ ਦੇ ਕੀਤੇ ਕਾਰਜਾਂ ਨੂੰ ਯਾਦ ਕਰਨਾ ਬਣਦਾ ਹੈ।

**ਝਲਕਾਰੀ ਬਾਈ:** ਅਖੌਤੀ ਦਲਿਤ ਸ਼ ?ਰੇਣੀ ਨਾਲ ਸਬੰਧਿਤ ਝਲਕਾਰੀ ਬਾਈ 1857 ਈਸਵੀ ਦੇ ਗ਼ਦਰ ਵਿੱਚ ਹਿੱਸਾ ਲੈਣ ਵਾਲੀ ਬਹਾਦਰ ਸਿਪਾਹੀ ਸੀ। ਉਹ ਝਾਂਸੀ ਦੀ ਰਾਣੀ ਲਕਸ਼ਮੀ ਬਾਈ ਦੀ ਸੈਨਾ ਵਿੱਚ ਸੇਵਾ ਨਿਭਾਉਂਦੀ ਸੀ। ਉਹ ਸੈਨਾ ਦੇ ਇਸਤਰੀ ਵਿੰਗ ਦੀ ਕਮਾਂਡਰ ਵੀ ਬਣੀ। ਆਪਣੀ ਲਿਆਕਤ ਸਦਕਾ ਉਹ ਰਾਣੀ ਲਕਸ਼ਮੀ ਬਾਈ ਦੀ ਮੁੱਖ ਸਲਾਹਕਾਰ ਦੇ ਅਹੁਦੇ ਤੱਕ ਪੁੱਜ ਗਈ ਸੀ। 1857 ਵਿੱਚ ਜਨਰਲ ਹਿਊਗ ਰੋਜ਼ ਨੇ ਭਾਰੀ ਗਿਣਤੀ ਵਿੱਚ ਫ਼ੌਜ ਨਾਲ ਝਾਂਸੀ ਦੇ ਕਿਲ੍ਹੇ 'ਤੇ ਹਮਲਾ ਕੀਤਾ ਤਾਂ ਆਪਣੇ ਸਲਾਹਕਾਰਾਂ ਦੀ ਮੰਨਦੇ ਹੋਏ ਰਾਣੀ ਲਕਸ਼ਮੀ ਬਾਈ ਆਪਣੇ ਪੁੱਤਰ ਨੂੰ ਲੈ ਕੇ ਬਚ ਨਿਕਲੀ। ਝਲਕਾਰੀ ਬਾਈ ਦੀ ਸ਼ਕਲ ਰਾਣੀ ਲਕਸ਼ਮੀ ਬਾਈ ਨਾਲ ਮਿਲਦੀ ਸੀ। ਉਸ ਨੇ ਝਾਂਸੀ ਦੀ ਰਾਣੀ ਦਾ ਭੇਸ ਧਾਰ ਲਿਆ ਅਤੇ ਜੰਗ ਦੇ ਮੈਦਾਨ ਵਿੱਚ ਕੁੱਦ ਪਈ। ਇਸ ਜੰਗ ਵਿੱਚ ਝਲਕਾਰੀ ਬਾਈ ਨੇ ਸ਼ਹੀਦੀ ਪ੍ਰਾਪਤ ਕੀਤੀ। ਉਸ ਦੇ ਅਜਿਹਾ ਕਰਨ ਸਦਕਾ ਰਾਣੀ ਲਕਸ਼ਮੀ ਬਾਈ ਆਸਾਨੀ ਨਾਲ ਕਿਲ੍ਹੇ ਵਿੱਚੋਂ ਨਿਕਲ ਸਕੀ। ਇਉਂ ਝਲਕਾਰੀ ਬਾਈ ਨੇ ਰਾਣੀ ਲਕਸ਼ਮੀ ਬਾਈ ਨੂੰ ਬਚਾਉਣ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ।

**ਮੇਵਾੜ ਦੀ ਨਾਇਕਾ ਪੰਨਾ ਦਾਈ:** ਰਾਣਾ ਸੰਘਾ ਦੀ ਚੌਥੀ ਸੰਤਾਨ ਰਾਜਾ ਉਦੈ ਸਿੰਘ ਦੀ ਦਾਈ ਸੀ ਪੰਨਾ ਦਾਈ। ਰਾਣਾ ਸੰਘਾ ਦੇ ਭਤੀਜੇ ਬਨਵੀਰ ਨੇ ਵਿਕਰਮਾਦਿੱਤ ਦਾ ਕਤਲ ਕਰ ਦਿੱਤਾ ਸੀ। ਉਹ ਆਪ ਰਾਜਭਾਗ ਸੰਭਾਲਣ ਲਈ ਕੁਝ ਵੀ ਕਰਨ ਲਈ ਤਿਆਰ ਸੀ। ਉਸ ਨੇ ਆਪਣੇ ਰਾਹ ਵਿੱਚੋਂ ਰੋੜਾ ਹਟਾਉਣ ਲਈ ਸੁੱਤੇ ਪਏ ਉਦੈ ਸਿੰਘ ਨੂੰ ਮਾਰਨਾ ਚਾਹਿਆ, ਪਰ ਪੰਨਾ ਦਾਈ ਪੂਰੀ ਤਰ੍ਹਾਂ ਸੁਚੇਤ ਸੀ। ਉਸ ਨੇ ਇੱਕ ਹੋਰ ਸਹਾਇਕ ਕੀਰਤ ਦੀ ਮਦਦ ਨਾਲ ਉਦੈ ਸਿੰਘ ਨੂੰ ਟੋਕਰੀ ਵਿੱਚ ਪਾ ਕੇ ਮਹਿਲਾਂ ਤੋਂ ਬਾਹਰ ਭੇਜ ਦਿੱਤਾ ਅਤੇ ਉਸ ਦੀ ਥਾਂ ਆਪਣੇ ਪੁੱਤਰ ਚੰਦਨ ਨੂੰ ਪਾ ਦਿੱਤਾ। ਜ਼ਾਲਮ ਬਨਵੀਰ ਨੇ ਪੰਨਾ ਦਾਈ ਦੀਆਂ ਅੱਖਾਂ ਸਾਹਮਣੇ ਉਸ ਦੇ ਪੁੱਤਰ ਚੰਦਨ ਦਾ ਕਤਲ ਕਰ ਦਿੱਤਾ। ਉਦੈ ਸਿੰਘ ਉਦੋਂ 15 ਵਰ੍ਹਿਆਂ ਦਾ ਸੀ। ਪੰਨਾ ਅਤੇ ਉਦੈ ਸਿੰਘ ਕੰਭਲਗੜ੍ਹ ਚਲੇ ਗਏ ਜਿੱਥੇ ਉਦੈ ਸਿੰਘ ਦੇ ਨਾਨਕਿਆਂ ਨੇ ਉਸਨੂੰ ਸੰਭਾਲ ਲਿਆ। ਕੁਝ ਦੇਰ ਬਾਅਦ ਬਨਵੀਰ 'ਤੇ ਹਮਲਾ ਕਰਕੇ ਉਦੈ ਸਿੰਘ ਨੂੰ ਹੀ ਰਾਜ ਦੁਆਇਆ।

**ਜਲ ਕ੍ਰਾਂਤੀ ਵਾਲਾ ਰਜਿੰਦਰ ਸਿੰਘ:** ਭਾਰਤ ਦੇ ਵਾਟਰਮੈਨ ਵਜੋਂ ਜਾਣੇ ਜਾਂਦੇ ਰਜਿੰਦਰ ਸਿੰਘ ਨੂੰ ਸ਼ਾਇਦ ਇਤਿਹਾਸ ਨੇ ਭੁਲਾ ਦਿੱਤਾ ਹੈ। ਉਸ ਨੇ ਰਾਜਸਥਾਨ ਦੇ ਖੁਸ਼ਕ ਖੇਤਰ ਵਿੱਚ ਪਾਣੀ ਦੀ ਸੰਭਾਲ ਦੇ ਵੱਡੇ ਯਤਨ ਕੀਤੇ ਸਨ। ਉਸ ਨੇ ਮੀਂਹ ਦੇ ਪਾਣੀ ਨਾਲ ਫਸਲਾਂ ਦੀ ਸਿੰਚਾਈ ਕਰਨ ਅਤੇ ਦਰਿਆਵਾਂ ਦੇ ਪਾਣੀ ਨੂੰ ਸੰਭਾਲਣ ਲਈ ਠੋਸ ਉਪਾਅ ਦੱਸੇ ਸਨ। ਉਨ੍ਹਾਂ ਤਕਨੀਕਾਂ ਦਾ ਪੇਂਡੂ ਖੇਤਰ 'ਤੇ ਕਾਫ਼ੀ ਅਸਰ ਪਿਆ ਸੀ, ਪਰ ਉਸ ਦੀ ਦੇਣ ਨੂੰ ਕੋਈ ਯਾਦ ਨਹੀਂ ਕਰਦਾ। ਉਸ ਨੂੰ 2001 ਵਿੱਚ ਮੈਗਾਸੇਸੇ ਐਵਾਰਡ ਅਤੇ 2015 ਵਿੱਚ ਪ੍ਰਸਿੱਧ ਸਟਾਕਹੋਮ ਵਾਟਰ ਪਰਾਈਜ਼ ਮਿਲਿਆ ਸੀ।

**ਮੇਘਾਲਿਆ ਦਾ ਆਜ਼ਾਦੀ ਘੁਲਾਟੀਆ ਯੂ ਕਿਆਂਗ ਨੰਗਬਾ:** ਯੂ ਕਿਆਂਗ ਨੰਗਬਾ ਨੇ ਉੱਤਰ-ਪੂਰਬੀ ਭਾਰਤ ਵਿੱਚ ਅੰਗਰੇਜ਼ੀ ਰਾਜ



ਵਿਰੁੱਧ ਜੈਂਤੀਆ ਲਹਿਰ ਦੀ ਅਗਵਾਈ ਕੀਤੀ ਸੀ। ਤੀਹ ਸਤੰਬਰ 1862 ਨੂੰ ਅੰਗਰੇਜ਼ਾਂ ਨੇ ਉਸ ਨੂੰ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਸੀ, ਪਰ ਉਹ ਆਪਣੇ ਲੋਕਾਂ ਵਿੱਚ ਅੰਗਰੇਜ਼ੀ ਰਾਜ ਵਿਰੁੱਧ ਬਗ਼ਾਵਤ ਦੇ ਬੀਜ ਬੀਜਣ 'ਚ ਕਾਮਯਾਬ ਰਿਹਾ।

**ਮਹਾਰਾਸ਼ਟਰ ਦੀ ਨਿਡਰ ਪੱਤਰਕਾਰ ਹੀਰਾ ਬਾਈ:** ਅੰਗਰੇਜ਼ਾਂ ਅਤੇ ਮਰਾਠਿਆਂ ਦਰਮਿਆਨ ਹੋਈਆਂ ਜੰਗਾਂ ਸਮੇਂ ਇਹ ਜੰਗ ਦੇ ਵੇਰਵੇ ਪੇਸ਼

ਜਸਵਿੰਦਰ ਸਿੰਘ ਰੁਪਾਲ

ਕਰਨ ਵਾਲੀ ਨਿਡਰ ਪੱਤਰਕਾਰ ਸੀ। ਉਸ ਸਮੇਂ ਕਿਸੇ ਔਰਤ ਲਈ ਪੱਤਰਕਾਰੀ ਵਰਗਾ ਕੰਮ ਬਹੁਤ ਜੋਖ਼ਮ ਭਰਿਆ ਸੀ ਅਤੇ ਉਹ ਵੀ ਜੰਗ ਦੀ ਪੱਤਰਕਾਰੀ। ਇਸ ਦੇ ਜ਼ਿਆਦਾ ਵੇਰਵੇ ਇਤਿਹਾਸਕ ਸ੍ਰੋਤਾਂ ਵਿੱਚ ਨਹੀਂ ਮਿਲਦੇ।

**ਸਾਹਸੀ ਔਰਤ ਰਾਣੀ ਅਬਾਕਾ ਚੌਤਾ:** ਰਾਣੀ ਅਬਾਕਾ ਚੌਤਾ ਕਰਨਾਟਕ ਵਿੱਚ ਉਲਾਲ ਦੀ ਰਾਣੀ ਸੀ, ਜੋ 16ਵੀਂ ਸਦੀ ਵਿੱਚ ਪੁਰਤਗਾਲੀ ਹਮਲਾਵਰਾਂ ਵਿਰੁੱਧ ਲੜੀ। ਪੁਰਤਗਾਲੀ ਉਲਾਲ 'ਤੇ ਕਬਜ਼ਾ ਕਰਨ ਲਈ ਵਾਰ ਵਾਰ ਹਮਲੇ ਕਰਦੇ ਰਹੇ, ਪਰ ਅਬਾਕਾ ਨੇ ਹਰ ਵਾਰੀ ਹਮਲਾ ਪਛਾੜ ਦਿੱਤਾ। ਉਹ ਚਾਰ ਦਹਾਕੇ ਪੁਰਤਗਾਲੀਆਂ ਖ਼ਿਲਾਫ਼ ਲੜਦੀ ਰਹੀ। ਆਪਣੇ ਹੌਸਲੇ ਅਤੇ ਨਿਡਰਤਾ ਕਰਕੇ ਉਸ ਨੂੰ ਅਭੈ ਰਾਣੀ ਵੀ ਕਿਹਾ ਜਾਂਦਾ ਹੈ। ਯੂਰਪੀ ਬਸਤੀਵਾਦ ਵਿਰੁੱਧ ਉਸ ਦੀ ਲੜਾਈ ਨੇ ਜਨਤਾ ਨੂੰ ਕਾਫ਼ੀ ਜਾਗਰੂਕ ਕੀਤਾ। ਕਈ ਵਾਰ ਉਸ ਨੂੰ ਆਜ਼ਾਦੀ ਲਈ ਲੜਨ ਵਾਲੀ ਪਹਿਲੀ ਔਰਤ ਵੀ ਕਿਹਾ ਜਾਂਦਾ ਹੈ, ਪਰ ਉਸ ਦੀ ਚਰਚਾ ਜ਼ਿਆਦਾ ਨਹੀਂ ਹੋਈ।

**ਵਾਤਾਵਰਣ ਵਿਗਿਆਨੀ ਭਗਤ ਪੂਰਨ ਸਿੰਘ:** ਭਗਤ ਪੂਰਨ ਸਿੰਘ ਜੀ ਨੂੰ ਸੰਸਾਰ ਨੇ ਸੇਵਾ ਦੇ ਮੁਜੱਸਮੇ ਵਜੋਂ ਸਦਾ ਮਾਣ ਦਿੱਤਾ ਹੈ। ਯਤੀਮਾਂ ਦੀ ਪਿੰਗਲਵਾੜੇ ਰਾਹੀਂ ਕੀਤੀ ਸੇਵਾ ਬੇਸ਼ੱਕ ਉੱਤਮ ਸੀ, ਪਰ ਵਾਤਾਵਰਣ ਸੰਭਾਲ ਪ੍ਰਤੀ ਭਗਤ ਜੀ ਦੇ ਯੋਗਦਾਨ ਦੀ ਗੱਲ ਬਹੁਤ ਘੱਟ ਹੋਈ ਹੈ। ਪਿੰਗਲਵਾੜੇ ਵਿੱਚ ਜਿੰਨਾ ਵੀ ਕਾਗਜ਼ ਲਿਖਣ ਜਾਂ ਟਾਈਪ ਕਰਨ ਲਈ ਵਰਤਿਆ ਜਾਂਦਾ ਸੀ, ਉਹ ਕੈਲੰਡਰਾਂ ਦੇ ਪਿਛਲੇ ਪਾਸੇ ਦਾ ਖਾਲੀ ਹਿੱਸਾ ਹੁੰਦਾ ਸੀ। ਭਗਤ ਜੀ ਨੂੰ ਰੁੱਖ ਲਗਾਉਣ ਅਤੇ ਬਚਾਉਣ ਦਾ ਜਨੂੰਨ ਸੀ। ਉਨ੍ਹਾਂ ਨੇ ਧਰਤੀ, ਪਾਣੀ, ਹਵਾ, ਰੁੱਖ ਅਤੇ ਸਮੁੱਚੇ ਵਾਤਾਵਰਣ ਦੀ ਸੰਭਾਲ ਲਈ ਪ੍ਰੇਰਨਾ ਦੇਣ ਵਾਲੇ ਹਜ਼ਾਰਾਂ ਪੈਂਫਲਿਟ ਮੁਫ਼ਤ ਵੰਡੇ।

**ਇਨਕਲਾਬੀ ਕਵੀ ਜੋਰਾ ਸਿੰਘ ਬੱਧਣੀ:** ਇਹ ਅਣਗੌਲਿਆ ਕਵੀ ਅੰਗਰੇਜ਼ਾਂ ਵਿਰੁੱਧ ਜੋਸ਼ੀਲੀਆਂ ਕਵਿਤਾਵਾਂ ਲਿਖ ਕੇ ਜਨਤਾ ਵਿੱਚ ਅੰਗਰੇਜ਼ੀ ਰਾਜ ਵਿਰੁੱਧ ਬਾਗ਼ੀ ਸੁਰ ਪੈਦਾ ਕਰਨ ਵਾਲਾ ਪੰਜਾਬੀ ਕਵੀ ਮੰਨਿਆ ਗਿਆ ਹੈ। ਉਸ ਦੀਆਂ ਲਿਖਤਾਂ ਇਨਸਾਫ਼ ਅਤੇ ਬਹਾਦਰੀ ਦੀ ਗੱਲ ਕਰਦੀਆਂ ਸਨ।

**ਅਣਗੌਲੀਆਂ ਘਟਨਾਵਾਂ:**

**ਚੁੱਪ ਵਾਦੀ ਦਾ ਵਿਰੋਧ** (1970-80): ਕੇਰਲਾ ਦੀ ਚੁੱਪ ਵਾਦੀ (silent valley) ਦਾ ਵਿਰੋਧ ਵਾਤਾਵਰਣ ਲਈ ਉੱਠੀਆਂ ਲਹਿਰਾਂ ਵਿੱਚੋਂ ਪ੍ਰਮੁੱਖ ਸੀ। ਸਥਾਨਕ ਲੋਕਾਂ, ਸਮਾਜ ਸੇਵਕਾਂ ਅਤੇ ਵਾਤਾਵਰਣ ਪ੍ਰੇਮੀਆਂ ਦੁਆਰਾ ਮਿਲ ਕੇ ਕੀਤਾ ਸੰਘਰਸ਼ ਏਕੇ ਦੀ ਤਾਕਤ ਦਾ ਜ਼ਾਹਰਾ ਸਬੂਤ ਸੀ ਜਿਸ ਨੇ ਮੀਂਹ ਸੰਭਾਲਣ ਵਾਲੇ ਜੰਗਲਾਂ ਵਿੱਚੋਂ ਬਚੇ ਆਖ਼ਰੀ ਜੰਗਲ ਨੂੰ ਬਚਾ ਲਿਆ ਸੀ। ਇਸ ਸਫ਼ਲ ਵਿਰੋਧ ਦਾ ਜ਼ਿਕਰ ਬਹੁਤ ਘੱਟ ਕਿਉਂ ਹੈ?


**ਰਾਣੀ ਗੈਡੀਂਉਲੀ ਦੀ ਹੇਰਾਕਾ ਲਹਿਰ:** ਰੂਹਾਨੀਅਤ ਅਤੇ ਰਾਜਨੀਤਿਕ ਨਾਗਾ ਆਗੂ ਰਾਣੀ ਗੈਡੀਂਉਲੀ ਨੇ ਹੇਰਾਕਾ ਲਹਿਰ ਦੀ ਅਗਵਾਈ ਕੀਤੀ ਜਿਸ ਨੇ ਨਾਗਾ ਸਭਿਆਚਾਰ ਨੂੰ ਬਚਾਉਣ ਲਈ ਅੰਗਰੇਜ਼ੀ ਰਾਜ ਦਾ ਭਰਵਾਂ ਵਿਰੋਧ ਕੀਤਾ। ਇਹ ਲਹਿਰ 1920 ਵਿੱਚ ਰਾਣੀ ਦੇ ਚਚੇਰੇ ਭਰਾ ਹੈਪੋ ਜੈਦੋਨੰਗ ਨੇ ਸ਼ੁਰੂ ਕੀਤੀ ਸੀ, ਪਰ 1931 ਵਿੱਚ ਉਸ ਦਾ ਕਤਲ ਹੋਣ 'ਤੇ ਇਸ ਦੀ ਕਮਾਨ ਰਾਣੀ ਨੇ ਸੰਭਾਲ ਲਈ ਸੀ। ਅੰਗਰੇਜ਼ਾਂ ਨੇ ਰਾਣੀ ਨੂੰ 14 ਸਾਲ ਲਈ ਨਜ਼ਰਬੰਦ ਕਰ ਦਿੱਤਾ ਸੀ, ਪਰ ਇਤਿਹਾਸ ਦੇ ਪੰਨੇ ਇਹਦੇ 'ਤੇ ਬਹੁਤਾ ਚਾਨਣ ਨਹੀਂ ਪਾ ਰਹੇ।

**ਸੰਤਾਲ ਹੁਲ ਬਗ਼ਾਵਤ:** ਇਹ ਝਾਰਖੰਡ ਦੇ ਸੰਤਾਲ ਕਬੀਲੇ ਵੱਲੋਂ ਜ਼ਾਲਮ ਅੰਗਰੇਜ਼ੀ ਬਸਤੀਵਾਦ ਅਤੇ ਝਾਰਖੰਡ ਦੇ ਲੋਟੂ ਜ਼ਿਮੀਦਾਰਾਂ ਵਿਰੁੱਧ 1955 'ਚ ਕੀਤੀ ਗਈ ਬਗ਼ਾਵਤ ਸੀ। ਇਹ ਆਜ਼ਾਦ ਭਾਰਤ ਦੇ ਕਿਸਾਨਾਂ ਵੱਲੋਂ ਕੀਤਾ ਗਿਆ ਪਹਿਲਾ ਅੰਦੋਲਨ ਸੀ। ਇਹ ਅੰਗਰੇਜ਼ਾਂ ਦੇ ਬਣਾਏ ਸਥਾਈ ਭੂਮੀ ਬੰਦੋਬਸਤ ਬਿਲ ਦੇ ਵਿਰੋਧ ਵਿੱਚ ਸੀ। ਉਹ ਆਪਣੇ ਸਨਮਾਨ ਅਤੇ ਇੱਜ਼ਤ ਲਈ 1857 ਦੇ ਗਦਰ ਵਾਂਗ ਹੀ ਲੜੇ, ਪਰ ਇਤਿਹਾਸ ਨੇ ਉਨ੍ਹਾਂ ਨੂੰ ਬਣਦਾ ਸਨਮਾਨ ਨਹੀਂ ਦਿੱਤਾ।

ਅਜਿਹੇ ਹੋਰ ਅਨੇਕਾਂ ਮਹਾਨ ਵਿਅਕਤੀ ਹਨ, ਜਿਨ੍ਹਾਂ ਨੇ ਆਪਣੇ ਸਮੇਂ ਵਿੱਚ ਮਨੁੱਖਤਾ ਲਈ ਆਪਣੇ ਨਿੱਜ ਨੂੰ ਤਿਆਗ ਕੇ ਕੰਮ ਕੀਤੇ ਹੋਣਗੇ। ਅਜਿਹੀਆਂ ਘਟਨਾਵਾਂ ਵੀ ਜ਼ਰੂਰ ਵਾਪਰੀਆਂ ਹੋਣਗੀਆਂ, ਜਿਹੜੀਆਂ ਵੱਡੀ ਪ੍ਰੇਰਨਾ ਬਣ ਸਕਦੀਆਂ ਸਨ, ਪਰ ਵਕਤ ਦੇ ਤੇਜ਼ ਚਲਦੇ ਪਹੀਏ ਦੀ ਧੂੜ ਹੇਠ ਗੁੰਮ ਹੋ ਗਈਆਂ ਹੋਣਗੀਆਂ। ਅਸੀਂ ਸਮੇਂ ਅਤੇ ਸਥਾਨ ਦੀ ਹੱਦ ਵਿੱਚ ਰਹਿ ਕੇ ਗੋਹੜੇ ਵਿੱਚੋਂ ਪੂਣੀ ਕੱਤਣ ਦੀ ਕੋਸ਼ਿਸ਼ ਹੀ ਕੀਤੀ ਹੈ।

# ਸਿੱਖ ਪੰਥ 'ਚ ਬ੍ਰਾਹਮਣ ਭਾਈਚਾਰੇ ਦਾ ਯੋਗਦਾਨ

ਕਵਿ ਸੈਨਾਪਤਿ ਦਾ ਗੁਰੂ ਸੋਭਾ (1711 ਈ:), ਕਵੀ ਸੋਹਨ ਗੁਰ ਬਿਲਾਸ ਪਾਤਿਸ਼ਾਹੀ ਛੇਵੀਂ (1718 ਈ.), ਕਵੀ ਕੁਇਰ ਸਿੰਘ ਗੁਰ ਬਿਲਾਸ ਪਾਤਿਸ਼ਾਹੀ ਦਸਵੀਂ (1751 ਈ.), ਬਾਬਾ ਸਰੂਪ ਦਾਸ ਭੱਲਾ ਦਾ ਮਹਿਮਾ ਪ੍ਰਕਾਸ਼ (1776 ਈ.), ਕੇਸਰ ਸਿੰਘ ਛਿੱਬਰ ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ (1779 ਈ.), ਭਾਈ ਸੁੱਖਾ ਸਿੰਘ ਗੁਰ ਬਿਲਾਸ ਪਾਤਸ਼ਾਹੀ 10 (1797 ਈ.), ਸ. ਰਤਨ ਸਿੰਘ ਭੰਗੂ ਦਾ ਪ੍ਰਾਚੀਨ ਪੰਥ ਪ੍ਰਕਾਸ਼ (1841 ਈ.), ਕਵੀ ਚੂੜਾਮਣਿ ਭਾਈ ਸੰਤੋਖ ਸਿੰਘ ਦਾ ਗੁਰ ਪ੍ਰਤਾਪ ਸੂਰਯ (1842 ਈ.), ਗਿਆਨੀ ਗਿਆਨ ਸਿੰਘ ਦਾ ਪੰਥ ਪ੍ਰਕਾਸ਼ (1880 ਈ.), ਭਾਈ ਕਾਨ੍ਹ ਸਿੰਘ ਨਾਭਾ ਦਾ ਮਹਾਨ ਕੋਸ਼ (1930 ਈ.) ਤੇ ਹੋਰ ਇਤਿਹਾਸਕ ਗ੍ਰੰਥਾਂ ਵਿਚੋਂ ਸਿੱਖ ਪੰਥ 'ਚ ਬ੍ਰਾਹਮਣ ਭਾਈਚਾਰੇ ਦੇ ਯੋਗਦਾਨ ਸੰਬੰਧੀ ਸਰੋਤ ਮਿਲ ਜਾਂਦੇ ਹਨ।




ਭਗਤ ਜੈਦੇਵ, ਭਗਤ ਬੇਣੀ, ਭਗਤ ਰਾਮਾਨੰਦ, ਭਗਤ ਪਰਮਾਨੰਦ, ਭਗਤ ਸੂਰ ਦਾਸ ਇਹ ਸਾਰੇ ਬ੍ਰਾਹਮਣ ਜਾਤੀ ਵਿਚੋਂ ਹਨ। ਬ੍ਰਾਹਮਣ ਭੱਟ ਬਾਣੀਕਾਰ, ਜਿਨ੍ਹਾਂ 'ਚ ਭੱਟ ਕਲਸਹਾਰ, ਭੱਟ ਜਾਲਪ, ਭੱਟ ਕੀਰਤ, ਭੱਟ ਭਿੱਖਾ, ਭੱਟ ਸਲ੍ਹ, ਭੱਟ ਭਲ੍ਹ, ਭੱਟ ਨਲ੍ਹ, ਭੱਟ ਗਯੰਦ, ਭੱਟ ਮਥੁਰਾ, ਭੱਟ ਬਲ੍ਹ, ਭੱਟ ਹਰਿਬੰਸ ਹਨ।

ਦਿਲਜੀਤ ਸਿੰਘ ਬੇਦੀ


ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 26 ਬ੍ਰਾਹਮਣ ਦਰਬਾਰੀ ਕਵੀਆਂ 'ਚ ਕੁੰਵਰੇਸ਼ ਕਵੀ, ਗੋਪਾਲ ਜੀ, ਹੰਸ ਰਾਮ ਬਾਜਪੇਈ, ਪੰਡਿਤ ਦੇਵੀ ਦਾਸ, ਕਵੀ ਸੁੰਦਰ ਜੀ, ਪੰਡਿਤ ਬ੍ਰਿਜ ਲਾਲ, ਹਰਿਜਸ ਰਾਇ, ਪੰਡਿਤ ਮਿੱਠੂ, ਪੰਡਿਤ ਸੁਖਦੇਵ, ਪਿੰਡੀ ਲਾਲ, ਪੰਡਿਤ ਨੰਦ ਲਾਲ, ਕਵੀ ਚੰਦਨ ਜੀ, ਕਵੀ ਬ੍ਰਿੰਦ ਜੀ, ਅੰਮ੍ਰਿਤ ਰਾਯ ਲਾਹੌਰੀਆ, ਹੀਰ ਭੱਟ, ਬ੍ਰਹਿਮ ਭੱਟ, ਕੇਸੋ ਸਿੰਘ ਭੱਟ, ਦੇਸਾ ਸਿੰਘ ਭੱਟ, ਨੂਰਬਦ ਸਿੰਘ ਭੱਟ, ਕਵੀ ਆਲਮ ਸਿੰਘ, ਕਲੂਆ ਭੱਟ, ਬੱਲੂ ਭੱਟ, ਮੱਲੂ ਭੱਟ, ਬੱਲਭ, ਸੁਦਾਮਾ, ਭਾਈ ਚਉਪਾ ਜੀ ਹਨ।

ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੱਕ ਦੇ ਸਿੱਖ ਪੰਥ 'ਚ ਬ੍ਰਾਹਮਣ ਭਾਈਚਾਰੇ ਦੇ 16 ਸ਼ਹੀਦਾਂ ਅਤੇ ਸੇਵਕਾਂ 'ਚ ਭਾਈ ਗੰਗਾ ਰਾਮ, ਬਾਬਾ ਅਲਮਸਤ ਜੀ, ਬਾਬਾ ਬਾਲੂ ਹਸ਼ਣਾ ਜੀ, ਭਾਈ ਜੱਟੂ ਜੀ ਸ਼ਹੀਦ, ਭਾਈ ਪਿਰਾਗਾ ਜੀ ਸ਼ਹੀਦ, ਭਾਈ ਸਿੰਘਾ ਜੀ ਪੁਰੋਹਿਤ ਸ਼ਹੀਦ, ਭਾਈ ਜਾਤੀ ਮਲਿਕ, ਮਾਤਾ ਭਾਗਭਰੀ ਤੇ ਸੇਵਾ ਦਾਸ, ਭਾਈ ਬੱਠਾ, ਭਾਈ ਮਤੀ ਦਾਸ ਸ਼ਹੀਦ, ਭਾਈ ਸਤੀ ਦਾਸ ਸ਼ਹੀਦ, ਭਾਈ ਕ੍ਰਿਪਾ ਸਿੰਘ ਸ਼ਹੀਦ, ਭਾਈ ਸਾਹਿਬ ਚੰਦ (ਸਾਹਿਬ ਸਿੰਘ ਸ਼ਹੀਦ), ਭਾਈ ਸੁੰਦਰ ਸਿੰਘ ਸ਼ਹੀਦ, ਭਾਈ ਦਯਾ ਰਾਮ ਪੁਰੋਹਿਤ ਆਦਿ ਹਨ।

ਗੁਰੂ ਗੋਬਿੰਦ ਸਿੰਘ ਜੀ ਵਲੋਂ ਸ੍ਰੀ ਅਨੰਦਪੁਰ ਸਾਹਿਬ ਛੱਡਣ ਸਮੇਂ ਬੀਬੀ ਲੱਛਮੀ ਦੇਵੀ, ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸੇਵਾ ਅਤੇ ਸਿੱਖ ਮਿਸਲਾਂ ਦੇ ਰਾਜ ਸਮੇਂ ਹੋਈਆਂ ਬਹਾਦਰ ਬੀਬੀਆਂ ਵਿਚ ਬੀਬੀ ਲੱਛਮੀ ਦੇਵੀ, ਬੀਬੀ ਹਰਸ਼ਰਨ ਕੌਰ ਅਤੇ ਬੀਬੀ ਸ਼ਮਸ਼ੇਰ ਕੌਰ ਵੀ ਬ੍ਰਾਹਮਣ ਬਰਾਦਰੀ 'ਚੋਂ ਸਨ।

# ਸਥਿਰਤਾ ਦੀ ਅਹਿਮੀਅਤ

ਆਮ ਤੌਰ 'ਤੇ ਅਸੀਂ ਆਪਣੇ ਕੰਮ-ਕਾਜ ਨੂੰ ਹੀ ਵੱਧ ਮਹੱਤਵ ਦਿੰਦੇ ਹਾਂ। ਜਿੰਨੇ ਵੱਧ ਅਸੀਂ ਕੰਮ ਕਰਦੇ ਹਾਂ ਓਨਾ ਹੀ ਵੱਧ ਸਾਨੂੰ ਚੰਗਾ ਮਹਿਸੂਸ ਹੁੰਦਾ ਹੈ। ਬਹੁਤ ਘੱਟ ਲੋਕ ਸਥਿਰ ਹੋ ਕੇ ਮੌਨ ਅਵਸਥਾ 'ਚ ਬੈਠਣ ਨੂੰ ਮਹੱਤਵ ਦਿੰਦੇ ਹਨ। ਅਸੀਂ ਸੋਚਦੇ ਹਾਂ ਕਿ ਜੇ ਅਸੀਂ ਸਥਿਰ ਬੈਠੇ ਹਾਂ ਤਾਂ ਅਸੀਂ ਕੁਝ ਨਹੀਂ ਕਰ ਰਹੇ ਹਾਂ।



ਬਚਪਨ ਤੋਂ ਹੀ ਅਸੀਂ ਆਪਣੇ ਜੀਵਨ 'ਚ ਕੋਈ ਨਾ ਕੋਈ ਕੰਮ ਕਰਦੇ ਹੋਏ ਹਰ ਸਮੇਂ ਉਸ 'ਚ ਹੀ ਰੁੱਝੇ ਰਹਿੰਦੇ ਹਾਂ। ਸਾਡੇ ਬਚਪਨ ਦਾ ਜੀਵਨ ਇਕ ਤੋਂ ਬਾਅਦ ਦੂਜੀ ਸਰਗਰਮੀ 'ਚ ਹੀ ਬੀਤ ਜਾਂਦਾ ਹੈ। ਸਕੂਲ 'ਚ ਅਸੀਂ ਸਮੇਂ 'ਤੇ ਜਮਾਤਾਂ 'ਚ ਪੁੱਜਣ ਲਈ ਦੌੜਦੇ ਹਾਂ। ਜਦ ਅਸੀਂ ਗ੍ਰੈਜੂਏਟ ਹੁੰਦੇ ਹਾਂ, ਤਦ ਅਸੀਂ ਨੌਕਰੀ ਜਾਂ ਹੋਰ ਕੋਈ ਕੰਮ ਕਰਨ ਲਈ ਨੱਠ-ਭੱਜ ਕਰਦੇ ਹਾਂ। ਸਾਡੇ ਕੋਲ ਅਨੇਕਾਂ ਕਿਸਮ ਦੇ ਕੰਮ ਹੁੰਦੇ ਹਨ ਜਿਨ੍ਹਾਂ ਨੂੰ ਪੂਰਾ ਕਰਨ ਲਈ ਸਾਡਾ ਸਾਰਾ ਜੀਵਨ ਰੁੱਝਿਆ ਰਹਿੰਦਾ ਹੈ। ਇਸ ਲਈ ਜਦ ਵੀ ਅਸੀਂ ਧਿਆਨ-ਅਭਿਆਸ 'ਚ ਬੈਠਣ ਦੀ ਕੋਸ਼ਿਸ਼ ਕਰਦੇ ਹਾਂ, ਤਾਂ ਸਾਨੂੰ ਸਥਿਰ ਬੈਠਣਾ ਅਤੇ ਆਪਣੇ ਮਨ ਨੂੰ ਸ਼ਾਂਤ ਕਰਨਾ ਬਹੁਤ ਮੁਸ਼ਕਲ ਲਗਦਾ ਹੈ।

ਆਮ ਤੌਰ 'ਤੇ ਅਸੀਂ ਆਪਣੇ ਕੰਮ-ਕਾਜ ਨੂੰ ਹੀ ਵੱਧ ਮਹੱਤਵ ਦਿੰਦੇ ਹਾਂ। ਜਿੰਨੇ ਵੱਧ ਅਸੀਂ ਕੰਮ ਕਰਦੇ ਹਾਂ ਓਨਾ ਹੀ ਵੱਧ ਸਾਨੂੰ ਚੰਗਾ ਮਹਿਸੂਸ ਹੁੰਦਾ ਹੈ। ਬਹੁਤ ਘੱਟ ਲੋਕ ਸਥਿਰ ਹੋ ਕੇ ਮੌਨ ਅਵਸਥਾ 'ਚ ਬੈਠਣ ਨੂੰ ਮਹੱਤਵ ਦਿੰਦੇ ਹਨ। ਅਸੀਂ ਸੋਚਦੇ ਹਾਂ ਕਿ ਜੇ ਅਸੀਂ ਸਥਿਰ ਬੈਠੇ ਹਾਂ ਤਾਂ ਅਸੀਂ ਕੁਝ ਨਹੀਂ ਕਰ ਰਹੇ ਹਾਂ। ਸਾਨੂੰ ਡਰ ਲਗਦਾ ਹੈ ਕਿ ਸਾਨੂੰ ਆਲਸੀ ਜਾਂ ਅਸਮਰੱਥ ਕਰਾਰ ਦਿੱਤਾ ਜਾਵੇਗਾ। ਸਾਡਾ ਜੀਵਨ ਰੁਝੇਵਿਆਂ ਦੀ ਪਟੜੀ 'ਤੇ ਦੌੜਦੀ ਰੇਲ ਗੱਡੀ ਵਾਂਗ ਹੈ।

ਅਸੀਂ ਰੁੱਝੇ ਰਹਿਣ ਦੇ ਏਨੇ ਆਦੀ ਹੋ ਚੁੱਕੇ ਹਾਂ ਕਿ ਆਪਣੀਆਂ ਸਰਗਰਮੀਆਂ ਨੂੰ ਰੋਕ ਕੇ ਸ਼ਾਂਤੀ ਨਾਲ ਬੈਠਣਾ ਸਾਨੂੰ ਮੁਸ਼ਕਲ ਲਗਦਾ ਹੈ। ਜਿਵੇਂ ਕਿਸੇ ਮੁਸ਼ਕਲ ਦਾ ਹੱਲ ਕੱਢਣ ਜਾਂ ਕੁਝ ਨਵਾਂ ਬਣਾਉਣ ਲਈ ਆਪਣੇ ਰੁੱਝੇ ਜੀਵਨ 'ਚੋਂ ਸਮਾਂ ਕੱਢ ਕੇ ਅਸੀਂ ਉਸ ਪਾਸੇ ਧਿਆਨ ਦਿੰਦੇ ਹਾਂ। ਠੀਕ ਇਸੇ ਤਰ੍ਹਾਂ ਆਪਣੇ ਆਪ ਨੂੰ ਜਾਨਣ ਤੇ ਪਰਮਾਤਮਾ ਨੂੰ ਹਾਸਲ

-ਸੰਤ ਰਾਜਿੰਦਰ ਸਿੰਘ

ਕਰਨ ਲਈ ਸਾਨੂੰ ਸ਼ਾਂਤ ਹੋ ਕੇ ਬੈਠਣ ਦੀ ਲੋੜ ਹੈ। ਹਾਲਾਂਕਿ ਹਰੇਕ ਵਿਅਕਤੀ ਨੂੰ ਆਪਣੀਆਂ ਸਾਰੀਆਂ ਸਰਗਰਮੀਆਂ 'ਚੋਂ ਸਮਾਂ ਕੱਢ ਕੇ ਸਥਿਰ ਹੋ ਕੇ ਮੌਨ ਅਵਸਥਾ 'ਚ ਬੈਠਣਾ ਚਾਹੀਦਾ ਹੈ। ਸਥਿਰ ਰਹਿਣ ਦੇ ਜੀਵਨ 'ਚ ਕਈ ਉਦੇਸ਼ ਹਨ। ਸਥਿਰਤਾ 'ਚ ਹੀ ਸਾਨੂੰ ਰਚਨਾਤਮਕ ਵਿਚਾਰ ਆਉਂਦੇ ਹਨ। ਸਥਿਰ ਰਹਿ ਕੇ ਹੀ ਅਸੀਂ ਮੁਸ਼ਕਲਾਂ ਦਾ ਹੱਲ ਆਸਾਨੀ ਨਾਲ ਕੱਢ ਸਕਦੇ ਹਾਂ, ਜਿਸ ਨਾਲ ਕਿ ਸਾਡੇ ਸਬੰਧ ਵੀ ਚੰਗੇ ਹੁੰਦੇ ਹਨ। ਸਥਿਰਤਾ 'ਚ ਨਵੇਂ-ਨਵੇਂ ਸੁਝਾਅ ਆਉਂਦੇ ਹਨ, ਜੋ ਦੁਨੀਆ 'ਚ ਸ਼ਾਨਦਾਰ ਤਬਦੀਲੀ ਲਿਆਉਂਦੇ ਹਨ। ਇਸੇ ਤਰ੍ਹਾਂ ਸਥਿਰ ਹੋ ਕੇ ਹੀ ਅਸੀਂ ਆਪਣੀ ਆਤਮਾ ਨੂੰ ਜਾਨ ਸਕਦੇ ਹਾਂ ਤੇ ਪਿਤਾ-ਪਰਮੇਸ਼ਵਰ ਨੂੰ ਪਾ ਸਕਦੇ ਹਾਂ। ਅਸੀਂ ਬਾਹਰੀ ਸਰਗਰਮੀਆਂ ਨਾਲ ਪਰਮਾਤਮਾ ਨੂੰ ਨਹੀਂ ਪਾ ਸਕਦੇ। ਅਧਿਆਤਮਕ ਤੌਰ 'ਤੇ ਵਿਕਸਤ ਹੋਣ ਲਈ ਧਿਆਨ 'ਚ ਸਥਿਰਤਾ ਦੀ ਬਹੁਤ ਹੀ ਲੋੜ ਹੈ।

# ਕੁੱਪ ਰਹੀੜੇ ਦਾ ਵੱਡਾ ਘੱਲੂਘਾਰਾ



ਸਿੱਖਾਂ ਦਾ ਇਤਿਹਾਸ ਸ਼ਹੀਦੀਆਂ ਨਾਲ ਭਰਿਆ ਪਿਆ ਹੈ। ਜਦੋਂ ਮੁਗਲਾਂ ਨੇ ਗੁਰੂ ਗੋਬਿੰਦ ਸਿੰਘ ਦੇ ਦੋ ਛੋਟੇ ਸਾਹਿਬਜ਼ਾਦੇ ਨੀਹਾਂ ਵਿਚ ਚਿਣ ਕੇ ਸ਼ਹੀਦ ਕੀਤੇ ਤਾਂ ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਕੇ ਗੁਰੂ ਸਾਹਿਬ ਦੇ ਲਾਲਾਂ ਦਾ ਬਦਲਾ ਲੈਣ ਮਗਰੋਂ ਸਿੱਖ ਰਾਜ ਸਥਾਪਤ ਕਰ ਲਿਆ। 1716 ਵਿਚ ਬੰਦਾ ਸਿੰਘ ਬਹਾਦਰ ਨੂੰ ਕਈ ਸਿੰਘਾਂ ਸਮੇਤ ਦਿੱਲੀ ਵਿਚ ਸ਼ਹੀਦ ਕਰ ਦਿੱਤਾ ਗਿਆ।

18ਵੀਂ ਸਦੀ ਵਿੱਚ ਵਾਪਰੇ ਦੋ ਘੱਲੂਘਾਰਿਆਂ ਦਾ ਇਤਿਹਾਸ ਵੱਖਰਾ ਹੀ ਹੈ। ਇਹ ਦੋਵੇਂ ਘੱਲੂਘਾਰੇ ਛੋਟੇ ਅਤੇ ਵੱਡੇ ਘੱਲੂਘਾਰੇ ਦੇ ਨਾਮ ਨਾਲ ਜਾਣੇ ਜਾਂਦੇ ਹਨ। ਛੋਟਾ ਘੱਲੂਘਾਰਾ 17 ਮਈ 1746 ਨੂੰ ਜ਼ਿਲ੍ਹਾ ਗੁਰਦਾਸਪੁਰ ਦੇ ਕਾਹਨੂੰਵਾਨ ਛੰਭ 'ਚ ਵਾਪਰਿਆ। ਇਹ ਜਗ੍ਹਾ ਗੁਰਦਾਸਪੁਰ ਤੋਂ ਮੁਕੇਰੀਆਂ ਜਾਂਦੀ ਸੜਕ 'ਤੇ 8 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਸ ਘੱਲੂਘਾਰੇ ਵਿੱਚ ਦਸ ਹਜ਼ਾਰ ਸਿੰਘ, ਬੀਬੀਆਂ ਅਤੇ ਬੱਚੇ ਸ਼ਹੀਦ ਹੋਏ। ਵੱਡਾ ਘੱਲੂਘਾਰਾ ਇਸ ਛੋਟੇ ਘੱਲੂਘਾਰੇ ਤੋਂ 16 ਸਾਲ ਬਾਅਦ 5 ਫਰਵਰੀ 1762 ਨੂੰ ਰੋਹੀੜੇ (ਨੇੜੇ ਕੁੱਪ) ਜ਼ਿਲ੍ਹਾ ਸੰਗਰੂਰ ਵਿੱਚ ਵਾਪਰਿਆ। ਮੁਗਲਾਂ ਦਾ ਰਾਜ ਲਗਪਗ ਖ਼ਤਮ ਹੋ ਚੱਲਿਆ ਸੀ। ਮਰਹੱਟੇ ਤਾਕਤ ਫੜ੍ਹਦੇ ਜਾ ਰਹੇ ਸਨ। ਉਨ੍ਹਾਂ ਦੀ ਤਾਕਤ ਘੱਟ ਕਰਨ ਲਈ ਅਬਦਾਲੀ ਨੇ ਮਰਹੱਟਿਆਂ 'ਤੇ ਹੱਲਾ ਬੋਲ ਦਿੱਤਾ। ਏਸ਼ੀਆ ਦੇ ਵੱਡੇ ਸੈਨਾਪਤੀਆਂ ਵਿਚ ਗਿਣੇ ਜਾਣ ਵਾਲੇ ਅਬਦਾਲੀ ਨੇ ਹਿੰਦੁਸਤਾਨ ਉਪਰ ਅੱਠ ਹਮਲੇ ਕੀਤੇ ਆਪਣੇ ਪੰਜਵੇਂ ਹਮਲੇ ਸਮੇਂ ਪਾਣੀਪਤ ਦੇ ਮੈਦਾਨ ਵਿਚ ਮਰਹੱਟਿਆਂ ਨਾਲ ਯੁੱਧ ਕਰਨ ਸਮੇਂ ਉਨ੍ਹਾਂ ਦਾ ਚੰਗੀ ਤਰ੍ਹਾਂ ਲੱਕ ਤੋੜ ਦਿੱਤਾ। ਅਬਦਾਲੀ ਮਰਹੱਟਿਆਂ ਨੂੰ ਲੁੱਟ ਕੇ ਮਹਾਨ ਜੇਤੂ ਦੇ ਰੂਪ ਵਿਚ ਕਾਬਲ ਜਾ ਰਿਹਾ ਸੀ। ਪੰਜਾਬ ਵਿਚ ਦੀ ਲੰਘਦਿਆਂ ਖ਼ਾਲਸੇ ਨੇ ਉਸ ਨੂੰ ਆਪਣੀ ਹੋਂਦ ਦਾ ਅਹਿਸਾਸ ਕਰਵਾਉਣ ਦਾ ਫ਼ੈਸਲਾ ਕੀਤਾ। ਸਰਦਾਰ ਚੜ੍ਹਤ ਸਿੰਘ ਸ਼ੁਕਰਚੱਕੀਆ ਆਪਣੇ ਯੋਧਿਆਂ ਨਾਲ ਅਬਦਾਲੀ ਦੇ ਪਿੱਛੇ ਲੱਗ ਗਿਆ। ਜੋ ਮਾਲ ਅਬਦਾਲੀ ਮਰਹੱਟਿਆਂ ਤੋਂ ਲੁੱਟ ਕੇ ਲਿਜਾ ਰਿਹਾ ਸੀ, ਉਸ ਨੇ ਉਹ ਸਾਰਾ ਮਾਲ ਹੱਲਾ ਬੋਲ ਕੇ ਆਪਣੇ ਕਬਜ਼ੇ ਵਿੱਚ ਕਰ ਲਿਆ। ਇਹ ਵੇਖ ਕੇ ਅਬਦਾਲੀ ਦੇ ਗੁੱਸੇ ਦੀ ਕੋਈ ਹੱਦ ਨਾ ਰਹੀ। ਅਬਦਾਲੀ ਨੂੰ ਮਹੰਤ ਆਕਲ ਦਾਸ ਹੰਡਾਲੀਆ ਜੰਡਿਆਲੇ ਵਾਲਾ, ਚੁਗਲਾ ਰਾਮ ਰੰਧਾਵਾ, ਰਾਜਾ ਘੁਮੰਡ ਅਤੇ ਹੋਰ ਨਵਾਬਾਂ-ਚੌਧਰੀਆਂ ਨੇ ਸਿੰਘਾਂ ਬਾਰੇ ਉਕਸਾ ਕੇ ਸਿੰਘਾਂ 'ਤੇ ਛੇਵਾਂ ਹਮਲਾ ਕਰਕੇ ਖੋਜ-ਖੁਰਾ ਮਿਟਾਉਣ ਲਈ ਕਿਹਾ। ਜਦੋਂ ਸਿੰਘਾਂ ਨੂੰ ਅਬਦਾਲੀ ਦੇ ਛੇਵੇਂ ਹਮਲੇ ਦੀ ਸੂਹ ਮਿਲੀ ਕਿ ਅਬਦਾਲੀ ਬੜੀ ਤੇਜ਼ੀ ਨਾਲ ਮਾਲਵੇ ਦੇ ਇਲਾਕੇ ਵੱਲ ਸਿੰਘਾਂ 'ਤੇ ਹੱਲਾ ਬੋਲ ਕੇ ਉਨ੍ਹਾਂ ਦਾ ਖੋਜ-ਖੁਰਾ ਮਿਟਾਉਣ ਆ ਰਿਹਾ ਹੈ ਤਾਂ ਖ਼ਾਲਸੇ ਨੇ ਬੜੀ ਦੂਰ-ਅੰਦੇਸ਼ੀ ਵਾਲਾ ਫ਼ੈਸਲਾ ਕੀਤਾ ਕਿ ਸਭ ਤੋਂ ਪਹਿਲਾਂ ਟੱਬਰਾਂ ਅਤੇ ਬੱਚਿਆਂ

**ਸੁਖਵਿੰਦਰ ਸਿੰਘ ਮੁੱਲਾਂਪੁਰ**

ਦੀ ਰਾਖੀ ਕੀਤੀ ਜਾਵੇ। ਜੇ ਪਰਿਵਾਰ ਬਚੇ ਰਹੇ ਤਾਂ ਸਿੱਖ ਕੌਮ ਬਚੀ ਰਹੇਗੀ ਅਤੇ ਜੇ ਸਿੱਖ ਕੌਮ ਬਚੀ ਰਹੀ ਤਾਂ ਸਿੱਖ ਧਰਮ ਬਚਿਆ ਰਹੇਗਾ। ਰੋਹੀੜੇ (ਕੁੱਪ) ਦੀ ਥੇਹ ਨੇੜੇ 50-55 ਹਜ਼ਾਰ ਦੀ ਗਿਣਤੀ ਵਿਚ ਸਿੱਖ ਇਕੱਠੇ ਹੋ ਗਏ। ਇਸ ਗਿਣਤੀ ਵਿਚ ਬੱਚੇ, ਬੁੱਢੇ ਅਤੇ ਔਰਤਾਂ ਵੀ ਸ਼ਾਮਲ ਸਨ। ਇਨ੍ਹਾਂ ਪਰਿਵਾਰਾਂ ਨੂੰ ਬਰਨਾਲੇ ਵਿੱਚ, ਜਿੱਥੇ ਬਾਬਾ ਆਲਾ ਸਿੰਘ ਦਾ ਰਾਜ ਸੀ, ਸੁਰੱਖਿਅਤ ਥਾਂ ਵੱਲ ਲਿਜਾਇਆ ਜਾ ਰਿਹਾ ਸੀ। ਸਿੱਖ ਸਰਦਾਰਾਂ ਨੂੰ ਉਮੀਦ ਸੀ ਕਿ ਅਬਦਾਲੀ ਨੂੰ ਸਿੱਖਾਂ ਤੱਕ ਪੁੱਜਣ ਲਈ ਕਈ ਦਿਨ ਲੱਗ ਜਾਣਗੇ। ਅਬਦਾਲੀ 3 ਫ਼ਰਵਰੀ 1762 ਨੂੰ ਲਾਹੌਰ ਪਹੁੰਚ ਗਿਆ। ਸਿੱਖਾਂ ਨੂੰ ਉਮੀਦ ਸੀ ਕਿ ਉਹ ਹਾਲੇ ਲਾਹੌਰ ਆਰਾਮ ਕਰਕੇ ਫਿਰ ਇੱਧਰ ਆਵੇਗਾ ਪਰ ਅਬਦਾਲੀ ਮਾਰੋ ਮਾਰ ਕਰਦਾ 50 ਹਜ਼ਾਰ ਫ਼ੌਜ ਅਤੇ 20-25 ਹਜ਼ਾਰ ਮੁਸਲਮ ਮੁਲਖਈਆਂ ਸਮੇਤ 5 ਫ਼ਰਵਰੀ ਨੂੰ ਰੋਹੀੜੇ ਆਇਆ ਅਤੇ ਸਿੱਖਾਂ ਨੂੰ ਘੇਰ ਲਿਆ। ਇਧਰੋਂ ਨਵਾਬ ਜੈਨ ਖਾਂ ਸਰਹਿੰਦ ਤੇ ਨਵਾਬ ਮਾਲੇਰਕੋਟਲਾ ਆਪਣੀ ਸੈਨਾ ਲੈ ਕੇ ਆ ਗਏ। ਭਾਵੇਂ ਪੰਜਾਬ ਉੱਤੇ ਅਬਦਾਲੀ ਵਲੋਂ ਥਾਪੇ ਗਏ ਸੂਬੇਦਾਰਾਂ ਦਾ ਰਾਜ ਸੀ ਪਰ ਪੰਜਾਬ ਬਾਰ੍ਹਾਂ ਮਿਸਲਾਂ ਦੇ ਰੂਪ ਵਿਚ ਸਿੱਖਾਂ ਦੇ ਕਬਜ਼ੇ ਵਿਚ ਆ ਚੁੱਕਾ ਸੀ। ਦਲ ਖਾਲਸਾ ਜੱਸਾ ਸਿੰਘ ਅਹਲੂਵਾਲੀਆ ਦੀ ਅਗਵਾਈ ਹੇਠ ਮਜ਼ਬੂਤ ਦਲ ਬਣ ਚੁੱਕਾ ਸੀ। ਇਸ ਜੰਗ ਦੀ ਕਮਾਨ ਜੱਸਾ ਸਿੰਘ ਆਹਲੂਵਾਲੀਆ ਨੇ ਸੰਭਾਲ ਲਈ। ਉਨ੍ਹਾਂ ਦਾ ਸਾਥ ਸਰਦਾਰ ਸ਼ਾਮ ਸਿੰਘ ਕਰੋੜਸਿੰਘੀਆ ਤੇ ਸਰਦਾਰ ਚੜ੍ਹਤ ਸਿੰਘ ਸ਼ੁਕਰਚੱਕੀਆ ਵਰਗੇ ਜਰਨੈਲ ਦੇ ਰਹੇ ਸਨ। ਘਮਸਾਨ ਦਾ ਜੰਗ ਜਾਰੀ ਹੋ ਚੁੱਕਾ ਸੀ। ਇਸ ਵਿਚ ਲੜਨ ਵਾਲੇ ਸਿੰਘਾਂ ਦੀ ਗਿਣਤੀ ਘੱਟ ਸੀ ਅਤੇ ਬੱਚੇ ਤੇ ਬੁੱਢਿਆਂ ਦੀ ਗਿਣਤੀ ਜ਼ਿਆਦਾ ਸੀ।

ਸਿੰਘਾਂ ਨੂੰ ਆਪਣੀ ਮੌਤ ਨਾਲੋਂ ਜ਼ਿਆਦਾ ਚਿੰਤਾ ਵਹੀਰ ਨੂੰ ਬਚਾਉਣ ਦੀ ਸੀ। ਸਾਰੇ ਸਿੰਘ ਵਹੀਰ ਦੇ ਆਲੇ-ਦੁਆਲੇ ਘੇਰਾ ਬਣਾ ਕੇ ਦੁਸ਼ਮਣਾਂ ਨਾਲ ਲੜ ਰਹੇ ਸਨ। ਅਬਦਾਲੀ ਅਤੇ ਉਸ ਦੇ ਜਰਨੈਲਾਂ ਵਲੀ ਖ਼ਾਨ, ਭੀਖਨ ਖ਼ਾਨ ਅਤੇ ਜੈਨ ਖ਼ਾਨ ਨੇ ਇਕਦਮ ਇਕੱਠਾ ਹਮਲਾ ਕਰਨ ਦੀ ਸਕੀਮ ਬਣਾਈ। ਇਸ ਹਮਲੇ ਨਾਲ ਸਿੰਘਾਂ ਦੇ ਪੈਰ ਉੱਖੜ ਗਏ। ਵਹੀਰ ਦੁਆਲੇ ਸਿੰਘਾਂ ਦਾ ਘੇਰਾ ਟੁੱਟ ਗਿਆ। ਵਹੀਰ ਦਾ ਬਹੁਤ ਨੁਕਸਾਨ ਹੋਇਆ। ਵੈਰੀਆਂ ਨੇ ਵੱਡੀ ਗਿਣਤੀ ਵਿਚ ਸਿੱਖ ਟੱਬਰ ਸ਼ਹੀਦ ਕਰ ਦਿੱਤੇ ਪਰ ਥੋੜ੍ਹੇ ਸਮੇਂ ਬਾਅਦ ਸਿੰਘ ਫਿਰ ਵਹੀਰ ਦੁਆਲੇ ਘੇਰਾ ਬਣਾਉਣ ਵਿਚ ਸਫ਼ਲ ਹੋ ਗਏ।

ਸਿੰਘ ਤੁਰਦੇ-ਤੁਰਦੇ ਹਠੂਰ ਦੀ ਢਾਬ 'ਤੇ ਪਹੁੰਚ ਗਏ। ਕੁਤਬੇ ਦੀ ਢਾਬ 'ਤੇ ਪਹੁੰਚ ਕੇ ਢਾਬ ਦੇ ਇਕ ਪਾਸੇ ਮੁਗਲ ਸੈਨਾ ਅਤੇ ਦੂਸਰੇ ਪਾਸੇ ਸਿੰਘ ਫ਼ੌਜਾਂ ਨੇ ਪਾਣੀ ਪੀਤਾ। ਲੜਾਈ ਲੜਦਿਆਂ ਕੁਝ ਫ਼ੌਜ ਬਰਨਾਲੇ ਵੱਲ ਨੂੰ ਅਤੇ ਕੁਝ ਫ਼ੌਜ ਹਠੂਰ ਹੁੰਦੀ ਹੋਈ ਹਨੇਰੇ ਦਾ ਫਾਇਦਾ ਲੈ ਕੇ ਦੂਰ ਪਿੰਡਾਂ ਵਿਚ ਖਿੱਲਰ ਗਈ।

ਇਸ ਜੰਗ ਵਿਚ ਜੱਸਾ ਸਿੰਘ ਅਹਲੂਵਾਲੀਆ ਦੇ ਸਰੀਰ ਉਪਰ 32 ਅਤੇ ਸ਼ਾਮ ਸਿੰਘ ਦੇ ਸਰੀਰ ਉਪਰ 16 ਫੱਟ ਲੱਗੇ ਸਨ। ਕੋਈ ਸਿੰਘ ਅਜਿਹਾ ਨਹੀਂ ਸੀ, ਜਿਸ ਦੇ ਸਰੀਰ ਉਪਰ ਜ਼ਖ਼ਮ ਦਾ ਨਿਸ਼ਾਨ ਨਾ ਹੋਵੇ। ਇਹ ਲੜਾਈ ਰੋਹੀੜੇ ਦੇ ਮੈਦਾਨ ਤੋਂ ਲੈ ਕੇ ਗਹਿਲਾਂ ਤੱਕ ਲਗਪਗ 20 ਮੀਲ ਦੇ ਖੇਤਰ ਵਿਚ ਲੜੀ ਗਈ। ਇਸ ਘੱਲੂਘਾਰੇ ਵਿਚ ਲਗਪਗ 35 ਹਜ਼ਾਰ ਸਿੰਘ ਸ਼ਹੀਦ ਹੋ ਗਏ ਪਰ ਫਿਰ ਵੀ ਸਰਬੱਤ ਦਾ ਭਲਾ ਚਾਹੁਣ ਵਾਲੀ ਕੌਮ ਨੇ ਸ਼ਾਮ ਨੂੰ ਨਿਤਨੇਮ ਦੀ ਅਰਦਾਸ ਵਿੱਚ ਕਿਹਾ, 'ਚਾਰ ਪਹਿਰ ਦਿਨ ਸੁੱਖ-ਸ਼ਾਂਤੀ ਦਾ ਬਤੀਤ ਹੋਇਆ। ਚਾਰ ਪਹਿਰ ਦੀ ਰਾਤ ਸੁਖ ਦੀ ਬਤੀਤ ਹੋਵੇ।'

15 ਫਰਵਰੀ 1762 ਨੂੰ ਅਬਦਾਲੀ ਜਦੋਂ ਸਰਹਿੰਦ ਤੋਂ ਲਾਹੌਰ ਵੱਲ ਮੁੜਿਆ ਤਾਂ ਰਸਤੇ ਵਿਚ ਉਸ ਨੇ ਅੰਮ੍ਰਿਤਸਰ ਨੂੰ ਘੇਰਾ ਪਾ ਲਿਆ। ਅੰਮ੍ਰਿਤਸਰ ਦੇ ਸਾਰੇ ਗੁਰਧਾਮ ਢਹਿ ਢੇਰੀ ਕਰ ਦਿੱਤੇ ਗਏ। ਹਰਿਮੰਦਰ ਸਾਹਿਬ ਨੂੰ ਬਾਰੂਦ ਦੇ ਕੁੱਪੇ ਰੱਖ ਕੇ ਉੱਡਾ ਦਿੱਤਾ। ਦਰਬਾਰ ਸਾਹਿਬ ਦੇ ਸਰੋਵਰ ਨੂੰ ਇਟਾਂ-ਵੱਟੇ ਅਤੇ ਆਲੇ-ਦੁਆਲੇ ਦੇ ਘਰਾਂ ਨੂੰ ਢਾਅ ਕੇ ਪੂਰ ਦਿੱਤਾ। ਅਕਾਲ ਤਖ਼ਤ ਸਾਹਿਬ ਵੀ ਢਹਿ ਢੇਰੀ ਕਰ ਦਿੱਤਾ। ਜੋ ਚੁਗਲੀ ਕਰਕੇ ਸਿੰਘ, ਸਿੰਘਣੀਆਂ ਅਤੇ ਬੱਚੇ ਅਬਦਾਲੀ ਨੂੰ ਫੜਾ ਦਿੱਤੇ ਗਏ, ਉਨ੍ਹਾਂ ਨੂੰ ਗੁਰੂ ਕੇ ਬਾਗ਼ ਦੀ ਖੁੱਲੀ ਜਗ੍ਹਾ 'ਚ ਕਤਲ ਕਰ ਦਿੱਤਾ ਗਿਆ। ਹਰਿਮੰਦਰ ਸਾਹਿਬ ਦੀ ਹੋਈ ਬੇਅਦਬੀ ਨੇ ਘੱਲੂਘਾਰੇ ਦੇ ਜ਼ਖ਼ਮਾਂ ਨੂੰ ਹੋਰ ਤਾਜ਼ਾ ਕਰ ਦਿੱਤਾ। ਜੱਸਾ ਸਿੰਘ ਅਹਲੂਵਾਲੀਏ ਅਤੇ ਚੜ੍ਹਤ ਸਿੰਘ ਆਦਿ ਸਰਦਾਰਾਂ ਨੇ ਘੱਲੂਘਾਰੇ ਤੋਂ ਤਿੰਨ ਕੁ ਮਹੀਨੇ ਬਾਅਦ ਹੀ 15 ਕੁ ਹਜ਼ਾਰ ਸਿੰਘਾਂ ਵੱਲੋਂ ਸਰਹਿੰਦ 'ਤੇ ਹਮਲਾ ਕਰਕੇ ਜੈਨ ਖ਼ਾਂ ਨੂੰ ਹਰਾ ਕੇ ਘੱਲੂਘਾਰੇ ਦਾ ਬਦਲਾ ਲਿਆ। ਸਿੰਘ 17 ਅਕਤੂਬਰ 1762 ਨੂੰ ਅੰਮ੍ਰਿਤਸਰ ਵਿੱਚ ਦਿਵਾਲੀ ਮਨਾਉਣ ਦਾ ਮਤਾ ਪਾਸ ਕਰਕੇ ਪਹੁੰਚ ਗਏ। ਉੱਥੇ 40 ਕੁ ਹਜ਼ਾਰ ਸਿੰਘ-ਸਿੰਘਣੀਆਂ ਦਾ ਇਕੱਠ ਹੋ ਗਿਆ। ਉਨ੍ਹਾਂ ਗੁਰੂ ਮਹਾਰਾਜ ਅੱਗੇ ਅਰਦਾਸ ਕਰਕੇ ਢਹਿ-ਢੇਰੀ ਹੋਏ ਦਰਬਾਰ ਸਾਹਿਬ ਅਤੇ ਸਰੋਵਰ 'ਚੋਂ ਇੱਟਾਂ-ਵੱਟੇ ਕੱਢਣ ਦੀ ਸੇਵਾ ਸ਼ੁਰੂ ਕਰ ਦਿੱਤੀ। ਅਬਦਾਲੀ ਨੂੰ ਪਤਾ ਲੱਗਣ 'ਤੇ ਆਪਣੀਆਂ ਫ਼ੌਜਾਂ ਲੈ ਕੇ ਤੁਰਤ ਹੀ ਅੰਮ੍ਰਿਤਸਰ ਨੇੜੇ ਪਹੁੰਚ ਗਿਆ। ਇਧਰੋਂ ਸਿੰਘ ਵੀ ਘੱਲੂਘਾਰੇ ਵਿਚ ਹੋਏ ਨੁਕਸਾਨ ਅਤੇ ਗੁਰੂ ਘਰ ਦੀ ਬੇਅਦਬੀ ਕਰਕੇ ਗੁੱਸੇ ਨਾਲ ਭਰੇ ਬੈਠੇ ਸਨ। ਸਿੰਘਾਂ ਦਾ ਅਬਦਾਲੀ ਦੀਆਂ ਫ਼ੌਜਾਂ ਨਾਲ ਯੁੱਧ ਲੱਗ ਗਿਆ। ਅਬਦਾਲੀ ਦੀ ਫ਼ੌਜ ਮਾਰੀ ਗਈ ਤੇ ਆਪ ਫ਼ੌਜ ਮਰਵਾ ਕੇ ਲਾਹੌਰ ਜਾ ਵੜਿਆ। ਸਿੰਘਾਂ ਨੇ ਸਾਲ ਵਿਚ ਹੀ ਘੱਲੂਘਾਰੇ ਅਤੇ ਗੁਰੂ ਘਰ ਦੀ ਹੋਈ ਬੇਅਦਬੀ ਦਾ ਬਦਲਾ ਲੈ ਲਿਆ। ਜਿਸ ਵੇਲੇ ਅਬਦਾਲੀ ਨੇ ਹਰਿਮੰਦਰ ਸਾਹਿਬ ਬਾਰੂਦ ਨਾਲ ਉਡਾਇਆ ਤਾਂ ਪਰਿਕਰਮਾ ਵਿੱਚ ਇੱਕ ਇੱਟ ਨੱਕ 'ਤੇ ਆ ਵੱਜੀ। ਉਸ ਜ਼ਖ਼ਮ ਨੂੰ ਮੁੜ ਆਰਾਮ ਨਾ ਆਇਆ ਤੇ ਕੈਂਸਰ ਦਾ ਰੋਗ ਬਣ ਕੇ ਉਸ ਦੀ ਮੌਤ ਹੋ ਗਈ। ਇਹ ਅਸਥਾਨ ਮਾਲੇਰਕੋਟਲਾ ਤੋਂ ਲੁਧਿਆਣਾ ਜਾਣ ਵਾਲੀ ਸੜਕ 'ਤੇ ਮਾਲੇਰਕੋਟਲਾ ਤੋਂ 15 ਕੁ ਕਿਲੋਮੀਟਰ 'ਤੇ ਸਥਿਤ ਹੈ। ਇੱਥੇ ਹਰ ਸਾਲ ਸ਼ਹੀਦਾਂ ਦੀ ਯਾਦ ਵਿਚ 3, 4, 5 ਫਰਵਰੀ ਨੂੰ ਜੋੜ ਮੇਲ ਕਰਵਾਇਆ ਜਾਂਦਾ ਹੈ।

# ਸ਼ਹੀਦ ਸ਼ਾਮ ਸਿੰਘ ਅਟਾਰੀ ਨੂੰ ਯਾਦ ਕਰਦਿਆਂ

ਮਹਾਰਾਜਾ ਰਣਜੀਤ ਸਿੰਘ ਵੱਲੋਂ ਸਥਾਪਿਤ ਰਾਜ ਨੂੰ ਅੱਜ ਵੀ ਯਾਦ ਕੀਤਾ ਜਾਂਦਾ ਹੈ। ਇਨ੍ਹਾਂ ਹੀ ਜਰਨੈਲਾਂ 'ਚੋਂ ਇੱਕ ਸ਼ਾਮ ਸਿੰਘ ਅਟਾਰੀ ਨੇ ਮਰਦੇ ਦਮ ਤਕ ਜੰਗ ਦੇ ਮੈਦਾਨ ਵਿੱਚ ਹਾਰ ਨਹੀਂ ਮੰਨੀ। ਮਹਾਰਾਜਾ ਰਣਜੀਤ ਸਿੰਘ ਦੀ ਹਰ ਜੇਤੂ ਮੁਹਿੰਮ ਦੇ ਸਾਥੀ ਰਹੇ ਸ਼ਾਮ ਸਿੰਘ ਅਟਾਰੀ ਦਾ ਜਨਮ 1785 ਈ. ਨੂੰ ਨਿਹਾਲ ਸਿੰਘ ਅਤੇ ਸ਼ਮਸ਼ੇਰ ਕੌਰ ਦੇ ਘਰ ਹੋਇਆ। ਇਹ ਪਰਿਵਾਰ ਜੈਸਲਮੇਰ ਦੇ ਭੱਟੀ ਰਾਜਪੂਤਾਂ ਨਾਲ ਸਬੰਧਤ ਸੀ ਅਤੇ ਇਨ੍ਹਾਂ ਦੇ ਵਡੇਰੇ ਕਾਹਨ ਚੰਦ ਨੇ ਸਮੇਂ ਦੇ ਹਾਲਾਤ ਨੂੰ ਦੇਖਦੇ ਹੋਏ ਜਗਰਾਓਂ ਲਾਗੇ ਪਿੰਡ ਕਾਉਂਕੇ ਵਸਾਇਆ ਪਰ ਬਾਅਦ 'ਚ ਇਹ ਪਰਿਵਾਰ ਅਟਾਰੀ ਆ ਵਸਿਆ।

ਸ਼ਾਮ ਸਿੰਘ ਅਟਾਰੀ ਦਾ ਸਿੱਖ ਰਾਜ ਦੀ ਫ਼ੌਜ ਵਿੱਚ ਭਰਤੀ ਹੋਣ ਦਾ ਇਕ ਸਬੱਬ ਹੀ ਹੈ। ਕੁੱਝ ਇਤਿਹਾਸਕਾਰਾਂ ਅਨੁਸਾਰ ਇਕ ਵਾਰ ਮਹਾਰਾਜਾ ਰਣਜੀਤ ਸਿੰਘ ਬਿਮਾਰ ਹੋ ਗਏ ਤਾਂ ਉਸ ਵੇਲੇ ਸ਼ਾਮ ਸਿੰਘ ਦੇ ਪਿਤਾ ਨਿਹਾਲ ਸਿੰਘ ਨੇ ਸ਼ੇਰ-ਏ-ਪੰਜਾਬ ਦੀ ਮੰਜੀ ਦੁਆਲੇ ਪਰਕਮਾ ਕੀਤੀ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਜਾਨ ਬਦਲੇ ਆਪਣੀ ਜਾਨ ਦੇਣ ਲਈ ਅਰਦਾਸ ਕੀਤੀ। ਅਰਦਾਸ ਪ੍ਰਵਾਨ ਹੋਈ। ਕੁਝ ਹੀ ਦਿਨਾਂ ਮਗਰੋਂ ਮਹਾਰਾਜਾ ਤਾਂ ਠੀਕ ਹੋ ਗਿਆ ਪਰ ਨਿਹਾਲ ਸਿੰਘ ਬਿਮਾਰ ਹੋ ਗਿਆ ਅਤੇ ਅਕਾਲ ਚਲਾਣਾ ਕਰ ਗਿਆ।

ਮਹਾਰਾਜਾ ਰਣਜੀਤ ਸਿੰਘ ਨੇ ਨਿਹਾਲ ਸਿੰਘ ਦਾ ਆਪਣੇ ਹੱਥੀਂ ਸਸਕਾਰ ਕੀਤਾ। ਅਟਾਰੀ ਵਿਚ ਅੱਜ ਵੀ ਸਸਕਾਰ ਵਾਲੀ ਜਗ੍ਹਾ 'ਤੇ ਉਸ ਦੀ ਸਮਾਧ ਮੌਜੂਦ ਹੈ। ਸ਼ੇਰ-ਏ-ਪੰਜਾਬ ਨੇ ਉਸ ਦੇ ਪੁੱਤਰ ਸ਼ਾਮ ਸਿੰਘ ਅਟਾਰੀ ਨੂੰ ਫੌਜਾਂ ਦਾ ਸਰਦਾਰ ਬਣਾ ਕੇ ਬਹੁਤ ਸਾਰੀ ਜਾਗੀਰ ਉਸ ਦੇ ਨਾਮ ਕਰ ਦਿੱਤੀ।

ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ 'ਚ ਸ਼ਾਮ ਸਿੰਘ ਅਟਾਰੀ ਦਾ ਬਹੁਤ ਮਾਣ-ਸਨਮਾਨ ਹੁੰਦਾ ਸੀ। ਉਹ ਰੋਅਬਦਾਰ ਅਤੇ ਸਲੀਕੇ ਨਾਲ ਗੱਲ ਕਰਨ ਵਾਲੇ ਜਰਨੈਲ ਦੇ ਤੌਰ 'ਤੇ ਜਾਣਿਆ ਜਾਂਦਾ ਸੀ। ਮਹਾਰਾਜਾ ਰਣਜੀਤ ਸਿੰਘ ਦੀਆਂ ਕਈ ਜੇਤੂ ਮੁਹਿੰਮਾਂ ਦੇ ਸਾਥੀ ਅਤੇ ਗਵਾਹ ਰਹੇ ਸ਼ਾਮ ਸਿੰਘ ਅਟਾਰੀ ਦਾ ਦੁਸ਼ਮਣਾਂ ਵਿੱਚ ਖੌਫ ਸਰਦਾਰ ਹਰੀ ਸਿੰਘ ਨਲੂਆ ਵਾਂਗੂ ਹੀ ਸੀ। ਜਦੋਂ ਵੀ ਮਹਾਰਾਜਾ ਰਣਜੀਤ ਸਿੰਘ ਸ਼ਹਿਜ਼ਾਦਾ ਖੜਕ ਸਿੰਘ ਨੂੰ ਕਿਸੇ ਮੁਹਿੰਮ 'ਤੇ ਭੇਜਦਾ ਤਾਂ ਖੜਕ ਸਿੰਘ ਦੀ ਦੇਖਭਾਲ ਦੀ ਸਾਰੀ ਜ਼ਿੰਮੇਵਾਰੀ ਸ਼ਾਮ ਸਿੰਘ ਦੇ ਕੋਲ ਹੁੰਦੀ। ਜਦੋਂ ਪਿਸ਼ਾਵਰ ਅਤੇ ਮੁਲਤਾਨ ਦੀ ਮੁਹਿੰਮ ਤੋਂ ਖ਼ਾਲਸਾ ਫ਼ੌਜਾਂ ਜਿੱਤ ਕੇ ਮੁੜੀਆਂ ਤਾਂ ਸ਼ੇਰ-ਏ-ਪੰਜਾਬ ਨੇ ਸਰਦਾਰ ਸ਼ਾਮ ਸਿੰਘ ਨੂੰ ਗਲ ਨਾਲ ਲਾ ਲਿਆ ਤੇ ਕਿਹਾ, "ਸ਼ਾਮ ਸਿਹਾਂ ਤੂੰ ਮੁਲਤਾਨ ਤੇ ਪਿਸ਼ਾਵਰ ਨਹੀਂ ਜਿੱਤਿਆ ਬਲਕਿ ਰਣਜੀਤ ਸਿੰਘ ਦਾ ਦਿਲ ਜਿੱਤ ਲਿਆ ਏ।"

ਸੰਨ 1819 ਈ. ਵਿੱਚ ਉਨ੍ਹਾਂ ਨੇ ਕਸ਼ਮੀਰ ਦੀ ਲੜਾਈ ਦੀ ਅਗਵਾਈ ਕਰ ਕੇ ਜਿੱਤ ਪ੍ਰਾਪਤ ਕੀਤੀ। ਮਹਾਰਾਜਾ ਰਣਜੀਤ ਸਿੰਘ ਜਿੱਥੇ ਵੀ ਜਾਂਦੇ ਸ਼ਾਮ ਸਿੰਘ ਉਨ੍ਹਾਂ ਦੇ ਨਾਲ ਹੀ ਰਹਿੰਦਾ। 1831 ਈ. ਵਿਚ ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਰੋਪੜ ਵਿੱਚ ਲਾਰਡ ਵਿਲੀਅਮ ਬੈਂਟਿਕ ਨਾਲ ਮੁਲਾਕਾਤ ਕੀਤੀ ਸੀ ਤਾਂ ਉਸ ਸਮੇਂ ਸ਼ਾਮ ਸਿੰਘ ਅਟਾਰੀ ਦੇ ਕੰਮ ਨੂੰ ਕਾਫ਼ੀ ਸਲਾਹਿਆ ਗਿਆ। ਸੰਨ 1834 ਈ. ਵਿਚ ਉਨ੍ਹਾਂ ਦੀ ਧੀ ਨਾਨਕੀ ਦਾ ਵਿਆਹ ਮਹਾਰਾਜਾ ਰਣਜੀਤ ਸਿੰਘ ਦੇ ਪੋਤਰੇ ਕੰਵਰ ਨੌਨਿਹਾਲ ਸਿੰਘ ਨਾਲ ਹੋਇਆ ਤੇ ਸ਼ਾਮ ਸਿੰਘ ਨੇ ਉਨ੍ਹਾਂ ਦਿਨਾਂ 'ਚ ਤਕਰੀਬਨ 15 ਲੱਖ ਰੁਪਏ ਖਰਚ ਕੀਤੇ। ਵਿਆਹ ਵਿੱਚ ਵੱਖ-ਵੱਖ ਰਾਜਾਂ ਦੇ ਰਾਜੇ, ਮਹਾਰਾਜੇ ਤੇ ਅੰਗਰੇਜ਼ ਅਫ਼ਸਰ ਸ਼ਾਮਲ ਹੋਏ। ਅੰਮ੍ਰਿਤਸਰ ਦੇ ਜੌਹਰੀ ਨੇ ਜਿਹੜਾ ਸਿਹਰਾ ਕੰਵਰ ਨੌਨਿਹਾਲ ਸਿੰਘ



ਲਈ ਤਿਆਰ ਕੀਤਾ ਸੀ, ਉਹ ਮਹਾਰਾਜਾ ਰਣਜੀਤ ਸਿੰਘ ਨੇ ਕੰਵਰ ਨੌਨਿਹਾਲ ਸਿੰਘ ਦੇ ਸਿਰ 'ਤੇ ਬੰਨ੍ਹਣ ਦੀ ਬਜਾਏ ਗੁਰੂ ਰਾਮਦਾਸ ਜੀ ਦੇ ਦਰਬਾਰ ਵਿਚ ਚੜ੍ਹਾ ਦਿੱਤਾ ਜੋ ਅੱਜ ਵੀ ਦਰਬਾਰ ਸਾਹਿਬ ਦੇ

**ਅਵਤਾਰ ਸਿੰਘ ਆਨੰਦ**

ਤੋਸ਼ੇਖ਼ਾਨੇ ਵਿੱਚ ਸੁਸ਼ੋਭਿਤ ਹੈ। 1837 ਵਿਚ ਜਦੋਂ ਹਰੀ ਸਿੰਘ ਨਲੂਆ ਜਮਰੌਦ ਵਿੱਚ ਸ਼ਹੀਦ ਹੋ ਗਿਆ ਤਾਂ ਸ਼ਾਮ ਸਿੰਘ ਨੂੰ ਬਹੁਤ ਸਦਮਾ ਲੱਗਾ। ਬਹੁਤ ਸਾਰੀਆਂ ਜ਼ਿੰਮੇਵਾਰੀਆਂ ਉਸ ਦੇ ਮੋਢਿਆਂ 'ਤੇ ਆ ਪਈਆਂ। ਇਧਰ 27 ਜੂਨ 1837 ਨੂੰ ਮਹਾਰਾਜਾ ਰਣਜੀਤ ਸਿੰਘ ਦਾ ਦੇਹਾਂਤ ਹੋ ਗਿਆ ਤੇ ਉਧਰ ਸਿੱਖ ਰਾਜ ਖਾਨਾਜੰਗੀ ਦਾ ਸ਼ਿਕਾਰ ਹੋਣਾ ਸ਼ੁਰੂ ਹੋ ਗਿਆ। ਦਰਬਾਰ ਵਿੱਚ ਡੋਗਰਿਆਂ ਤੇ ਸਿੱਖ ਸਰਦਾਰਾਂ 'ਚ ਤਖ਼ਤ ਦਾ ਮਾਲਕ ਬਣਨ ਦੀ ਭੁੱਖ ਨੇ ਸਰਦਾਰ ਖੜਕ ਸਿੰਘ ਤੇ ਕੰਵਰ ਨੌਨਿਹਾਲ ਸਿੰਘ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਸਿੱਖ ਰਾਜ ਅੰਦਰ ਖਾਨਾਜੰਗੀ ਤੋਂ ਤੰਗ ਆ ਕੇ ਸ਼ਾਮ ਸਿੰਘ ਲਾਹੌਰ ਛੱਡ ਕੇ ਅਟਾਰੀ ਆ ਗਿਆ।

ਡੋਗਰਿਆਂ ਦੀਆਂ ਆਪਹੁਦਰੀਆਂ ਚਾਲਾਂ ਨੇ ਸਿੱਖ ਰਾਜ ਨੂੰ ਅੰਗਰੇਜ਼ਾਂ ਨਾਲ ਬੇਲੋੜੀਆਂ ਜੰਗਾਂ ਵਿੱਚ ਉਲਝਾ ਕੇ ਅੰਗਰੇਜ਼ਾਂ ਨੂੰ ਪੰਜਾਬ 'ਚ ਆਪ ਦਾਖਲ ਹੋਣ ਦਾ ਮੌਕਾ ਦੇ ਦਿੱਤਾ। ਮੁਦਕੀ ਤੇ ਫੇਰੂ ਸ਼ਹਿਰ ਦੀ ਲੜਾਈ ਬਿਨਾ ਕਿਸੇ ਨਿਸ਼ਾਨੇ ਅਤੇ ਮਕਸਦ ਲਈ ਲੜੀ ਗਈ।

ਮੁਦਕੀ ਅਤੇ ਫੇਰੂ ਸ਼ਹਿਰ ਦੀ ਲੜਾਈ ਤੋਂ ਬਾਅਦ ਅੰਗਰੇਜ਼ ਗਵਰਨਰ ਜਨਰਲ ਲਾਰਡ ਹਾਰਡਿੰਗ ਨੇ ਗੁਲਾਬ ਸਿੰਘ ਨੂੰ ਕਿਹਾ ਕਿ ਉਹ ਕਿਸੇ ਨਾ ਕਿਸੇ ਢੰਗ ਨਾਲ ਖ਼ਾਲਸਾ ਫੌਜਾਂ ਨੂੰ ਈਨ ਮੰਨਣ ਲਈ ਤਿਆਰ ਕਰ ਲਵੇ। ਲੜਾਈ ਉਪਰੰਤ ਜੰਮੂ ਕਸ਼ਮੀਰ ਦਾ ਇਲਾਕਾ ਖ਼ਾਲਸਾ ਰਾਜ ਨਾਲੋਂ ਤੋੜ ਕੇ ਉਸ ਨੂੰ 'ਇਨਾਮ' ਵਜੋਂ ਦੇ ਦਿੱਤਾ ਜਾਵੇਗਾ। ਹੈਸਕਿਥ ਪੀਅਰਸਨ ਆਪਣੀ ਕਿਤਾਬ "ਹੌਰ ਆਫ ਡੈਲੀ" ਵਿਚ ਲਿਖਦਾ ਹੈ, "ਸਿੱਖ ਜਰਨੈਲਾਂ ਦੀ ਗ਼ਦਾਰੀ ਕਾਰਨ ਅੰਗਰੇਜ਼ਾਂ ਦੀ ਹਾਰ ਇੱਕ ਵਾਰ ਫਿਰ ਜਿੱਤ ਵਿੱਚ ਤਬਦੀਲ ਹੋ ਗਈ ਸੀ।

ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਸਿੱਖ ਜਰਨੈਲ ਡੋਗਰੇ ਭਰਾਵਾਂ ਦੀ ਚਾਲ 'ਚ ਫਸ ਗਏ। ਡੋਗਰੇ ਖੁਦ ਲਾਹੌਰ ਤਖ਼ਤ ਦਾ ਮਾਲਕ ਬਣਨਾ ਚਾਹੁੰਦੇ ਸਨ। ਅੰਗਰੇਜ਼ਾਂ ਨੇ ਖਾਲਸਾ ਸਰਕਾਰ 'ਚ ਪਈ ਖਾਨਾਜੰਗੀ ਦਾ ਫਾਇਦਾ ਉਠਾਇਆ ਅਤੇ 1845 'ਚ ਲਾਰਡ ਹਾਰਡਿੰਗ ਅਤੇ ਜਨਰਲ ਗਾਫ਼ ਨੇ ਦਰਿਆ ਸਤਲੁਜ 'ਤੇ ਫ਼ੌਜ ਇਕੱਠੀ ਕਰਨੀ ਸ਼ੁਰੂ ਕੀਤੀ। ਅੰਗਰੇਜ਼ਾਂ ਨੇ ਤੇਜਾ ਸਿੰਘ ਰਾਹੀਂ ਸਿੱਖ ਫ਼ੌਜਾਂ ਨੂੰ ਭੜਕਾਇਆ ਕਿ ਅੰਗਰੇਜ਼ ਸਤਲੁਜ ਦਰਿਆ 'ਤੇ ਲਾਹੌਰ 'ਤੇ ਕਬਜ਼ਾ ਕਰਨ ਦੀਆਂ ਤਿਆਰੀਆਂ ਕਰੀ ਬੈਠੇ ਹਨ ਅਤੇ ਉਨ੍ਹਾਂ ਦੇ ਹਮਲੇ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਹਮਲਾ ਕਰ ਦੇਣਾ ਚਾਹੀਦਾ ਹੈ। ਰਾਣੀ ਜਿੰਦਾਂ ਅਤੇ ਸ਼ਾਮ ਸਿੰਘ ਅਟਾਰੀ ਨੇ ਅੰਗਰੇਜ਼ਾਂ ਨਾਲ ਲੜਾਈ ਨਾ ਕਰਨ ਦੀ ਸਲਾਹ ਦਿੱਤੀ। ਡੋਗਰੇ ਭਰਾ ਲੜਾਈ ਕਰਨਾ ਚਾਹੁੰਦੇ ਸਨ। ਰਾਣੀ ਜਿੰਦਾਂ ਅਤੇ ਸ਼ਾਮ ਸਿੰਘ ਅਟਾਰੀ ਦੀਆਂ ਸਲਾਹਾਂ ਨੂੰ ਨਜ਼ਰਅੰਦਾਜ਼ ਕਰ ਕੇ ਲਾਲ ਸਿੰਘ ਤੇ ਤੇਜਾ ਸਿੰਘ ਨੇ ਸਿੱਖ ਫੌਜ ਸਤਲੁਜ ਦਰਿਆ 'ਤੇ ਇਕੱਠੀ ਕਰ ਲਈ।

ਲੜਾਈ ਸ਼ੁਰੂ ਹੁੰਦਿਆਂ ਹੀ ਅੰਗਰੇਜ਼ਾਂ ਦਾ ਕਾਫੀ ਨੁਕਸਾਨ ਹੋ ਗਿਆ ਅਤੇ ਉਨ੍ਹਾਂ ਨੂੰ ਵੀ ਪਿੱਛੇ ਹਟਣ ਲਈ ਮਜਬੂਰ ਹੋਣਾ ਪਿਆ। ਮੈਦਾਨ-ਏ-ਜੰਗ ਤਲਵਾਰਾਂ ਨਾਲ ਚਮਕ ਉੱਠਿਆ। ਸ਼ਾਮ ਸਿੰਘ ਅਟਾਰੀਵਾਲਾ ਮੈਦਾਨ ਵਿੱਚ ਫੌਜਾਂ ਨੂੰ ਹਰ ਮੁਹਾਜ਼ 'ਤੇ ਹੱਲਾਸ਼ੇਰੀ ਦਿੰਦਾ ਨਜ਼ਰ ਆ ਰਿਹਾ ਸੀ। ਅੰਗਰੇਜ਼ਾਂ ਨੂੰ ਹਰ ਮੁਹਾਜ਼ 'ਤੇ ਹਾਰ ਹੀ ਹਾਰ ਪੱਲੇ ਪੈ ਰਹੀ ਸੀ। ਸ਼ਾਮ ਸਿੰਘ ਅੰਗਰੇਜ਼ਾਂ ਦੀ ਭਾਰੀ ਜਾਨੀ ਨੁਕਸਾਨ ਕਰਦਾ ਹੋਇਆ ਅੰਗਰੇਜ਼ ਜਰਨੈਲ ਸਰ ਰਾਬਰਟ ਡਿਕ ਦੇ ਨਜ਼ਦੀਕ ਜਾ ਪਹੁੰਚਿਆ ਅਤੇ ਹੱਥੋ-ਹੱਥੀ ਲੜਾਈ ਵਿੱਚ ਰਾਬਰਟ ਡਿਕ ਸ਼ਾਮ ਸਿੰਘ ਹੱਥੋਂ ਮਾਰਿਆ ਗਿਆ। ਉਸ ਸਮੇਂ ਅੰਗਰੇਜ਼ੀ ਫੌਜਾਂ ਵਿੱਚ ਦਹਿਸ਼ਤ ਵਰਗਾ ਮਾਹੌਲ ਬਣ ਗਿਆ। ਅੰਗਰੇਜ਼ੀ ਫੌਜਾਂ ਨੇ ਅਟਾਰੀ ਵਾਲੇ ਸਰਦਾਰ ਨੂੰ ਚਾਰੇ ਪਾਸਿਓਂ ਘੇਰ ਕੇ ਉਸ ਦਾ ਸਰੀਰ ਗੋਲੀਆਂ ਨਾਲ ਛਲਣੀ ਕਰ ਦਿੱਤਾ। ਇਸ ਤਰ੍ਹਾਂ ਸ਼ਾਮ ਸਿੰਘ ਅਟਾਰੀ ਜੰਗ ਵਿੱਚ ਜੂਝਦਾ ਹੋਇਆ 10 ਫਰਵਰੀ ਨੂੰ ਸ਼ਹਾਦਤ ਦਾ ਜਾਮ ਪੀ ਗਿਆ ਤੇ ਸਿੱਖ ਰਾਜ ਦਾ ਆਖ਼ਰੀ ਸੂਰਜ ਵੀ ਅਸਤ ਹੋ ਗਿਆ।

# ਵੱਡਾ ਘੱਲੂਘਾਰਾ ਕੁੱਪ ਰੋਹੀੜਾ ਦਿਵਸ ’ਤੇ ਵਿਸ਼ੇਸ਼






ਡਾ. ਚਰਨਜੀਤ ਸਿੰਘ ਗੁਮਟਾਲਾ
001-9375739812


ਪ੍ਰਿੰਸੀਪਲ ਸਤਿਬੀਰ ਸਿੰਘ ਨੇ ਆਪਣੀ ਪੁਸਤਕ ਸਿੱਖ ਇਤਿਹਾਸ ਭਾਗ ਪਹਿਲਾ ਦੇ ਪੰਨਾ 239 ਤੋਂ 246 ਤੀਕ ਵੱਡੇ ਘਲੂਘਾਰੇ ’ਤੇ ਬੜੇ ਵਿਸਥਾਰ ’ਤੇ ਚਾਨਣਾ ਪਾਇਆ ਹੈ। ਅਹਿਮਦ ਸ਼ਾਹ ਅਬਦਾਲੀ ਨੇ 1748 ਤੋਂ ਲੈ ਕੇ 1761 ਤੱਕ ਪੰਜ ਹਮਲੇ ਹਿੰਦੁਸਤਾਨ ‘ਤੇ ਕੀਤੇ ਸਨ। ਪੰਜਵਾਂ ਹਮਲਾ ਨਿਰੋਲ ਮਰਹੱਟਿਆਂ ਦੇ ਵਿਰੁੱਧ ਸੀ। ਅਬਦਾਲੀ ਨੇ ਪਾਨੀਪਤ ਦੀ ਤੀਜੀ ਜੰਗ ਵਿੱਚ ਮਰਹੱਟਿਆਂ ਨੂੰ ਤਕੜੀ ਹਾਰ ਦਿੱਤੀ। 13 ਜਨਵਰੀ 1761 ਨੂੰ ਮਰਹੱਟਿਆਂ ਨੂੰ ਹਰਾਉਣ ਉਪਰੰਤ ਅਬਦਾਲੀ ਮਾਰਚ ਦੇ ਮਹੀਨੇ ਵਾਪਸ ਮੁੜ ਪਿਆ। ਜਦ ਉਹ ਵਾਪਸ ਮੁੜ ਰਿਹਾ ਸੀ ਤਾਂ ਸਿੱਖਾਂ ਨੇ ਅਬਦਾਲੀ ਕੋਲੋਂ ਖ਼ੂਬ ਹਿੱਸਾ ਵੰਡਾਇਆ। ਇੱਕ ਕਥਨ ਅਨੁਸਾਰ ਅਟਕ ਤਕ ਉਸ ਦਾ ਪਿੱਛਾ ਕੀਤਾ। ਉਸ ਨੇ ਐਲਾਨੀਆਂ ਕਿਹਾ ਕਿ ਹੁਣ ਸਿੱਖਾਂ ਨੂੰ ਦਬਾ ਕੇ ਹੀ ਆਰਾਮ ਕਰਾਂਗਾ। ਉਹ ਨਹੀਂ ਸੀ ਜਾਣਦਾ ਕਿ ਸਿੱਖ ਕੌਮ ਨੂੰ ਕੋਈ ਹਰਾ ਨਹੀਂ ਸਕਦਾ।

ਪੰਜਾਬ ਦੇ ਕਬਜ਼ੇ ਲਈ ਹੁਣ ਦੋ ਤਾਕਤਾਂ - ਸਿੱਖ ਅਤੇ ਅਫ਼ਗਾਨ ਲੜ ਰਹੀਆਂ ਸਨ। ਬਾਕੀ ਸਭ ਤਾਕਤਾਂ ਜਾਂ ਮੁੱਕ ਗਈਆਂ ਸਨ ਜਾਂ ਬਲਹੀਨ ਹੋ ਗਈਆਂ ਸਨ। ਸਿੱਖ 1762 ਵਿੱਚ ਪੰਜਾਬ ਦੇ ਅਮਲੀ ਤੌਰ ਉੱਤੇ ਮਾਲਕ ਸਨ। ਅਬਦਾਲੀ ਦੇ ਨਿਯਤ ਕੀਤੇ ਗਵਰਨਰ ਖ਼ਵਾਜ਼ਾ ਮਿਰਜ਼ਾ ਖ਼ਾਨ ਚਹਾਰ ਮਹੱਲ ਵਾਲਾ, ਆਬਿਦ ਖ਼ਾਨ (ਲਾਹੌਰ), ਸਾਦਤ ਖ਼ਾਨ ਤੇ ਸਾਦਕ ਖ਼ਾਨ ਅਫ਼ਰੀਦੀ, ਸਿੱਖਾਂ ਦੀ ਵਧਦੀ ਤਾਕਤ ਨੂੰ ਰੋਕ ਨਾ ਪਾ ਸਕੇ। ਅਹਿਮਦ ਸ਼ਾਹ ਅਬਦਾਲੀ ਨੇ ਨੂਰ-ਉਦ-ਦੀਨ ਨੂੰ ਮਾਰ ਕੇ ਨਸਾ ਦਿੱਤਾ। ਲਾਹੌਰ ਦਾ ਗਵਰਨਰ ਆਬਿਦ ਖ਼ਾਨ ਵੀ ਛੱਡ ਕੇ ਨੱਸ ਗਿਆ। ਸਿੱਖਾਂ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੀ ਅਗਵਾਈ ਹੇਠਾਂ ਲਾਹੌਰ ‘ਤੇ ਕਬਜ਼ਾ ਕੀਤਾ ਤੇ ਆਕਲਦਾਸ ਨੇ ਅਬਦਾਲੀ ਨੂੰ ਹਮਲਾ ਕਰਨ ਲਈ ਪ੍ਰੇਰਿਆ। ਸਿੱਖਾਂ ਨੂੰ ਸੂਹ ਮਿਲ ਗਈ। ਸਿੱਖਾਂ ਨੇ ਸਾਰਾ ਧਿਆਨ ਆਪਣੇ ਟੱਬਰਾਂ ਨੂੰ ਸੁਰੱਖਿਅਤ ਥਾਂ ਉੱਤੇ ਪਹੁੰਚਾਣ ਵੱਲ ਲਗਾ ਦਿੱਤਾ ਅਤੇ ਸਾਰੇ ਮਲੇਰ ਕੋਟਲੇ ਵਿੱਚ ਇਕੱਠੇ ਹੋਣੇ ਸ਼ੁਰੂ ਹੋਏ।

ਅਹਿਮਦ ਸ਼ਾਹ 3 ਫਰਵਰੀ ਨੂੰ ਅੰਦਾਜ਼ਿਆਂ ਦੇ ਉਲਟ ਲਾਹੌਰ ਪੁੱਜ ਗਿਆ। ਸਿੱਖਾਂ ਦੇ ਅੰਦਾਜ਼ੇ ਮੁਤਾਬਿਕ ਘੱਟ ਤੋਂ ਘੱਟ ਉਸ ਨੂੰ ਲਾਹੌਰ ਪੁੱਜਦਿਆਂ ਦਸ ਦਿਨ ਲੱਗ ਜਾਣੇ ਸਨ। ਸਿੱਖਾਂ ਦਾ ਯਕੀਨ ਸੀ ਕਿ ਟੱਬਰਾਂ ਨੂੰ ਸੁਰੱਖਿਅਤ ਥਾਂ ਉੱਤੇ ਪਹੁੰਚਾ ਕੇ ਉਹ ਵਾਪਸ ਮੁੜ ਕੇ ਲੜਨ ਲਈ ਤਿਆਰ ਹੋ ਸਕਣਗੇ, ਪਰ ਸਿੱਖਾਂ ਦੀ ਹੈਰਾਨੀ ਦੀ ਹੱਦ ਹੀ ਨਾ ਰਹੀ ਜਦ 5 ਫਰਵਰੀ ਨੂੰ ਕਾਸਮ ਖ਼ਾਨ ਨੂੰ ਹਮਲਾ ਕਰਦੇ ਡਿੱਠਾ। ਅਬਦਾਲੀ ਨੂੰ ਜਿੱਤ ਦਾ ਏਨਾ ਯਕੀਨ ਸੀ ਕਿ ਸ਼ਾਹ ਵਲੀ ਖ਼ਾਨ ਨੂੰ ਜਦ ਰਾਜਾ ਹਰਿ ਸਹਾਇ ਨੇ ਇਮਦਾਦ ਲਈ ਲਿ?ਖਆ ਤਾਂ ਉਸ ਨੇ ਉੱਤਰ ਦਿੱਤਾ ਸੀ ਕਿ ਸਿੱਖਾਂ ਦੀ ਜੜ੍ਹ ਮੁਕਾ ਕੇ ਕੁਝ ਚਿਰ ਸਰਹੰਦ ਸ਼ਿਕਾਰ ਖੇਡੇਗਾ। ਜਿਥੇ ਸਿੰਘਾਂ ਦੇ ਟੱਬਰ ਟਿਕਦੇ ਨੇਜ਼ਿਆਂ ‘ਤੇ ਵਸਤਰ ਟੰਗ ਬੈਰਕਾਂ ਬਣਾ ਲੈਂਦੇ। ਰਾਹ ਭਾਈ ਸੰਗੂ ਸਿੰਘ ਜੀ, ਬਾਬਾ ਆਲਾ ਸਿੰਘ ਦੇ ਭੇਜੇ ਕੋਤਵਾਲ ਬਾਈ ਸਖੂ ਸਿੰਘ ਜੀ ਹੰਭਲਵਾਲ ਤੇ ਭਾਈਕੇ ਦੇ ਭਾਈ ਬੁੱਢਾ ਸਿੰਘ (ਕੈਂਥਲ) ਦੱਸ ਰਹੇ ਸਨ। ਗੁਰੂ ਗ੍ਰੰਥ ਸਾਹਿਬ ਦੀਆਂ ਦੋਵੇਂ ਬੀੜਾਂ ਦਮਦਮੀ ਤੇ ਅੰਮ੍ਰਿਤਸਰੀ ਨਾਲ ਸਨ।

ਗਿਆਨੀ ਗਿਆਨ ਸਿਘ ਦੇ ਕਥਨ ਅਨੁਸਾਰ ਸਵੇਰ ਦਾ ਸਮਾਂ ਸੀ। ਸਿੰਘ ਅਜੇ ਤਿਆਰ ਵੀ ਨਹੀਂ ਸਨ ਹੋਏ। ਅਬਦਾਲੀ ਨੇ ਘੇਰਾ ਘੱਤ ਲਿਆ। ਅਬਦਾਲੀ ਦੀਆਂ ਫੌਜਾਂ ਨੇ ਪੁਜਦੇ ਸਾਰ ਹੀ ਕਤਲਿ-ਆਮ ਅਰੰਭ ਦਿੱਤਾ। ਸਿੰਘਾਂ ਨੇ ਝਟਪਟ ਤਿਆਰੇ ਕਰ ਲਏ। ਭਾਵੇਂ ਹਮਲਾ ਅਚਨਚੇਤ ਸੀ, ਪਰ ਸਿੱਖਾਂ ਨੇ ਡਟ ਕੇ ਮੁਕਾਬਲਾ ਕਰਨ ਦੀ ਠਾਣੀ। ਪਹਿਲੇ ਹੱਲੇ ਵਿੱਚ ਹਜ਼ਾਰਾਂ ਸਿੰਘ ਸ਼ਹੀਦ ਹੋ ਗਏ। ਟੱਬਰਾਂ ਨੂੰ ਬਚਾਉਣ ਲਈ ਸਿੱਖਾਂ ਨੇ ਵਿਚਾਰ ਬਣਾਈ ਅਤੇ ਨਾਲ ਹੀ ਉਸੇ ਪਲ ਟੱਬਰਾਂ ਦਾ ਖ਼ਿਆਲ ਆਇਆ। ਉਹ ਸਾਰੇ ਬੇਦੋਸ਼ੇ ਸ਼ਹੀਦ ਕਰ ਦਿੱਤੇ ਜਾਣਗੇ। ਸੋ ਜਲਦੀ ਵਿੱਚ ਹੀ ਇਹ ਫ਼ੈਸਲਾ ਹੋਇਆ ਕਿ ਵਹੀਰਾਂ ਦੇ ਇਰਦ ਗਿਰਦ ਚੌਖਟਾ (ਗੋਲ ਕਿਲ੍ਹਾ) ਬਣਾ ਕੇ ਦੁਸ਼ਮਣਾਂ ਦਾ ਮੁਕਾਬਲਾ ਕੀਤਾ ਜਾਏ। ਸਰਦਾਰ ਜੱਸਾ ਸਿੰਘ ਨੇ ਕਮਾਨ ਆਪਣੇ ਹੱਥ ਸੰਭਾਲ ਲਈ। ਸਰਦਾਰ ਸ਼ਾਮ ਸਿੰਘ ਦਾ ਜੱਥਾ ਵੀ ਨਾਲ ਸੀ। ਅਜੇ ਤਿੰਨ ਮੀਲ ਹੀ ਪੈਂਡਾ ਕੀਤਾ ਸੀ ਕਿ ਭੀਖਨ ਖ਼ਾਨ, ਜ਼ੈਨ ਖ਼ਾਨ ਅਤੇ ਸ਼ਾਹ ਵਲੀ ਖ਼ਾਨ ਆ ਪਏ। ਉਹ ਗੋਲ ਕਿਲ੍ਹਾ ਤੋੜਨ ਵਿੱਚ ਕਾਮਯਾਬ ਨਾ ਹੋ ਸਕੇ। ਸਿੱਖ ਫੌਜੀਆਂ ਨੇ ਇੱਕ ਜ਼ਿੰਦਾ ਮਨੁੱਖਾਂ ਦੀ ਦੀਵਾਰ ਖੜ੍ਹੀ ਕਰ ਦਿੱਤੀ। ਦਸਤੇ ਅਬਦਾਲੀ ਦੀ ਫ਼ੌਜ ਦਾ ਟਾਕਰਾ ਕਰਦੇ ਰਹੇ ਤੇ ਵਹੀਰ ਬਰਨਾਲਾ ਵੱਲ ਵੱਧਦਾ ਗਿਆ। ਜ਼ੈਨ ਖ਼ਾਨ ਤੋਂ ਵਹੀਰ ਬਹੁਤ ਦੂਰ ਚਲਾ ਗਿਆ। ਇਸ ਤਰ੍ਹਾਂ ਤੁਰਦੇ ਮੁਕਾਬਲਾ ਕਰਦੇ ਸਿੱਖਾਂ ਦਾ ਜਾਨੀ ਨੁਕਸਾਨ ਬਹੁਤ ਜ਼ਿਆਦਾ ਹੋ ਰਿਹਾ ਸੀ, ਪਰ ਸਿੰਘ ਡਟਕੇ ਹਮਲੇ ਕਰ ਰਹੇ ਸਨ।

ਜਦ ਸਿੰਘ ਡਟ ਕੇ ਲੜੇ ਤਾਂ ਅਬਦਾਲੀ ਦੀਆਂ ਫੌਜਾਂ ਵੀ ਘਾਬਰ ਕੇ ‘ਤੋਬਾ ਤੇ ਅੱਲਾ’ ਕਰਨ ਲੱਗ ਪਈਆਂ। ਸਿੰਘ ਵਹੀਰ ਦੀ ਰਾਖੀ ਇਸ ਤਰ੍ਹਾਂ ਕਰ ਰਹੇ ਸਨ ਜਿਵੇਂ ਕੁਕੜੀ ਆਪਣੇ ਬੱਚਿਆਂ ਦੀ, ਖੰਭ ਖਿਲਾਰ ਕੇ ਰਾਖੀ ਕਰਦੀ ਹੈ। ਅਹਿਮਦ ਸ਼ਾਹ ਤੇ ਉਸ ਦੇ ਜਰਨੈਲ ਇਸ ਪ੍ਰਕਾਰ ਦੀ ਲੜਾਈ ਨੂੰ ਦਖ ਹੈਰਾਨ ਹੋ ਰਹੇ ਸਨ।

ਅਹਿਮਦ ਸ਼ਾਹ ਨੇ ਵਲੀ ਖ਼ਾਨ, ਭੀਖਨ ਖ਼ਾਨ ਮਲੇਰ ਕੋਟਲੇ ਵਾਲੇ ਅਤੇ ਜ਼ੈਨ ਖ਼ਾਨ ਨੂੰ ਤਕੜੇ ਹੋ ਕੇ ਹਮਲਾ ਕਰਨ ਲਈ ਪ੍ਰੇਰਿਆ। 48 ਹਜ਼ਾਰ ਫੌਜ ਵਿੱਚੋਂ ਅੱਠ ਹਜ਼ਾਰ ਫੌਜੀ ਵੱਖ ਕਰ ਲਏ ਤੇ ਜਮ ਕੇ ਹਮਲਾ ਕੀਤਾ। ਵਹੀਰ ਤੇ ‘ਦਲ ਖ਼ਾਲਸਾ’ ਵੱਖ ਕਰਨ ਵਿੱਚ ਅਬਦਾਲੀ ਸਫ਼ਲ ਹੋ ਗਿਆ। ਇਸ ਹਮਲੇ ਵਿੱਚ ਸਿੰਘਾਂ ਦੇ ਪੈਰ ਉੱਖੜੇ ਤੇ ਕਿਤਨੇ ਹੀ ਸਿੰਘ ਸ਼ਹੀਦ ਹੋ ਗਏ। ਸਿੱਖ ਸਰਦਾਰਾਂ ਤੇ ਜੱਥਿਆਂ ਦੀ ਵਾੜ ਇਸ ਹਮਲੇ ਨੇ ਤੋੜ ਦਿੱਤੀ। ਟੱਬਰਾਂ ਦੇ ਟੱਬਰ ਮਾਰੇ ਗਏ। ਵਹੀਰ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ। ਹੁਣ ਅਬਦਾਲੀ ਦੀ ਇਹ ਖ਼ਾਹਿਸ਼ ਲੱਗਦੀ ਸੀ ਕਿ ਵਹੀਰ ਦੇ ਐਨ ਵਿਚਕਾਰ ਪੁੱਜ ਕੇ ਇਤਨਾ ਵੱਡਾ ਕਤਲੇਆਮ ਕੀਤਾ ਜਾਏ ਕਿ ਫੇਰ ਸਿੱਖ ਉਠਣ ਜੋਗੇ ਨਾ ਰਹਿਣ। ਅਬਦਾਲੀ ਦੀ ਚਾਲ ਸਮਝ ਕੇ ਸਿੱਖਾਂ ਦੀ ਜਥੇਬੰਦੀ ਪੱਕੀ ਕਰ ਲਈ। ਸਾਰੇ ਜਥੇ, ਭੰਗੀ, ਘਨੱਈਏ, ਸ਼ੁਕਰਚਕੀਏ, ਡਲੇਵਾਲੀਏ, ਸ਼ਹੀਦ, ਕਰੋੜੀਏ, ਰਾਮਗੜ੍ਹੀਏ, ਨਿਸ਼ਾਨਵਾਲੀਏ ਸਰਦਾਰ ਇਕੱਠੇ ਹੋ ਗਏ ਅਤੇ ਨਵੀਂ ਵਿਉਂਤ ਨਾਲ ਲੜਨ ਲੱਗੇ। ਅਚਾਨਕ ਹਮਲੇ ‘ਤੇ ਫਿਰ ਲਗਾਤਾਰ ਹਮਲਿਆਂ ਵਿਚਕਾਰ ਜਿਸ ਤਰ੍ਹਾਂ ਸਿੱਖ ਸਰਦਾਰਾਂ ਨੇ ਆਪਣੇ ਆਪ ਨੂੰ ਬਚਾਇਆ, ਉਹ ਜੰਗੀ ਇਤਿਹਾਸ ਵਿੱਚ ਇੱਕ ਅਮਿੱਟ ਯਾਦਗਾਰ ਹੈ। ਜਿਸ ਪਾਸੇ ਸਿੰਘ ਦੌੜ ਕੇ ਪੈਂਦੇ ਸਨ ਉਸ ਪਾਸਿਉਂ ਦੁਸ਼ਮਣਾਂ ਦਾ ਤਕਰੀਬਨ ਖ਼ਾਤਮਾ ਹੀ ਹੋ ਜਾਂਦਾ ਸੀ।

ਸਰਦਾਰ ਜੱਸਾ ਸਿੰਘ ਆਹਲੂਵਾਲੀਏ, ਸਰਦਾਰ ਸਿਆਮ ਸਿੰਘ ਅਤੇ ਸਰਦਾਰ ਚੜ੍ਹਤ ਸਿੰਘ ਸ਼ੁਕਰਚਕੀਏ ਨੇ ਤਗੜੇ ਹੱਥ ਦਿਖਾਏ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਤਾਂ ਕਈ ਵਾਰ ਮੌਤ ਦੇ ਮੂੰਹ ਤੋਂ ਮਸਾਂ ਬਚੇ। ਆਪ ਨੂੰ ਲਹੂ-ਲੁਹਾਨ ਦੇਖ ਕੇ ਅੰਗ-ਪਾਲਕ ਭਾਈ ਗੁਰਮੁਖ ਸਿੰਘ ਨੇ ਘੋੜੇ ਨੂੰ ਅੱਡੀ ਲਗਾ ਕੇ ਪਾਸੇ ਕਰਾਉਣ ਲਈ ਚਾਬਕ ਚੁੱਕਿਆ ਹੀ ਸੀ ਕਿ ਜੁਰਅੱਤ ਦੀ ਮੂਰਤ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਉੱਚੀ ਆਵਾਜ਼ ਦੇ ਕੇ ਕਿਹਾ “ਐਸੇ ਜੀਵਨ ਨਾਲੋਂ ਮਰਨਾ ਚੰਗਾ ਹੈ। ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੂੰ ਸਰੀਰ ’ਤੇ 22 ਜ਼ਖ਼ਮਾਂ ਤੇ ਸਰਦਾਰ ਚੜ੍ਹਤ ਸਿੰਘ ਸ਼ੁਕਰਚਕੀਏ ਨੂੰ 19 ਜ਼ਖ਼ਮ ਆਏ। ਸਰਦਾਰ ਜੱਸਾ ਸਿੰਘ ਲਹੂ ਲੁਹਾਨ ਹੋਏ ਲੜ ਰਹੇ ਸਨ। ਕਹਿੰਦੇ ਹਨ ਕਿਸੇ ਸਰਦਾਰ ਚੜ੍ਹਤ ਸਿੰਘ ਨੂੰ ਕਿਹਾ ਕਿ ਤੂੰ ਤਾਂ ਕਹਿੰਦਾ ਸੈਂ ਕਿ ਅਬਦਾਲੀ ਦਾ ਸਿੱਧਾ ਟਾਕਰਾ ਕਰਾਂਗਾ। ਹੁਣ ਇੱਥੇ ਕੀ ਕਰਦਾ ਹੈਂ! ਇਤਨਾ ਸੁਣਦੇ ਹੀ ਉਨ੍ਹਾਂ ਘੋੜਾ ਅਬਦਾਲੀ ਵੱਧ ਵਧਾ ਦਿੱਤਾ। ਸਰਦਾਰ ਚੜ੍ਹਤ ਸਿੰਘ ਨੇ ਜਿਸ ਬਹਾਦਰੀ ਨਾਲ ਵਹੀਰ ਦੇ ਅਨੇਕ ਸਿੱਖਾਂ ਨੂੰ ਬਚਾਇਆ, ਉਸ ਦੀ ਸਾਰੇ ਪੰਥ ਨੇ ਉਪਮਾ ਤੇ ਵਡਿਆਈ ਕੀਤੀ। ਜਦ ਘੋੜਾ ਥੱਕ ਜਾਂਦਾ, ਸਰਦਾਰ ਚੜ੍ਹਤ ਸਿੰਘ ਜੀ ਨਵਾਂ ਬਦਲ ਲੈਂਦੇ। ਪੰਜ ਘੋੜੇ ਸਦਾ ਨਾਲ ਰੱਖਦੇ। ਜਿੱਥੇ ਵੀ ਲਲਕਾਰ ਪੈਂਦੀ, ਸੁਣ ਕੇ ਫੱਟ ਘੋੜਾ ਦੁੜਾ ਉੱਥੇ ਪੁੱਜਦੇ। ਕਿਸੇ ਜ਼ਖ਼ਮੀ ਨੂੰ ਬੇਲੇ ’ਤੇ ਪਾ ਆਉਂਦੇ, ਕਿਸੇ ਫੱਟੜ ਸਿੰਘ ਨੂੰ ਪਿੱਠ ’ਤੇ ਚੁੱਕ ਕੇ ਸੁਰੱਖਿਅਤ ਥਾਂ ਪਹੁੰਚਾ ਫਿਰ ਆ ਜੂਝਦੇ। ਕਿਸੇ ਸਿੰਘ ਨੂੰ ਚੰਗਾ ਹੱਥ ਦਿਖਾਂਦੇ ਦੇਖ ਹੱਲਾ-ਸ਼ੇਰੀ ਦੇ ਕੇ ਹੋਰ ਅੱਗੇ ਨਿਕਲ ਜਾਂਦੇ। ਬਸਤਰ ਸਾਰੇ ਲਹੂ ਨਾਲ ਭਰ ਗਏ ਸਨ। ਜਿਵੇਂ ਹੁਣੇ ਹੀ ਹੋਲੀ ਖੇਡ ਕੇ ਆਏ ਹੋਣ।


ਸਾਰੇ ਪੰਥ ਨੇ ਸਰਦਾਰ ਚੜ੍ਹਤ ਸਿੰਘ ਜੀ ਦੀ ਇਤਨੀ ਉਪਮਾ ਕੀਤੀ ਕਿ ਅਸੀਸਾਂ ਦੇਣ ਕਿ “ਪਾਤਸ਼ਾਹੀ ਕਰੈਂ, ਲਾਹੌਰ ਮਾਰੈਂ, ਮੁਲਤਾਨ ਕਬਜ਼ਾ ਆਵੈ। ਕਸ਼ਮੀਰ ਕਾਬਲ ਤੱਕ ਹੁਕਮ ਚਲੇ। ਦੁਰਾਨੀ ਵੀ ਪੂਰੇ ਜ਼ੋਰਾਂ ਨਾਲ ਹਮਲਾ ਕਰ ਰਹੇ ਸਨ। ਅਬਦਾਲੀ ਦੀਆਂ ਫੌਜਾਂ ਦਾ ਇੱਕੋ ਹੀ ਨਿਸ਼ਾਨਾ ਸੀ ਕਿ ਸਿੰਘਾਂ ਦੀ ਫੌਜ ਨੂੰ ਚੀਰ ਕੇ ਸਾਰੇ ਵਹੀਰ ਨੂੰ ਸ਼ਹੀਦ ਕਰ ਦਿੱਤਾ ਜਾਵੇ। ਇਸ ਦੌਰਾਨ ਵਿੱਚ ਵਹੀਰ ਪੰਜ ਕੁ ਮੀਲ ਚਲ ਚੁੱਕਿਆ ਸੀ। ਇਸ ਘੱਲੂਘਾਰੇ ਵਿੱਚ ਹੁਸੈਨ ਸ਼ਾਹੀ, ਤਾਰੀਖ਼ੇ ਅਹਿਮਦ, ਸੋਹਣ ਲਾਲ, ਅਲੀ-ਉਦ-ਦੀਨ ਤੇ ਭਾਈ ਰਤਨ ਸਿੰਘ ਦੇ ਕਥਨ ਅਨੁਸਾਰ ਤੀਹ ਹਜ਼ਾਰ ਸਿੰਘ ਸ਼ਹੀਦ ਹੋਏ।

ਇਸ ਸਾਰੀ ਘਟਨਾ ਨੂੰ ਸਿੱਖ ਇਤਿਹਾਸ ਵਿੱਚ ਵੱਡਾ ਘੱਲੂਘਾਰਾ ਆਖ ਕੇ ਯਾਦ ਕੀਤਾ ਜਾਂਦਾ ਹੈ। ਛੋਟਾ ਘੱਲੂਘਾਰਾ ਜੂਨ, 1746 ਨੂੰ ਯਾਹੀਆ ਖ਼ਾਨ ਤੇ ਲਖਪਤ ਰਾਇ ਨੇ ਕੀਤਾ ਸੀ। ਛੋਟੇ ਘੱਲੂਘਾਰੇ ਵਿੱਚ 10 ਹਜ਼ਾਰ ਦੇ ਕਰੀਬ ਸਿੰਘ ਸ਼ਹੀਦ ਹੋਏ ਸਨ। ਇਸ ਘੱਲੂਘਾਰੇ ਵਿੱਚ, ਇਤਿਹਾਸਕਾਰ ਹੁਸੈਨ ਸ਼ਾਹੀ, ਤਾਰੀਖ਼ੇ ਅਹਿਮਦ, ਸੋਹਣ ਲਾਲ, ਅਲੀ-ਉਦ-ਦੀਨ ਤੇ ਭਾਈ ਰਤਨ ਸਿੰਘ ਦੇ ਕਥਨ ਅਨੁਸਾਰ ਤੀਹ ਹਜ਼ਾਰ ਸਿੰਘ ਸ਼ਹੀਦ ਹੋਏ। ਸਿੱਖ ਕੌਮ ਉੱਤੇ ਇਹ ਇੱਕ ਨਾ ਮਿਟਣ ਵਾਲੀ ਸੱਟ ਸੀ। ਅੱਧੀ ਕੌਮ ਇੱਕ ਦਿਨ ’ਚ ਸ਼ਹੀਦ ਹੋ ਗਈ ਪਰ ਸੰਸਾਰ ਨੇ ਹੈਰਾਨੀ ਨਾਲ ਪੜ੍ਹਿਆ ਅਤੇ ਇਤਿਹਾਸਕਾਰਾਂ ਲਿਖਿਆ ਕਿ ਸਿੱਖ ਨਾ ਸਿਰਫ਼ ਚੜ੍ਹਦੀ ਕਲਾ ਵਿੱਚ ਰਹੇ ਸਗੋਂ ਸ਼ੁਕਰ ਕੀਤਾ।

## ਸਿੱਖ ਇਤਿਹਾਸ ਦਾ ਵੱਡਾ ਘੱਲੂਘਾਰਾ

- ਧਰਮਿੰਦਰ ਸਿੰਘ ਚੱਬਾ

‘ਘੱਲੂਘਾਰਾ’ ਸ਼ਬਦ ਦਾ ਅਰਥ ਹੈ ਤਬਾਹੀ। ਜੇਠ 2 ਸੰਮਤ 1803 ’ਚ ਦੀਵਾਨ ਲਖਪਤ ਰਾਇ ਨਾਲ ਜੋ ਖਾਲਸੇ ਦੀ ਜੰਗ ਕਾਹਨੂੰਵਾਨ ਦੇ ਛੰਭ ਪਾਸ ਹੋਈ, ਨੂੰ ਛੋਟਾ ਘੱਲੂਘਾਰਾ ਕਰਕੇ ਜਾਣਿਆ ਜਾਂਦਾ ਹੈ ਤੇ ਜੋ 28 ਮਾਘ ਸੰਮਤ 1818, 5 ਫਰਵਰੀ ਸੰਨ 1762 ’ਚ ਵਾਪਰਿਆ, ਨੂੰ ‘ਵੱਡਾ ਘੱਲੂਘਾਰਾ’ ਕਰਕੇ ਯਾਦ ਕੀਤਾ ਜਾਂਦਾ ਹੈ। ਇਹ ਲੜਾਈ ਅਹਿਮਦ ਸ਼ਾਹ ਅਬਦਾਲੀ ਨਾਲ ਕੁੱਪ ਰੋਹੀੜੇ ਦੇ ਸਥਾਨ ’ਤੇ ਹੋਈ। ਇਸ ਘੱਲੂਘਾਰੇ ’ਚ ਹਜ਼ਾਰਾਂ ਤੋਂ ਵੱਧ ਸਿੰਘ, ਸਿੰਘਣੀਆਂ, ਬੱਚੇ ਤੇ ਬਜ਼ੁਰਗ ਸ਼ਹੀਦ ਹੋਏ। ਅਬਦਾਲੀ ਨੇ ਲੁੱਟ ਦੀ ਨੀਅਤ ਨਾਲ ਪੰਜਾਬ ’ਤੇ 9 ਹਮਲੇ ਕੀਤੇ।



ਕੁੱਪ ਰੋਹੀੜੇ ਵਾਲਾ ਛੇਵਾਂ ਹਮਲਾ ਸੀ। ਸਿੱਖ ਅਬਦਾਲੀ ਦੇ ਹਰ ਹਮਲੇ ਸਮੇਂ ਛਾਪਾਮਾਰ ਨੀਤੀ ਅਪਣਾ ਕੇ ਅਬਦਾਲੀ ਦੇ ਲਸ਼ਕਰ ’ਚੋਂ ਲੁੱਟੀ ਦੌਲ਼ਤ ਤੇ ਬਹੂ ਬੇਟੀਆਂ ਬਚਾਅ ਕੇ ਘਰੋ-ਘਰੀ ਪਹੁੰਚਾਉਂਦੇ ਰਹੇ। ਅਬਦਾਲੀ ਇਸ ਗੱਲੋਂ ਸਿੱਖਾਂ ਤੋਂ ਤੰਗ ਆ ਚੁੱਕਾ ਸੀ। ਸਿੱਖਾਂ ਨੇ 1761 ਦੀ ਦੀਵਾਲੀ ਨੂੰ ਸਰਬੱਤ ਖਾਲਸਾ ਬੁਲਾ ਕੇ ਫ਼ੈਸਲਾ ਕੀਤਾ ਕਿ ਮੁਖ਼ਬਰਾਂ ਨੂੰ ਵੀ ਸੋਧਿਆ ਜਾਵੇ। ਸਿੰਘਾਂ ਨੇ ਜੰਡਿਆਲੇ ਦੇ ਰਹਿਣ ਵਾਲੇ ਆਕਲ ਦਾਸ ਨਿਰੰਜਨੀਏ ਨੂੰ ਸੋਧਾ ਲਾਉਣ ਦਾ ਮਨ ਬਣਾਇਆ ਤੇ ਜੰਡਿਆਲੇ ਵੱਲ ਚਾਲੇ ਪਾ ਦਿੱਤੇ।

ਆਕਲ ਦਾਸ ਨੇ ਤੇਜ਼ੀ ਨਾਲ ਅਬਦਾਲੀ ਨੂੰ ਸੁਨੇਹਾ ਭੇਜ ਕੇ ਸਿੱਖਾਂ ਤੋਂ ਜਾਨ ਬਚਾਉਣ ਦਾ ਤਰਲਾ ਕੀਤਾ। ਅਬਦਾਲੀ ਸੁਨੇਹਾ ਮਿਲਦਿਆਂ ਹੀ ਮਾਰੋ-ਮਾਰ ਕਰਦਾ ਤੇਜ਼ੀ ਨਾਲ ਲਾਹੌਰ ਪਹੁੰਚ ਗਿਆ ਤੇ ਸੂਬੇਦਾਰਾਂ ਤੇ ਫੌਜਦਾਰਾਂ ਨੂੰ ਸੁਨੇਹੇ ਭੇਜ ਦਿੱਤੇ ਕਿ ਫ਼ੌਜਾਂ ਸਮੇਤ ਤਿਆਰ ਰਹੋ। ਸਿੰਘ ਘਰ-ਬਾਰ ਛੱਡ ਕੇ ਕਿਸੇ ਸੁਰੱਖਿਅਤ ਜਗ?ਹਾ ਵੱਲ ਤੁਰ ਪਏ ਤੇ ਕੁੱਪ ਰੋਹੀੜੇ ਦੇ ਪਾਸ ਪਹੁੰਚ ਗਏ।

ਅਹਿਮਦ ਸ਼ਾਹ ਅਬਦਾਲੀ ਵਾਹੋ ਦਾਹੀ ਪੰਧ ਮੁਕਾ ਕੇ ਆਪਣੇ ਸਾਥੀ ਵਲੀ ਖਾਨ, ਭੀਖਨ ਖਾਨ ਤੇ ਜੈਨ ਖਾਨ ਕੋਲ ਮਲੇਰਕੋਟਲੇ ਪਹੁੰਚ ਗਿਆ। ਜੱਸਾ ਸਿੰਘ ਆਹਲੂਵਾਲੀਆ, ਚੜ੍ਹਤ ਸਿੰਘ ਸ਼ੁੱਕਰਚੱਕੀਆ, ਜੱਸਾ ਸਿੰਘ ਰਾਮਗੜ੍ਹੀਆ ਤੇ ਸ਼ਾਮ ਸਿੰਘ ਸਾਰੇ ਪ੍ਰਮੁੱਖ ਸਿੱਖ ਲੀਡਰ ਅਬਦਾਲੀ ਵਿਰੁੱਧ ਇਕਜੁੱਟ ਹੋ ਕੇ ਲੜੇ। ਸਿੰਘਾਂ ਦਾ ਬਹੁਤ ਨੁਕਸਾਨ ਹੋਇਆ।

ਅਬਦਾਲੀ ਨੇ ਜ਼ਿਆਦਾਤਰ ਬੱਚੇ, ਬੁੱਢੇ ਤੇ ਇਸਤਰੀਆਂ ਨੂੰ ਮੌਤ ਦੇ ਘਾਟ ਉਤਾਰਿਆ। ਸਿੰਘਾਂ ਦੇ ਵਹੀਰ ਨੇ ਆਪਣੇ ਪਰਿਵਾਰਾਂ ਨੂੰ ਬਚਾਉਣ ਲਈ ਮਨੁੱਖੀ ਕੰਧ ਬਣਾ ਕੇ ਲੜਨ ਦਾ ਯਤਨ ਕੀਤਾ।

‘ਪੰਥ ਪ੍ਰਕਾਸ਼’ ਦੇ ਲਿਖਾਰੀ ਗਿਆਨੀ ਗਿਆਨ ਸਿੰਘ ਲਿਖਦੇ ਹਨ ਕਿ ਇਹ ਜੰਗ ਇਤਨੀ ਭਿਆਨਕ ਸੀ ਕਿ ਹਰ ਪਾਸੇ ਚੀਕ ਚਿਹਾੜਾ ਮੱਚਿਆ ਹੋਇਆ ਸੀ। ਇਤਿਹਾਸਕਾਰ ਲਿਖਦੇ ਹਨ ਕਿ ਜੱਸਾ ਸਿੰਘ ਆਹਲੂਵਾਲੀਆ ਦੇ ਸਰੀਰ ’ਤੇ ਕੋਈ 20-25 ਦੇ ਕਰੀਬ ਡੂੰਘੇ ਫੱਟ ਲੱਗੇ ਸਨ । ਭਾਈ ਕਾਹਨ ਸਿੰਘ ਨਾਭਾ ਸ਼ਹੀਦ ਹੋਏ ਸਿੰਘ ਸਿੰਘਣੀਆਂ ਦੀ ਗਿਣਤੀ ਵੀਹ ਹਜ਼ਾਰ ਦੱਸਦੇ ਹਨ ਤੇ ਰਤਨ ਸਿੰਘ ਭੰਗੂ ਇਹ ਗਿਣਤੀ ਤੀਹ ਹਜ਼ਾਰ ਦੱਸਦੇ ਹਨ ਤੇ ਕਈ ਇਤਿਹਾਸਕਾਰ ਇਹ ਗਿਣਤੀ ਇਸ ਤੋਂ ਵੀ ਵੱਧ ਦੱਸਦੇ ਹਨ। ਸਿੱਖ ਜਗਤ ਆਪਣੇ ਸ਼ਹੀਦ ਸਿੰਘ ਸਿੰਘਣੀਆਂ ’ਤੇ ਮਾਣ ਮਹਿਸੂਸ ਕਰਦਾ ਹੈ ਤੇ ਹਮੇਸ਼ਾ ਕਰਦਾ ਰਹੇਗਾ।

# ਹਿੰਦੂ ਧਰਮ ਬਨਾਮ ਗਊ ਮਾਤਾ

## ਜੋ ਇੱਕ ਮਨੁੱਖ ਦੇ ਨਾਮ ਤੋਂ ਜਾਨਵਰ ਤੇ ਤਬਦੀਲ ਕੀਤਾ

ਵਿਸ਼ਵ ਦੇ ਰਾਜਾ ਕੁਰਾਸ ਕਾਮਬੋਜਿਆ ਸਾਇਰਸ ਮਹਾਨ, ਪੁਜਾਰੀ 'ਗੌਮਾਤਾ' ਮਾਗੀ ਬ੍ਰਹਮਣ ਸ਼ਾਹੀ ਰਾਜਵੰਸ਼ ਕੁਰਾਸ ਕਾਮਬੋਜਿਆ, ਕਸਤਰੀਯ (ਜੱਟ, ਕਾਮਬੋਜਾ) ਰਾਜਪੂਤ, ਸੈਣੀ, ਗੁਰਜਾਰਾ, ਪ੍ਰਤਿਹਾਰਾ ਦੀ ਦਿਲਚਸਪ, ਗੁੰਝਲਦਾਰ ਸੱਚੀ ਕਹਾਣੀ।

ਜਿਸ ਕਹਾਣੀ ਦਾ ਜ਼ਿਕਰ ਮੈਂ ਕਰ ਰਿਹਾ ਹਾਂ ਉਹ ਗੌਮਾਤਾ ਮਾਗੀ ਪੁਜਾਰੀ (ਬ੍ਰਾਹਮਣ) ਦੀ ਹੈ, ਜੋ ਕਿ ਇੱਕ ਮਾਗੀ ਖਗੋਲ ਵਿਗਿਆਨੀ ਅਤੇ ਜੋਤਸ਼ੀ ਸੀ, ਜਿਸਨੇ ਪਾਰਸੀ ਧਰਮ ਅਪਣਾ ਲਿਆ ਅਤੇ ਇੱਕ ਪਾਰਸੀ ਪੁਜਾਰੀ ਬਣ ਗਿਆ, ਇੱਥੇ ਉਸਦੇ ਜੀਵਨ ਅਤੇ ਧਰਮ ਪਰਿਵਰਤਨ ਦਾ ਵਿਸਤ੍ਰਿਤ ਵੇਰਵਾ ਹੈ:

**ਸ਼ੁਰੂਆਤੀ ਜੀਵਨ ਅਤੇ ਪਿਛੋਕੜ** : ਗੌਮਾਤਾ ਦਾ ਜਨਮ ਪ੍ਰਾਚੀਨ ਪਰਸ਼ੀਆ ਵਿੱਚ ਇੱਕ ਮਾਗੀ ਪਰਿਵਾਰ ਵਿੱਚ ਹੋਇਆ ਸੀ, ਲਗਭਗ 600 ਈਸਾ ਪੂਰਵ ਮਾਗੀ ਇੱਕ ਪੁਜਾਰੀ ਜਾਤੀ ਸੀ, ਜੋ ਪ੍ਰਾਚੀਨ ਫਾਰਸੀ ਸਾਮਰਾਜ ਵਿੱਚ ਰਸਮਾਂ ਅਤੇ ਰਸਮਾਂ ਨਿਭਾਉਣ ਲਈ ਜ਼ਿੰਮੇਵਾਰ ਸੀ, ਹਾਲਾਂਕਿ, ਗੌਮਾਤਾ ਦਾ ਪਰਿਵਾਰ ਰਵਾਇਤੀ ਮਾਗੀ ਪੁਜਾਰੀ ਵਰਗ ਦਾ ਹਿੱਸਾ ਨਹੀਂ ਸੀ,ਇਸ ਦੀ ਬਜਾਏ, ਉਹ ਖਗੋਲ ਵਿਗਿਆਨੀ ਅਤੇ ਜੋਤਸ਼ੀ ਸਨ, ਜੋ ਸ਼ਾਹੀ ਦਰਬਾਰ ਦੀ ਸੇਵਾ ਕਰਦੇ ਸਨ ।

ਗੌਮਾਤਾ ਨੂੰ ਛੋਟੀ ਉਮਰ ਤੋਂ ਹੀ ਖਗੋਲ ਵਿਗਿਆਨ ਅਤੇ ਜੋਤਿਸ਼ ਦੀਆਂ ਰਵਾਇਤੀ ਮਾਗੀ ਕਲਾਵਾਂ ਵਿੱਚ ਸਿਖਲਾਈ ਦਿੱਤੀ ਗਈ ਸੀ, ਉਹ ਇਨ੍ਹਾਂ ਖੇਤਰਾਂ ਵਿੱਚ ਮਾਹਿਰ ਬਣ ਗਿਆ ਅਤੇ ਤਾਰਿਆਂ ਅਤੇ ਗ੍ਰਹਿਆਂ ਦੇ ਆਪਣੇ ਅਸਾਧਾਰਨ ਗਿਆਨ ਲਈ ਜਾਣਿਆ ਜਾਂਦਾ ਸੀ

**ਪਾਰਸੀ ਧਰਮ ਵਿੱਚ ਪਰਿਵਰਤਨ** : ਲਗਭਗ 550 ਈਸਾ ਪੂਰਵ, ਗੌਮਾਤਾ ਨੂੰ ਪਾਰਸੀ ਪੈਗੰਬਰ, ਜ਼ਰਥੁਸਤਰਾ (ਜਿਸਨੂੰ ਜ਼ੋਰਾਸਟਰ ਵੀ ਕਿਹਾ ਜਾਂਦਾ ਹੈ) ਦੀਆਂ ਸਿੱਖਿਆਵਾਂ ਦਾ ਸਾਹਮਣਾ ਕਰਨਾ ਪਿਆ, ਜ਼ਰਥੁਸਤਰਾ ਦੀਆਂ ਸਿੱਖਿਆਵਾਂ ਨੇ ਇੱਕ ਈਸ਼ਵਰਵਾਦ ਦੀ ਮਹੱਤਤਾ, ਚੰਗਿਆਈ ਅਤੇ ਬੁਰਾਈ ਵਿਚਕਾਰ ਸੰਘਰਸ਼ ਅਤੇ ਸੁਤੰਤਰ ਇੱਛਾ ਦੀ ਧਾਰਨਾ 'ਤੇ ਜ਼ੋਰ ਦਿੱਤਾ, ਗੌਮਾਤਾ ਇਨ੍ਹਾਂ ਸਿੱਖਿਆਵਾਂ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਉਸਨੇ ਗਾਥਾ ਅਤੇ ਅਵੇਸਤਾ ਸਮੇਤ ਪਾਰਸੀ ਗ੍ਰੰਥਾਂ ਦਾ ਅਧਿਐਨ ਕਰਨਾ ਸ਼ੁਰੂ ਕਰ ਦਿੱਤਾ ।



ਸਰਬਜੀਤ ਸਿੰਘ ਵੰਸਜ ਵਰਲਡ ਰਾਜਾ ਕਰਾਸ ਕੰਮਬੋਜਿਆ।

ਜਿਵੇਂ-ਜਿਵੇਂ ਗੌਮਾਤਾ ਪਾਰਸੀ ਧਰਮ ਵਿੱਚ ਡੂੰਘਾਈ ਨਾਲ ਡੁੱਬਦਾ ਗਇਆ, ਉਹ ਰਵਾਇਤੀ ਮਾਗੀ ਅਭਿਆਸਾਂ ਅਤੇ ਰਸਮਾਂ ਤੋਂ ਵੱਧ ਤੋਂ ਵੱਧ ਨਿਰਾਸ਼ ਹੋ ਗਇਆ। ਉਸਨੇ ਪਾਰਸੀ ਧਰਮ ਨੂੰ ਇੱਕ ਵਧੇਰੇ ਤਰਕਸ਼ੀਲ ਅਤੇ ਅਧਿਆਤਮਿਕ ਮਾਰਗ ਵਜੋਂ ਦੇਖਿਆ ਅਤੇ ਉਸਨੇ ਰਵਾਇਤੀ ਮਾਗੀ ਪੁਜਾਰੀਆਂ ਦੇ ਅਧਿਕਾਰ 'ਤੇ ਸਵਾਲ ਉਠਾਉਣੇ ਸ਼ੁਰੂ ਕਰ ਦਿੱਤੇ।

ਭਾਈ ਸੁਖਵਿੰਦਰ ਸਿੰਘ ਨਾਗੋਕੇ
ਹਜ਼ੂਰੀ ਰਾਗੀ
ਸ੍ਰੀ ਦਰਬਾਰ ਸਾਹਿਬ
ਅੰਮ੍ਰਿਤਸਰ।



**ਪਾਰਸੀ ਪੁਜਾਰੀ ਬਣਨਾ** : ਤੀਬਰ ਅਧਿਐਨ ਅਤੇ ਚਿੰਤਨ ਦੇ ਇੱਕ ਸਮੇਂ ਤੋਂ ਬਾਅਦ, ਗੌਮਾਤਾ ਨੇ ਪਾਰਸੀ ਧਰਮ ਵਿੱਚ ਧਰਮ ਪਰਿਵਰਤਨ ਕਰਨ ਦਾ ਫੈਸਲਾ ਕੀਤਾ, ਉਸਨੂੰ ਇੱਕ ਸੀਨੀਅਰ ਪਾਰਸੀ ਪੁਜਾਰੀ ਦੁਆਰਾ ਪਾਰਸੀ ਭਾਈਚਾਰੇ ਵਿੱਚ ਦੀਖਿਆ ਦਿੱਤੀ ਗਈ, ਜਿਸਨੇ ਉਸਨੂੰ ਧਰਮ ਦੇ ਰਸਮਾਂ ਅਤੇ ਰਸਮਾਂ ਸਿਖਾਈਆਂ।

ਗੌਮਾਤਾ ਦਾ ਧਰਮ ਪਰਿਵਰਤਨ ਵਿਵਾਦ ਤੋਂ ਬਿਨਾਂ ਨਹੀਂ ਸੀ, ਉਸਦੇ ਬਹੁਤ ਸਾਰੇ ਸਾਥੀ ਮਾਗੀ ਉਸਦੇ ਧਰਮ ਪਰਿਵਰਤਨ ਨੂੰ ਉਨ੍ਹਾਂ ਦੀਆਂ ਪਰੰਪਰਾਵਾਂ ਅਤੇ ਰਸਮਾਂ ਨਾਲ ਵਿਸ਼ਵਾਸਘਾਤ ਵਜੋਂ ਦੇਖਦੇ ਸਨ, ਹਾਲਾਂਕਿ, ਗੌਮਾਤਾ ਅਡੋਲ ਸੀ ਅਤੇ ਉਸਨੇ ਬਹੁਤ ਸ਼ਰਧਾ ਨਾਲ ਪਾਰਸੀ ਧਰਮ ਦਾ ਅਧਿਐਨ ਅਤੇ ਅਭਿਆਸ ਕਰਨਾ ਜਾਰੀ ਰੱਖਿਆ ।

ਇੱਕ ਪਾਰਸੀ ਪੁਜਾਰੀ ਦੇ ਤੌਰ 'ਤੇ ਗੌਮਾਤਾ ਪਾਰਸੀ ਗ੍ਰੰਥਾਂ ਦੇ ਆਪਣੇ ਅਸਾਧਾਰਨ ਗਿਆਨ ਅਤੇ ਤਾਰਿਆਂ ਅਤੇ ਗ੍ਰਹਿਆਂ ਦੀ ਵਿਆਖਿਆ ਕਰਨ ਦੀ ਆਪਣੀ ਯੋਗਤਾ ਲਈ ਮਸ਼ਹੂਰ ਹੋ ਗਇਆ। ਉਸਨੇ ਆਪਣੇ ਸਾਥੀ ਪਾਰਸੀਆਂ ਨੂੰ ਪਾਰਸੀ ਧਰਮ ਦੇ ਸਰਵਉੱਚ ਦੇਵਤਾ ਅਹੁਰਾ ਮਜ਼ਦਾ ਦੀ ਇੱਛਾ ਨੂੰ ਸਮਝਣ ਵਿੱਚ ਮਦਦ ਕਰਨ ਲਈ ਖਗੋਲ ਵਿਗਿਆਨ ਅਤੇ ਜੋਤਿਸ਼ ਦੇ ਗਿਆਨ ਦੀ ਵਰਤੋਂ ਕੀਤੀ ।

**ਵਿਰਾਸਤੀ** : ਗੌਮਾਤਾ ਦੇ ਪਾਰਸੀ ਧਰਮ ਵਿੱਚ ਪਰਿਵਰਤਨ ਦਾ ਪਾਰਸੀ ਭਾਈਚਾਰੇ ਦੇ ਵਿਕਾਸ 'ਤੇ ਮਹੱਤਵਪੂਰਨ ਪ੍ਰਭਾਵ ਪਿਆ, ਉਸਨੇ ਪ੍ਰਾਚੀਨ ਪਰਸ਼ੀਆ ਵਿੱਚ ਪਾਰਸੀ ਧਰਮ ਨੂੰ ਇੱਕ ਪ੍ਰਮੁੱਖ ਸ਼ਕਤੀ ਵਜੋਂ ਸਥਾਪਿਤ ਕਰਨ ਵਿੱਚ ਮਦਦ ਕੀਤੀ, ਅਤੇ ਉਸਦੀਆਂ ਸਿੱਖਿਆਵਾਂ ਅਤੇ ਲਿਖਤਾਂ ਅੱਜ ਵੀ ਪਾਰਸੀ ਵਿਚਾਰਾਂ ਅਤੇ ਅਭਿਆਸਾਂ ਨੂੰ ਪ੍ਰਭਾਵਤ ਕਰਦੀਆਂ ਰਹਿੰਦੀਆਂ ਹਨ। ਹਾਲਾਂਕਿ, ਗੌਮਾਤਾ ਮਾਗੀ ਬ੍ਰਾਹਮਣ ਦੀ ਵਿਰਾਸਤ ਪਾਰਸੀ ਭਾਈਚਾਰੇ ਤੋਂ ਪਰੇ ਹੈ, ਇੱਕ ਪਾਰਸੀ ਪੁਜਾਰੀ ਵਜੋਂ ਉਸਦਾ ਧਰਮ ਪਰਿਵਰਤਨ ਅਤੇ ਬਾਅਦ ਦਾ ਕੈਰੀਅਰ ਅਧਿਆਤਮਿਕ ਪਰਿਵਰਤਨ ਦੀ ਸ਼ਕਤੀ ਅਤੇ ਸੱਚਾਈ ਅਤੇ ਬੁੱਧੀ ਦੀ ਭਾਲ ਦੀ ਮਹੱਤਤਾ ਨੂੰ ਦਰਸਾਉਂਦਾ ਹੈ, ਉਸਦੀ ਕਹਾਣੀ ਦੁਨੀਆ ਭਰ ਦੇ ਲੋਕਾਂ ਨੂੰ ਪ੍ਰੇਰਿਤ ਕਰਦੀ ਰਹਿੰਦੀ ਹੈ ਅਤੇ ਉਸਦੀ ਸਿੱਖਿਆਵਾਂ ਪਾਰਸੀ ਧਰਮ ਦਾ ਇੱਕ ਮਹੱਤਵਪੂਰਨ ਹਿੱਸਾ ਬਣੀਆਂ ਹੋਈਆਂ ਹਨ।

(ਚਲਦਾ)

Gadinashin Sarabjit Singh Descendant King of the World Kuras Kambujiyah Cyrus the Great



# ਦਿੱਲੀ ਐਗਜ਼ਿਟ ਪੋਲ ਵਿੱਚ ਕਿਹੜੀ ਪਾਰਟੀ ਦੀ ਬਣੇਗੀ ਸਰਕਾਰ

ਨਵੀਂ ਦਿੱਲੀ: ਦਿੱਲੀ ਵਿਧਾਨ ਸਭਾ ਚੋਣਾਂ ਲਈ ਵੋਟਿੰਗ ਖ਼ਤਮ ਹੋਣ ਤੋਂ ਬਾਅਦ ਆਏ ਐਗਜ਼ਿਟ ਪੋਲ 'ਚ ਭਵਿੱਖਬਾਣੀ ਕੀਤੀ ਗਈ ਹੈ 70 ਮੈਂਬਰੀ ਦਿੱਲੀ ਵਿਧਾਨ ਸਭਾ ਲਈ ਬੁਧਵਾਰ ਨੂੰ ਵੋਟਿੰਗ ਹੋਈ। ਵੋਟਾਂ ਦੀ ਗਿਣਤੀ 8 ਫ਼ਰਵਰੀ ਨੂੰ ਹੋਵੇਗੀ। ਚੋਣਾਂ ਤੋਂ ਬਾਅਦ ਜ਼ਿਆਦਾਤਰ ਸਰਵੇਖਣ ਏਜੰਸੀਆਂ ਨੇ ਭਾਜਪਾ ਦੀ ਜਿੱਤ ਅਤੇ ਆਮ ਆਦਮੀ ਪਾਰਟੀ (ਆਪ) ਦੀ ਹਾਰ ਦੀ ਭਵਿੱਖਬਾਣੀ ਕੀਤੀ ਹੈ। ਕਈ ਸਰਵੇਖਣਾਂ ਨੇ ਇਕ ਵਾਰ ਫਿਰ ਸੰਭਾਵਨਾ ਜਤਾਈ ਹੈ ਕਿ ਕਾਂਗਰਸ ਲਈ ਖਾਤਾ ਖੋਲ੍ਹਣਾ ਵੀ ਮੁਸ਼ਕਲ ਹੋ ਸਕਦਾ ਹੈ।




ਮੈਟ੍ਰਿਜ਼ ਦੇ ਸਰਵੇਖਣ ਮੁਤਾਬਕ ਭਾਜਪਾ 39 ਤੋਂ 35 ਸੀਟਾਂ ਜਿੱਤ ਕੇ ਸਰਕਾਰ ਬਣਾ ਸਕਦੀ ਹੈ। ਏਜੰਸੀ ਨੇ 'ਆਪ' ਨੂੰ 32 ਤੋਂ 37 ਸੀਟਾਂ ਅਤੇ ਕਾਂਗਰਸ ਨੂੰ ਸਿਫ਼ਰ ਤੋਂ ਦੋ ਸੀਟਾਂ ਮਿਲਣ ਦੀ ਭਵਿੱਖਬਾਣੀ ਕੀਤੀ ਹੈ।

ਪੀ-ਮਾਰਕ ਦੇ ਐਗਜ਼ਿਟ ਪੋਲ ਮੁਤਾਬਕ ਭਾਜਪਾ 39-49 ਸੀਟਾਂ ਜਿੱਤ ਸਕਦੀ ਹੈ ਅਤੇ ਅਪਣੇ ਦਮ 'ਤੇ ਸਰਕਾਰ ਬਣਾ ਸਕਦੀ ਹੈ। ਇਸ ਸਰਵੇਖਣ 'ਚ 'ਆਪ' ਨੂੰ 21 ਤੋਂ 31 ਅਤੇ ਕਾਂਗਰਸ ਨੂੰ 0-1 ਸੀਟ ਮਿਲਣ ਦੀ ਸੰਭਾਵਨਾ ਹੈ।

ਪੀਪਲਜ਼ ਇਨਸਾਈਟ ਦੇ ਸਰਵੇਖਣ ਮੁਤਾਬਕ ਭਾਜਪਾ ਨੂੰ 40-44 ਸੀਟਾਂ ਮਿਲ ਸਕਦੀਆਂ ਹਨ। ਅਨੁਮਾਨ ਹੈ ਕਿ 'ਆਪ' ਨੂੰ 25-29 ਸੀਟਾਂ ਅਤੇ ਕਾਂਗਰਸ ਨੂੰ 0-2 ਸੀਟਾਂ ਮਿਲ ਸਕਦੀਆਂ ਹਨ। 'ਪੀਪਲਜ਼ ਪਲੱਸ' ਦੇ ਐਗਜ਼ਿਟ ਪੋਲ 'ਚ ਭਾਜਪਾ ਨੂੰ ਭਾਰੀ ਬਹੁਮਤ ਮਿਲਣ ਦਾ ਅਨੁਮਾਨ ਲਗਾਇਆ ਗਿਆ ਹੈ। ਇਸ ਦੇ ਹਿਸਾਬ ਨਾਲ ਭਾਜਪਾ ਨੂੰ 51-60 ਸੀਟਾਂ ਮਿਲ ਸਕਦੀਆਂ ਹਨ, ਫਿਰ 'ਆਪ' ਨੂੰ ਸਿਰਫ 10-19 ਸੀਟਾਂ ਨਾਲ ਸੰਤੁਸ਼ਟ ਹੋਣਾ ਪੈ ਸਕਦਾ ਹੈ। ਸਰਵੇਖਣ 'ਚ ਕਿਹਾ ਗਿਆ ਹੈ ਕਿ ਕਾਂਗਰਸ ਦੇ ਲਗਾਤਾਰ ਤੀਜੀ ਵਿਧਾਨ ਸਭਾ ਚੋਣਾਂ 'ਚ ਅਪਣਾ ਖਾਤਾ ਖੋਲ੍ਹਣ ਦੀ ਸੰਭਾਵਨਾ ਨਹੀਂ ਹੈ।

ਪੋਲ ਡਾਇਰੀ ਦੇ ਸਰਵੇਖਣ ਮੁਤਾਬਕ ਭਾਜਪਾ ਨੂੰ 42-50 ਸੀਟਾਂ ਮਿਲ ਸਕਦੀਆਂ ਹਨ ਅਤੇ 'ਆਪ' ਨੂੰ 18-25 ਸੀਟਾਂ ਮਿਲ ਸਕਦੀਆਂ ਹਨ। ਸਰਵੇਖਣ 'ਚ ਕਾਂਗਰਸ ਨੂੰ 0-2 ਸੀਟਾਂ ਮਿਲਣ ਦਾ ਅਨੁਮਾਨ ਲਗਾਇਆ ਗਿਆ ਹੈ।1998 ਦੀਆਂ ਵਿਧਾਨ ਸਭਾ ਚੋਣਾਂ 'ਚ ਹਾਰ ਤੋਂ ਬਾਅਦ ਭਾਜਪਾ ਕੌਮੀ ਰਾਜਧਾਨੀ 'ਚ ਸੱਤਾ ਤੋਂ ਬਾਹਰ ਹੈ।

ਹਾਲਾਂਕਿ ਵੀਪ੍ਰੀਸਾਈਡ ਦੇ ਸਰਵੇਖਣ ਮੁਤਾਬਕ 'ਆਪ' ਮੁੜ ਸੱਤਾ 'ਚ ਆ ਸਕਦੀ ਹੈ। ਇਸ ਨੇ ਭਾਜਪਾ ਨੂੰ 18-23 ਅਤੇ 'ਆਪ' ਨੂੰ 46-52 ਸੀਟਾਂ ਮਿਲਣ ਦੀ ਭਵਿੱਖਬਾਣੀ ਕੀਤੀ ਹੈ। ਸਰਵੇਖਣ 'ਚ ਕਾਂਗਰਸ ਨੂੰ 0-1 ਸੀਟਾਂ ਮਿਲਣ ਦਾ ਅਨੁਮਾਨ ਲਗਾਇਆ ਗਿਆ ਹੈ। ਇਸੇ ਤਰ੍ਹਾਂ ਮਾਇੰਡ ਬਰਿੱਕ ਨੇ ਵੀ 'ਆਪ' ਦੀ ਸਰਕਾਰ ਬਣਨ ਦੀ ਭਵਿੱਖਬਾਣੀ ਕੀਤੀ ਹੈ। ਇਸ ਨੇ ਭਾਜਪਾ ਨੂੰ 21-25, 'ਆਪ' ਨੂੰ 44-49 ਅਤੇ ਕਾਂਗਰਸ ਨੂੰ 0-1 ਸੀਟਾਂ ਮਿਲਣ ਦਾ ਅਨੁਮਾਨ ਲਗਾਇਆ ਗਿਆ ਹੈ।

# ਵਿਜੈ ਮਾਲਿਆ ਨੇ ਕਰਨਾਟਕ ਹਾਈ ਕੋਰਟ ਦਾ ਰੁਖ ਕੀਤਾ, ਬੈਂਕਾਂ ਤੋਂ ਲੋਨ ਰਿਕਵਰੀ ਖਾਤਿਆਂ ਦੀ ਮੰਗ ਕੀਤੀ

ਬੰਗਲੁਰੂ : ਭਗੌੜੇ ਕਾਰੋਬਾਰੀ ਵਿਜੈ ਮਾਲਿਆ ਨੇ ਕਰਨਾਟਕ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ ਬੈਂਕਾਂ ਤੋਂ ਕਰਜ਼ਾ ਵਸੂਲੀ ਖਾਤਿਆਂ ਦੀ ਮੰਗ ਕੀਤੀ ਹੈ। ਮਾਲਿਆ ਦੇ ਵਕੀਲ ਸਾਜਨ ਪੂਵਈਆ ਮੁਤਾਬਕ 6,200 ਕਰੋੜ ਰੁਪਏ ਮੋੜੇ ਜਾਣੇ ਸਨ, ਪਰ 14,000 ਕਰੋੜ ਰੁਪਏ ਦੀ ਵਸੂਲੀ ਹੋ ਚੁੱਕੀ ਹੈ। ਮਾਲਿਆ ਦੇ ਵਕੀਲ ਨੇ ਦਾਅਵਾ ਕੀਤਾ ਕਿ ਇਸ ਦੀ ਸੂਚਨਾ ਵਿੱਤ ਮੰਤਰੀ ਨੇ ਲੋਕ ਸਭਾ ਨੂੰ ਦਿੱਤੀ ਸੀ।

ਮਾਲਿਆ ਦੇ ਵਕੀਲ ਨੇ ਦਲੀਲ ਦਿੱਤੀ ਕਿ ਕਰਜ਼ਾ ਵਸੂਲੀ ਅਧਿਕਾਰੀ ਨੇ ਕਿਹਾ ਹੈ ਕਿ 10,200 ਕਰੋੜ ਰੁਪਏ ਦੀ ਵਸੂਲੀ ਹੋ ਚੁੱਕੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਭਾਵੇਂ ਕਰਜ਼ੇ ਦੀ ਪੂਰੀ ਰਕਮ ਕਲੀਅਰ ਹੋ ਚੁੱਕੀ ਹੈ ਪਰ ਇਹ ਪ੍ਰਕਿਰਿਆ ਅਜੇ ਵੀ ਜਾਰੀ ਹੈ। ਇਸ ਲਈ ਬੈਂਕਾਂ ਨੂੰ ਵਸੂਲੀ ਕਰਜ਼ੇ ਦੀ ਰਕਮ ਦੀ ਸਟੇਟਮੈਂਟ ਦੇਣ ਲਈ



ਨਿਰਦੇਸ਼ ਦੇਣ ਦੀ ਬੇਨਤੀ ਕੀਤੀ ਗਈ ਹੈ। ਮਾਲਿਆ ਦੀ ਪਟੀਸ਼ਨ ਦੇ ਆਧਾਰ 'ਤੇ ਜਸਟਿਸ ਆਰ ਦੇਵਦਾਸ ਦੀ ਅਗਵਾਈ ਵਾਲੀ ਹਾਈ ਕੋਰਟ ਦੀ ਬੈਂਚ ਨੇ ਬੈਂਕਾਂ ਅਤੇ ਕਰਜ਼ਾ ਵਸੂਲੀ ਅਧਿਕਾਰੀਆਂ ਨੂੰ ਨੋਟਿਸ ਜਾਰੀ ਕੀਤਾ ਸੀ। ਮਾਲਿਆ ਇਸ ਸਮੇਂ ਲੰਡਨ ਵਿੱਚ ਰਹਿ ਰਿਹਾ ਹੈ ਅਤੇ ਕਥਿਤ ਕਰਜ਼ਾ ਡਿਫਾਲਟ ਲਈ ਭਾਰਤ ਸਰਕਾਰ ਵੱਲੋਂ ਉਸ ਦੀ ਹਵਾਲਗੀ ਦੀਆਂ ਕੋਸ਼ਿਸ਼ਾਂ ਦਾ ਵਿਸ਼ਾ ਬਣਿਆ ਹੋਇਆ ਹੈ।

ਇਸ ਤੋਂ ਪਹਿਲਾਂ 18 ਦਸੰਬਰ 2024 ਨੂੰ ਵਿਜੈ ਮਾਲਿਆ ਨੇ ਦਾਅਵਾ ਕੀਤਾ ਸੀ ਕਿ ਬੈਂਕਾਂ ਨੇ ਉਸ ਤੋਂ 6203 ਕਰੋੜ ਰੁਪਏ ਦੇ ਫੈਸਲੇ ਦੇ ਕਰਜ਼ੇ ਦੇ ਬਦਲੇ 14,131.60 ਕਰੋੜ ਰੁਪਏ ਵਸੂਲ ਕੀਤੇ ਹਨ ਪਰ ਉਹ ਆਰਥਿਕ ਅਪਰਾਧੀ ਬਣਿਆ ਹੋਇਆ ਹੈ। ਉਸ ਨੇ ਐਕਸ 'ਤੇ ਇਕ ਪੋਸਟ ਵਿਚ ਕਿਹਾ ਕਿ ਜਦੋਂ ਤੱਕ ਇਨਫੋਰਸਮੈਂਟ ਡਾਇਰੈਕਟੋਰੇਟ ਅਤੇ ਬੈਂਕ ਕਾਨੂੰਨੀ ਤੌਰ 'ਤੇ ਇਹ ਸਾਬਤ ਨਹੀਂ ਕਰ ਸਕਦੇ ਕਿ ਉਨ੍ਹਾਂ ਨੇ ਦੋ ਗੁਣਾ ਤੋਂ ਵੱਧ ਕਰਜ਼ਾ ਕਿਵੇਂ ਲਿਆ ਹੈ, ਉਹ ਰਾਹਤ ਦਾ ਹੱਕਦਾਰ ਹੈ।

# ਨਾਈਜੀਰੀਆ ਦੇ ਇਸਲਾਮਿਕ ਸਕੂਲ ਵਿੱਚ ਅੱਗ; 17 ਵਿਦਿਆਰਥੀਆਂ ਦੀ ਮੌਤ

ਅਬੂਜਾ : ਉੱਤਰੀ ਨਾਈਜੀਰੀਆ ਦੇ ਜ਼ਮਫਾਰਾ ਸੂਬੇ ਵਿੱਚ ਇਕ ਇਸਲਾਮਿਕ ਸਕੂਲ ਵਿਚ ਅੱਗ ਲੱਗਣ ਕਾਰਨ 17 ਵਿਦਿਆਰਥੀਆਂ ਦੀ ਮੌਤ ਹੋ ਗਈ। ਪੁਲੀਸ ਦੇ ਬੁਲਾਰੇ ਨੇ ਦੱਸਿਆ ਕਿ ਜ਼ਮਫਾਰਾ ਸੂਬੇ ਦੇ ਕੌਰਾਂ ਨਮੋਦਾ ਕਸਬੇ ਦੇ ਇੱਕ ਇਸਲਾਮੀ ਸਕੂਲ ਵਿਚ ਅੱਗ ਲੱਗ ਗਈ ਤੇ ਇਸ ਕਾਰਨ 17 ਵਿਦਿਆਰਥੀਆਂ ਦੀ ਮੌਤ ਹੋ ਗਈ ਜਿਨ੍ਹਾਂ ਦੀ ਉਮਰ ਸੱਤ ਤੋਂ ਸਤਾਰਾਂ ਸਾਲ ਦਰਮਿਆਨ ਸੀ। ਇਸ ਅੱਗ ਕਾਰਨ 12 ਹੋਰ ਗੰਭੀਰ ਰੂਪ ਵਿੱਚ ਝੁਲਸ ਗਏ ਜਿਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ ਹੈ। ਪੁਲੀਸ ਬੁਲਾਰੇ ਯਾਜਿਦ ਅਬੂਬਕਰ ਨੇ ਕਿਹਾ ਕਿ ਅੱਗ ਲੱਗਣ ਦੇ ਕਾਰਨਾਂ ਦਾ ਪਤਾ ਨਹੀਂ ਲੱਗਿਆ ਤੇ ਇਸ ਦਾ ਪਤਾ ਲਾਉਣ ਲਈ ਜਾਂਚ ਜਾਰੀ ਹੈ। ਅੱਗ ਵਿੱਚ ਦੋ ਬੱਚਿਆਂ ਨੂੰ ਗੁਆਉਣ ਵਾਲੇ ਹੁਸੈਨੀ ਅਦਾਮੂ ਨੇ ਕਿਹਾ ਕਿ ਅੱਗ ਨੇੜਲੇ ਘਰ ਤੋਂ ਸ਼ੁਰੂ ਹੋਈ ਅਤੇ ਇਸਲਾਮਿਕ ਸਕੂਲ ਵਿੱਚ ਫੈਲ ਗਈ।



# ਡਾ. ਦਲਜੀਤ ਸਿੰਘ ਅਜਨੋਹਾ ਨੂੰ ਪੱਤਰਕਾਰੀ 'ਚ ਪੀਐਚਡੀ ਹਾਸਿਲ ਕਰਨ 'ਤੇ ਵਿਸ਼ੇਸ਼ ਸਨਮਾਨ



ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਪੱਤਰਕਾਰੀ ਦੇ ਖੇਤਰ 'ਚ ਮਹੱਤਵਪੂਰਨ ਯੋਗਦਾਨ ਪਾਉਂਦਿਆਂ, ਡਾ. ਦਲਜੀਤ ਸਿੰਘ ਅਜਨੋਹਾ ਨੇ ਪੱਤਰਕਾਰੀ ਵਿਧਿਆ 'ਚ ਪੀਐਚਡੀ ਪ੍ਰਾਪਤ ਕਰਕੇ ਸਮਾਜ ਵਿੱਚ ਇੱਕ ਮਿਸਾਲ ਕਾਇਮ ਕੀਤੀ ਹੈ। ਉਨ੍ਹਾਂ ਦੀ ਇਸ ਵੱਡੀ ਉਪਲਬਧੀ ਨੂੰ ਮੱਦੇਨਜ਼ਰ ਰੱਖਦਿਆਂ, ਗੁਰਦੁਆਰਾ ਸ਼੍ਰੀ ਗੁਰੂ ਹਰਿ ਰਾਇ ਸਾਹਿਬ, ਪਿੰਡ ਭੂੰਗਰਨੀ ਵਿੱਚ ਵਿਸ਼ੇਸ਼ ਸਮਾਗਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ।

ਇਸ ਵਿਸ਼ੇਸ਼ ਮੌਕੇ 'ਤੇ ਪ੍ਰਧਾਨ ਮਸੂਤਾ ਜੀ ਨੇ ਡਾ. ਦਲਜੀਤ ਸਿੰਘ ਦੀ ਕਾਬਲੀਅਤ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਇਹ ਸਫਲਤਾ ਪੱਤਰਕਾਰੀ ਦੇ ਖੇਤਰ ਵਿੱਚ ਨਵੇਂ ਯੁੱਗ ਦੀ ਸ਼ੁਰੂਆਤ ਹੈ। ਜਗਤਾਰ ਸਿੰਘ ਭੂੰਗਰਨੀ, ਪੱਤਰਕਾਰ ਬਲਬੀਰ ਸਿੰਘ ਫੁਗਲਾਣਾ, ਡਾ. ਏ.ਐਸ. ਬਲਗੀਰ ਅਤੇ ਪ੍ਰਿੰਸੀਪਲ ਨਰਿੰਦਰ ਸਿੰਘ ਨੇ ਵੀ ਉਨ੍ਹਾਂ ਦੀ ਉਪਲਬਧੀ ਦੀ ਬਹੁਤ ਸਰਾਹਨਾ ਕੀਤੀ।

ਸਮਾਗਮ ਦੌਰਾਨ ਉਨ੍ਹਾਂ ਨੂੰ ਵਿਸ਼ੇਸ਼ ਸਨਮਾਨ ਚਿੰਨ੍ਹ ਅਤੇ ਸ਼ਾਲ ਓਢਾ ਕੇ ਸਨਮਾਨਿਤ ਕੀਤਾ ਗਿਆ। ਸਮੂਹ ਸ਼ਖਸੀਅਤਾਂ ਨੇ ਕਿਹਾ ਕਿ ਡਾ. ਦਲਜੀਤ ਸਿੰਘ ਅਜਨੋਹਾ ਦੀ ਇਹ ਸਫਲਤਾ ਨੌਜਵਾਨਾਂ ਲਈ ਪ੍ਰੇਰਣਾ ਦਾ ਸਰੋਤ ਹੈ। ਉਨ੍ਹਾਂ ਨੇ ਕਿਹਾ ਕਿ ਪੱਤਰਕਾਰੀ ਸਮਾਜ ਦੀ ਚੌਥੀ ਅਥਾਰਟੀ ਹੋਣ ਦੇ ਨਾਤੇ, ਇਸ ਵਿਧਿਆ ਵਿੱਚ ਉੱਚ ਤਾਲੀਮ ਹਾਸਲ ਕਰਨਾ ਸਮਾਜ ਦੀ ਭਲਾਈ ਵਾਸਤੇ ਇੱਕ ਵੱਡਾ ਕਦਮ ਹੈ।

ਇਸ ਮੌਕੇ 'ਤੇ ਪਿੰਡ ਵਾਸੀਆਂ ਅਤੇ ਪ੍ਰੈੱਸ ਸੰਬੰਧੀ ਸ਼ਖਸੀਅਤਾਂ ਨੇ ਵੀ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੀ। ਸਮਾਗਮ ਦੇ ਆਖਰੀ ਪਲਾਂ ਵਿੱਚ, ਡਾ. ਦਲਜੀਤ ਸਿੰਘ ਅਜਨੋਹਾ ਨੇ ਆਪਣੇ ਇਸ ਸਨਮਾਨ ਲਈ ਧੰਨਵਾਦ ਪ੍ਰਗਟ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੀ ਇਹ ਸਫਲਤਾ ਸਿਰਫ਼ ਉਨ੍ਹਾਂ ਦੀ ਹੀ ਨਹੀਂ, ਸਗੋਂ ਪੂਰੇ ਸਮਾਜ ਦੀ ਸਫਲਤਾ ਹੈ।

# BJP leader Sanjeev Pachnangal Congratulates Daljeet Ajnoha on Prestigious Doctorate in Journalism



Hoshiarpur, (Daljeet Ajnoha) : BJP Leader Sanjeev Pachnangal extended heartfelt congratulations to Daljeet Ajnoha for being honored with a Doctorate in Journalism by Cedarbrook University, USA.

Daljeet Ajnoha, a distinguished journalist, received the Doctor of Philosophy (PhD) degree in Journalism in recognition of his exceptional contributions to the field. This prestigious honor was further elevated with the awarding of a Gold Medal, underscoring his remarkable achievements and dedication.

The Doctoral Monitoring Board of Cedarbrook University described Ajnoha as a source of inspiration for young professionals, commending his impactful work and unwavering commitment to journalism.

Speaking on the occasion Sanjeev Pachnangal applauded Ajnoha's achievements, stating, "This recognition is not only a testament to his hard work but also a proud moment for Hoshiarpur. His contributions to journalism set a benchmark for aspiring youth."


The event stands as a moment of pride for the community and highlights the invaluable role of individuals like Daljeet Ajnoha in shaping a brighter future through media and communication.

# ਡਾਕਟਰ ਦਲਜੀਤ ਸਿੰਘ ਅਜਨੋਹਾ ਦਾ ਸਨਮਾਨ ਸਮਾਰੋਹ ਯਾਦਗਾਰੀ ਹੋ ਨਿਬੜਿਆ



ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਤਕਰੀਬਨ ਤਿੰਨ ਦਹਾਕਿਆਂ ਤੋਂ ਜਰਨਲਿਜਮ ਵਿੱਚ ਆਪਣਾ ਨਾਮ ਕਮਾਉਣ ਵਾਲੇ ਪਿੰਡ ਅਜਨੋਹਾ ਦੇ ਜੰਮਪਲ ਡਾਕਟਰ ਦਲਜੀਤ ਸਿੰਘ ਅਜਨੋਹਾ ਨੂੰ ਬੀਤੇ ਦਿਨੀਂ ਅਮਰੀਕਾ ਦੀ ਸੀਡਰਬਰੂਕ ਯੂਨੀਵਰਸਿਟੀ ਵਲੋਂ ਆਨਰੇਰੀ ਡਾਕਟਰੇਟ (ਪੀ,ਐੱਚ. ਡੀ.) ਦੀ ਡਿਗਰੀ ਨਾਲ ਨਿਵਾਜਿਆ ਗਿਆ , ਜਿਸਦੀ ਇਲਾਕੇ ਵਿੱਚ ਖੂਬ ਚਰਚਾ ਹੋ ਰਹੀ ਹੈ। ਡਾਕਟਰੇਟ ਦੀ ਡਿਗਰੀ ਨਾਲ ਸਨਮਾਨਿਤ ਹੋਣ ਤੇ ਬਲਾਕ ਕੋਟ ਫਤੂਹੀ ਦੀ ਗੌਰਮਿੰਟ ਟੀਚਰ ਯੂਨੀਅਨ ਇਕਾਈ ਵਲੋਂ ਬਲਾਕ ਪ੍ਰਧਾਨ ਨਰਿੰਦਰ ਅਜਨੋਹਾ, ਜਨਰਲ ਸਕੱਤਰ ਉਂਕਾਰ ਸਿੰਘ ਅਤੇ ਵਿੱਤ ਸਕੱਤਰ ਹਰਮਨੋਜ ਕੁਮਾਰ ਦੀ ਅਗਵਾਈ ਵਿੱਚ ਡਾਕਟਰ ਦਲਜੀਤ ਸਿੰਘ ਅਜਨੋਹਾ ਲਈ ਅਜਨੋਹਾ ਵਿਖੇ ਸਨਮਾਨ ਸਮਾਰੋਹ ਕਰਵਾਇਆ ਗਿਆ। ਇਸ ਸਮਾਗਮ ਵਿੱਚ ਗੌਰਮਿੰਟ ਟੀਚਰ ਯੂਨੀਅਨ ਦੇ ਆਗੂਆਂ ਦੇ ਨਾਲ-ਨਾਲ ਪ੍ਰਿੰਸੀਪਲ ਅਮਰੀਕ ਸਿੰਘ, ਪ੍ਰਿੰਸੀਪਲ ਅਸ਼ੋਕ ਪਰਮਾਰ, ਮੁੱਖ ਅਧਿਆਪਕ ਹਰਭਜਨ ਸਿੰਘ, ਹਰਵਿੰਦਰ ਸਿੰਘ ਖਲਸਾ, ਮੌਜੂਦਾ ਸਰਪੰਚ ਰਾਜਵਿੰਦਰ ਕੌਰ, ਡਾਕਟਰ ਜਸਬੀਰ ਸਿੰਘ, ਮਹਿੰਦਰ ਸਿੰਘ ਕਨੇਡੀਅਨ, ਸਾਬਕਾ ਸਰਪੰਚ ਮਮਤਾ ਰਾਣੀ, ਜਥੇਦਾਰ ਕੁਲਦੀਪ ਸਿੰਘ, ਜਸਕਰਨ ਸਿੰਘ, ਜਸਵਿੰਦਰ ਕੌਰ ਐਮ.ਸੀ ਅਤੇ ਹਰਕੀਰਤ ਸਿੰਘ ਵਲੋਂ ਆਪਣੇ ਸੰਬੋਧਨ ਦੌਰਾਨ ਡਾਕਟਰ ਦਲਜੀਤ ਸਿੰਘ ਅਜਨੋਹਾ ਨੂੰ ਵਧਾਈ ਦਿੱਤੀ। ਇਸ ਸਮਾਗਮ ਵਿੱਚ ਡਾਕਟਰ ਦਲਜੀਤ ਸਿੰਘ ਅਜਨੋਹਾ ਦੀ ਪਤਨੀ ਕਿਰਨਪ੍ਰੀਤ ਕੌਰ ਅਤੇ ਇਹਨਾਂ ਦੇ ਬੱਚੇ ਗੁਰਿੰਦਰਪ੍ਰੀਤ ਸਿੰਘ, ਦਮਨਪ੍ਰੀਤ ਕੌਰ ਅਤੇ ਕਰਨਪ੍ਰੀਤ ਸਿੰਘ ਵਿਸ਼ੇਸ਼ ਰੂਪ ਵਿੱਚ ਹਾਜ਼ਰ ਹੋਏ। ਇਸ ਮੌਕੇ ਗੌਰਮਿੰਟ ਟੀਚਰ ਯੂਨੀਅਨ ਵਲੋਂ ਡਾਕਟਰ ਦਲਜੀਤ ਸਿੰਘ ਅਜਨੋਹਾ ਨੂੰ ਲੋਈ ਅਤੇ ਯਾਦਗਾਰੀ ਚਿੰਨ੍ਹ ਨਾਲ ਸਨਮਾਨਿਤ ਕੀਤਾ। ਇਸ ਮੌਕੇ ਜਸਵਿੰਦਰ ਸਿੰਘ, ਸ਼ਿਗਾਰਾ ਸਿੰਘ, ਸਗਲੀ ਰਾਮ, ਮਹਿੰਦਰ ਪਾਲ, ਗੁਰਦਰਸ਼ਨ ਸਿੰਘ, ਮਨਜੀਤ ਕੌਰ, ਰਣਜੀਤ ਕੌਰ, ਨੰਬਰਦਾਰ ਅਸ਼ੋਕ ਰਾਣਾ, ਡੀ.ਪੀ ਸ਼ਾਮ ਸਿੰਘ, ਡਾਕਟਰ ਕੁਲਵਿੰਦਰ ਸਿੰਘ, ਸੁਰਜੀਤ ਸਿੰਘ, ਬਖਤਾਵਰ ਸਿੰਘ, ਹਰਵਿੰਦਰ ਕੌਰ, ਧਰਮਵੀਰ ਸਿੰਘ, ਹਰਭਜਨ ਸਿੰਘ, ਹਰਜਿੰਦਰ ਸਿੰਘ ਅਤੇ ਵੱਡੀ ਗਿਣਤੀ ਵਿੱਚ ਅਧਿਆਪਕ ਅਤੇ ਪਤਵੰਤੇ ਸੱਜਣ ਮੌਜੂਦ ਸਨ।

# Dr. Daljeet Ajnoha Honored for Earning PhD in Journalism



Hoshiarpur, (Daljeet Ajnoha) : Renowned journalist Dr. Daljit Ajnoha was honored for his remarkable achievement of earning a PhD in Journalism during a special ceremony held at the football tournament organized in memory of late Comrade Manjit Singh Lali. The event witnessed the presence of esteemed personalities from different fields who recognized Dr. Ajnoha's contribution to journalism and society. The honor was conferred by club members and office bearers, with Amarpreet Singh Lali, senior Congress leader, as the chief guest. Other distinguished personalities present at the event included Madam Madhuri A. Singh, Arjuna Awardee, Mandeep Singh Bains, international athlete, Manpreet Singh Manna, Avtar Langeri, state award-winning teacher, Gurbhajan Singh Sangha, Inspector Sukhdev Singh Sangha, and Jasveer Singh Sangha. Addressing the gathering, the guests lauded Dr. Daljit Ajnoha's dedication to journalism, stating that achieving a PhD in this field is a significant milestone that will inspire young journalists and media professionals. They emphasized the crucial role of journalism in shaping society and ensuring the dissemination of truth.

Dr. Ajnoha was presented with a special award and a commemorative plaque, recognizing his academic excellence and professional contributions. Speaking on the occasion, he expressed his gratitude and reaffirmed his commitment to upholding ethical journalism and empowering the next generation of media professionals. The event also paid tribute to late Comrade Manjit Singh Lali, whose contributions to sports and social causes remain unforgettable. The football tournament served as a befitting tribute to his legacy, with teams competing in an atmosphere of sportsmanship and enthusiasm. The gathering concluded with a note of appreciation from the organizers, highlighting the importance of recognizing and celebrating academic and professional achievements alongside sports excellence.

# ਡਾ. ਧੀਰਜ ਸ਼ਰਮਾ SWIIS ਕੰਸਲਟੈਂਟਸ ਪ੍ਰਾਈਵੇਟ ਲਿਮਟਿਡ ਮਾਹਿਲਪੁਰ ਵਿਖੇ ਡਾਇਰੈਕਟਰ ਅਕਾਦਮਿਕ ਓਵਰਸੀਜ਼ ਵਜੋਂ ਚਾਰਜ ਸੰਭਾਲਿਆ

ਹੁਸ਼ਿਆਰਪੁਰ, (ਦਲਜੀਤ ਅਜਨੋਹਾ) : SWIIS ਕੰਸਲਟੈਂਟਸ ਪ੍ਰਾਈਵੇਟ ਲਿਮਟਿਡ, ਜੋ ਕਿ ਵਿਦੇਸ਼ੀ ਸਿੱਖਿਆ ਸਲਾਹ ਦੇ ਖੇਤਰ ਵਿੱਚ ਇੱਕ ਪ੍ਰਸਿੱਧ ਸੰਸਥਾ ਹੈ, ਆਪਣੇ ਮਾਹਿਲਪੁਰ ਦਫ਼ਤਰ ਵਿਖੇ ਡਾ. ਧੀਰਜ ਸ਼ਰਮਾ ਦਾ ਡਾਇਰੈਕਟਰ ਅਕਾਦਮਿਕ ਓਵਰਸੀਜ਼ ਵਜੋਂ ਮਾਣ ਨਾਲ ਸਵਾਗਤ ਕਰਦੀ ਹੈ। ਡਾ. ਧੀਰਜ ਸ਼ਰਮਾ, ਸਿੱਖਿਆ ਖੇਤਰ ਵਿੱਚ ਵਿਸ਼ਾਲ ਤਜ਼ਰਬੇ ਵਾਲੇ ਇੱਕ ਪ੍ਰਸਿੱਧ ਅਕਾਦਮਿਕ ਡਾਇਰੈਕਟਰ ਹਨ ਤੇ ਉਹ ਆਪਣੇ ਗਿਆਨ ਅਤੇ ਮੁਹਾਰਤ ਦੇ ਭੰਡਾਰ ਨਾਲ SWIIS ਕੰਸਲਟੈਂਟਸ ਵਿੱਚ ਆਉਣ ਵਾਲੇ ਹਰ ਵਿਦਿਆਰਥੀ ਦਾ ਭਵਿੱਖ ਉੱਜਵਲ ਬਣਾਉਣ ਲਈ ਹਰ ਜਰੂਰੀ ਜਾਣਕਾਰੀ ਮੁਹੱਈਆ ਕਰਵਾਉਣਗੇ।

ਇਸ ਮੌਕੇ SWIIS ਕੰਸਲਟੈਂਟਸ ਦੇ ਸਰਪ੍ਰਸਤ ਸ਼੍ਰੀ ਗੁਰਦੇਵ ਦਦਰਾਲ ਨੇ ਡਾ. ਧੀਰਜ ਸ਼ਰਮਾ ਨੂੰ ਆਪਣੀਆਂ ਨਿੱਘੀਆਂ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਵਿਸ਼ਵਾਸ ਪ੍ਰਗਟ ਕੀਤਾ ਕਿ ਉਨ੍ਹਾਂ ਦੀ ਅਗਵਾਈ ਵਿੱਚ ਵਿਦੇਸ਼ ਦੀ ਧਰਤੀ ਤੇ ਉੱਚ ਸਿੱਖਿਆ ਪ੍ਰਾਪਤ ਕਰਨ ਦੇ ਚਾਹਵਾਨ ਵਿਦਿਆਰਥੀਆਂ ਨੂੰ ਸੱਚੀ ਅਤੇ ਮਾਹਿਰ ਮਾਰਗਦਰਸ਼ਨ ਪ੍ਰਦਾਨ ਕਰਨ ਦੇ ਕੰਪਨੀ ਦੇ ਮਿਸ਼ਨ ਨੂੰ ਕਾਫ਼ੀ ਵਧਾਏਗੀ। ਉਨ੍ਹਾਂ ਅੱਗੇ ਜ਼ੋਰ ਦਿੱਤਾ ਕਿ ਡਾ. ਧੀਰਜ ਸ਼ਰਮਾ ਦੇ ਅਕਾਦਮਿਕ ਅਤੇ ਵਿਦਿਆਰਥੀ ਸਲਾਹ ਵਿੱਚ ਵਿਸ਼ਾਲ ਤਜ਼ਰਬੇ ਦੇ ਨਾਲ ਵਿਦਿਆਰਥੀਆਂ ਦੀਆਂ ਇੱਛਾਵਾਂ ਅਤੇ ਕਰੀਅਰ ਦੇ ਟੀਚਿਆਂ ਦੇ ਅਨੁਸਾਰ ਸਭ ਤੋਂ ਵਧੀਆ ਹੱਲ ਪੇਸ਼ ਕਰਨ ਦੇ ਯੋਗ ਹੋਵੇਗਾ।

ਡਾ. ਧੀਰਜ ਸ਼ਰਮਾ ਨੇ ਆਪਣੇ ਸੰਬੋਧਨ ਵਿੱਚ ਭਰੋਸਾ ਦਿਵਾਇਆ ਕਿ SWIIS ਕੰਸਲਟੈਂਟਸ ਕੈਨੇਡਾ,



ਅਮਰੀਕਾ, ਯੂਕੇ, ਆਸਟ੍ਰੇਲੀਆ ਅਤੇ ਹੋਰ ਬਹੁਤ ਸਾਰੇ ਦੇਸ਼ਾਂ ਵਿੱਚ ਉੱਚ ਸਿੱਖਿਆ ਦੇ ਮੌਕੇ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਪਾਰਦਰਸ਼ੀ, ਨੈਤਿਕ ਅਤੇ ਉੱਚ-ਗੁਣਵੱਤਾ ਵਾਲੀਆਂ ਸੇਵਾਵਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਕੰਪਨੀ ਇਹ ਯਕੀਨੀ ਬਣਾਉਣ ਵਿੱਚ ਕੋਈ ਕਸਰ ਨਹੀਂ ਛੱਡੇਗੀ ਕਿ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਚੋਣ ਤੋਂ ਲੈ ਕੇ ਵੀਜ਼ਾ ਸਹਾਇਤਾ ਤੱਕ ਪੂਰੀ ਅਰਜ਼ੀ ਪ੍ਰਕਿਰਿਆ ਵਿੱਚ ਸਹੀ ਜਾਣਕਾਰੀ, ਮਾਹਿਰ ਕਰੀਅਰ ਕਾਉਂਸਲਿੰਗ ਅਤੇ ਵਿਆਪਕ ਸਹਾਇਤਾ ਮਿਲੇ।

ਇਸ ਮੌਕੇ ਬੋਲਦੇ ਹੋਏ, ਸ਼੍ਰੀ ਗੁਰਦੇਵ ਦਦਰਾਲ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਮਾਹਿਲਪੁਰ ਵਿੱਚ SWIIS ਕੰਸਲਟੈਂਟਸ ਦੀ ਸਥਾਪਨਾ ਖੇਤਰ ਦੇ ਵਿਦਿਆਰਥੀਆਂ ਲਈ ਇੱਕ ਵਰਦਾਨ ਸਾਬਤ ਹੋਵੇਗੀ, ਕਿਉਂਕਿ ਇਹ ਹੁਣ ਉਨ੍ਹਾਂ ਦੇ ਦਰਵਾਜ਼ੇ 'ਤੇ ਵਿਸ਼ਵ ਪੱਧਰੀ ਵਿਦੇਸ਼ੀ ਸਿੱਖਿਆ ਸਲਾਹ ਸੇਵਾਵਾਂ ਪ੍ਰਦਾਨ ਕਰੇਗੀ। ਉਨ੍ਹਾਂ ਅੱਗੇ ਕਿਹਾ ਕਿ ਇਹ ਪਹਿਲ ਉਨ੍ਹਾਂ ਵਿਦਿਆਰਥੀਆਂ ਲਈ ਗੈਪ ਨੂੰ ਪੂਰਾ ਕਰੇਗੀ ਜਿਨ੍ਹਾਂ ਨੂੰ ਪਹਿਲਾਂ ਅਜਿਹੀਆਂ ਸੇਵਾਵਾਂ ਪ੍ਰਾਪਤ ਕਰਨ ਲਈ ਵੱਡੇ ਸ਼ਹਿਰਾਂ ਦੀ ਯਾਤਰਾ ਕਰਨੀ ਪੈਂਦੀ ਸੀ।

ਇਸ ਤੋਂ ਇਲਾਵਾ, SWIIS ਕੰਸਲਟੈਂਟਸ ਦੇ ਡਾਇਰੈਕਟਰ ਸ਼੍ਰੀ ਸੰਜੀਵ ਸ਼ਰਮਾ ਅਤੇ ਸ਼੍ਰੀ ਵਰੁਣ ਵਾਸੂਦੇਵਾ ਨੇ ਡਾ. ਸ਼ਰਮਾ ਨੂੰ ਉਨ੍ਹਾਂ ਦੀ ਨਵੀਂ ਭੂਮਿਕਾ 'ਤੇ ਵਧਾਈ ਦਿੱਤੀ। ਉਨ੍ਹਾਂ ਵਿਸ਼ਵਾਸ ਪ੍ਰਗਟ ਕੀਤਾ ਕਿ ਉਨ੍ਹਾਂ ਦੀ ਅਗਵਾਈ ਕੰਪਨੀ ਅਤੇ ਵਿਦਿਆਰਥੀਆਂ ਦੋਵਾਂ ਨੂੰ ਬਹੁਤ ਲਾਭ ਪਹੁੰਚਾਏਗੀ। ਉਨ੍ਹਾਂ ਨੇ ਅੱਗੇ ਦੱਸਿਆ ਕਿ ਅਕਾਦਮਿਕ ਯੋਜਨਾਬੰਦੀ, ਵਿਦਿਆਰਥੀ ਸਲਾਹ ਅਤੇ ਅੰਤਰਰਾਸ਼ਟਰੀ ਸਿੱਖਿਆ ਨੀਤੀਆਂ ਵਿੱਚ ਉਨ੍ਹਾਂ ਦੀ ਮੁਹਾਰਤ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸੁਪਨਿਆਂ ਨੂੰ ਪ੍ਰਾਪਤ ਕਰਨ ਵਿੱਚ ਮਾਰਗਦਰਸ਼ਨ ਕਰਨ ਲਈ ਕੰਪਨੀ ਦੇ ਯਤਨਾਂ ਨੂੰ ਮਹੱਤਵਪੂਰਨ ਤੌਰ 'ਤੇ ਮਜ਼ਬੂਤ ਕਰੇਗੀ। ਡਾ. ਧੀਰਜ ਸ਼ਰਮਾ ਦੀ ਨਿਯੁਕਤੀ ਦੇ ਨਾਲ, SWIIS ਕੰਸਲਟੈਂਟਸ ਪ੍ਰਾਈਵੇਟ ਲਿਮਟਿਡ ਦਾ ਉਦੇਸ਼ ਵਿਦੇਸ਼ੀ ਸਿੱਖਿਆ ਸਲਾਹ ਵਿੱਚ ਉੱਤਮਤਾ ਪ੍ਰਤੀ ਆਪਣੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰਨਾ ਹੈ, ਇਹ ਯਕੀਨੀ ਬਣਾਉਣਾ ਹੈ ਕਿ ਖੇਤਰ ਦੇ ਵਿਦਿਆਰਥੀਆਂ ਨੂੰ ਵਿਦੇਸ਼ਾਂ ਵਿੱਚ ਆਪਣੀ ਪੜ੍ਹਾਈ ਅੱਗੇ ਵਧਾਉਣ ਲਈ ਸਭ ਤੋਂ ਵਧੀਆ ਮਾਰਗਦਰਸ਼ਨ ਅਤੇ ਮੌਕੇ ਮਿਲਣ।

# ਦਰਬਾਰ ਪੰਜ ਪੀਰ ਕਾਦਰੀ ਮੁਹੱਲਾ ਨੀਲਕੰਠ ਹੁਸ਼ਿਆਰਪੁਰ ਸੰਗਤਾਂ ਲਈ ਆਸਥਾ ਦਾ ਕੇਂਦਰ ਹੈ : ਰਾਜੀਵ ਸਾਈ

## ਸਾਂਈਂ ਜੀ ਵਲੋਂ ਸਮੇਂ-ਸਮੇਂ ਤੇ ਮੁਫ਼ਤ ਮੈਡੀਕਲ ਕੈਂਪ, ਅੱਖਾਂ ਦੀ ਜਾਂਚ ਅਪਰੇਸ਼ਨ ਕੈਂਪ, ਨਸ਼ਾ ਛੁਡਾਊ ਕੈਂਪ ਲਗਾਏ ਜਾਂਦੇ ਹਨ











ਉਂਝ ਤੇ ਪੂਰਾ ਦੋਆਬਾ ਹੀ ਪੀਰਾਂ, ਫ਼ਕੀਰਾਂ, ਯੋਧਿਆਂ, ਸੂਰਬੀਰਾਂ, ਸੰਤਾਂ ਮਹਾਪੁਰਸ਼ਾਂ, ਸ਼ਹੀਦਾਂ, ਮੁਰੀਦਾਂ ਦੀ ਧਰਤੀ ਹੈ ਪਰ ਬਹੁਤ ਸਾਰੇ ਧਾਰਮਿਕ ਅਸਥਾਨ ਇਸ ਤਰ੍ਹਾਂ ਦੇ ਵੀ ਹਨ ਜਿੱਥੇ ਸੰਗਤਾਂ ਨਤਮਸਤਕ ਹੋ ਆਪਣੀਆਂ ਸ਼ੁਭ ਮਨੋਭਾਵਨਾਵਾਂ ਤੇ ਮੰਨਤਾਂ ਪੂਰੀਆਂ ਕਰਦੇ ਹਨ ਪਰ ਉਹ ਅਸਥਾਨ ਆਮ ਲੋਕਾਂ ਦੀ ਜਾਣਕਾਰੀ ਤੋਂ ਕਾਫੀ ਦੂਰ ਹਨ ਜਿਹੜੀਆਂ ਸੰਗਤਾਂ ਉਥੇ ਜਾ ਕੇ ਨਤਮਸਤਕ ਹੋਣਾ ਚਾਹੁਦੀਆਂ ਹਨ। ਸੋ ਇਸੇ ਤਰ੍ਹਾਂ ਦੇ ਅਸਥਾਨ ਸਬੰਧੀ ਸੰਗਤਾਂ ਨੂੰ ਜਾਣਕਾਰੀ ਦੇਣ ਲਈ ਮੇਰੇ ਵਲੋਂ ਅੱਖਰਾਂ ਦੇ ਰੂਪ ਵਿੱਚ ਲਿਖਣ ਦਾ ਉਪਰਾਲਾ ਕਰ ਰਿਹਾ ਹੈ ਅਮਰੀਕਾ ਦੇ ਸ਼ਹਿਰ ਕੈਲੇਫੋਰਨੀਆ ਤੋਂ ਛਪਦੇ ਹਫਤਾਵਾਰੀ ਅਖਬਾਰ 'ਸਾਡੇ ਲੋਕ' ਵਿੱਚ ਇਸ ਅਸਥਾਨ ਸੰਬੰਧੀ ਲਿਖਣ ਲਈ ਉਥੇ ਦੇ ਮੁੱਖ ਸੇਵਾਦਾਰ ਰਾਜੀਵ ਸਾਈ ਹੋਰਾਂ ਨਾਲ ਮਿਲ ਕੇ ਵਿਸੇਸ਼ ਗੱਲਬਾਤ ਕੀਤੀ ਜੋਂ ਉਨ੍ਹਾਂ ਨੇ ਇਸ ਅਸਥਾਨ ਦਰਬਾਰ ਪੰਜ ਪੀਰ ਕਾਦਰੀ ਮੁਹੱਲਾ ਨੀਲਕੰਠ ਹੁਸ਼ਿਆਰਪੁਰ ਬਾਰੇ ਜਾਣਕਾਰੀ ਦਿੱਤੀ ਉਸ ਜਾਣਕਾਰੀ ਨੂੰ ਅੱਖਰਾਂ ਦੇ ਰੂਪ ਵਿੱਚ ਪਿਰੋ ਕੇ ਪਾਠਕਾਂ ਦੇ ਸਨਮੁੱਖ ਕਰ ਰਿਹਾ ਹਾਂ।

ਜੀ ਹਾਂ ਦੋਸਤੋ! ਇਹ ਧਾਰਮਿਕ ਸਥਾਨ ਹੁਸ਼ਿਆਰਪੁਰ ਸ਼ਹਿਰ ਦੇ ਮੁਹੱਲਾ ਨੀਲਕੰਠ ਵਿਖੇ ਦਰਬਾਰ ਪੰਜ ਪੀਰ ਕਾਦਰੀ ਸਥਿਤ ਹੈ ਤੇ ਮੌਜੂਦਾ ਸਮੇਂ ਵਿੱਚ ਇਥੇ ਮੁੱਖ ਸੇਵਾਦਾਰ ਵਜੋਂ ਰਾਜੀਵ ਸਾਈ ਜੀ ਸੇਵਾ ਕਰ ਰਹੇ ਹਨ।

ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਉਮਰ 42 ਸਾਲ ਹੈ ਤੇ ਉਨ੍ਹਾਂ 5 ਸਾਲ ਓਬੀਸੀ ਬੈਂਕ ਵਿੱਚ ਨੌਕਰੀ ਕੀਤੀ। ਨੌਕਰੀ ਦੌਰਾਨ ਇਹ ਸਿਰਫ ਆਮ ਗ੍ਰਹਿਸਥੀ ਵਾਂਗ ਪੀਰਾਂ ਦੇ ਦਰਬਾਰ ਤੇ ਮੱਥਾ ਟੇਕਦੇ ਸਨ ਤੇ 2010 ਦੇ ਵਿੱਚ ਨੌਕਰੀ ਦੌਰਾਨ ਉਨ੍ਹਾਂ ਤੇ ਮਾਲਿਕਾਂ ਦੀ ਮੇਹਰ ਹੋ ਗਈ ਤੇ ਮਸਤਾਂ ਦਾ ਪਹਿਰਾ ਲਗ ਪਿਆ ਤੇ ਮਾਲਿਕਾਂ ਨੇ ਇਨ੍ਹਾਂ ਦੀ ਨੌਕਰੀ ਛੁਡਾ ਦਿੱਤੀ ਤੇ ਰਾਜੀਵ ਤੋਂ ਰਾਜੀਵ ਸਾਈਂ ਬਣ ਗਏ ਤੇ ਦਰਬਾਰ ਤੇ ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਇਸੇ ਦੌਰਾਨ ਇਨ੍ਹਾਂ ਦੀ ਸ਼ਾਦੀ ਬੀਬੀ ਰੀਤੂ ਨਾਲ ਹੋਈ ਤੇ ਗ੍ਰਹਿਸਥੀ ਜੀਵਨ ਸ਼ੁਰੂ ਹੋ ਗਿਆ ਤੇ ਨਾਲ-ਨਾਲ ਮਸਤਾਂ ਦੀ ਬੰਦਗੀ ਵੀ ਨਿਰੰਤਰ ਚੱਲਦੀ ਰਹੀ। ਇਸ ਦੌਰਾਨ ਰਾਜੀਵ ਸਾਈਂ ਹੋਰਾਂ ਦੇ ਘਰ ਬੇਟੇ ਮੌਲਿਕ ਤੇ ਬੇਟੀ ਮਾਹਿਰਾ ਹੋਰਾਂ ਨੇ ਜਨਮ ਲਿਆ। ਸਾਈਂ ਜੀ ਗ੍ਰਹਿਸਥ ਜੀਵਨ ਦੇ ਨਾਲ-ਨਾਲ ਮਸਤਾਂ ਦੇ ਦਰਬਾਰ ਤੇ ਸੇਵਾ ਵੀ ਕਰਦੇ ਰਹੇ ਤੇ ਦਰਬਾਰ 'ਚ ਹੌਲੀ ਹੌਲੀ ਸੰਗਤਾਂ ਵੀ ਵਧਣ ਲੱਗੀਆਂ।

ਅੱਜ ਦੇ ਹਾਲਾਤ ਮੁਤਾਬਕ ਹਰ ਘਰ ਵਿੱਚ ਕਿਤੇ ਨਾ ਕਿਤੇ ਕੋਈ ਨਾ ਕੋਈ ਮੁਸ਼ਕਲ ਹੈ। ਬੇਸ਼ੱਕ ਉਹ ਪਰਿਵਾਰ ਦੀ ਹੋਵੇ, ਬੱਚਿਆ ਦੀ ਹੋਵੇ, ਘਰ ਦੀ ਹੋਵੇ, ਹਰ ਕੋਈ ਵਿਅਕਤੀ ਪ੍ਰੇਸ਼ਾਨੀ ਦੇ ਆਲਮ ਵਿੱਚ ਹੈ ਤੇ ਹਰ ਵਿਅਕਤੀ ਆਪਣੇ-ਆਪਣੇ ਘਰ ਪਰਿਵਾਰ ਵਿੱਚ ਸੁੱਖ ਸ਼ਾਂਤੀ ਖੁਸ਼ੀਆਂ ਲੋੜਦਾ ਹੈ ਜਿਸ ਲਈ ਉਹ ਦੇਵੀ ਦੇਵਤਿਆਂ, ਗੁਰੂਆਂ ਪੀਰਾਂ ਦੇ ਦਰਬਾਰ ਤੇ ਜਾਂਦਾ ਹੈ ਅਤੇ ਕਈ ਆਪਣਾ-ਆਪ ਆਪ ਮੁਹਾਰੇ ਬਣੇ ਸੰਤ ਬਾਬੇ ਆਦਿ ਤੋਂ ਇਲਾਜ ਲੱਭਦਾ ਹੈ ਤੇ ਕਈ ਵਾਰ ਮਾਯੂਸ ਵੀ ਹੋ ਜਾਂਦਾ ਹੈ। ਸੋ ਇਸ ਦਰਬਾਰ 'ਤੇ ਕਿਸੇ ਵੀ ਆਏ ਸ਼ਰਧਾਲੂ ਜਾਂ ਸਵਾਲੀ ਨੂੰ



ਦਲਜੀਤ ਸਿੰਘ ਅਜਨੋਹਾ
98721-83601

ਕਿਸੇ ਵੀ ਤਰ੍ਹਾਂ ਦੇ ਵਹਿਮ ਭਰਮ ਵਿੱਚ ਨਹੀਂ ਪਾਇਆ ਜਾਂਦਾ। ਅਗਰ ਕਿਸੇ ਉਪਾਅ ਦੀ ਜ਼ਰੂਰਤ ਵੀ ਹੁੰਦੀ ਹੈ ਤਾਂ ਸਾਈਂ ਜੀ ਵਲੋਂ ਮਸਤਾਂ ਦੇ ਪਹਿਰੇ ਦੌਰਾਨ ਦੱਸਿਆ ਜਾਂਦਾ ਹੈ ਜੋ ਪੀੜਤ ਵਿਅਕਤੀ ਵਲੋਂ ਉਪਾਅ ਕੀਤਾ ਜਾਂਦਾ ਜਿਸ ਨਾਲ ਪੀੜਤ ਦੇ ਮੁਸ਼ਕਲ ਹੱਲ ਹੋ ਜਾਂਦੀ ਹੈ ਤੇ ਫਿਰ ਉਹ ਦਰਬਾਰ ਤੇ ਆਪਣੀ ਖੁਸ਼ੀ ਨਾਲ ਜੋ ਤਿਲ ਫੁਲ ਲੈ ਕੇ ਆਉਂਦਾ ਹੈ ਉਹ ਮਸਤਾਂ ਨੂੰ ਪਰਵਾਨ ਹੁੰਦਾ ਹੈ। ਇਸ ਦਰਬਾਰ ਤੇ ਕਿਸੇ ਵੀ ਤਰ੍ਹਾਂ ਦਾ ਕੋਈ ਵਹਿਮ ਭਰਮ ਜਾਂ ਕੋਈ ਮੰਗ ਨਹੀਂ ਰੱਖੀ ਜਾਂਦੀ। ਰਾਜੀਵ ਸਾਈਂ ਹੋਰਾਂ ਵਲੋਂ ਸਮੇਂ-ਸਮੇਂ ਤੇ ਮੁਫ਼ਤ ਮੈਡੀਕਲ ਕੈਂਪ, ਅੱਖਾਂ ਦੀ ਜਾਂਚ ਤੇ ਅਪਰੇਸ਼ਨ ਕੈਂਪ, ਨਸ਼ਾ ਛੁਡਾਊ ਕੈਂਪਾਂ ਗਰੀਬ ਲੜਕੀਆਂ ਦੇ ਵਿਆਹ ਤੇ ਸਹਾਇਤਾ ਆਦਿ ਕੀਤੀ ਜਾਂਦੀ ਰਹਿੰਦੀ ਹੈ। ਸਾਂਈਂ ਜੀ ਵਲੋਂ ਪਿਛਲੇ ਸਮੇਂ ਦੌਰਾਨ ਆਈਆਂ ਕੁਦਰਤੀ ਆਫਤਾਂ ਦੇ ਸ਼ਿਕਾਰ ਲੋਕਾਂ ਲਈ ਵੀ ਸਮੇਂ-ਸਮੇਂ 'ਤੇ ਸਹਾਇਤਾ ਭੇਜੀ ਗਈ ਬੇਸ਼ੱਕ ਉਹ ਕੱਪੜੇ ਦੀ ਹੋਵੇ, ਰਾਸ਼ਨ ਦੀ ਹੋਵੇ ਜਾਂ ਫਿਰ ਮਾਇਕ ਹੋਵੇ ਤੇ ਹੋਰ ਵੀ ਕੋਈ ਜ਼ਰੂਰਤਮੰਦ ਸਾਈਂ ਜੀ ਕੋਲ ਕੋਈ ਪਹੁੰਚ ਕਰਦਾ ਹੈ ਤਾਂ ਸਾਈਂ ਜੀ ਵਲੋਂ ਯਥਾ ਯੋਗ ਸਹਾਇਤਾ ਕੀਤੀ ਜਾਂਦੀ ਹੈ। ਸੋ ਇਸ ਤਰ੍ਹਾਂ ਦਰਬਾਰ ਵਲੋਂ ਬੇਸ਼ੱਕ ਕੋਈ ਤਕਲੀਫ ਵਿੱਚ ਹੋਵੇ ਜਾਂ ਜ਼ਰੂਰਤਮੰਦ ਹੋਵੇ ਜਾਂ ਸਵਾਲੀ ਹੋਵੇ। ਦਰਬਾਰ ਪੰਜ ਪੀਰ ਕਾਦਰੀ ਮੁਹੱਲਾ ਨੀਲਕੰਠ ਤੋਂ ਖਾਲੀ ਨਹੀਂ ਜਾਂਦਾ। ਸਾਈਂ ਜੀ ਨੇ ਦੱਸਿਆ ਕਿ ਇਹ ਸੇਵਾ ਉਨ੍ਹਾਂ ਤੋਂ ਹੀ ਸ਼ੁਰੂ ਹੋਈ ਹੈ। ਪਰਿਵਾਰ ਵਿੱਚ ਪਹਿਲਾਂ ਇਸ ਤਰ੍ਹਾਂ ਦਾ ਕੋਈ ਮੈਂਬਰ ਨਹੀਂ ਜਿਸ ਤੇ ਮਸਤਾਂ ਦਾ ਪਹਿਰਾ ਆਉਂਦਾ ਹੋਵੇ। ਉਨ੍ਹਾਂ ਦੱਸਿਆ ਕਿ ਜਦੋਂ ਉਨ੍ਹਾਂ ਸੇਵਾ ਸ਼ੁਰੂ ਕੀਤੀ ਤਾਂ ਦਰਬਾਰ ਦਾ ਅਸਥਾਨ ਬਿਲਕੁਲ ਛੋਟਾ ਜਿਹਾ ਸੀ। ਹੁਣ ਉਨ੍ਹਾਂ ਨੇ ਜਿਥੇ ਥਾਂ ਮੁੱਲ ਖਰੀਦ ਕੇ ਦਰਬਾਰ ਦੀ ਉਸਾਰੀ ਸ਼ੁਰੂ ਕੀਤੀ ਹੈ, ਉਥੇ ਮਸਤਾਂ ਅਪਾਰ ਕਿਰਪਾ ਸਦਕਾ ਦਰਬਾਰ ਬਹੁਤ ਆਲੀਸ਼ਾਨ ਬਣ ਰਿਹਾ ਹੈ ਜਿਸ ਵਿੱਚ ਸੰਗਤਾਂ ਦਾ ਅਹਿਮ ਯੋਗਦਾਨ ਹੈ। ਰਾਜੀਵ ਸਾਈਂ ਹੋਰਾਂ ਨੇ ਦੱਸਿਆ ਕਿ ਦਰਬਾਰ ਵਿੱਚ ਹਰ ਧਰਮ ਦਾ ਸਤਿਕਾਰ ਕੀਤਾ ਜਾਂਦਾ ਹੈ ਤੇ ਦਰਬਾਰ ਤੇ ਮਹਾਂਮਾਈ ਦਾ ਜਾਗਰਣ, ਕਵਾਲੀਆਂ, ਸ਼ਿਵ ਭੋਲੇ ਸ਼ੰਕਰ ਦੇ ਦਿਨ, ਸਿੱਧ ਸ਼੍ਰੀ ਬਾਬਾ ਬਾਲਕ ਨਾਥ, ਨਾਗ ਦੇਵਤਾ ਦੇ ਮੂਰਤੀ ਸਥਾਪਨਾ ਕੀਤੀ ਗਈ ਤੇ ਸਭਨਾ ਦੇ ਤਿਉਹਾਰ ਮਨਾਏ ਜਾਂਦੇ ਹਨ। ਇਸੇ ਤਰ੍ਹਾਂ ਦਰਬਾਰ ਤੇ ਹਰ ਸਿਆਸੀ, ਰਾਜਸੀ ਪਾਰਟੀਆਂ ਦੇ ਪ੍ਰਤੀਨਿਧ, ਸਮਾਜਿਕ ਧਾਰਮਿਕ ਸੰਸਥਾਵਾਂ ਦੇ ਆਗੂ ਤੇ ਹੋਰ ਵੱਖ-ਵੱਖ ਜਥੇਬੰਦੀਆਂ ਦੇ ਆਗੂ ਆ ਕੇ ਨਤਮਸਤਕ ਹੁੰਦੇ ਹਨ ਜਿਨ੍ਹਾਂ ਵਿਚ ਮੈਬਰ ਪਾਰਲੀਮੈਂਟ ਡਾ. ਰਾਜ ਕੁਮਾਰ ਚੱਬੇਵਾਲ, ਸਾਬਕਾ ਕੇਂਦਰੀ ਮੰਤਰੀ ਵਿਜੇ ਸਾਂਪਲਾ, ਸਾਬਕਾ ਮੈਂਬਰ ਪਾਰਲੀਮੈਂਟ ਅਵਿਨਾਸ਼ ਰਾਏ ਖੰਨਾ, ਸਾਬਕਾ ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ, ਵਿਧਾਇਕ ਇਸ਼ਾਂਕ ਕੁਮਾਰ, ਸਾਬਕਾ ਕੈਬਨਿਟ ਮੰਤਰੀ ਤੀਕਸ਼ਨ ਸੂਦ ਤੋਂ ਇਲਾਵਾ ਪੁਲਿਸ ਅਧਿਕਾਰੀ, ਸਿਵਲ ਪ੍ਰਸ਼ਾਸ਼ਨ ਅਧਿਕਾਰੀ ਆਦਿ ਵੀ ਸਮੇਂ-ਸਮੇਂ 'ਤੇ ਆ ਕੇ ਨਤਮਸਤਕ ਹੁੰਦੇ ਹਨ ਤੇ ਦਰਬਾਰ ਤੇ ਹਰ ਵੀਰਵਾਰ, ਐਤਵਾਰ ਸੰਗਤਾਂ ਵੱਡੀ ਗਿਣਤੀ ਵਿਚ ਆਉਂਦੀਆਂ ਹਨ।













# ਸਾਡਾ ਲਾਂਗ ਮਾਰਚ ਅਜੇ ਸ਼ੁਰੂ ਵੀ ਨਹੀਂ ਹੋਇਆ



Justice Markandey Katju
ਸਾਬਕਾ ਜੱਜ ਸੁਪਰੀਮ ਕਰਟ ਆਫ ਇੰਡੀਆ

ਭਾਰਤੀ ਲੋਕਾਂ ਦਾ ਰਾਸ਼ਟਰੀ ਉਦੇਸ਼ ਭਾਰਤ ਨੂੰ ਅਮਰੀਕਾ ਜਾਂ ਚੀਨ ਵਾਂਗ ਇੱਕ ਆਧੁਨਿਕ ਉਦਯੋਗਿਕ ਦੈਂਤ ਵਿੱਚ ਤਬਦੀਲ ਕਰਨਾ ਹੋਣਾ ਚਾਹੀਦਾ ਹੈ ਤਾਂ ਹੀ ਅਸੀਂ ਆਪਣੀ ਵਿਸ਼ਾਲ ਗਰੀਬੀ, ਬੇਰੁਜ਼ਗਾਰੀ, ਬਾਲ ਕੁਪੋਸ਼ਣ ਦੇ ਭਿਆਨਕ ਪੱਧਰ (ਭਾਰਤ ਵਿੱਚ ਹਰ ਦੂਜਾ ਬੱਚਾ ਕੁਪੋਸ਼ਣ ਦਾ ਸ਼ਿਕਾਰ ਹੈ, ਨੂੰ ਖਤਮ ਕਰ ਸਕਦੇ ਹਾਂ। ਗਲੋਬਲ ਹੰਗਰ ਇੰਡੈਕਸ ਦੇ ਅਨੁਸਾਰ ਅਤੇ ਹਾਲ ਹੀ ਦੇ ਸਾਲਾਂ ਵਿੱਚ ਸਥਿਤੀ ਬਦਤਰ ਹੋ ਗਈ ਹੈ। ਭੋਜਨ, ਬਾਲਣ ਆਦਿ ਦੀਆਂ ਅਸਮਾਨ ਛੂਹ ਰਹੀਆਂ ਕੀਮਤਾਂ ਲਗਭਗ ਪੂਰੀ ਤਰ੍ਹਾਂ ਸਹੀ ਦੀ ਘਾਟ ਸਿਹਤ ਸੰਭਾਲ ਅਤੇ ਜਨਤਾ ਲਈ ਚੰਗੀ ਸਿੱਖਿਆ ਆਦਿ।

ਇਸ ਪਰਿਵਰਤਨ ਨੂੰ ਲਿਆਉਣ ਅਤੇ ਇੱਕ ਰਾਜਨੀਤਿਕ ਅਤੇ ਸਮਾਜਿਕ ਵਿਵਸਥਾ ਦੀ ਸਥਾਪਨਾ ਕਰਨ ਲਈ ਜਿਸ ਵਿੱਚ ਸਾਡੇ ਲੋਕਾਂ ਦਾ ਜੀਵਨ ਪੱਧਰ ਨਿਰੰਤਰ ਅਤੇ ਤੇਜ਼ੀ ਨਾਲ ਉੱਚਾ ਹੋਵੇ ਅਤੇ ਉਹ ਚੰਗੀ ਜ਼ਿੰਦਗੀ ਦਾ ਆਨੰਦ ਮਾਣਨ ਲੱਗ ਜਾਣ। ਇੱਕ ਲੰਬੇ ਮਾਰਚ ਅਰਥਾਤ ਇੱਕ ਸ਼ਕਤੀਸ਼ਾਲੀ ਸੰਯੁਕਤ, ਲੰਬੇ ਲੋਕ ਸੰਘਰਸ਼ ਦੀ ਲੋੜ ਪਵੇਗੀ, ਜਿਸਦੀ ਅਗਵਾਈ ਦੇਸ਼ ਭਗਤੀ ਨਾਲ ਕੀਤੀ ਜਾ ਸਕੇ। ਨਿਰਸਵਾਰਥ, ਆਧੁਨਿਕ ਸੋਚ ਵਾਲੇ ਨੇਤਾ, ਕਈ ਸਾਲਾਂ ਤੋਂ ਸ਼ਾਇਦ ਇੱਕ ਦੋ ਦਹਾਕਿਆਂ ਤੱਕ, ਬਹੁਤ ਸਾਰੇ ਮੋੜਾਂ ਨਾਲ, ਜਿਸ ਵਿੱਚ ਬਹੁਤ ਕੁਰਬਾਨੀਆਂ ਹੋਣਗੀਆਂ। ਚੀਨੀ ਲੋਕਾਂ ਨੇ 1934-35 ਵਿੱਚ ਆਪਣਾ 6000 ਮੀਲ ਲੰਬਾ ਮਾਰਚ ਕੀਤਾ, ਜਿਸ ਨਾਲ 1949 ਵਿੱਚ ਉਨ੍ਹਾਂ ਦੀ ਕ੍ਰਾਂਤੀ ਦੀ ਅੰਤਮ ਸਫਲਤਾ ਹੋਈ। ਦੂਜੇ ਪਾਸੇ ਭਾਰਤੀ ਲੋਕਾਂ ਦਾ ਲਾਂਗ ਮਾਰਚ ਵੀ ਸ਼ੁਰੂ ਨਹੀਂ ਹੋਇਆ ਹੈ। ਇਸ ਦੀ ਬਜਾਏ, ਅਸੀਂ ਅਜੇ ਵੀ ਅਯੁੱਧਿਆ ਵਿੱਚ ਵੱਡੀ ਲਾਗਤ ਨਾਲ ਰਾਮ ਮੰਦਰ ਬਣਾਉਣ ਵਿੱਚ ਉਲਝੇ ਹੋਏ ਹਾਂ (ਜੋ ਪਹਿਲੀ ਬਾਰਸ਼ ਨਾਲ ਲੀਕ ਹੋਣ ਲੱਗਾ), ਸਾਡੇ ਲੋਕ ਮਹਾਂਕੁੰਭ ਵਿੱਚ ਪਾਪ ਧੋ ਰਹੇ ਹਨ, ਜਿਸ ਵਿੱਚ ਭਗਦੜ ਮਚੀ ਸੀ, ਅਣਗਿਣਤ ਵਿੱਚ ਲੋਕ ਮਾਰੇ ਗਏ ਸਨ ਅਤੇ ਅਣਗਿਣਤ ਲਾਪਤਾ ਹਨ। ਸਰਕਾਰ ਵੱਲੋਂ ਸਮਾਗਮ ਦੀਆਂ ਤਿਆਰੀਆਂ 'ਤੇ ਹਜ਼ਾਰਾਂ ਕਰੋੜ ਰੁਪਏ ਖਰਚ ਕੀਤੇ ਜਾਣ ਦੇ ਬਾਵਜੂਦ ਵੱਡਾ ਹਾਦਸਾ ਵਾਪਰ ਗਿਆ।

ਆਪਣੇ ਵੋਟ ਬੈਂਕਾਂ ਨੂੰ ਸੁਰੱਖਿਅਤ ਕਰਨ ਲਈ ਧਾਰਮਿਕ ਆਧਾਰ ਇੱਕ ਅਜਿਹੇ ਦੇਸ਼ ਵਿੱਚ ਜੋ ਲਗਾਤਾਰ ਚੋਣ ਮੋਡ ਵਿੱਚ ਹੈ (ਭਾਰਤ ਵਿੱਚ ਸਥਾਨਕ ਸੰਸਥਾਵਾਂ ਤੋਂ ਇਲਾਵਾ 28 ਰਾਜ ਅਤੇ 8 ਕੇਂਦਰ ਸ਼ਾਸਤ ਪ੍ਰਦੇਸ਼ ਹਨ ਅਤੇ ਇਸ ਲਈ ਚੋਣਾਂ ਜਾਂ ਉਨ੍ਹਾਂ ਦੀਆਂ ਤਿਆਰੀਆਂ ਕਿਤੇ ਨਾ ਕਿਤੇ ਚੱਲ ਰਹੀਆਂ ਹਨ। ਸਾਰਾ ਸਾਲ ਇਸ ਤਰ੍ਹਾਂ ਜਾਤੀਵਾਦ ਅਤੇ ਫਿਰਕਾਪ੍ਰਸਤੀ ਨੂੰ ਹੋਰ ਫੈਲਾਉਣਾ ਵਾਲਾ ਕੰਮ ਲਗਾਤਾਰ ਜਾਰੀ ਹੈ।

ਮੈਂ ਇਹਨਾਂ ਲੇਖਾਂ ਵਿੱਚ ਸਮਝਾਇਆ ਹੈ ਕਿ ਵਿਕਸਤ ਦੇਸ਼ ਭਾਰਤ ਨੂੰ ਇੱਕ ਆਧੁਨਿਕ ਉਦਯੋਗਿਕ ਦੇਸ਼ ਵਿੱਚ ਬਦਲਣ ਦਾ ਵਿਰੋਧ ਕਰਨਗੇ, ਕਿਉਂਕਿ ਜੇਕਰ ਅਜਿਹਾ ਹੁੰਦਾ ਹੈ, ਤਾਂ ਸਾਡੀ ਸਸਤੀ ਕਿਰਤ ਨਾਲ ਅਸੀਂ ਵਿਕਸਤ ਦੇਸ਼ਾਂ ਦੁਆਰਾ ਪੈਦਾ ਕੀਤੀਆਂ ਵਸਤੂਆਂ ਨੂੰ ਘਟ ਵੇਚ ਦੇਵਾਂਗੇ, ਉਹਨਾਂ ਨੂੰ ਮੁਕਾਬਲੇਬਾਜ਼ ਬਣਾ ਦੇਵਾਂਗੇ। ਜਿਸ ਨਾਲ ਉਨ੍ਹਾਂ ਦੇ ਉਦਯੋਗਾਂ ਦੇ ਢਹਿ-ਢੇਰੀ ਹੋ ਜਾਣਗੇ, ਲੱਖਾਂ ਲੋਕਾਂ ਨੂੰ ਰੁਜ਼ਗਾਰ ਤੋਂ ਬਾਹਰ ਕੱਢ ਦਿੱਤਾ ਜਾਵੇਗਾ।

ਇਸ ਨੂੰ ਰੋਕਣ ਲਈ ਵਿਕਸਤ ਦੇਸ਼ ਪਛੜੇ ਦੇਸ਼ਾਂ ਵਿੱਚ ਆਪਣੇ ਸਥਾਨਕ ਏਜੰਟਾਂ ਰਾਹੀਂ ਭਾਰਤ ਵਰਗੇ ਪਛੜੇ ਮੁਲਕਾਂ ਦੇ ਲੋਕਾਂ ਨੂੰ ਧਰਮ, ਜਾਤ, ਭਾਸ਼ਾ, ਨਸਲ ਆਦਿ ਦੇ ਨਾਂ 'ਤੇ ਆਪਸ ਵਿੱਚ ਲੜਾਉਣ ਲਈ ਮਜਬੂਰ ਕਰਦੇ ਹਨ ਤਾਂ ਜੋ ਉਹ ਇੱਕਜੁੱਟ ਹੋ ਕੇ ਨਾ ਚਲਾ ਸਕਣ। ਉਹਨਾਂ ਦੀ ਸਮਾਜਿਕ-ਆਰਥਿਕ ਮੁਕਤੀ ਲਈ ਲੋਕਾਂ ਦਾ ਸੰਘਰਸ਼।

ਹਾਲਾਂਕਿ, ਅਸੀਂ ਆਪਣੀਆਂ ਬੁਰਾਈਆਂ ਲਈ ਇਕੱਲੇ ਵਿਦੇਸ਼ੀ ਦੇਸ਼ਾਂ ਨੂੰ ਦੋਸ਼ੀ ਨਹੀਂ ਠਹਿਰਾ ਸਕਦੇ। ਜਾਤੀਵਾਦ, ਫਿਰਕਾਪ੍ਰਸਤੀ ਅਤੇ ਅੰਧ-ਵਿਸ਼ਵਾਸਾਂ ਵਰਗੇ ਜਗੀਰੂ ਵਿਚਾਰਾਂ ਵਿੱਚ ਫਸੇ ਸਾਡੇ ਲੋਕਾਂ ਦੀ ਮਾਨਸਿਕਤਾ ਨੂੰ ਬਦਲਣ ਲਈ ਇੱਕ ਸ਼ਕਤੀਸ਼ਾਲੀ ਵਿਚਾਰਧਾਰਕ ਸੰਘਰਸ਼ ਸ਼ੁਰੂ ਕਰਨ ਲਈ ਸਾਡੇ ਬੁੱਧੀਜੀਵੀ ਵਰਗ ਦੇ ਛੋਟੇ ਜਿਹੇ ਦੇਸ਼ ਭਗਤ ਵਰਗ ਦੀ ਭਾਰੀ ਜ਼ਿੰਮੇਵਾਰੀ ਹੈ।

ਇਹ ਇੱਕ ਲੰਮਾ, ਸਬਰ ਦਾ ਸੰਘਰਸ਼ ਹੋਵੇਗਾ, ਪਰ ਵਾਲਟੇਅਰ ਅਤੇ ਰੂਸੋ ਦੀ ਤਰ੍ਹਾਂ, ਜਿਨ੍ਹਾਂ ਨੇ ਯੂਰਪ ਵਿੱਚ ਜਗੀਰਦਾਰੀ ਅਤੇ ਧਾਰਮਿਕ ਕੱਟੜਤਾ ਦੇ ਵਿਰੁੱਧ ਇੱਕ ਸ਼ਕਤੀਸ਼ਾਲੀ ਸੰਘਰਸ਼ ਸ਼ੁਰੂ ਕੀਤਾ ਸੀ, ਇਹ ਕੌਮ ਪ੍ਰਤੀ ਉਹਨਾਂ ਦਾ ਗੰਭੀਰ ਫਰਜ਼ ਹੈ।

ਬਰਤਾਨਵੀ ਪ੍ਰਧਾਨ ਮੰਤਰੀ ਵਿੰਸਟਨ ਚਰਚਿਲ ਦੀ ਵਿਆਖਿਆ ਕਰਦੇ ਹੋਏ, ਆਓ ਇਸ ਲਈ ਆਪਣੇ ਆਪ ਨੂੰ ਆਪਣੇ ਫਰਜ਼ ਲਈ ਤਿਆਰ ਕਰੀਏ ਅਤੇ ਆਪਣੇ ਆਪ ਨੂੰ ਇੰਨਾ ਸਹਿਣ ਕਰੀਏ, ਕਿ ਜੇਕਰ ਭਾਰਤੀ ਰਾਸ਼ਟਰ ਇੱਕ ਹਜ਼ਾਰ ਸਾਲ ਤੱਕ ਚੱਲਦਾ ਰਹੇ, ਤਾਂ ਵੀ ਲੋਕ ਕਹਿਣਗੇ, ਇਹ ਉਨ੍ਹਾਂ ਦਾ ਸਭ ਤੋਂ ਵਧੀਆ ਸਮਾਂ ਹੈ।

ਆਓ ਇਨ੍ਹਾਂ ਸਾਰੇ ਸੁਪਨਿਆ ਦੀ ਪੂਰਤੀ ਲਈ ਆਪਣੀ ਸਮਾਜਿਕ-ਆਰਥਿਕ ਮੁਕਤੀ ਲਈ ਭਾਰਤੀ ਲੋਕਾਂ ਦਾ ਲਾਂਗ ਮਾਰਚ ਸ਼ੁਰੂ ਕਰੀਏ।

## ਪ੍ਰਦਰਸ਼ਨਕਾਰੀ ਕਿਸਾਨਾਂ ਨਾਲ ਗੱਲਬਾਤ ਕਰੇਗਾ ਕੇਂਦਰ

### *ਕਿਸਾਨ ਆਗੂਆਂ ਨੂੰ ਗੱਲਬਾਤ ਲਈ 14 ਨੂੰ ਸੱਦਿਆ; ਖੇਤੀਬਾੜੀ ਰਾਜ ਮੰਤਰੀ ਨੇ ਜਾਣਕਾਰੀ ਸਾਂਝੀ ਕੀਤੀ*



ਨਵੀਂ ਦਿੱਲੀ : ਖੇਤੀਬਾੜੀ ਰਾਜ ਮੰਤਰੀ ਰਾਮਨਾਥ ਠਾਕੁਰ ਨੇ ਅੱਜ ਦੱਸਿਆ ਕਿ ਕੇਂਦਰ ਸਰਕਾਰ ਨੇ ਪੰਜਾਬ ਅਤੇ ਹਰਿਆਣਾ ਵਿੱਚ ਪ੍ਰਦਰਸ਼ਨ ਕਰ ਰਹੇ ਕਿਸਾਨ ਆਗੂਆਂ ਨੂੰ ਗੱਲਬਾਤ ਲਈ ਸੱਦਿਆ ਹੈ ਤੇ ਕਿਸਾਨਾਂ ਨਾਲ ਛੇਵੇਂ ਗੇੜ ਦੀ ਗੱਲਬਾਤ 14 ਫਰਵਰੀ ਨੂੰ ਹੋਵੇਗੀ। ਉਨ੍ਹਾਂ ਲੋਕ ਸਭਾ ਵਿਚ ਇਕ ਸਵਾਲ ਦਾ ਲਿਖਤੀ ਜਵਾਬ ਦਿੰਦਿਆਂ ਕਿਹਾ ਕਿ ਪਿਛਲੇ ਮਹੀਨੇ ਹੋਈ ਗੱਲਬਾਤ ਵਿੱਚ ਸਰਕਾਰ ਨੇ ਕੁਝ ਫਸਲਾਂ ਨੂੰ ਘੱਟੋ-ਘੱਟ ਸਮਰਥਨ ਮੁੱਲ 'ਤੇ ਖਰੀਦਣ ਲਈ ਪੰਜ ਸਾਲਾ ਯੋਜਨਾ ਦੀ ਤਜਵੀਜ਼ ਰੱਖੀ ਸੀ ਪਰ ਕਿਸਾਨਾਂ ਦੀਆਂ ਸਾਰੀਆਂ ਮੰਗਾਂ 'ਤੇ ਕੋਈ ਸਹਿਮਤੀ ਨਹੀਂ ਬਣੀ ਸੀ। ਉਨ੍ਹਾਂ ਕਿਹਾ ਕਿ ਪ੍ਰਦਰਸ਼ਨਕਾਰੀ ਕਿਸਾਨਾਂ ਦੀਆਂ ਮੰਗਾਂ ਸੁਪਰੀਮ ਕੋਰਟ ਵਿੱਚ ਵਿਚਾਰ ਅਧੀਨ ਹਨ ਅਤੇ ਸਿਖਰਲੀ ਅਦਾਲਤ ਨੇ ਇਸ ਸਬੰਧੀ ਕਮੇਟੀ ਵੀ ਬਣਾਈ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ 8 ਫਰਵਰੀ 2024 ਨੂੰ ਪ੍ਰਦਰਸ਼ਨਕਾਰੀ ਕਿਸਾਨਾਂ ਨਾਲ ਗੱਲਬਾਤ ਕਰਨ ਦੀ ਪਹਿਲ ਸ਼ੁਰੂ ਕੀਤੀ ਸੀ। ਬਾਅਦ ਵਿੱਚ ਪਿਛਲੇ ਸਾਲ 12, 15, 18 ਫਰਵਰੀ ਅਤੇ ਇਸ ਸਾਲ 18 ਜਨਵਰੀ ਨੂੰ ਗੱਲਬਾਤ ਹੋਈ ਪਰ ਸਾਰੀਆਂ ਮੰਗਾਂ 'ਤੇ ਸਹਿਮਤੀ ਨਹੀਂ ਬਣੀ।

## ਡੱਲੇਵਾਲ ਲਈ 50 ਪਿੰਡਾਂ ਦੇ ਟਿਊਬਵੈੱਲਾਂ ਦਾ ਪਾਣੀ ਲੈ ਕੇ ਪੁੱਜੇ ਹਰਿਆਣਾ ਦੇ ਕਿਸਾਨ

### *ਕਿਸਾਨ ਆਗੂ ਦਾ ਮਰਨ ਵਰਤ 72ਵੇਂ ਦਿਨ ਵੀ ਜਾਰੀ; ਮਹਾਂਪੰਚਾਇਤਾਂ ਵਿੱਚ ਪੁੱਜਣ ਦੀ ਅਪੀਲ*



ਪਟਿਆਲਾ /ਪਾਤੜਾਂ : ਕਿਸਾਨ ਮੰਗਾਂ ਦੀ ਪੂਰਤੀ ਲਈ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਦੀ ਅਗਵਾਈ ਹੇਠਾਂ ਜਾਰੀ ਕਿਸਾਨ ਅੰਦੋਲਨ-2 ਦੌਰਾਨ ਹੀ ਢਾਬੀਗੁੱਜਰਾਂ ਬਾਰਡਰ 'ਤੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦਾ ਮਰਨ ਵਰਤ ਅੱਜ 72ਵੇਂ ਦਿਨ ਵੀ ਜਾਰੀ ਰਿਹਾ। ਉਨ੍ਹਾਂ ਲਈ ਅੱਜ ਹਰਿਆਣਾ ਦੇ 50 ਤੋਂ ਵੀ ਵੱਧ ਪਿੰਡਾਂ ਦੇ ਕਿਸਾਨ ਆਪੋ ਆਪਣੇ ਟਿਊਬਵੈੱਲਾਂ ਦਾ ਪਵਿੱਤਰ ਜਲ ਲੈ ਕੇ ਢਾਬੀਗੁੱਜਰਾਂ ਮੋਰਚੇ 'ਤੇ ਪੁੱਜੇ। ਇਨ੍ਹਾਂ ਕਿਸਾਨਾ ਦਾ ਕਹਿਣਾ ਸੀ ਕਿ ਉਹ ਚਾਹੁੰਦੇ ਹਨ ਕਿ ਜਿਨ੍ਹਾਂ ਖੇਤੀ ਵਾਲੀਆਂ ਜ਼ਮੀਨਾਂ ਅਤੇ ਕਿਸਾਨਾਂ ਦੀਆਂ ਆਉਣ ਵਾਲੀ ਪੀੜ੍ਹੀ ਨੂੰ ਬਚਾਉਣ ਲਈ ਡੱਲੇਵਾਲ ਦੁੱਖ ਝੱਲ ਰਹੇ ਹਨ, ਉਹ ਉਨ੍ਹ ?ਵਾਂ ਹੀ ਖੇਤਾਂ ਦਾ ਪਵਿੱਤਰ ਪਾਣੀ ਪੀਣ। ਕਿਸਾਨ ਆਗੂਆਂ ਨੇ ਕਿਹਾ ਕਿ ਇਹ ਸਿਰਫ਼ ਪਾਣੀ ਨਹੀਂ ਸਗੋਂ ਹਜ਼ਾਰਾਂ ਕਿਸਾਨਾਂ ਦੀਆਂ ਭਾਵਨਾਵਾਂ ਦਾ ਮਿਸ਼ਰਣ ਹੈ। ਇਸੇ ਦੌਰਾਨ ਅਭਿਮੰਨਿਊ ਕੋਹਾੜ, ਸੁਰਜੀਤ ਫੂਲ, ਸੁਖਜੀਤ ਹਰਦੋਝੰਡੇ ਤੇ ਹੋਰਾਂ ਨੇ ਦੱਸਿਆ ਕਿ ਇਸੇ ਤਰ੍ਹਾਂ ਹੀ 8 ਅਤੇ 10 ਫਰਵਰੀ ਨੂੰ ਵੀ ਹਰਿਆਣਾ ਦੇ ਕਿਸਾਨਾਂ ਦੇ ਵੱਡੇ ਜਥੇ ਪਾਣੀ ਲੈ ਕੇ ਢਾਬੀਗੁੱਜਰਾਂ ਮੋਰਚੇ 'ਤੇ ਪਹੁੰਚਣਗੇ। ਕਿਸਾਨ ਆਗੂਆਂ ਨੇ ਸਮੂਹ ਕਿਸਾਨਾਂ ਨੂੰ ਅਪੀਲ ਕੀਤੀ ਕਿ ਮੋਰਚੇ ਨੂੰ ਇੱਕ ਸਾਲ ਪੂਰੇ ਹੋਣ 'ਤੇ 11 ਫਰਵਰੀ ਨੂੰ ਰਤਨਾਪੁਰਾ,12 ਨੂੰ ਢਾਬੀਗੁੱਜਰਾਂ ਅਤੇ 13 ਫਰਵਰੀ ਨੂੰ ਸ਼ੰਭੂ ਮੋਰਚੇ ਉੱਪਰ ਹੋਣ ਵਾਲੀਆ ਮਹਾਂਪੰਚਾਇਤਾਂ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਪਹੁੰਚਣ।

### ਕਰਜ਼ੇ ਬਾਰੇ ਕੇਂਦਰ ਵੱਲੋਂ ਸੰਸਦ 'ਚ ਦਿੱਤਾ ਬਿਆਨ ਨਿਰਾਸ਼ਾਜਨਕ ਕਰਾਰ

ਪਟਿਆਲਾ : ਲੋਕ ਸਭਾ 'ਚ ਜਾਰੀ ਬਜਟ ਸੈਸ਼ਨ ਦੌਰਾਨ ਕੇਂਦਰ ਸਰਕਾਰ ਵੱਲੋਂ ਕਿਸਾਨ ਕਰਜ਼ਾ ਮੁਆਫੀ ਦੀ ਕਿਸੇ ਵੀ ਯੋਜਨਾ ਤੋਂ ਇਨਕਾਰੀ ਹੁੰਦਿਆਂ ਪੱਲਾ ਝਾੜ ਲੈਣ ਦੀ ਸਾਹਮਣੇ ਆਈ ਕਾਰਵਾਈ ਤੋਂ ਕਿਸਾਨਾਂ 'ਚ ਨਿਰਾਸ਼ਾ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਇਸ ਮਾਮਲੇ ਨੂੰ ਲੈ ਕੇ ਮੋਦੀ ਸਰਕਾਰ ਆਪਣੇ 2014 ਦੇ ਚੋਣ ਵਾਅਦੇ ਤੋਂ ਭਗੌੜਾ ਹੋ ਚੁੱਕੀ ਹੈ। ਇਸ ਤੋਂ ਇਲਾਵਾ ਅਜਿਹੀ ਕਾਰਵਾਈ ਨੇ ਸੰਘਰਸ਼ੀਲ ਕਿਸਾਨ ਜਥੇਬੰਦੀਆਂ ਨਾਲ ਕੇਂਦਰ ਸਰਕਾਰ ਵੱਲੋਂ 14 ਫਰਵਰੀ ਨੂੰ ਕੀਤੀ ਜਾਣ ਵਾਲ਼ੀ ਮੀਟਿੰਗ 'ਤੇ ਵੀ ਸਵਾਲੀਆ ਨਿਸ਼ਾਨ ਲਾਇਆ ਹੈ। ਜ਼ਿਕਰਯੋਗ ਹੈ ਕਿ ਰਾਜਸਥਾਨ ਦੇ ਸੰਸਦ ਮੈਂਬਰ ਹਨੂੰਮਾਨ ਬੈਨੀਵਾਲ ਵੱਲੋਂ ਇਸ ਬਜਟ ਸੈਸ਼ਨ ਦੌਰਾਨ ਕਿਸਾਨ ਕਰਜ਼ਾ ਮੁਆਫ ਕਰਨ ਸਬੰਧੀ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਕੇਂਦਰ ਵੱਲੋਂ ਇਹ ਕਹਿ ਕੇ ਸਾਫ ਪੱਲਾ ਝਾੜ ਲਿਆ ਗਿਆ ਕਿ ਕੇਂਦਰ ਦੀ ਅਜਿਹੀ ਕੋਈ ਯੋਜਨਾ ਨਹੀਂ ਹੈ। ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਆਗੂ ਸਰਵਣ ਸਿੰਘ ਪੰਧੇਰ ਨੇ ਕੇਂਦਰ 'ਤੇ ਵਾਅਦਾਖ਼ਿਲਾਫ਼ੀ ਦਾ ਦੋਸ਼ ਲਾਇਆ।

## ਸਰਕਾਰੀ ਕਾਲਜ ਟਾਂਡਾ ਉੜਮੁੜ ਵਿਖੇ ਕਰਵਾਇਆ ਗਿਆ ਅੰਤਰ ਕਾਲਜ ਕਵਿਤਾ ਉਚਾਰਨ ਮੁਕਾਬਲਾ






ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਗਿਆਨੀ ਕਰਤਾਰ ਸਿੰਘ ਮੈਮੋਰੀਅਲ ਸਰਕਾਰੀ ਕਾਲਜ ਟਾਂਡਾ ਉੜਮੁੜ ਵਿਖੇ ਪ੍ਰਿੰਸੀਪਲ ਡਾ. ਸ਼ਸ਼ੀ ਬਾਲਾ ਜੀ ਦੀ ਯੋਗ ਅਗਵਾਈ ਵਿੱਚ ਕਾਲਜ ਦੇ ਪਜਾਬੀ ਵਿਭਾਗ ਅਤੇ ਭਾਸ਼ਾ ਮੰਚ ਵੱਲੋਂ 'ਅੰਤਰਰਾਸ਼ਟਰੀ ਮਾਂ ਬੋਲੀ ਦਿਵਸ' ਨੂੰ ਸਮਰਪਿਤ 'ਅੰਤਰ-ਕਾਲਜ ਕਵਿਤਾ ਉਚਾਰਨ ਮੁਕਾਬਲਾ' ਕਰਵਾਇਆ ਗਿਆ । ਇਸ ਪ੍ਰੋਗਰਾਮ ਦਾ ਆਯੋਜਨ ਪੰਜਾਬੀ ਵਿਭਾਗ ਦੇ ਮੁਖੀ ਪ੍ਰੋਫੈਸਰ ਮਲਕੀਤ ਜੌੜਾ ਵਲੋਂ ਕੀਤਾ ਗਿਆ। ਇਸ ਪ੍ਰੋਗਰਾਮ ਲਈ ਮੰਚ ਸੰਚਾਲਨ ਪ੍ਰੋਫੈਸਰ ਗੁਰਦੇਵ ਸਿੰਘ ਵਲੋਂ ਕੀਤਾ ਗਿਆ। ਇਸ ਕਵਿਤਾ ਉਚਾਰਨ ਮੁਕਾਬਲੇ ਵਿੱਚ ਮੁੱਖ ਮਹਿਮਾਨ ਸ੍ਰੀ ਜਸਵੀਰ ਸਿੰਘ ਰਾਜਾ ਜੀ ਐਮ. ਐਲ. ਏ ਟਾਂਡਾ ਅਤੇ ਸ਼੍ਰੀ ਕੇਸ਼ਵ ਸੈਣੀ ਵੱਲੋਂ ਸ਼ਿਰਕਤ ਕੀਤੀ ਗਈ। ਇਸ ਮੁਕਾਬਲੇ ਲਈ ਉਚੇਚੇ ਤੌਰ 'ਤੇ ਜੱਜ ਸਾਹਿਬਾਨ ਦੀ ਭੂਮਿਕਾ ਡਾ. ਹਰਜਿੰਦਰ ਸਿੰਘ ਅਟਵਾਲ ਅਤੇ ਸ਼ਾਇਰ ਮਦਨ ਵੀਰਾ ਵਲੋਂ ਨਿਭਾਈ ਗਈ। ਸਮਾਗਮ ਦੀ ਸ਼ੁਰੂਆਤ ਜੋਤ ਜਗਾ ਕੇ ਕੀਤੀ ਗਈ। ਕਾਲਜ ਪ੍ਰਿੰਸੀਪਲ ਵਲੋਂ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ। ਐਮ ਐਲ ਏ ਸਾਹਿਬ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਮਾਂ ਬੋਲੀ ਦੀ ਖਿੱਚ ਹੀ ਹੈ ਜੋ ਦੇਸ਼ ਵਿਦੇਸ਼ ਵਿੱਚ ਰਹਿਣ ਵਾਲੇ ਪੰਜਾਬੀਆਂ ਨੂੰ ਪੰਜਾਬ ਵਾਪਸ ਪਰਤਣ ਲਈ ਉਤਸ਼ਾਹਿਤ ਕਰਦੀ ਹੈ। ਕਾਲਜ ਵਲੋਂ ਕਰਵਾਏ ਇਸ ਅੰਤਰ-ਕਾਲਜ ਕਵਿਤਾ ਉਚਾਰਨ ਮੁਕਾਬਲੇ ਵਿੱਚ ਲਗਭਗ 15 ਕਾਲਜਾਂ ਦੋ ਦੋ ਵਿਦਿਆਰਥੀਆਂ ਨੇ ਭਾਗ ਲਿਆ ਭਾਗੀਦਾਰਾਂ ਵਲੋਂ ਵੱਖ-ਵੱਖ ਵਿਸ਼ਿਆ ਨੂੰ ਰੂਪਮਾਨ ਕਰਦੀਆਂ ਕਵਿਤਾਵਾਂ ਪੇਸ਼ ਕੀਤੀਆਂ ਗਈਆਂ। ਜਿਸ ਵਿੱਚ ਪਹਿਲਾ ਸਥਾਨ ਨਵਜੋਤ ਕੌਰ ਸਰਕਾਰੀ ਕਾਲਜ ਟਾਂਡਾ, ਦੂਜਾ ਸਥਾਨ ਹਰਜੋਤ ਕੌਰ ਜੀ ਟੀ ਬੀ , ਖਾਲਸਾ ਕਾਲਜ ਦਸੂਹਾ, ਤੀਜਾ ਸਥਾਨ ਐਸ਼ਮੀਨ ਸਰਕਾਰੀ ਕਾਲਜ ਟਾਂਡਾ ਅਤੇ ਚੌਥਾ ਸਥਾਨ ਨਵਜੋਤ ਕੌਰ ਜੀ ਟੀ ਬੀ ਖਾਲਸਾ ਕਾਲਜ ਦਸੂਹਾ ਨੇ ਹਾਸਿਲ ਕੀਤਾ ਜੇਤੂ ਵਿਦਿਆਰਥੀਆਂ ਨੂੰ ਪ੍ਰਿੰਸੀਪਲ ਡਾ. ਸ਼ਸ਼ੀ ਬਾਲਾ ਜੀ ਅਤੇ ਪੰਜਾਬੀ ਵਿਭਾਗ ਦੇ ਪ੍ਰੋ ਸਾਹਿਬਾਨਾਂ ਵਲੋਂ ਸਨਮਾਨ ਚਿੰਨ੍ਹ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਅੰਤ ਵਿੱਚ ਪੰਜਾਬੀ ਵਿਭਾਗ ਦੇ ਮੁਖੀ ਪ੍ਰੋਫੈਸਰ ਮਲਕੀਤ ਜੌੜਾ ਨੇ ਸਮਾਗਮ ਦੀ ਸਫਲਤਾ ਲਈ ਪਿੰਸੀਪਲ ਡਾ. ਸ਼ਸ਼ੀ ਬਾਲਾ ਦਾ, ਵੱਖ ਕਾਲਜਾਂ ਤੋਂ ਆਏ ਇੰਚਾਰਜ ਸਾਹਿਬਾਨਾਂ ਅਤੇ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਪ੍ਰੋ ਵਿਜੈਪਾਲ ਸਿੰਘ, ਪ੍ਰੋ ਰੁਬਿਨ, ਪ੍ਰੋ ਨਵਜੀਤ ਕੌਰ, ਡਾ ਕੁਲਵਿੰਦਰ ਕੌਰ, ਪ੍ਰੋ ਰਜਨੀਸ਼ ਕੌਰ, ਪ੍ਰੋ ਮਨਮੋਹਨ ਸਿੰਘ, ਪ੍ਰੋ ਪਰਵਿੰਦਰ ਕੌਰ, ਪ੍ਰੋ ਵਰਿੰਦਰ ਕੁਮਾਰ, ਪ੍ਰੋ ਹਰਮੇਸ਼ ਸਿੰਘ, ਪ੍ਰੋ ਵਿਨੈ ਕੁਮਾਰ, ਪ੍ਰੋ ਤੇਜਵਿੰਦਰ ਕੌਰ ਚੀਮਾ, ਪ੍ਰੋ ਰੰਜਨਾ ਗੁਪਤਾ,ਪ੍ਰੋ ਸਿੰਮੀ, ਪ੍ਰੋ ਰਮਨਦੀਪ ਸਿੰਘ, ਪ੍ਰੋ ਰਮਨਪ੍ਰੀਤ ਸਿੰਘ, ਪ੍ਰੋ ਰਜਨੀ, ਪ੍ਰੋ ਰਜਨਦੀਪ, ਪ੍ਰੋ ਪ੍ਰੀਆ, ਪ੍ਰੋ ਜਗਜੀਤ ਸਿੰਘ, ਪ੍ਰੋ ਸ਼ਵੇਤਾ ਸੰਗਰ, ਪ੍ਰੋ ਅਮਨਦੀਪ ਕੌਰ, ਪ੍ਰੋ ਪੂਜਾ ਸ਼ਰਮਾ ਅਤੇ ਕਾਲਜ ਦੇ ਵਿਦਿਆਰਥੀਆਂ ਹਾਜ਼ਿਰ ਸਨ।

# ਧੀਆਂ ਦੀ ਗਿਣਤੀ ਮੁੜ ਘਟਣ ਦਾ ਰੁਝਾਨ

*ਔਰਤ ਪ੍ਰਤੀ ਹਿੰਸਾ ਅਤੇ ਧੀਆਂ ਦੀ ਗਿਣਤੀ ਵਿੱਚ ਉਲਟਾ ਸਬੰਧ ਹੈ। ਇਸ ਤੋਂ ਇਲਾਵਾ ਮਰਦ ਪ੍ਰਧਾਨ ਸਮਾਜ ਵਿੱਚ ਚਿਰਾਂ ਤੋਂ ਚਲੀ ਆ ਰਹੀ ਪਿਤਰੀ ਸੱਤਾ ਸਾਡੇ ਖ਼ੂਨ ਵਿੱਚ ਇਸ ਹੱਦ ਤੱਕ ਰਚੀ ਹੋਈ ਹੈ ਕਿ ਅਤਿ ਆਧੁਨਿਕ ਯੁਗ ਵਿੱਚ ਵੀ ਪੁੱਤਰ ਪ੍ਰਾਪਤੀ ਨਾਲ ਜੁੜੇ ਸਮਾਜਿਕ ਸੰਸਕਾਰ ਅਤੇ ਧੀਆਂ ਪ੍ਰਤੀ ਪਿਛਾਂਹਖਿੱਚੂ ਸੋਚ ਭਾਰੂ ਹੈ; ਜਿਵੇਂ ਪੁੱਤਰ ਬੁਢਾਪੇ ਦਾ ਸਹਾਰਾ, ਮ੍ਰਿਤਕ ਦੇਹ ਨੂੰ ਅਗਨੀ ਦੇਣ ਵਾਲਾ, ਵੰਸ਼ ਚਲਾਉਣ ਵਾਲਾ ਆਦਿ ਅਤੇ ਧੀ ਪਰਾਇਆ ਧਨ, ਵਿਤੀ ਬੋਝ, ਪੱਥਰ ਜੰਮ ਪਿਆ ਹੈ ਤੇ ਧੀ ਦੇ ਬਾਬਲ ਦਾ ਸਿਰ ਹਮੇਸ਼ਾ ਨੀਵਾਂ ਹੁੰਦਾ ਹੈ।*



ਕੰਵਲਜੀਤ ਕੌਰ ਗਿੱਲ

ਮਰਦ ਔਰਤ ਵਿਚਾਲੇ ਹਰ ਪੱਖ ਤੋਂ ਬਰਾਬਰੀ ਸਮਾਜਿਕ-ਆਰਥਿਕ ਵਿਕਾਸ ਦਾ ਸੰਕੇਤ ਹੁੰਦਾ ਹੈ। ਇਸ ਬਰਾਬਰੀ ਦੀ ਮੁੱਢਲੀ ਸ਼ਰਤ ਹੈ ਕਿ ਕੁੱਲ ਵਸੋਂ ਵਿੱਚ ਮਰਦ ਅਤੇ ਔਰਤਾਂ ਦੀ ਗਿਣਤੀ ਕੁਦਰਤੀ ਵਰਤਾਰੇ ਅਨੁਸਾਰ ਲਗਭਗ ਬਰਾਬਰ ਹੁੰਦੀ ਹੈ। ਜਨ ਸੰਖਿਆ ਵਿਗਿਆਨੀ ਇਸ ਨੂੰ ਲਿੰਗ ਅਨੁਪਾਤ ਕਹਿੰਦੇ ਹਨ; ਭਾਵ, ਪ੍ਰਤੀ 1000 ਮਰਦਾਂ ਪਿੱਛੇ ਔਰਤਾਂ ਦੀ ਗਿਣਤੀ ਕਿੰਨੀ ਹੈ। ਵਸੋਂ ਵਾਧਾ ਦਰ ਨੂੰ ਠੱਲ੍ਹ ਪਾਉਣ ਅਤੇ ਪਰਿਵਾਰ ਦਾ ਆਕਾਰ ਸੀਮਤ ਕਰਨ ਲਈ ਮੱਧ 1970ਵਿਆਂ ਦੌਰਾਨ ਨੀਤੀਆਂ ਬਣਾਈਆਂ ਗਈਆਂ ਸਨ ਜਿਸ ਤਹਿਤ ਪਰਿਵਾਰ ਵਿੱਚ ਦੋ ਬੱਚਿਆਂ ਦਾ ਸੁਝਾਅ ਦਿੱਤਾ ਗਿਆ ਸੀ। ਇਹ ਸੁਝਾਅ ਵਸੋਂ ਵਾਧਾ ਦਰ ਘਟਾਉਣ ਵਿੱਚ ਤਾਂ ਕਾਮਯਾਬ ਰਿਹਾ ਪਰ ਇਸ ਨੇ ਵਸੋਂ ਬਣਤਰ ਵਿੱਚ ਵਿਗਾੜ ਪੈਦਾ ਕਰ ਦਿੱਤਾ। ਸਮਾਜਿਕ ਹਾਲਾਤ ਅਤੇ ਪਿੱਤਰ ਸੱਤਾ ਕਾਰਨ ਪਰਿਵਾਰ ਵਿੱਚ ਪੁੱਤਰਾਂ ਤੇ ਧੀਆਂ ਦੇ ਪੈਦਾ ਹੋਣ ਵਿੱਚ ਚੋਣ ਹੋਣ ਲੱਗੀ। ਪੁੱਤਰ ਦੀ ਚਾਹਤ ਅਧੀਨ ਧੀਆਂ ਨੂੰ ਕੁੱਖ ਵਿੱਚ ਮਾਰਨ ਦਾ ਰੁਝਾਨ ਸ਼ੁਰੂ ਹੋ ਗਿਆ। ਧੀਆਂ ਨੂੰ ਜਿੱਥੇ ਪਹਿਲਾਂ ਜੰਮਣ ਤੋਂ ਬਾਅਦ ਮਾਰ ਮੁਕਾਉਣ ਦਾ ਰਿਵਾਜ ਸੀ, ਹੁਣ ਕੁੱਖ ਵਿੱਚ ਹੀ ਮਾਰਨ ਦਾ ਰੁਝਾਨ ਵਧ ਗਿਆ।

ਭਾਰਤ ਵਿੱਚ 1981-91 ਦੌਰਾਨ ਲਿੰਗ ਅਨੁਪਾਤ ਵਿਗੜ ਚੁੱਕਿਆ ਸੀ। ਇਸ ਨੂੰ ਸੁਧਾਰਨ ਲਈ ਸਰਕਾਰੀ ਅਤੇ ਗੈਰ-ਸਰਕਾਰੀ ਸੰਸਥਾਵਾਂ ਨੇ ਯਤਨ ਕੀਤੇ ਜਿਨ੍ਹਾਂ ਸਦਕਾ ਹਾਲਤ ਵਿੱਚ ਕੁਝ ਸੁਧਾਰ ਹੋਇਆ। ਉਂਝ, ਪਿਛਲੇ ਦਹਾਕੇ ਦੌਰਾਨ ਦੇਸ਼ ਦੇ ਕੁਝ ਰਾਜਾਂ, ਖਾਸ ਕਰ ਕੇ ਉੱਤਰ-ਪੱਛਮੀ ਰਾਜਾਂ ਵਿੱਚ ਲਿੰਗ ਅਨੁਪਾਤ ਵਿੱਚ ਮੁੜ ਉੱਤਰਾਅ-ਚੜ੍ਹਾਅ ਨਜ਼ਰ ਆਉਣੇ ਸ਼ੁਰੂ ਹੋ ਗਏ ਹਨ। ਤਾਜ਼ਾ ਰਿਪੋਰਟਾਂ ਪੰਜਾਬ ਅਤੇ ਹਰਿਆਣੇ ਦੀਆਂ ਹਨ। ਇਥੇ 2014 ਤੋਂ 2019 ਤੱਕ ਬਾਲ ਲਿੰਗ ਅਨੁਪਾਤ (0-12 ਮਹੀਨੇ) ਵਧ ਰਿਹਾ ਸੀ ਪਰ ਉਸ ਤੋਂ ਬਾਅਦ ਅਚਾਨਕ ਘਟਣਾ ਸ਼ੁਰੂ ਹੋ ਗਿਆ। ਇਸ ਤਬਦੀਲੀ ਦੇ ਕੀ ਕਾਰਨ ਹਨ? ਕੀ ਪਹਿਲੇ ਕੀਤੇ ਜਾ ਰਹੇ ਯਤਨਾਂ ਵਿੱਚ ਕੋਈ ਤਬਦੀਲੀ ਆਈ ਹੈ ਜਾਂ ਮੁੱਖ ਮੁੱਦੇ 'ਤੇ ਧਿਆਨ ਕੇਂਦਰਿਤ ਹੋਣ ਦੀ ਬਜਾਇ ਮੀਡੀਆ ਵਿੱਚ ਪ੍ਰਚਾਰ ਜਾਂ ਪ੍ਰਾਪੇਗੰਡੇ ਵੱਲ ਹੋ ਗਿਆ ਹੈ? ਜਾਂ ਭਰੂਣ ਦਾ ਲਿੰਗ ਨਿਰਧਾਰਨ ਟੈਸਟ ਕਰਨ ਵਾਲੇ ਸੈਂਟਰਾਂ ਜਾਂ ਕਲੀਨਿਕਾਂ ਨੂੰ ਕਾਨੂੰਨ ਦਾ ਕੋਈ ਡਰ ਭਉ ਨਹੀਂ ਰਹਿ ਗਿਆ? ਜਾਂ ਫਿਰ ਨਿੱਤ ਦਿਨ ਔਰਤਾਂ ਵਿਰੁੱਧ ਵਧ ਰਹੀਆਂ ਹਿੰਸਕ ਵਾਰਦਾਤਾਂ ਬੱਚੀਆਂ ਦੇ ਪੈਦਾ ਹੋਣ ਨੂੰ ਨਿਰਉਤਸ਼ਾਹਿਤ ਕਰ ਰਹੀਆਂ ਹਨ?

ਦਹਾਕੇਵਾਰ ਮਰਦਮ ਸ਼ੁਮਾਰੀ (2021) ਕੋਵਿਡ-19 ਅਤੇ ਹੋਰ ਨਾ ਟਾਲੇ ਜਾਣ ਵਾਲੇ ਕਈ ਕਾਰਨਾਂ ਕਰ ਕੇ ਨਹੀਂ ਹੋ ਸਕੀ। ਇਸ ਕਰ ਕੇ ਵਸੋਂ ਵਿੱਚ ਹੋਣ ਵਾਲੀ ਤਬਦੀਲੀ ਅਤੇ ਇਸ ਨਾਲ ਸਬੰਧਿਤ ਜਨਮ ਤੇ ਮੌਤ ਦਰ ਸਬੰਧੀ ਜਾਣਕਾਰੀ ਲਈ ਦੂਜੇ ਸਰਕਾਰੀ ਸਰੋਤਾਂ ਜਾਂ ਗੈਰ-ਸਰਕਾਰੀ ਸੰਸਥਾਵਾਂ ਦੁਆਰਾ ਕਰਵਾਈਆਂ ਖੋਜਾਂ ਉੱਪਰ ਨਿਰਭਰ ਕਰਨਾ ਪੈਂਦਾ ਹੈ। ਸੈਂਪਲ ਰਜਿਸਟ੍ਰੇਸ਼ਨ ਸਰਵੇ (SRS) ਅਤੇ ਸਿਵਲ ਰਜਿਸਟ੍ਰੇਸ਼ਨ ਸਿਸਟਮ (CRS) ਦੇ ਅੰਕੜੇ ਦੱਸਦੇ ਹਨ ਕਿ ਬਾਲ ਲਿੰਗ ਅਨੁਪਾਤ ਵਿੱਚ ਪਿਛਲੇ ਕੁਝ ਸਾਲਾਂ ਦੌਰਾਨ ਗੁਣਾਤਮਕ ਤਬਦੀਲੀਆਂ ਆਈਆਂ ਹਨ। ਬਾਲ ਲਿੰਗ ਅਨੁਪਾਤ ਦੇ ਪੱਖ ਤੋਂ ਪੰਜਾਬ ਅਤੇ ਹਰਿਆਣਾ ਦੀ ਹਾਲਤ ਹਮੇਸ਼ਾ ਚਿੰਤਾਜਨਕ ਰਹੀ ਹੈ। ਪੰਜਾਬ ਵਿੱਚ 2001 ਦੌਰਾਨ ਪ੍ਰਤੀ 1000 ਮਰਦਾਂ ਦੇ ਮੁਕਾਬਲੇ 798 ਅਤੇ ਹਰਿਆਣਾ ਵਿੱਚ 819 ਔਰਤਾਂ ਸਨ। ਇਸ ਅਨੁਪਾਤ ਨਾਲ ਪੰਜਾਬ ਅਤੇ ਹਰਿਆਣਾ ਭਾਰਤ ਦੇ ਮੁੱਖ 25 ਰਾਜਾਂ ਵਿੱਚੋਂ ਸਭ ਤੋਂ ਥੱਲੇ, ਅਰਥਾਤ 25ਵੇਂ ਤੇ 24ਵੇਂ ਸਥਾਨ 'ਤੇ ਸਨ। 2011 ਦੌਰਾਨ ਕੁਝ ਸੁਧਾਰ ਹੋਇਆ; ਪੰਜਾਬ ਵਿੱਚ 1000 ਮੁੰਡਿਆਂ ਦੇ ਮੁਕਾਬਲੇ 846 ਕੁੜੀਆਂ ਅਤੇ ਹਰਿਆਣੇ ਵਿੱਚ 830 ਕੁੜੀਆਂ ਪੈਦਾ ਹੋਈਆਂ ਪਰ ਸਮੁੱਚੇ ਭਾਰਤ ਦੇ ਪ੍ਰਸੰਗ ਵਿੱਚ ਇਹ ਦੋਵੇਂ ਰਾਜ ਆਪਣਾ ਦਰਜਾ ਉੱਚਾ ਨਹੀਂ ਚੁੱਕ ਸਕੇ। ਮਰਦ ਪ੍ਰਧਾਨ ਸਮਾਜ ਵਿੱਚ ਪੁੱਤਰ ਤਰਜੀਹ ਨੂੰ ਇਸ ਦਾ ਮੁੱਖ ਕਾਰਨ ਮੰਨਿਆ ਜਾਂਦਾ ਹੈ। ਦੂਜੇ ਪਾਸੇ, ਭਰੂਣ ਦੇ ਲਿੰਗ ਨਿਰਧਾਰਨ ਟੈਸਟ ਨੂੰ ਭਾਵੇਂ ਗੈਰ-ਕਾਨੂੰਨੀ ਕਰਾਰ ਦਿੱਤਾ ਗਿਆ ਹੈ, ਫਿਰ ਵੀ ਇਹ ਟੈਸਟ ਕਰਨ ਵਾਲੇ ਕਲੀਨਿਕ ਕਿਸੇ ਨਾ ਕਿਸੇ ਢੰਗ ਨਾਲ ਮਾਪਿਆਂ ਨੂੰ ਭਰੂਣ ਦੇ ਲਿੰਗ ਬਾਰੇ ਜਾਣਕਾਰੀ ਦੇ ਦਿੰਦੇ ਹਨ। ਇੱਥੇ ਡਾਕਟਰ ਦੀ ਦੇਖ-ਰੇਖ ਹੇਠ ਗਰਭਪਾਤ ਦੇ ਕਾਨੂੰਨ (PC-PNDT Act-AIID) ਵਿਚਲੀਆਂ ਸਬ-ਧਾਰਾਵਾਂ ਦੀ ਦੁਰਵਰਤੋਂ ਕਰਦੇ ਹੋਏ ਗਰਭਪਾਤ ਕਰਵਾ ਦਿੱਤਾ ਜਾਂਦਾ ਹੈ ਜਾਂ ਮਾਦਾ ਭਰੂਣ ਹੱਤਿਆ ਕਰ ਦਿੱਤੀ ਜਾਂਦੀ ਹੈ। ਇਸ ਵਰਤਾਰੇ ਨੂੰ ਰੋਕਣ ਵਾਸਤੇ 2015 ਵਿੱਚ 'ਬੇਟੀ ਬਚਾਓ ਬੇਟੀ ਪੜ੍ਹਾਓ' ਦਾ ਦੇਸ਼ਿਵਆਪੀ ਨਾਅਰਾ ਦਿੱਤਾ ਗਿਆ ਜਿਸ ਦਾ ਮਕਸਦ ਮਾਦਾ ਭਰੂਣ ਹੱਤਿਆ ਰੋਕਣਾ ਅਤੇ ਕੁੜੀਆਂ ਦੀ ਸਿੱਖਿਆ ਪ੍ਰਾਪਤੀ ਦੇ ਅਧਿਕਾਰ ਨੂੰ ਯਕੀਨੀ ਬਣਾਉਣਾ ਸੀ।

ਇਸ ਦੀ ਸ਼ੁਰੂਆਤ ਹਰਿਆਣਾ ਦੇ ਪਾਣੀਪਤ ਜ਼ਿਲ੍ਹੇ ਤੋਂ ਕੀਤੀ ਗਈ। ਇਸ ਨਾਅਰੇ ਦੀ ਵਿਸ਼ੇਸ਼ਤਾ ਸੀ ਕਿ ਸਿਹਤ ਅਤੇ ਸਿੱਖਿਆ ਵਿੱਚ ਨਿਵੇਸ਼ ਕਰਨ ਦੀ ਥਾਂ ਇਸ ਪ੍ਰੋਗਰਾਮ ਦਾ 78% ਤੱਕ ਦਾ ਵੱਡਾ ਹਿੱਸਾ ਇਸ ਦੇ ਪ੍ਰਚਾਰ, ਪ੍ਰਸਾਰ ਅਤੇ ਇਸ਼ਤਿਹਾਰਬਾਜ਼ੀ ਵਾਸਤੇ ਅਲਾਟ ਕੀਤਾ ਗਿਆ। ਪੰਜਾਬ ਵਿੱਚ ਧੀਆਂ ਦੀ ਪੈਦਾਇਸ਼ ਨੂੰ 'ਨੰਨ੍ਹੀ ਛਾਂ' ਨਾਲ ਜੋੜਿਆ ਗਿਆ। ਨਤੀਜੇ ਵਜੋਂ ਹਰਿਆਣਾ ਵਿੱਚ ਬਾਲ ਲਿੰਗ ਅਨੁਪਾਤ ਵਿੱਚ ਕੁਝ ਸੁਧਾਰ ਹੋਇਆ। ਇਹ 2015 ਵਿੱਚ 876 ਅਤੇ 2016 ਵਿੱਚ 900 ਤੋਂ ਵਧਦਾ ਹੋਇਆ 2019 ਵਿੱਚ 930 ਹੋ ਗਿਆ। ਇਵੇਂ ਹੀ ਪੰਜਾਬ ਵਿੱਚ ਨੈਸ਼ਨਲ ਫੈਮਿਲੀ ਹੈਲਥ ਸਰਵੇ ਅਨੁਸਾਰ, ਪਿਛਲੇ ਪੰਜ ਸਾਲਾਂ ਦੌਰਾਨ ਪੈਦਾ ਹੋਏ ਬੱਚਿਆਂ ਦਾ ਅਨੁਪਾਤ 860 (2015-16) ਤੋਂ ਵਧ ਕੇ 904 (2019-21) ਦਰਜ ਕੀਤਾ ਗਿਆ ਪਰ ਉਸ ਤੋਂ ਬਾਅਦ ਹਰਿਆਣਾ ਵਿੱਚ ਜਨਮ ਵੇਲੇ ਲਿੰਗ ਅਨੁਪਾਤ ਵਿੱਚ ਲਗਾਤਾਰ ਗਿਰਾਵਟ ਦੇਖਣ ਨੂੰ ਮਿਲ ਰਹੀ ਹੈ। ਸੈਂਪਲ ਰਜਿਸਟ੍ਰੇਸ਼ਨ ਸਰਵੇ (SRS) ਦੇ ਅੰਕੜਿਆਂ ਅਨੁਸਾਰ, 2023 ਵਿੱਚ ਇਹ ਅਨੁਪਾਤ 916 ਸੀ ਜਿਹੜਾ ਘਟ ਕੇ 2024 ਵਿੱਚ 910 ਰਹਿ ਗਿਆ ਹੈ। ਪਿਛਲੇ ਸਾਲ 2023 ਵਿੱਚ ਹਰਿਆਣੇ ਦੇ 22 ਜ਼ਿਲ੍ਹਿਆਂ ਵਿੱਚੋਂ ਉੱਤਰੀ ਅਤੇ ਮੱਧ ਹਰਿਆਣੇ ਦੇ 11 ਜ਼ਿਲ੍ਹਿਆਂ ਵਿੱਚ ਬਾਲ ਲਿੰਗ ਅਨੁਪਾਤ ਲਗਾਤਾਰ ਘਟ ਰਿਹਾ ਹੈ। ਇਨ੍ਹਾਂ ਵਿੱਚ ਰੋਹਤਕ ਦੀ ਹਾਲਤ ਸਭ ਤੋਂ ਮਾੜੀ (883) ਸੀ। ਰੋਹਤਕ ਦੇ 54 ਪਿੰਡਾਂ ਵਿੱਚ ਲੜਕੀਆਂ ਦੀ ਗਿਣਤੀ 800 ਤੋਂ ਵੀ ਘੱਟ ਸੀ। 2024 ਦੇ ਅੰਕੜੇ ਦੱਸਦੇ ਹਨ ਕਿ ਹਰਿਆਣਾ ਦੇ 13 ਜ਼ਿਲ੍ਹਿਆਂ ਦੀ ਹਾਲਤ ਚਿੰਤਾਜਨਕ ਹੈ ਜਿੱਥੇ ਪਿਛਲੇ ਸਾਲ ਨਾਲੋਂ ਇਸ ਅਨੁਪਾਤ ਵਿੱਚ ਗਿਰਾਵਟ ਦਰਜ ਹੋਈ ਹੈ।

ਫਰੀਦਾਬਾਦ, ਰਿਵਾੜੀ, ਚਰਖੀ ਦਾਦਰੀ, ਰੋਹਤਕ ਅਤੇ ਗੁੜਗਾਓਂ ਵਿੱਚ ਬਾਲ ਲਿੰਗ ਅਨੁਪਾਤ 900 ਤੋਂ ਘੱਟ ਹੈ। ਪਾਣੀਪਤ ਦੇ 190 ਪਿੰਡਾਂ ਵਿੱਚੋਂ 67 ਪਿੰਡ ਘੋਰ ਚਿੰਤਾਜਨਕ ਹਾਲਤ ਵਿੱਚ ਹਨ। ਸਿਵਲ ਸਰਜਨ ਦੇ ਰਿਕਾਰਡ ਅਨੁਸਾਰ, ਪਾਣੀਪਤ ਵਿੱਚ 2023 ਵਿੱਚ ਲਿੰਗ ਅਨੁਪਾਤ 924 ਤੋਂ ਘਟ ਕੇ 2024 ਵਿੱਚ 900 ਹੋ ਗਿਆ। ਸਿਵਲ ਰਜਿਸਟ੍ਰੇਸ਼ਨ ਸਿਸਟਮ (CRS) ਅਨੁਸਾਰ, ਪੰਜਾਬ ਵਿੱਚ 2024 ਵਿੱਚ ਬਾਲ ਲਿੰਗ ਅਨੁਪਾਤ 918 ਦਰਜ ਕੀਤਾ ਗਿਆ। ਬਾਰਡਰ ਵਾਲੇ ਜ਼ਿਲ੍ਹੇ ਪਠਾਨਕੋਟ ਅਤੇ ਗੁਰਦਾਸਪੁਰ ਕ੍ਰਮਵਾਰ 864 ਅਤੇ 884 ਨਾਲ ਸਭ ਤੋਂ ਮਾੜੀ ਹਾਲਤ ਵਾਲੇ ਜ਼ਿਲ੍ਹੇ ਹਨ। ਕਪੂਰਥਲਾ ਇਸ ਵੇਲੇ 987 ਦੇ ਅੰਕੜੇ ਨਾਲ ਸਭ ਤੋਂ ਉੱਪਰ ਹੈ ਪਰ ਇੱਥੇ ਵੀ 2023 ਵਿੱਚ 992 ਤੋਂ ਪੰਜ ਪੁਆਇੰਟਾਂ ਦੀ ਗਿਰਾਵਟ ਹੋਈ ਹੈ।

ਲਿੰਗ ਅਨੁਪਾਤ ਵਿੱਚ ਸੁਧਾਰ ਵਾਸਤੇ 2011 ਤੋਂ ਬਾਅਦ ਕਈ ਕਦਮ ਚੁੱਕੇ ਗਏ ਜਿਨ੍ਹਾਂ ਵਿੱਚ ਮੁੱਖ ਰੂਪ ਵਿੱਚ ਲਿੰਗ ਨਿਰਧਾਰਨ ਟੈਸਟ ਨੂੰ ਗੈਰ-ਕਾਨੂੰਨੀ ਕਰਾਰ ਦੇਣਾ, ਆਂਗਣਵਾੜੀ ਵਿੱਚ ਕੰਮ ਕਰਦੀਆਂ ਔਰਤਾਂ ਵੱਲੋਂ ਗਰਭਵਤੀ ਔਰਤਾਂ ਦੀ ਸਿਹਤ ਦਾ ਧਿਆਨ ਰੱਖਣਾ ਅਤੇ ਮੁਢਲੀਆਂ ਸਿਹਤ ਸਹੂਲਤਾਂ ਦੇਣਾ ਸ਼ਾਮਿਲ ਹਨ। ਕੌਮੀ ਪੱਧਰ 'ਤੇ ਧੀਆਂ ਦਾ ਦਿਨ (24 ਜਨਵਰੀ 2012) ਮਨਾਉਣ ਦਾ ਅਹਿਦ ਕਰਨਾ, 2011 ਦੀ ਸਬਲਾ ਸਕੀਮ, 2015 ਦੀ 'ਬੇਟੀ ਬਚਾਓ ਬੇਟੀ ਪੜ੍ਹਾਓ' ਤੇ ਨੰਨ੍ਹੀ ਛਾਂ, 'ਧੀਆਂ ਦਾ ਸਤਿਕਾਰ ਕਰੋ, ਪੁੱਤਰਾ ਵਾਂਗੂ ਪਿਆਰ ਕਰੋ' ਜਾਂ ਧੀਆਂ ਦੀ ਵੀ ਲੋਹੜੀ ਆਦਿ ਮਨਾਉਣਾ ਵੀ ਸਹਾਈ ਹੋਵੇ ਪਰ ਕੀ ਕਾਰਨ ਹਨ ਕਿ ਪਿਛਲੇ ਪੰਜ-ਛੇ ਸਾਲਾਂ ਤੋਂ ਹਾਲਤ ਮੁੜ ਵਿਗੜ ਰਹੀ ਹੈ? ਕਿਉਂ ਧੀਆਂ ਨੂੰ ਪੈਦਾ ਹੋਣ ਦੇ ਮੁੱਢਲੇ ਅਧਿਕਾਰ ਤੋਂ ਵਾਂਝੇ ਕੀਤਾ ਜਾ ਰਿਹਾ ਹੈ? ਸ਼ਹਿਰਾਂ ਅਤੇ ਪੜ੍ਹੇ ਲਿਖੇ ਪਰਿਵਾਰਾਂ ਵਿੱਚ ਬਾਲ ਲਿੰਗ ਅਨੁਪਾਤ ਦੀ ਦਰ ਪਿੰਡਾਂ ਦੇ ਮੁਕਾਬਲੇ ਘੱਟ ਹੈ। ਸਪਸ਼ਟ ਹੈ ਕਿ ਪਿਛਲੇ ਕੁਝ ਸਾਲਾਂ ਦੌਰਾਨ ਔਰਤ ਪ੍ਰਤੀ ਹਿੰਸਕ ਘਟਨਾਵਾਂ ਦਾ ਰੁਝਾਨ ਵਧ ਰਿਹਾ ਹੈ। ਇਸ ਹਿੰਸਾ ਵਿੱਚ ਹਾਕਮ ਧਿਰਾਂ ਦੇ ਕੁਝ ਸਿਆਸਤਦਾਨ, ਸਿਵਲ ਤੇ ਪੁਲਿਸ ਅਧਿਕਾਰੀ ਅਤੇ ਧਨਾਢ ਵਰਗ ਤੇ ਰਸੂਖ਼ਵਾਨ ਘਰਾਣਿਆਂ ਦੇ ਮੁੰਡੇ ਸ਼ਾਮਿਲ ਹਨ।

ਔਰਤ ਪ੍ਰਤੀ ਹਿੰਸਾ ਅਤੇ ਧੀਆਂ ਦੀ ਗਿਣਤੀ ਵਿੱਚ ਉਲਟਾ ਸਬੰਧ ਹੈ। ਇਸ ਤੋਂ ਇਲਾਵਾ ਮਰਦ ਪ੍ਰਧਾਨ ਸਮਾਜ ਵਿੱਚ ਚਿਰਾਂ ਤੋਂ ਚਲੀ ਆ ਰਹੀ ਪਿਤਰੀ ਸੱਤਾ ਸਾਡੇ ਖ਼ੂਨ ਵਿੱਚ ਇਸ ਹੱਦ ਤੱਕ ਰਚੀ ਹੋਈ ਹੈ ਕਿ ਅਤਿ ਆਧੁਨਿਕ ਯੁਗ ਵਿੱਚ ਵੀ ਪੁੱਤਰ ਪ੍ਰਾਪਤੀ ਨਾਲ ਜੁੜੇ ਸਮਾਜਿਕ ਸੰਸਕਾਰ ਅਤੇ ਧੀਆਂ ਪ੍ਰਤੀ ਪਿਛਾਂਹਖਿੱਚੂ ਸੋਚ ਭਾਰੂ ਹੈ; ਜਿਵੇਂ ਪੁੱਤਰ ਬੁਢਾਪੇ ਦਾ ਸਹਾਰਾ, ਮ੍ਰਿਤਕ ਦੇਹ ਨੂੰ ਅਗਨੀ ਦੇਣ ਵਾਲਾ, ਵੰਸ਼ ਚਲਾਉਣ ਵਾਲਾ ਆਦਿ ਅਤੇ ਧੀ ਪਰਾਇਆ ਧਨ, ਵਿਤੀ ਬੋਝ, ਪੱਥਰ ਜੰਮ ਪਿਆ ਹੈ ਤੇ ਧੀ ਦੇ ਬਾਬਲ ਦਾ ਸਿਰ ਹਮੇਸ਼ਾ ਨੀਵਾਂ ਹੁੰਦਾ ਹੈ। ਜੇ ਧੀ ਦਾ ਜਿਨਸੀ ਸ਼ੋਸ਼ਣ ਹੁੰਦਾ ਹੈ ਤਾਂ ਸਾਰੇ ਪਰਿਵਾਰ ਦੀ ਇੱਜ਼ਤ ਮਿੱਟੀ ਵਿੱਚ ਮਿਲ ਜਾਂਦੀ ਹੈ। ਇਹ ਸਾਰਾ ਕੁਝ ਇਕਪਾਸੜ ਕਿਉਂ? ਕੁਝ ਚਿੰਤਕ, ਵਿਦਵਾਨ ਤੇ ਜਾਗਰੂਕ ਲੋਕ ਭਾਵੇਂ ਧੀਆਂ ਪੁੱਤਰਾਂ ਵਿਚਾਲੇ ਅੰਤਰ ਨਾ ਰੱਖਦੇ ਹੋਣ ਪਰ ਉਹ ਵੀ ਆਖਿਰ ਇਸੇ ਸਮਾਜ ਦਾ ਹਿੱਸਾ ਹਨ। ਧੀ ਨੇ ਸਮਾਜ ਵਿੱਚ ਹੀ ਵਿਚਰਨਾ ਹੈ, ਸਿੱਖਿਆ ਲਈ ਸਕੂਲ ਕਾਲਜ ਵੀ ਜਾਣਾ ਹੈ। ਕੰਮ ਕਾਜ ਲਈ ਘਰੋਂ ਬਾਹਰ ਨਿਕਲਣਾ ਹੈ। ਕੀ ਸਾਡਾ ਆਲਾ-ਦੁਆਲਾ ਜਾਂ ਮਾਹੌਲ ਕੁੜੀਆਂ ਲਈ ਸੁਰੱਖਿਅਤ ਹੈ? ਵੇਲੇ ਕੁਵੇਲੇ ਕੁੜੀ ਘਰ ਤੋਂ ਬਾਹਰ ਜਾਣ ਲੱਗਿਆਂ ਡਰਦੀ ਹੈ। ਉਸ ਨੂੰ ਕਿਸ ਤੋਂ ਬਚਾਉਣਾ ਹੈ? ਸੜਕਾਂ ਦੇ ਤੁਰੇ ਫਿਰਦੇ ਜਾਨਵਰਾਂ ਤੋਂ ਵਧੇਰੇ ਡਰ ਉਸ ਨੂੰ ਮਨੁੱਖੀ ਜਾਮੇ ਵਿੱਚ ਘੁੰਮਦੇ ਬਘਿਆੜ ਰੂਪੀ ਮੁੰਡਿਆਂ ਤੋਂ ਹੈ ਜਿਹੜੇ ਕੁੜੀ ਨੂੰ ਕੇਵਲ ਭੋਗ ਵਿਲਾਸ ਦੀ ਸ਼ੈਅ ਸਮਝਦੇ ਹਨ।

ਇਸ ਲਈ ਸਮਾਜ ਦੇ ਸਹੀ ਅਤੇ ਸੰਤੁਲਿਤ ਵਿਕਾਸ ਵਾਸਤੇ ਜ਼ਰੂਰੀ ਹੈ ਕਿ ਸਮਾਜ ਵਿੱਚ ਔਰਤ ਨੂੰ ਮਨੂ ਸਿਮ੍ਰਤੀ ਅਨੁਸਾਰ ਪੈਰ ਦੀ ਜੁੱਤੀ, ਢੋਰ, ਗੰਵਾਰ, ਪਸ਼ੂ ਆਦਿ ਸਮਝਣ ਦੀ ਥਾਂ ਉਸ ਨੂੰ ਬਣਦਾ ਬਰਾਬਰੀ ਦਾ ਸਥਾਨ ਦਿੱਤਾ ਜਾਵੇ। ਮਾਣ ਸਨਮਾਨ ਨਾਲ ਜਿਊਣ ਵਾਸਤੇ ਸੁਰੱਖਿਅਤ ਮਾਹੌਲ ਯਕੀਨੀ ਬਣਾਇਆ ਜਾਵੇ। ਮਾਦਾ ਭਰੂਣ ਹੱਤਿਆ ਰੋਕਣ ਵਾਸਤੇ ਪਹਿਲਾਂ ਤੋਂ ਬਣੇ ਕਾਨੂੰਨਾਂ ਨੂੰ ਸੁਹਿਰਦਤਾ ਅਤੇ ਸਖਤਾਈ ਨਾਲ ਲਾਗੂ ਕੀਤਾ ਜਾਵੇ। ਔਰਤਾਂ ਵਿਰੁੱਧ ਹਿੰਸਾ ਕਰਨ ਵਾਲੇ ਸਾਬਤ ਹੋ ਚੁੱਕੇ ਦੋਸ਼ੀਆਂ ਨੂੰ ਕਾਨੂੰਨੀ ਪ੍ਰਕਿਰਿਆ ਤਹਿਤ ਸਜ਼ਾਵਾਂ ਦਿੱਤੀਆਂ ਜਾਣ। ਗਾਹੇ-ਬਗਾਹੇ ਪੈਰੋਲ 'ਤੇ ਨਾ ਛੱਡਿਆ ਜਾਵੇ। ਇਸ ਵਰਤਾਰੇ ਨੂੰ ਰਾਜਨੀਤੀ, ਭਾਈ-ਭਤੀਜਾਵਾਦ, ਜਾਤ-ਬਰਾਦਰੀ ਅਤੇ ਧਰਮ ਤੋਂ ਅਲੱਗ ਰੱਖਣਾ ਚਾਹੀਦਾ ਹੈ ਕਿਉਂਕਿ ਔਰਤਾਂ ਵਿਰੁੱਧ ਵਧ ਰਹੀਆਂ ਹਿੰਸਕ ਵਾਰਦਾਤਾਂ, ਜ਼ੁਲਮ ਅਤੇ ਹੋਰ ਮਾਨਸਿਕ, ਭਾਵਨਾਤਮਕ ਅੱਤਿਆਚਾਰ ਸਿੱਧੇ ਰੂਪ ਵਿੱਚ ਕੁੜੀਆਂ ਦੀ ਪੈਦਾਇਸ਼ ਉੱਪਰ ਨਕਾਰਾਤਮਕ ਪ੍ਰਭਾਵ ਪਾਉਂਦੇ ਹਨ। ਇਸ ਲਈ ਸਹੀ ਅਰਥਾਂ ਵਿੱਚ ਸਰਕਾਰੀ ਦਖਲ ਅਤੇ ਕਾਨੂੰਨ ਲਾਗੂ ਕਰਨ ਲਈ ਸਖਤਾਈ ਦੇ ਨਾਲ-ਨਾਲ ਜਾਗਰੂਕਤਾ ਮਹੱਤਵਪੂਰਨ ਹੈ।

ਮਾਦਾ ਭਰੂਣ ਹੱਤਿਆ ਸਮਾਜਿਕ ਕਲੰਕ ਹੈ ਜਿਹੜਾ ਪੰਜਾਬ ਤੇ ਹਰਿਆਣਾ ਦੇ ਮੱਥੇ 'ਤੇ ਲੱਗ ਚੁਕਿਆ ਹੈ। ਕਿਸੇ ਵੀ ਗ਼ਲਤ ਸਮਾਜਿਕ ਪ੍ਰਥਾ ਨੂੰ ਖਤਮ ਕਰਨ ਵਾਸਤੇ ਲੋਕਾਂ ਅੰਦਰ ਜਾਗਰਤੀ ਅਤੇ ਲੋਕਾਂ ਦੀ ਏਕਤਾ ਜ਼ਰੂਰੀ ਹੈ। ਜਾਗਰੂਕਤਾ ਦੇ ਨਾਲ-ਨਾਲ ਪਿਤਰੀ ਸੱਤਾ ਵਾਲੀ ਮਾੜੀ ਸੋਚ ਬਦਲਣ ਦੀ ਵੀ ਜ਼ਰੂਰਤ ਹੈ। ਬਾਲ ਵਿਆਹ, ਸਤੀ ਪ੍ਰਥਾ ਆਦਿ ਨੂੰ ਲੋਕਾਂ ਦੇ ਸਹਿਯੋਗ ਦੇ ਨਾਲ ਹੀ ਉਸ ਵੇਲੇ ਦੀਆਂ ਸਰਕਾਰਾਂ ਖ਼ਤਮ ਕਰਨ ਵਿੱਚ ਕਾਮਯਾਬ ਹੋਈਆਂ ਸਨ। ਹੁਣ ਸਾਨੂੰ ਸਮਾਜਿਕ ਅਤੇ ਆਰਥਿਕ ਹਾਲਾਤ ਦਾ ਡੂੰਘਾ ਅਧਿਐਨ ਕਰਨਾ ਪਵੇਗਾ। ਇੱਕ ਪਾਸੇ ਪੁੱਤਰ ਤਰਜੀਹ ਤੇ ਛੋਟੇ ਪਰਿਵਾਰ ਦੀ ਮਜਬੂਰੀ, ਦੂਜੇ ਪਾਸੇ ਧੀਆਂ ਦੀ ਪੈਦਾਇਸ਼ ਨਾਲ ਜੁੜੀਆਂ ਸਮੱਸਿਆਵਾਂ, ਦਾਜ, ਜਿਨਸੀ ਸ਼ੋਸ਼ਣ, ਹਿੰਸਾ ਆਦਿ ਸਮਾਜਿਕ-ਆਰਥਿਕ ਮੁੱਦੇ ਹਨ। ਇਸ ਵਾਸਤੇ ਲਿੰਗ ਸੰਵੇਦਨਸ਼ੀਲ ਨੁਕਤਿਆਂ ਬਾਰੇ ਜਾਣਕਾਰੀ ਸਕੂਲ ਪੱਧਰ 'ਤੇ ਹੀ ਦੇਣੀ ਸ਼ੁਰੂ ਕਰ ਦੇਣੀ ਚਾਹੀਦੀ ਹੈ। ਬਰਾਬਰੀ ਅਤੇ ਪੱਖਪਾਤ ਰਹਿਤ ਸਮਾਜ ਵਾਸਤੇ ਅਸੀਂ ਸਿਰਫ ਗਿਣਤੀ ਹੀ ਨਹੀਂ ਵਧਾਉਣੀ, ਜਿ?ਦਗੀ ਵੀ ਬਚਾਉਣੀ ਹੈ।



# ਮਨੋਵਿਗਿਆਨ ਮਹੀਨਾ ਫਰਵਰੀ 2025 : ਬੇਰੋਜ਼ਗਾਰੀ- ਨੇ ਵਧਾਏ ਮਾਨਸਿਕ ਰੋਗੀ

*''ਮਾਨਸਿਕ ਪ੍ਰੇਸ਼ਾਨੀਆਂ ਪ੍ਰਤੀ ਜਾਗਰੁਕਤਾ ਲਈ ਮਾਨਸਿਕ ਮਹੀਨਾ ਸਾਲ 2025 ਦਾ ਥੀਮ ਹੈ - ਸਟੂਡੈਂਟ ਲਾਈਫ ਤੋਂ ਰਿਟਾਇਰ ਹੋਣ ਤੱਕ ਸਾਈਂਸ ਨਾਲ ਜੁੜੀਆਂ ਔਰਤਾਂ ਨੂੰ ਅਨੁਸਰਣ ਕਰਨ ਬਾਰੇ ਹੇ। ਅੱਜ ਬੇਰੋਜ਼ਗਾਰੀ ਮਾਨਸਿਕ ਰੋਗਾਂ ਦੀ ਜੜ ਬਣਦੀ ਜਾ ਰਹੀ ਹੈ। ਮਾਨਸਿਕ ਬਿਮਾਰੀਆਂ ਤੋਂ ਬਚਣ ਲਈ ਵਿਸ਼ਵ ਸਿਹਤ ਸੰਗਠਨ ਵੱਲੋਂ ਚਲਾਈ ਗਈ ਗਲੋਬਲ ਮੁਹਿਮ ਦਾ ਹਿੱਸਾ ਬਣਨ ਦੀ ਲੋੜ ਹੈ'' ਅਨਿਲ ਧੀਰ ਕਾਲਮਨਿਸਟ. ਥੈਰਾਪਿਸਟ. ਹੈਲਥ ਐਜੂਕੇਟਰ ਅਵਾਰਡ ਵਿਜੇਤਾ. ਸੋਸ਼ਲ ਐਕਟੀਵਿਸਟ*





ਹੈਲਥ ਮੀਡੀਆ ਕੈਨੇਡਾ : ਮਨੋਵਿਗਿਆਨ ਮਹੀਨਾ 2025 ਦਾ ਥੀਮ ਹੈ- ਸਟੂਡੈਂਟ ਲਾਈਫ ਤੋਂ ਰਿਟਾਇਰ ਹੋਣ ਤੱਕ ਸਾਈਂਸ ਨਾਲ ਜੁੜੀਆਂ ਔਰਤਾਂ ਨੂੰ ਅਨੁਸਰਣ ਕਰਨ ਬਾਰੇ ਹੇ। ਵਿਸ਼ਵ ਭਰ 'ਚ ਮੌਜੂਦਾ ਹਾਲਾਤ ਯਾਨਿ ਬੇਰੋਜ਼ਗਾਰੀ ਨੇ ਹਰ ਦੂਜੇ ਵਿਅਕਤੀ ਨੂੰ ਮਾਨਸਿਕ ਰੋਗੀ ਬਣਾ ਦਿੱਤਾ ਹੈ। ਬੱਚਿਆਂ ਤੋਂ ਲ਼ੇ ਕੇ ਹਰ ਉਮਰ ਵਿੱਚ ਮਾਨਸਿਕ ਬਿਮਾਰੀਆਂ ਦਾ ਅੰਕੜਾ ਵੀ ਵੱਧਦਾ ਜਾ ਰਿਹਾ ਹੈ, ਜੋ ਕਿਸੇ ਵੀ ਰਾਸ਼ਟਰ ਦੇ ਵਿਕਾਸ ਲਈ ਖਤਰੇ ਤੋਂ ਘੱਟ ਨਹੀਂ ਹੈ। ਮਨੋਵਿਗਿਆਨ ਮਹੀਨੇ ਦੇ ਤੌਰ 'ਤੇ ਮਾਨਸਿਕ ਸਿਹਤ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਮਾਨਸਿਕ ਸਿਹਤ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਲੋਕਾਂ ਦੀ ਮਦਦ ਲਈ ਯਤਨਾਂ ਨੂੰ ਜੁਟਾਉਣ ਲਈ ਮਨਾਇਆ ਜਾ ਰਿਹਾ ਹੈ। ਅੱਜ ਹਰ ਤੀਸਰਾ ਆਦਮੀ ਮਾਨਸਿਕ ਸਮੱਸਿਆ ਤਣਾਅ ਯਾਨਿ ਸਟ੍ਰੈਸ ਦਾ ਸ਼ਿਕਾਰ ਹੋ ਚੱਕਾ ਹੈ। ਵਰਕ-ਪਲੇਸ ਸਟ੍ਰੈਸ 79%, ਆਰਥਿਕ ਤੰਗੀ 84%, ਸਿਹਤ-ਸੰਬੰਧੀ 78%, ਵਾਤਾਵਰਣ ਤਬਦੀਲੀ 59% ਦਾ ਆਂਕੜਾ ਦੇਖਣ ਨੂੰ ਮਿਲ ਰਿਹਾ ਹੈ। ਸਟ੍ਰੈਸ ਕਿਸੇ ਵੀ ਤਬਦੀਲੀ ਪ੍ਰਤੀ ਸਰੀਰ ਦੀ ਪ੍ਰਤੀਕ੍ਰਿਆ ਹੈ ਜਿਸ ਲਈ ਵਿਵਸਥਾ ਦੀ ਜ਼ਰੂਰਤ ਹੁੰਦੀ ਹੈ। ਸਰੀਰ ਇਹ ਬਦਲਾਅ, ਤੇ ਸਰੀਰਕ, ਮਾਨਸਿਕ ਅਤੇ ਭਾਵਨਾਤਮਕ ਪ੍ਰਤੀਕ੍ਰਿਆਵਾਂ ਨਾਲ ਪ੍ਰਤੀਕ੍ਰਿਆਂ ਕਰਦਾ ਹੈ। ਤਣਾਅ ਜ਼ਿੰਦਗੀ ਦਾ ਇੱਕ ਆਮ ਹਿੱਸਾ ਹੁੰਦਾ ਹੈ। ਕੋਈ ਵੀ ਘਟਨਾ, ਦੁਰਘਟਨਾ, ਜਾਂ ਵਿਚਾਰ, ਗੁੱਸਾ, ਘਬਰਾਹਟ ਅਤੇ ਨਿਰਾਸ਼ਾ, ਸਟ੍ਰੈਸ ਦੇ ਸਕਦੀ ਹੈ। ਤੁਸੀਂ ਆਪਣੇ ਮਾਹੌਲ, ਆਪਣੇ ਸਰੀਰ ਅਤੇ ਵਿਚਾਰਾਂ ਦੁਆਰਾ ਸਟ੍ਰੈਸ ਮਹਿਸੂਸ ਕਰਦੇ ਹੋ। ਇੱਥੋਂ ਤੱਕ ਕਿ ਸਕਾਰਾਤਮਕ ਜ਼ਿੰਦਗੀ ਵੀ ਬਦਲ ਜਾਂਦੀ ਹੈ। ਜਿਵੇਂ ਤਰੱਕੀ ਅਤੇ ਬੱਚੇ ਦਾ ਜਨਮ ਵੀ ਤਣਾਅ ਪੈਦਾ ਕਰ ਦਿੰਦਾ ਹੈ। ਲੰਬੇ ਸਮੇਂ ਤੱਕ ਰਹਿਣ ਵਾਲਾ ਸਟ੍ਰੈਸ ਬਿਮਾਰੀਆਂ ਵੀ ਪੈਦਾ ਕਰ ਸਕਦਾ ਹੈ। ਜੀਵ-ਵਿਗਿਆਨ ਵਿੱਚ ਤਣਾਅ ਸਰੀਰਕ ਜਾਂ ਮਾਨਸਿਕ ਸਿਹਤ ਲਈ ਖਤਰਿਆਂ ਦੇ ਪ੍ਰਤੀ ਸਰੀਰ ਦੀ ਪ੍ਰਤੀਕ੍ਰਿਆ ਹੈ। ਗੰਭੀਰ ਤਣਾਅ ਕਾਰਡੀਓਵੈਸਕੁਲਰ ਬਿਮਾਰੀ, ਚਿੰਤਾ ਅਤੇ ਉਦਾਸੀ ਨਾਲ ਜੁੜ ਜਾਂਦੀ ਹੈ। ਘਰੇਲੂ ਹਿੰਸਾ 'ਤੇ ਲੜਾਈ ਨਾਲ ਜੁੜੀ ਘਟਨਾਵਾਂ ਦਾ ਸਟ੍ਰੈਸ ਅਤੇ ਸਦਮੇ ਤੋਂ ਬਾਅਦ ਪੀਟੀਐਸਡੀ ਦਾ ਕਾਰਨ ਬਣਦੇ ਹਨ। ਵਿਸ਼ਵ ਭਰ ਵਿਚ ਕਈ ਮਿਲੀਅਨ ਲੋਕ ਇਸ ਨਾਲ ਪ੍ਰਭਾਵਿਤ ਹਨ। ਵੱਧ ਤਣਾਅ ਦੀ ਹਾਲਤ ਵਿਚ ਵਿਅਕਤੀ ਦਾ ਵਿਵਹਾਰ ਸੰਵੇਦਨਸ਼ੀਲ ਹੋ ਜਾਣ ਨਾਲ ਨਸ਼ੀਲੇ ਪਦਾਰਥਾਂ ਦੀ ਲੱਤ ਲੱਗਣ ਦੀ ਸੰਭਾਵਨਾ ਵੀ ਵੱਧ ਜਾਂਦੀ ਹੈ। ਇਨਸਾਨ ਦੇ ਨਾਲ-ਨਾਲ ਪਾਲਤੂ ਜਾਨਵਰ ਕੁੱਤੇ-ਬਿੱਲੀਆਂ



ਅਨਿਲ ਧੀਰ
ਕਾਲਮਨਿਸਟ
healthmedia1@hotmail.com

ਵਿਚ ਵੀ ਤਣਾਅ ਦੇ ਲੱਛਣ ਦੇਖੇ ਜਾਂਦੇ ਹਨ। ਸਟ੍ਰੈਸ ਦੀ ਹਾਲਤ ਵਿਚ ਜਾਨਵਰਾਂ ਦਾ ਵਿਵਹਾਰ ਬਦਲ ਜਾਂਦਾ ਹੈ।





ਸਟ੍ਰੈਸ ਦੇ ਆਮ ਕਾਰਨ, ਪੈਸਾ, ਕੰਮ, ਆਰਥਿਕਤਾ, ਪਰਿਵਾਰਕ ਜ਼ਿੰਮੇਵਾਰੀਆਂ, ਰਿਸ਼ਤੇ, ਨਿੱਜੀ ਸਿਹਤ ਦੇ ਮੁੱਦੇ, ਮਕਾਨ ਦੇ ਖਰਚੇ, ਜੌਬ ਦੀ ਚਿੰਤਾ, ਨਿੱਜੀ ਸੁਰੱਖਿਆ, ਪਰਿਵਾਰਕ ਸਿਹਤ ਸਮੱਸਿਆਵਾਂ, ਨੂੰ ਮੰਨਿਆ ਗਿਆ ਹੈ। ਸੋਚਣ ਦਾ ਨੈਗੇਟਿਵ ਤਰੀਕਾ ਅਤੇ ਵੱਖ ਹੁਨਰ ਚਿੰਤਾ ਵਧਾ ਰਿਹਾ ਹੈ। ਮਾਡਰਨ ਲਾਈਫ ਸਟਾਇਲ ਵਿਚ ਇਨਸਾਨ ਸਰੀਰਕ ਤਣਾਅ- ਜਿਵੇਂ ਸੱਟ, ਇਨਫੈਕਸ਼ਨ, ਸਰਜਰੀ, ਦੂਸ਼ਿਤ ਵਾਤਾਵਰਣ, ਰੇਡੀਏਸ਼ਨ, ਵੱਧ ਰਿਹਾ ਸ਼ੋਰ, ਵਾਇਰਲ ਇਨਫੈਕਸ਼ਨ, ਥਕਾਵਟ, ਡਾਇਬਟੀਜ਼, ਹਾਰਮੋਨਲ ਬਦਲਾਅ, ਐਲਰਜੀ, ਸੰਵੇਦਨਸ਼ੀਲਤਾ, ਅਣਚਾਹੇ ਸਿਗਰੇਟ-ਇੰਡਸਟਰੀਅਲ ਧੂੰਏ ਦਾ ਅਸਰ, ਸਰੀਰ ਅੰਦਰ ਖੁਰਾਕੀ ਤੱਤਾਂ ਦੀ ਕਮੀ ਕਾਰਨ ਘੇਰੇ ਵਿਚ ਆ ਰਿਹਾ ਹੈ। ਮਨੋ-ਵਿਗਿਆਨਕ ਤਣਾਅ ਨਾਰਾਜ਼ਗੀ, ਡਰ, ਨਿਰਾਸ਼ਾ, ਉਦਾਸੀ, ਗੁੱਸਾ, ਬੌਧਿਕ ਤਣਾਅ, ਸਮੇਂ ਦੀ ਤੇਜ਼ ਰਫਤਾਰ, ਚਿੰਤਾ, ਸ਼ਰਮ, ਈਰਖਾ, ਵਿਰੋਧ, ਸਵੈ-ਆਲੋਚਨਾ, ਘਬਰਾਹਟ, ਕੰਟ੍ਰੋਲ ਤੋਂ ਬਾਹਰ ਹੋਣਾ, ਧੋਖਾਧੜੀ, ਹੋ ਜਾਣ ਨਾਲ ਦੇਖਿਆ ਜਾ ਰਿਹਾ ਹੈ। ਸਟ੍ਰੈਸ ਸਕਾਰਾਤਮਕ ਵੀ ਹੋ ਸਕਦਾ ਹੈ, ਜਿਵੇਂਕਿ ਡੈਡਲਾਈਨ ਨੂੰ ਪੂਰਾ ਕਰਨ ਅਤੇ ਸੰਭਾਵਿਤ ਖਤਰੇ ਤੋਂ ਬਚਣ ਲਈ ਮਦਦ ਵੀ ਕਰਦਾ ਹੈ।

**ਜਰੂਰੀ ਹੋ ਗਿਆ ਹੈ ਮਨ ਨੂੰ ਫਿੱਟ ਰੱਖਣਾ:**

- ਬੇਰੋਜ਼ਗਾਰੀ ਤੋਂ ਪ੍ਰੇਸ਼ਾਨ ਵਿਅਕਤੀ ਨੂੰ ਆਪਣਾ ਕਾਂਨਫੀਡੈਂਸ ਬਰਕਾਰਾਰ ਰੱਖਣ ਦੀ ਲੋੜ ਹੁੰਦੀ ਹੈ। ਕਿਉਂਕਿ ਸਰੀਰਕ-ਮਾਨਸਿਕ ਬਿਮਾਰੀਆਂ ਬਿਨ ਬੁਲਾਏ ਆ ਰਹੀਂਆਂ ਹਨ।
- ਅੱਜ ਵਿਦਿਆਰਥੀ ਨੂੰ ਆਪਣੇ ਅੰਦਰ ਹੈਂਡੀ ਸਕਿਲ ਪੈਦਾ ਕਰਨ ਦੀ ਲੋੜ ਹੈ। ਤਾਂਕਿ ਮੁਸ਼ਕਲ ਸਮੇਂ 'ਚ ਰੋਜ਼ੀ-ਰੋਟੀ ਚਲਦੀ ਰਹੇ।
- ਆਮ ਤਣਾਅ ਦੀ ਹਾਲਤ ਵਿਚ ਮਨ-ਪਸੰਦ ਸੰਗੀਤ ਯਾਨਿ ਨਵੇਂ-ਪਰਾਣੇ ਗੀਤ, ਗਜ਼ਲਾਂ, ਕਵਾਲੀਆਂ, ਇੰਸਟਰੂਮੇਂਟਲ ਸੰਗੀਤ ਸੁਣੋ। ਸਟ੍ਰੈਸ ਹਾਰਮੋਨ ਕੋਰਟੀਸੋਲ ਨੂੰ ਘਟਾ ਕੇ ਬਲੱਡ-ਪ੍ਰੈਸ਼ਰ ਨੂੰ ਘੱਟ ਕਰਕੇ ਸਰੀਰ ਨੂੰ ਰੀਲੈਕਸ ਕਰਦਾ ਹੈ। ਸਰੀਰ ਅਤੇ ਮਨ 'ਤੇ ਸਕਾਰਾਤਮਕ ਅਸਰ ਪਾਉਂਦਾ ਹੈ।
- ਸਟ੍ਰੈਸ ਰਹਿਣ ਦੀ ਹਾਲਤ ਵਿਚ ਆਪਣੇ ਚੰਗੇ ਦੋਸਤ-ਮਿੱਤਰਾਂ ਨਾਲ ਗੱਲਬਾਤ ਕਰੋ। ਜ਼ਿੰਦਗੀ ਵਿਚ ਚੰਗੇ ਦੋਸਤ ਬੜੇ ਮਹੱਤਵਪੂਰਣ ਹੁੰਦੇ ਹਨ ਜੋ ਸਮੱਸਿਆ ਦੂਰ ਕਰਨ ਵਿਚ ਮਦਦ ਵੀ ਕਰਦੇ ਹਨ। ਘਰ ਵਿਚ ਪਰਿਵਾਰ ਦੇ ਮੈਂਬਰਾਂ ਨਾਲ ਆਪਣੀ ਟੈਨਸ਼ਨ ਬਾਰੇ ਮਸ਼ਵਰਾ ਕਰਨ ਨਾਲ ਰੀਲੈਕਸ ਮਹਿਸੂਸ ਕਰੋ।
- ਰੂਟੀਨ ਦੀ ਟੈਨਸ਼ਨ ਵਿਚ ਆਪਣੇ-ਆਪ ਨੂੰ ਸ਼ਾਂਤਮਈ ਸਮਾਂ ਦੇ ਕੇ ਵਿਚਾਰ ਕਰੋ, ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ ਪਲੱਸ-ਮਾਈਨਸ ਬਾਰੇ ਗੌਰ ਕਰੋ। ਅਧੂਰੇ ਕੰਮ ਨੂੰ ਪੂਰਾ ਕਰਨ ਲਈ ਕੀ ਕਰਨਾ ਚਾਹੀਦਾ ਹੈ।
- ਮਾਨਸਿਕ ਅਤੇ ਸਰੀਰਕ ਤੰਦਰੁਸਤੀ ਲਈ ਪੌਸ਼ਟਿਕ ਖੁਰਾਕ ਲਵੋ। ਜੰਕ-ਫੂਡ, ਤੰਬਾਕੂ, ਸ਼ਰਾਬ ਤਣਾਅ ਵਧਾ ਸਕਦੀ ਹੈ। ਸ਼ੂਗਰ ਲੀਮਿਟ ਵਿਚ ਖਾਓ। ਤੰਦਰੁਸਤ ਦਿਮਾਗ ਲਈ ਭੋਜਨ ਵਿਚ ਓਮੇਗਾ 3-6-9 ਨੂੰ ਸ਼ਾਮਿਲ ਕਰੋ। ਵਿਟਾਮਿਨ ਸਪਲੀਮੈਂਟਸ, ਆਪਣੇ ਫੈਮਿਲੀ ਡਾਕਟਰ ਦੀ ਸਲਾਹ ਨਾਲ ਸ਼ੁਰੂ ਕਰੋ।
- ਚੰਗੇ ਕਾਮੇਡੀ ਸੀਰੀਅਲ ਵਾਚ ਕਰੋ। ਹੱਸਣ ਨਾਲ ਸਰੀਰ ਅੰਦਰ ਐਂਡਰੋਫਿਨ ਰੀਲੀਜ਼ ਹੋਣ ਨਾਲ ਤਣਾਅ ਪੈਦਾ ਕਰਨ ਵਾਲੇ ਹਾਰਮੋਨਸ ਕੋਰਟੀਸੋਲ ਅਤੇ ਐਡਰਨਾਲੀਨ ਦੇ ਪੱਧਰ ਨੂੰ ਘੱਟ ਹੋ ਜਾਣ ਨਾਲ ਤੁਹਾਡਾ ਮਨ ਆਰਾਮ ਮਹਿਸੂਸ ਕਰਦਾ ਹੈ।
- ਅਨਰਜ਼ੀ ਡ੍ਰਿਕਸ, ਕਾਫੀ, ਬਲੈਕ ਚਾਹ ਦੀ ਥਾਂ ਗ੍ਰੀਨ-ਟੀ ਪੀਣ ਦੀ ਆਦਤ ਪਾ ਲਵੋ। ਕਿਉਂਕਿ ਜ਼ਿਆਦਾ ਕੈਫੀਨ ਕੁੱਝ ਸਮੇਂ ਲਈ ਸਪਾਈ ਪੈਦਾ ਕਰਦੀ ਹੈ ਜੋ ਹਾਈਪੋਥਲਮਿਕ - ਪੀਟੂਟਰੀ- ਐਡਰੀਨਲ ਧੁਰੇ ਨੂੰ ਓਵਰਡ੍ਰਾਈਵ ਵਿਚ ਜਾਣ ਦਾ ਕਾਰਨ ਵੀ ਬਣ ਸਕਦਾ ਹੈ। ਜਦਕਿ ਗ੍ਰੀਨ-ਟੀ ਅੰਦਰ ਮੌਜੂਦ ਐਂਟੀਆਕਸੀਡੈਂਟਸ 'ਤੇ ਅਮੀਨੋ ਐਸਿਡ ਤੰਤੂ ਪ੍ਰਣਾਲੀ ਨੂੰ ਰੀਲੈਕਸ ਕਰਦਾ ਹੈ।
- ਗਰਮ ਦੁੱਧ, ਤਾਜ਼ੇ ਫਲਾਂ ਦਾ ਰੱਸ, ਨਮਕੀਨ ਲੱਸੀ 'ਤੇ ਸ਼ਿਕੰਜੀ, ਮਿਕਸ ਵੈਜ਼ੀਟੇਬਲ, ਚਿਕਨ ਸੂਪ ਸਾਦਾ ਪਾਣੀ ਜਿਆਦਾ ਪੀ ਕੇ ਟੈਨਸ਼ਨ ਘਟਾਓ।
- ਡੇਲੀ ਰੂਟੀਨ ਵਿਚ ਵਰਕ-ਆਉਟ, ਯੋਗਾ, ਸੈਰ, ਦਿਮਾਗੀ ਕਸਰਤ ਅਤੇ ਬਿਮਾਰੀ ਦੀ ਹਾਲਤ ਵਿਚ ਫਿਜੀਓ ਥੇਰਾਪਿਸਟ ਦੀ ਸਲਾਹ ਨਾਲ ਸ਼ੁਰੂ ਕਰੋ।
- ਕਾਂਟੀਨੇਂਟਲ ਸ਼ਿਫਟਾਂ ਨੇ ਵਰਕਰਾਂ ਦੀ ਨੀਂਦ ਖਰਾਬ ਕਰ ਦਿੱਤੀ ਹੈ। ਸਰੀਰ ਨੂੰ ਪੂਰੀ ਨੀਂਦ ਨਾ ਮਿਲਣ ਦੀ ਹਾਲਤ ਵਿਚ ਵਿਅਕਤੀ ਤਣਾਅ ਦੇ ਘੇਰੇ ਵਿਚ ਰਹਿੰਦਾ ਹੈ। ਦਿਮਾਗ ਨੂੰ ਪੂਰਾ ਆਰਾਮ ਨਹੀਂ ਮਿਲਦਾ। ਤੰਦਰੁਸਤ ਮਨ ਅਤੇ ਸਰੀਰ ਲਈ ਡੇਲੀ 8-10 ਘੰਟੇ ਦੀ ਨੀਂਦ ਲੈਣੀ ਜਰੂਰੀ ਹੈ।
- ਜੇ ਪਾਲਤੂ ਕੁੱਤੇ-ਬਿੱਲੀਆਂ ਦਾ ਵਿਵਹਾਰ ਬਦਲ ਜਾਵੇ ਤਾਂ ਉਨ੍ਹਾਂ ਦੀ ਖੁਰਾਕ ਦੇ ਨਾਲ-ਨਾਲ ਡੇਲੀ ਉਨਾਂ ਨਾਲ ਖੇਡੋ, ਪਿਆਰ ਕਰੋ ਅਤੇ ਸੈਰ ਕਰਾਓ। ਲੰਮੇ ਸਮੇਂ ਤੱਕ ਪਾਲਤੂ ਜਾਨਵਰਾਂ ਦੇ ਖਰਾਬ ਵਿਵਹਾਰ ਲਈ ਵੇਟਨਰੀ ਸਲਾਹ ਲਵੋ।

**ਨੋਟ:** ਮਾਨਸਿਕ ਤੰਦਰੁਸਤੀ ਲਈ ਟੈਨਸ਼ਨ ਦੇ ਸ਼ਿਕਾਰ ਬੱਚੇ, ਸੀਨੀਅਰਸ ਅਤੇ ਗਰਭਵਤੀ ਔਰਤਾਂ ਦਾ ਖਾਸ ਧਿਆਣ ਰੱਖੋ। ਮਨ ਅਤੇ ਸਰੀਰ ਦੀ ਬਿਮਾਰੀ ਦੀ ਹਾਲਤ ਵਿਚ ਡਾਕਟਰੀ ਇਲਾਜ਼ ਨਾਲ ਸਟ੍ਰੈਸ ਕੰਟ੍ਰੋਲ ਕਰਨਾ ਚਾਹੀਦਾ ਹੈ। ਦਿਲ ਦੀ ਆਮ ਸਮੱਸਿਆ ਦੇ ਲੱਛਣ ਸਾਹ ਚੜਨਾ, ਛਾਤੀ ਵਿਚ ਦਰਦ, ਅਨਿਯਮਿਤ ਧੜਕਨ ਅਤੇ ਚੱਕਰ ਆਉਣ ਦੀ ਸ਼ਿਕਾਇਤ ਵਿਚ ਤੁਹਾਡਾ ਫੈਮਿਲੀ ਡਾਕਟਰ ਸਟ੍ਰੈਸ ਟੈਸਟ ਦੇ ਨਾਲ ਕਈ ਹੋਰ ਜਾਂਚ ਲਈ ਵੀ ਕਹਿ ਸਕਦੇ ਹਨ।





# ਵਿਸਰੀਆਂ ਪੁਰਾਤਨ ਕਦਰਾਂ ਕੀਮਤਾਂ



ਸੂਚਨਾ ਤਕਨਾਲੋਜੀ ਤੇ ਅੱਜ ਦੇ ਡਿਜ਼ੀਟਲ ਜ਼ਮਾਨੇ ਵਿੱਚ ਅਸੀਂ ਆਪਣੀਆਂ ਪੁਰਾਤਨ ਕਦਰਾਂ ਕੀਮਤਾਂ ਨੂੰ ਮਨੋਂ ਲਗਭਗ ਵਿਸਾਰ ਹੀ ਚੁੱਕੇ ਹਾਂ। ਨਵੀਂ ਪੀੜ੍ਹੀ ਤਾਂ ਉਨ੍ਹਾਂ ਰੀਤੀ-ਰਿਵਾਜਾਂ ਦੇ ਨਾਮ ਹੀ ਨਹੀਂ ਜਾਣਦੀ। ਭਾਵੇਂ ਬਦਲਾਅ ਮਨੁੱਖ ਦਾ ਸੁਭਾਅ ਤੇ ਕੁਦਰਤ ਦਾ ਨਿਯਮ ਹੈ, ਪ੍ਰੰਤੂ ਜਿਉਂ-ਜਿਉਂ ਅਸੀਂ ਆਪਣੀਆਂ ਪੁਰਾਤਨ ਕਦਰਾਂ ਕੀਮਤਾਂ ਤੋਂ ਦੂਰ ਹੁੰਦੇ ਜਾ ਰਹੇ ਹਾਂ, ਤਿਉਂ-ਤਿਉਂ ਅਸੀਂ ਆਪਣਿਆਂ ਤੋਂ ਵੀ ਦੂਰ ਹੋ ਰਹੇ ਹਾਂ। ਪਹਿਲਾਂ ਜਦ ਕਿਸੇ ਦੇ ਘਰ ਨਿੱਕਾ ਨਿਆਣਾ ਜੰਮਦਾ ਸੀ ਤਾਂ ਕਿਸੇ ਚੰਗੇ ਤੇ ਠੰਢੇ ਸੁਭਾਅ ਵਾਲੇ ਇਨਸਾਨ ਤੋਂ ਗੁੜ੍ਹਤੀ ਦਿਵਾਈ ਜਾਂਦੀ ਸੀ ਕਿ ਇਹ ਵੀ ਵੱਡਾ ਹੋ ਕੇ ਚੰਗੇ ਗੁਣਾਂ ਵਾਲਾ ਇਨਸਾਨ ਬਣੇ। ਤੇਰਾਂ ਦਿਨਾਂ ਬਾਅਦ ਜਣੇਪੇ ਵਾਲੀ ਔਰਤ ਨੂੰ ਬਾਹਰ ਵਧਾਇਆ ਜਾਂਦਾ ਸੀ ਤੇ ਉਸ ਦਿਨ ਸਾਰੇ ਸ਼ਰੀਕੇ ਦੀ ਰੋਟੀ ਹੁੰਦੀ ਸੀ। ਆਂਢ-ਗੁਆਂਢ ਕੜਾਹ ਪ੍ਰਸ਼ਾਦ ਵੰਡਿਆ ਜਾਂਦਾ ਸੀ। ਪੰਜ ਸਾਲ ਤੱਕ ਤਾਂ ਜਵਾਕ ਆਪਣੀ ਮਾਂ ਦਾ ਦੁੱਧ ਹੀ ਚੁੰਘਦਾ ਰਹਿੰਦਾ ਸੀ ਤੇ ਘਰੇ ਹੀ ਦੜੰਗੇ ਮਾਰਦਾ ਸੀ। ਉਸ ਤੋਂ ਬਾਅਦ ਉਸ ਨੂੰ ਸਕੂਲ ਲਾਉਣ ਬਾਰੇ ਸੋਚਿਆ ਜਾਂਦਾ ਸੀ। ਅੱਜਕੱਲ੍ਹ ਦੀਆਂ ਔਰਤਾਂ ਆਧੁਨਿਕ ਜ਼ਮਾਨੇ ਦੀ ਹਨੇਰੀ ਵਿੱਚ ਬੱਚੇ ਨੂੰ ਮਸਾਂ ਹੀ ਛੇ ਮਹੀਨੇ ਦੁੱਧ ਚੁੰਘਾਉਂਦੀਆਂ ਹਨ। ਬਹੁਤੀਆਂ ਦੇ ਤਾਂ ਦੁੱਧ ਆਉਂਦਾ ਹੀ ਨਹੀਂ। ਵਿਚਾਰੇ ਜਵਾਕਾਂ ਨੂੰ ਕੈਮੀਕਲ ਵਾਲਾ ਦੁੱਧ ਸ਼ੀਸ਼ੀ ਰਾਹੀਂ ਪਿਆਉਣ ਕਾਰਨ ਉਨ੍ਹਾਂ ਦੀ ਸਿਹਤ ਪੱਖੋਂ ਨੀਂਹ ਪਹਿਲਾਂ ਹੀ ਕਮਜ਼ੋਰ ਰਹਿ ਜਾਂਦੀ ਹੈ, ਜਿਸ ਕਾਰਨ ਉਸ ਨੂੰ ਹਮੇਸ਼ਾਂ ਬਿਮਾਰੀਆਂ ਹੀ ਘੇਰੀ ਰੱਖਦੀਆਂ ਹਨ। ਖ਼ੈਰ! ਅੱਜਕੱਲ੍ਹ ਵਾਲੇ ਮਾਪੇ ਸਿਰਫ਼ ਢਾਈ ਸਾਲਾਂ ਦੇ ਜਵਾਕ ਨੂੰ ਕਰੈਚ ਵਿੱਚ ਛੱਡ ਆਉਂਦੇ ਹਨ ਤੇ ਤਿੰਨ ਤੋਂ ਚਾਰ ਸਾਲਾਂ ਦੇ ਦਰਮਿਆਨ ਵਾਲੇ ਜਵਾਕ ਨੂੰ ਪ੍ਰਾਈਵੇਟ ਸਕੂਲ ਵਿੱਚ ਪੜ੍ਹਨੇ ਪਾ ਦਿੱਤਾ ਜਾਂਦਾ ਹੈ। ਇਸ ਨਾਲ ਬੱਚੇ ਦਾ ਮਾਨਸਿਕ ਬੋਝ ਕਾਰਨ ਸਰੀਰਕ ਤੇ ਦਿਮਾਗ਼ੀ ਤੌਰ 'ਤੇ ਵਿਕਾਸ ਘੱਟ ਹੁੰਦਾ ਹੈ। ਉਸ ਦਾ ਅਸਲ ਕਾਰਨ ਮਾਂ ਨਾਲੋਂ ਬੱਚੇ ਦਾ ਛੋਟੀ ਉਮਰ ਵਿੱਚ ਦੂਰ ਰਹਿਣਾ ਹੀ ਹੈ, ਜਿਸ ਕਾਰਨ ਬੱਚੇ ਦਾ ਸੁਭਾਅ ਚਿੜਚਿੜਾ ਰਹਿੰਦਾ ਹੈ।

ਪੁਰਾਤਨ ਦੌਰ ਸਮੇਂ ਮੁੰਡੇ ਜਾਂ ਕੁੜੀ ਦੇ ਵਿਆਹ ਸਮੇਂ ਨਾਨਕਿਆਂ ਦਾ ਟੱਬਰ ਤਕਰੀਬਨ ਮਹੀਨਾ ਪਹਿਲਾਂ ਹੀ ਆ ਜਾਂਦਾ ਸੀ ਤੇ ਕੰਮਾਂ ਕਾਰਾਂ ਵਿੱਚ ਹੱਥ ਵਟਾਉਂਦਾ ਸੀ। ਉਦੋਂ ਅੱਜ ਦੀ ਤਰ੍ਹਾਂ ਭਾਜੀ ਮੁੱਲ ਨਹੀਂ ਖ਼ਰੀਦੀ ਜਾਂਦੀ ਸੀ। ਘਰੇ ਹੀ ਵਿਆਹ ਤੋਂ ਕਈ-ਕਈ ਦਿਨ ਪਹਿਲਾਂ ਕੜਾਹੀ ਚੜ੍ਹਾ ਕੇ ਪਕਾਈ ਜਾਂਦੀ ਸੀ। ਇਕੱਠੇ ਬਹਿ ਕੇ ਲੱਡੂ ਵੱਟਦੇ, ਸੁੱਖ ਸਾਂਦ ਪੁੱਛਦੇ, ਕਿਸੇ ਦੀ ਬਿਮਾਰੀ ਦਾ ਦੇਸੀ ਇਲਾਜ ਦੱਸੀ ਜਾਂਦੇ, ਕਈ ਆਪਸੀ ਜਵਾਕਾਂ ਦੇ ਰਿਸ਼ਤੇ ਵੀ ਤੈਅ ਕਰ ਲੈਂਦੇ ਸਨ। ਬਰਾਤ ਚਾਰ-ਚਾਰ ਦਿਨ ਰਹਿੰਦੀ ਸੀ। ਸਾਰੇ ਬਰਾਤੀ, ਘਰ ਵਾਲੇ ਤੇ ਪਿੰਡ ਵਾਲੇ ਆਪਸ ਵਿੱਚ ਰਿਸ਼ਤੇਦਾਰੀਆਂ ਕੱਢ ਕੇ ਗੂੜ੍ਹੀਆਂ ਸਾਂਝਾਂ ਪਾ ਲੈਂਦੇ ਤੇ ਤਾਕੀਦ ਕਰਦੇ ਕਿ ਭਾਈ ਜਦੋਂ ਕਦੇ ਉੱਧਰ ਨੂੰ ਆਏ ਤਾਂ ਸਾਡੇ ਘਰ ਜ਼ਰੂਰ ਰਾਤ ਰਹਿ ਕੇ ਜਾਇਓ।

ਆਵਾਜਾਈ ਦੇ ਸਾਧਨ ਬਹੁਤ ਘੱਟ ਹੋਣ ਦੇ ਬਾਵਜੂਦ ਲੋਕਾਂ ਦਾ ਦੂਰ ਤੱਕ ਦੀਆਂ ਰਿਸ਼ਤੇਦਾਰੀਆਂ ਵਿੱਚ ਵਰਤ-ਵਰਤਾਵਾ ਬਹੁਤ ਹੀ ਨੇੜੇ ਦਾ ਹੁੰਦਾ ਸੀ। ਅੱਜ ਦੇ ਮੋਬਾਈਲ ਯੁੱਗ ਵਿੱਚ ਤਾਂ ਬਹੁਤ ਹੀ ਨੇੜੇ ਦੇ ਰਿਸ਼ਤੇਦਾਰ ਭਾਵੇਂ ਇੱਕ ਹੀ ਸ਼ਹਿਰ ਵਿੱਚ ਰਹਿੰਦੇ ਹੋਣ, ਪਰ ਇੱਕ ਦੂਜੇ ਦੇ ਘਰ ਰਾਤ ਰਹਿਣ ਦੀ ਗੱਲ ਦੂਰ ਰਹੀ, ਕਿਸੇ ਨੂੰ ਬਿਨਾਂ ਕੰਮ ਤੋਂ ਫੋਨ ਵੀ ਨਹੀਂ ਕਰਦੇ। ਇਸ ਮੋਬਾਈਲ ਨੇ ਸਾਨੂੰ ਜਿੱਥੇ ਵਿਦੇਸ਼ਾਂ ਵਿੱਚ ਵੱਸਦੇ ਧੀਆਂ-ਪੁੱਤਾਂ ਨਾਲ ਵੀਡੀਓ ਕਾਲ ਕਰਨ ਦੀ ਸਹੂਲਤ ਨੇ ਸੁੱਖ ਦਿੱਤਾ ਹੈ, ਉੱਥੇ ਬਾਕੀ ਰਿਸ਼ਤਿਆਂ ਵਿੱਚ ਨੇੜੇ ਹੋਣ ਦੇ ਬਾਵਜੂਦ ਦੂਰੀਆਂ ਨੂੰ ਬਹੁਤ ਵਧਾਇਆ ਹੈ। ਭਾਵ ਉਹ ਕਿਹੜਾ ਫੋਨ ਕਰਦੇ ਹਨ, ਅਸੀਂ ਹਰ ਵਾਰੀ ਹੀ ਕਿਉਂ ਕਰੀਏ, ਸਾਨੂੰ ਕਿਹੜਾ ਚੱਟੀ ਪਈ ਏ, ਆਦਿ ਗੱਲਾਂ ਨਾਲ ਅਸੀਂ ਆਪਣਿਆਂ ਤੋਂ ਦੂਰ ਹੁੰਦੇ ਜਾ ਰਹੇ ਹਾਂ। ਪਹਿਲਾਂ ਅਜਿਹਾ ਕਲਚਰ ਨਹੀਂ ਸੀ। ਸਾਰੇ ਇੱਕ ਦੂਜੇ ਨਾਲ ਦਿਲੋਂ ਵਰਤਦੇ ਸਨ। ਪਿੰਡੋਂ ਆਏ ਲਾਗੀ ਨੂੰ ਵੀ ਬਹੁਤ ਮਾਣ ਸਤਿਕਾਰ ਦਿੱਤਾ ਜਾਂਦਾ ਸੀ। ਰਿਸ਼ਤੇਦਾਰ ਨੂੰ ਤਾਂ ਅਗਲੇ ਹੱਥੀਂ ਛਾਵਾਂ ਕਰਦੇ ਸਨ। ਉਦੋਂ ਜੇਕਰ ਕੋਈ ਕਿਸੇ ਦੀ ਬਰਾਤ ਜਾਂਦਾ। ਉਸ ਪਿੰਡ

**ਇੰਜ. ਜਗਜੀਤ ਸਿੰਘ ਕੰਡਾ**

ਜੇਕਰ ਪਿੰਡ ਦੀ ਕੋਈ ਕੁੜੀ ਵਿਆਹੀ ਹੁੰਦੀ ਤਾਂ ਜੰਨ ਗਏ ਉਸ ਨੂੰ ਪੱਤਲ ਦੇਣ ਜਾਂਦੇ ਸੀ। ਪੱਤਲ ਦੇ ਨਾਲ ਸ਼ਗਨ ਵੀ ਦਿੱਤਾ ਜਾਂਦਾ ਸੀ ਤੇ ਉਹ ਕੁੜੀ ਫੁੱਲੀ ਨਾ ਸਮਾਉਂਦੀ ਕਿ ਮੇਰੇ ਪੇਕਿਆਂ ਦੇ ਪਿੰਡੋਂ ਪੱਤਲ ਦੇਣ ਆਏ ਹਨ। ਅੱਜ ਵਾਲੇ ਤਾਂ ਬਰਾਤ ਗਏ ਸਕੀਆਂ ਭੈਣਾਂ ਨੂੰ ਨਹੀਂ ਪੁੱਛਦੇ, ਬਲਕਿ ਉਨ੍ਹਾਂ ਨੂੰ ਵੀ ਸ਼ਰੀਕ ਸਮਝਦੇ ਹਨ। ਅੱਜਕੱਲ੍ਹ ਦੇ ਮਹਿੰਗੇ ਮੈਰਿਜ ਪੈਲੇਸਾਂ ਵਾਲੇ ਵਿਆਹ ਵੀ ਬਸ ਚਾਰ ਕੁ ਘੰਟਿਆਂ ਦੇ ਹੀ ਰਹਿ ਗਏ ਹਨ। ਕਈ ਰਿਸ਼ਤੇਦਾਰ ਤਾਂ ਐਨ ਮੌਕੇ 'ਤੇ ਹੀ ਆਉਂਦੇ ਹਨ, ਸ਼ਗਨ ਦਿੱਤਾ ਤੇ ਰੋਟੀ ਖਾਧੀ, ਬਸ ਘਰ ਨੂੰ ਚਾਲੇ ਪਾ ਦਿੱਤੇ। ਹੁਣ ਕਾਹਦੇ ਵਿਆਹ ਤੇ ਕਿਹੜੇ ਮੰਗਣੇ ਰਹਿ ਗਏ। ਪਹਿਲਾਂ ਵਾਲੀ ਰੌਣਕ ਤਾਂ ਅੱਜਕੱਲ੍ਹ ਦੀ ਨਵੀਂ ਪੀੜ੍ਹੀ ਨੂੰ ਯਾਦ ਹੀ ਨਹੀਂ। ਬਸ ਹੁਣ ਤਾਂ ਵੈਡਿੰਗ ਤੇ ਪ੍ਰੀ-ਵੈਡਿੰਗ ਹੀ ਚੇਤੇ ਰਹਿੰਦਾ ਹੈ। ਉਦੋਂ ਤਾਂ ਕੁੜੀ ਨੂੰ ਸਿਰਫ਼ ਵਿਚੋਲਾ ਹੀ ਦੇਖ ਕੇ ਸ਼ਗਨ ਕਰ ਆਉਂਦਾ ਸੀ। ਮੁੰਡੇ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ ਸੀ ਕਿ ਵਿਆਹ ਤੋਂ ਪਹਿਲਾਂ ਕੁੜੀ ਦਾ ਮੂੰਹ ਦੇਖ ਲਵੇ। ਅੱਜਕੱਲ੍ਹ ਤਾਂ ਫਿਲਮੀ ਸਟਾਈਲ ਵਿੱਚ ਪ੍ਰੀ-ਵੈਡਿੰਗ ਹੁੰਦੀ ਹੈ, ਇਉਂ ਲੱਗਦਾ ਹੈ ਪਤਾ ਨਹੀਂ ਜੋੜੀ ਕਦੋਂ ਕੁ ਦੀ ਆਪਸ ਵਿੱਚ ਇੱਕ ਦੂਜੇ ਨੂੰ ਜਾਣਦੀ ਹੈ। ਮੌਜੂਦਾ ਦੌਰ ਵਿੱਚ ਬਹੁਤੇ ਲੋਕਾਂ ਕੋਲ ਕਿਸੇ ਦੇ ਦਾਹ ਸੰਸਕਾਰ 'ਤੇ ਜਾਣ ਦਾ ਸਮਾਂ ਨਹੀਂ ਰਹਿ ਗਿਆ। ਉੱਥੇ ਮੌਜੂਦ ਕਿਸੇ ਨੇੜਲੇ ਸੱਜਣ ਮਿੱਤਰ ਨੂੰ ਫੋਨ 'ਤੇ ਪੁੱਛਦੇ ਰਹਿੰਦੇ ਹਨ ਕਿ ਘਰੋਂ ਚੱਲ ਪਏ ਜਾਂ ਚੱਲਣ ਲੱਗੇ, ਮੈਨੂੰ ਮਿਸਡ ਕਾਲ ਮਾਰ ਦਈਂ, ਮੈਂ ਸਿੱਧਾ ਸ਼ਮਸ਼ਾਨਘਾਟ ਵਿੱਚ ਆ ਜਾਊਂ। ਉੱਥੇ ਪਹੁੰਚ ਕੇ ਵੀ ਮੋਬਾਈਲ ਹੱਥ ਵਿੱਚ ਰੱਖਦਾ ਹੈ ਕਿ ਕਿਸੇ ਦਾ ਫੋਨ ਸੁਣਨੋਂ ਨਾ ਰਹਿ ਜਾਵਾਂ। ਮ੍ਰਿਤਕ ਦੇ ਸਰੀਰ ਨੂੰ ਅਜੇ ਚਿਖਾ 'ਤੇ ਰੱਖਿਆ ਹੀ ਹੁੰਦਾ ਹੈ, ਤੁਰੰਤ ਉੱਥੋਂ ਵੀ ਛੇਤੀ-ਛੇਤੀ ਭੱਜ ਪੈਂਦਾ ਹੈ। ਕਿਤੇ ਪੈਸੇ ਕਮਾਉਣੋਂ ਰਹਿ ਨਾ ਜਾਵਾਂ, ਕੋਈ ਗਾਹਕ ਮੁੜ ਨਾ ਜਾਵੇ। ਮ੍ਰਿਤਕ ਦੇ ਪਰਿਵਾਰ ਵਾਲੇ ਵੀ ਉਸ ਦੀਆਂ ਅੰਤਿਮ ਰਸਮਾਂ ਪਹਿਲਾਂ ਦੀ ਤਰ੍ਹਾਂ ਅੱਠ ਜਾਂ ਦਸ ਦਿਨਾਂ ਵਿੱਚ ਨਿਬੇੜਨ ਦੀ ਥਾਂ ਹੁਣ ਤੀਜੇ ਦਿਨ ਫੁੱਲ ਚੁਗਣ ਤੋਂ ਬਾਅਦ ਹੀ ਭੋਗ ਪਾ ਕੇ ਸੁਰਖ਼ਰੂ ਹੋ ਜਾਂਦੇ ਹਨ ਤੇ ਹਵਾਲਾ ਇਹ ਦਿੰਦੇ ਹਨ ਕਿ ਭਾਈ ਇਹ ਤਾਂ ਘਰ ਦਾ 'ਕੱਲਾ-'ਕੱਲਾ ਕਮਾਊ ਹੈ। ਜੇ ਇਹ ਇੰਨੇ ਦਿਨ ਸੱਥਰ 'ਤੇ ਬੈਠਾ ਰਿਹਾ ਤਾਂ ਰੋਟੀ ਕਿੱਥੋਂ ਖਾਵਾਂਗੇ? ਇਸ ਦੇ ਅਸਲ ਕਾਰਨ ਸੰਯੁਕਤ ਪਰਿਵਾਰਾਂ ਦਾ ਤਿੜਕਣਾ ਹੈ।

ਪਹਿਲਾਂ ਵਾਲੇ ਸਮਿਆਂ ਵਿੱਚ ਜਿਨ੍ਹਾਂ ਦੇ ਘਰ ਮਾਲਕ ਦੇ ਵਾਪਰੇ ਭਾਣੇ ਕਾਰਨ ਸੋਗ ਪੈ ਜਾਂਦਾ ਸੀ, ਉਨ੍ਹਾਂ ਦੇ ਆਂਢੀ ਗੁਆਂਢੀ ਭੋਗ ਤੱਕ ਨਾ ਤਾਂ ਉਨ੍ਹਾਂ ਨੂੰ ਚੁੱਲ੍ਹੇ ਵਿੱਚ ਅੱਗ ਪਾਉਣ ਦਿੰਦੇ ਸਨ ਤੇ ਨਾ ਹੀ ਦਿਨ ਰਾਤ ਉਨ੍ਹਾਂ ਦੇ ਘਰ ਨੂੰ ਸੁੰਨਾ ਛੱਡਦੇ ਸਨ। ਭਾਵ ਭੋਗ ਤੱਕ ਰਿਸ਼ਤੇਦਾਰ ਤੇ ਗੁਆਂਢੀ ਰਾਤਾਂ ਕਟਾਉਂਦੇ ਸਨ। ਪੁਰਾਤਨ ਵਿਰਸੇ ਨੂੰ ਭੁੱਲ ਕੇ ਤੇ ਨੈਤਿਕਤਾ ਨੂੰ ਵਿਸਾਰ ਕੇ ਅਸੀਂ ਪੱਛਮ ਦੀ ਸੱਭਿਅਤਾ ਨੂੰ ਅਪਣਾ ਕੇ ਆਧੁਨਿਕਤਾ ਦੇ ਡੂੰਘੇ ਸਮੁੰਦਰ ਵਿੱਚ ਡੁੱਬਦੇ ਜਾ ਰਹੇ ਹਾਂ, ਜਿਸ ਕਾਰਨ ਆਉਣ ਵਾਲੀਆਂ ਪੀੜ੍ਹੀਆਂ ਸਾਡੇ ਵੱਸ ਵਿੱਚ ਹੀ ਨਹੀਂ ਰਹਿਣਗੀਆਂ।

ਆਪਸੀ ਸਾਂਝ ਤਾਂ ਉਦੋਂ ਇਸ ਕਦਰ ਸੀ ਕਿ ਇੱਕ ਘਰ ਗੱਡੇ ਤੰਦੂਰ ਤੇ ਆਂਢ-ਗੁਆਂਢ ਦੇ ਕਈ-ਕਈ ਘਰਾਂ ਦੀਆਂ ਔਰਤਾਂ ਰੋਟੀਆਂ ਲਾਹ ਕੇ ਲੈ ਜਾਂਦੀਆਂ ਸਨ ਤੇ ਰੋਟੀਆਂ ਲਾਹੁਣ ਵਿੱਚ ਇੱਕ-ਦੂਜੇ ਦੀ ਮਦਦ ਵੀ ਕਰ ਦਿੰਦੀਆਂ ਸਨ। ਆਂਢੀ-ਗੁਆਂਢੀ ਇੱਕ ਦੂਜੇ ਦੇ ਘਰੋਂ ਦਾਲ? ਦੀ ਕੌਲੀ ਮੰਗ ਕੇ ਲੈ ਜਾਂਦੇ ਸੀ, ਕਦੇ ਕੋਈ ਨਿੰਦ-ਵਿਚਾਰ ਨਹੀਂ ਕੀਤੀ ਜਾਂਦੀ ਸੀ। ਅੱਜ ਵਾਲੇ ਤਾਂ ਨੈਤਿਕਤਾ ਭੁੱਲ ਚੁੱਕੇ ਹਨ। ਕਈ ਕਲੋਨੀਆਂ ਵਿੱਚ ਤਾਂ ਕਿਸੇ ਨੂੰ ਪਤਾ ਹੀ ਨਹੀਂ ਹੁੰਦਾ ਕਿ ਸਾਡੇ ਗੁਆਂਢ ਕੌਣ ਰਹਿੰਦਾ ਹੈ ਕਿਉਂਕਿ ਕਿਸੇ ਨਾਲ ਆਪਸੀ ਮਿਲਵਰਤਨ ਵਾਲੀ ਸਾਂਝ ਖ਼ਤਮ ਹੋ ਚੁੱਕੀ ਹੈ। ਪਿੰਡ ਵਿੱਚ ਕਿਸੇ ਗ਼ਰੀਬ ਦੀ ਧੀ ਦੇ ਵਿਆਹ 'ਤੇ ਸਾਰੇ ਪਿੰਡ ਨੇ ਸੂਟ, ਬਿਸਤਰੇ ਤੇ ਦੁੱਧ ਆਦਿ ਦੇ ਕੇ ਆਉਣਾ ਕਿ ਭਾਈ ਪੁੰਨ ਲੱਗੂਗਾ। ਕਿਸੇ ਦੀ ਧੀ ਨੂੰ ਪਿੰਡ ਦੀ ਧੀ-ਧਿਆਣੀ ਸਮਝਿਆ ਜਾਂਦਾ ਸੀ। ਅੱਜ ਵਾਲੇ ਤਾਂ ਭੁੱਖੀਆਂ ਨਜ਼ਰਾਂ ਨਾਲ ਨੋਚਣ ਨੂੰ ਫਿਰਦੇ ਹਨ।

ਅੱਜ ਖ਼ੂਨ ਦੇ ਰਿਸ਼ਤਿਆਂ ਦਾ ਵੀ ਘਾਣ ਹੋ ਰਿਹਾ ਹੈ। ਬਜ਼ੁਰਗਾਂ ਨੂੰ ਘਰੋਂ ਕੱਢ ਕੇ ਬਿਰਧ ਜਾਂ ਅਨਾਥ ਆਸ਼ਰਮਾਂ ਵਿੱਚ ਭੇਜਿਆ ਜਾ ਰਿਹਾ ਹੈ। ਲਾਲਚ ਵੱਸ ਹਰ ਕੰਮ ਪਿੱਛੇ ਪੈਸੇ ਪ੍ਰਤੀ ਸੋਚ ਨੇ ਜ਼ੋਰਾਵਰ ਨਾਲ ਖੜ੍ਹਨਾ, ਸੱਚੇ ਨੂੰ ਦਬਾਉਣਾ ਤੇ ਮਾੜੇ ਨੂੰ ਖ਼ਤਮ ਕਰਨ ਵਾਲੇ ਪਾਸੇ ਅੱਜ ਦੀ ਪੀੜ੍ਹੀ ਤੁਰ ਪਈ ਹੈ। ਪੁਰਾਤਨ ਸਮਿਆਂ ਵਿੱਚ ਗੁਰਦੁਆਰੇ ਦੇ ਭਾਈ ਜੀ ਨੂੰ, ਡੇਰੇ ਦੇ ਸੇਵਾਦਾਰ ਆਦਿ ਨੂੰ ਦੁੱਧ, ਰੋਟੀ, ਸਬਜ਼ੀ ਆਦਿ ਰੋਜ਼ਾਨਾ ਬਿਨਾਂ ਨਾਗਾ ਦਿੱਤਾ ਜਾਂਦਾ ਸੀ ਕਿਉਂਕਿ ਬੱਚਿਆਂ ਨੂੰ ਨੈਤਿਕਤਾ ਦਾ ਪਾਠ ਉੱਥੇ ਹੀ ਪੜ੍ਹਾਇਆ ਜਾਂਦਾ ਸੀ। ਪਿੰਡ ਗ਼ਜ਼ਾ ਕਰਨ ਆਏ ਕਿਸੇ ਵੀ ਗ਼ਰੀਬ ਨੂੰ ਕੋਈ ਵੀ ਘਰ ਖਾਲੀ ਨਹੀਂ ਮੋੜਦਾ ਸੀ। ਭਾਵੇਂ ਕੌਲੀ ਆਟਾ ਹੀ ਪਾਉਂਦੇ। ਅੱਜ ਵਾਲੇ ਤਾਂ ਅੰਦਰੋਂ ਬੈਠੇ ਕੈਮਰੇ ਵਿੱਚ ਦੇਖ ਕੇ ਕਿ ਕੋਈ ਬਾਹਰ ਗ਼ਰੀਬ ਆਇਆ ਹੈ, ਅੰਦਰੋਂ ਕੁੰਡਾ ਨਹੀਂ ਖੋਲ੍ਹਦੇ। ਖ਼ੈਰ! ਜ਼ਮਾਨਾ ਵੀ ਠੀਕ ਨਹੀਂ ਹੈ। ਭਾਵੇਂ ਅਸੀਂ ਆਧੁਨਿਕਤਾ ਦੇ ਦੌਰ ਵਿੱਚ ਪੜ੍ਹਾਈ ਦੇ ਅਖੀਰਲੇ ਡੰਡੇ ਨੂੰ ਫੜਨ ਵਾਲੇ ਪਾਸੇ ਤੁਰ ਪਏ ਹਾਂ, ਪ੍ਰੰਤੂ ਜੇਕਰ ਉਸ ਪੁਰਾਤਨ ਵਿਰਸੇ ਵੱਲ ਝਾਤ ਮਾਰੀਏ ਤਾਂ ਨੈਤਿਕਤਾ ਬਾਰੇ ਸੈਂਕੜੇ ਸਾਲ ਪਿੱਛੇ ਨੂੰ ਜਾ ਰਹੇ ਹਾਂ, ਜਿਸ ਕਾਰਨ ਸੰਯੁਕਤ ਪਰਿਵਾਰ ਤਿੜਕ ਕੇ ਇਕੱਲਤਾ ਦਾ ਸੰਤਾਪ ਭੋਗ ਰਹੇ ਹਾਂ।

ਸਾਨੂੰ ਸਮੇਂ ਦੇ ਦੌਰ ਵਿੱਚ ਰੁਕ ਕੇ ਵਿਚਾਰਾਂ ਕਰ ਲੈਣੀਆਂ ਚਾਹੀਦੀਆਂ ਹਨ ਕਿ ਅੱਜ ਦੇ ਮੋਬਾਈਲ, ਕੰਪਿਊਟਰ ਯੁੱਗ ਵਿੱਚ ਤੇ ਸੋਸ਼ਲ ਮੀਡੀਆ ਦੇ ਪਲੈਟਫਾਰਮਾਂ ਰਾਹੀਂ ਕੀ ਅਸੀਂ ਆਪਣੀਆਂ ਪੁਰਾਤਨ ਕਦਰਾਂ ਕੀਮਤਾਂ ਦੇ ਲਿਹਾਜ ਨਾਲ ਠੀਕ ਕਰ ਰਹੇ ਹਾਂ? ਕਿਤੇ ਅਸੀਂ ਆਪਣੀਆਂ ਸੋਨੇ ਵਰਗੀਆਂ ਕਦਰਾਂ ਕੀਮਤਾਂ ਨੂੰ ਛੱਡ ਕੇ ਕੋਲਿਆਂ ਦੀ ਨਿਆਈ ਪੱਛਮੀ ਸੱਭਿਅਤਾ ਨੂੰ ਅਪਣਾ ਕੇ ਪੁਰਾਤਨ ਕਦਰਾਂ ਕੀਮਤਾਂ ਦਾ ਘਾਣ ਤਾਂ ਨਹੀਂ ਕਰ ਰਹੇ? ਸਾਨੂੰ ਖ਼ਾਸ ਕਰਕੇ ਪੰਜਾਬੀਆਂ ਨੂੰ ਇਹ ਸੋਚਣ ਦੀ ਲੋੜ ਹੈ! ਇੱਕ ਪਾਸੇ ਤਾਂ ਅਸੀਂ ਭਾਰਤ ਨੂੰ ਵਿਸ਼ਵ ਗੁਰੂ ਬਣਾਉਣ ਵਾਲੀਆਂ ਗੱਲਾਂ ਕਰਦੇ ਹਾਂ, ਦੂਜੇ ਪਾਸੇ ਅਸੀਂ ਆਪਣੇ ਸੱਭਿਆਚਾਰ ਨੂੰ ਭੁੱਲਦੇ ਜਾ ਰਹੇ ਹਾਂ। ਭਾਵੇਂ ਆਧੁਨਿਕਤਾ ਵਾਸਤੇ ਸਾਇੰਸ ਦੀ ਆਧੁਨਿਕ ਤਕਲਾਲੋਜੀ ਦੀ ਸਖ਼ਤ ਲੋੜ ਹੈ, ਪ੍ਰੰਤੂ ਜੇਕਰ ਅਸੀਂ ਆਪਣੀਆਂ ਪੁਰਾਤਨ ਕਦਰਾਂ ਕੀਮਤਾਂ ਨੂੰ ਭੁੱਲ ਕੇ ਅਜਿਹਾ ਕਰਾਂਗੇ ਤਾਂ ਫਿਕਰਮੰਦੀ ਵਾਲੀ ਗੱਲ ਤਾਂ ਹੈ। ਨਹੀਂ ਤਾਂ ਆਉਣ ਵਾਲੇ ਸਮੇਂ ਵਿੱਚ ਹਰ ਗੱਲ ਪ੍ਰਤੀ ਘਾਟ ਦਿਸੇਗੀ, ਭਾਵੇਂ ਕੋਈ ਲੱਖ ਲੁਕਾਉਣ ਦੀ ਕੋਸ਼ਿਸ਼ ਕਰੇ!









# ਤੁਰਲੇ ਵਾਲਾ ਸਾਫਾ ਬੰਨ੍ਹ ਕੇ

***ਅੱਜਕੱਲ੍ਹ ਤਾਂ ਪੰਜਾਬੀ ਗੱਭਰੂ ਬੜੀਆਂ ਪੋਚਵੀਆਂ ਪੱਗਾਂ ਬੰਨ੍ਹਣ ਦੇ ਆਦੀ ਹੋ ਗਏ ਹਨ। ਇਸੇ ਕਰਕੇ ਪੰਜਾਬੀ ਸੱਭਿਆਚਾਰ ਵਿੱਚ ਪੱਗਾਂ ਬਾਰੇ ਅਨੇਕਾਂ ਗੀਤ, ਲੋਕ ਗੀਤ ਜਾਂ ਬੋਲੀਆਂ ਵੀ ਸੁਣਨ ਨੂੰ ਮਿਲਦੀਆਂ ਹਨ।***

**ਬਹਾਦਰ ਸਿੰਘ ਗੋਸਲ**

ਆਦਮੀਆਂ ਦੇ ਸਿਰਾਂ 'ਤੇ ਸੋਂਹਦੀਆਂ ਪੱਗਾਂ ਕੇਵਲ ਸਿਰ ਕੱਜਣ ਦਾ ਕੰਮ ਹੀ ਨਹੀਂ ਕਰਦੀਆਂ, ਸਗੋਂ ਸ਼ਾਨ, ਸ਼ੌਕਤ ਅਤੇ ਸਤਿਕਾਰ ਦੀਆਂ ਪ੍ਰਤੀਕ ਵੀ ਹੁੰਦੀਆਂ ਹਨ। ਕਿਸੇ ਵੀ ਸਿਰ 'ਤੇ ਸਜਾਈ ਪੱਗ ਉਸ ਵਿਅਕਤੀ ਦੇ ਵਿਅਕਤੀਤਵ ਨੂੰ ਦੂਣ-ਸਵਾਇਆ ਕਰ ਦਿੰਦੀ ਹੈ। ਸਿੱਖ ਧਰਮ ਵਿੱਚ ਤਾਂ ਪੱਗ ਨੂੰ ਦਸਤਾਰ ਦਾ ਨਾਂ ਦੇ ਕੇ ਬਹੁਤ ਹੀ ਸਤਿਕਾਰਿਆਂ ਜਾਂਦਾ ਹੈ ਅਤੇ ਦਸਤਾਰ ਸਜਾਉਣ ਨੂੰ ਖ਼ਾਸ ਅਹਿਮੀਅਤ ਦਿੱਤੀ ਜਾਂਦੀ ਹੈ। ਪੱਗ ਨੂੰ ਸਰਦਾਰੀ ਦਾ ਮਾਣ ਦਿੱਤਾ ਜਾਂਦਾ ਹੈ।

ਜਿਸ ਤਰ੍ਹਾਂ ਵੱਖ-ਵੱਖ ਫਿਰਕਿਆਂ ਵਿੱਚ ਪੱਗ ਬੰਨ੍ਹਣ ਦਾ ਰਿਵਾਜ ਹੈ, ਉਸੇ ਤਰ੍ਹਾਂ ਹੀ ਪੱਗ ਬੰਨ੍ਹਣ ਦੇ ਢੰਗ-ਤਰੀਕੇ ਵੀ ਵੱਖ-ਵੱਖ ਦੇਖਣ ਨੂੰ ਮਿਲਦੇ ਹਨ। ਕਈ ਵਾਰ ਬੰਨ੍ਹੀ ਪੱਗ ਦੇਖ ਕੇ ਹੀ ਅਸੀਂ ਉਸ ਵਿਅਕਤੀ ਦੇ ਧਰਮ, ਫਿਰਕੇ ਅਤੇ ਇਲਾਕੇ ਬਾਰੇ ਜਾਣ ਜਾਂਦੇ ਹਾ,। ਜਿਸ ਤਰ੍ਹਾਂ ਰਾਜਸਥਾਨੀ ਮਰਦ ਪੱਗ ਬੰਨ੍ਹਦੇ ਹਨ, ਉਨ੍ਹਾਂ ਤੋਂ ਉਨ੍ਹਾਂ ਦੇ ਰਾਜਸਥਾਨੀ ਹੋਣ ਦਾ ਸਬੂਤ ਮਿਲ ਜਾਂਦਾ ਹੈ। ਇਸੇ ਤਰ੍ਹਾਂ ਪੰਜਾਬ ਵਿੱਚ ਨਾਮਧਾਰੀ ਪੱਗ ਦੀ ਪਹਿਚਾਣ ਬੜੀ ਜਲਦੀ ਹੋ ਜਾਂਦੀ ਹੈ। ਨਿਹੰਗ ਸਿੰਘਾਂ ਦੀਆਂ ਦਸਤਾਰਾਂ ਬਿਲਕੁਲ ਨਿਵੇਕਲੀਆਂ ਹੁੰਦੀਆਂ ਹਨ ਅਤੇ ਹਰ ਕੋਈ ਉਨ੍ਹਾਂ ਦੀ ਵੱਖਰੀ ਪਹਿਚਾਣ ਨੂੰ ਜਾਣ ਜਾਂਦਾ ਹੈ। ਆਮ ਤੌਰ 'ਤੇ ਨਿਹੰਗ ਸਿੰਘ ਆਪਣੀਆਂ ਦਸਤਾਰਾਂ ਨੂੰ ਦੁਮਾਲਾ ਸਜਾਉਣਾ ਵੀ ਆਖਦੇ ਹਨ। ਇਸੇ ਤਰ੍ਹਾਂ ਹਰਿਆਣੇ ਦੇ ਮਰਦ ਹਰਿਆਣਵੀ ਪੱਗਾਂ ਦੀ ਵੱਖਰੀ ਪਹਿਚਾਣ ਰੱਖਦੇ ਹਨ। ਪੰਜਾਬੀਆਂ ਦੀਆਂ ਪੱਗਾਂ ਦਾ ਆਪਣਾ ਹੀ ਵਿਲੱਖਣ ਢੰਗ ਹੈ। ਅੱਜਕੱਲ੍ਹ ਤਾਂ ਪੰਜਾਬੀ ਗੱਭਰੂ ਬੜੀਆਂ ਪੋਚਵੀਆਂ ਪੱਗਾਂ ਬੰਨ੍ਹਣ ਦੇ ਆਦੀ ਹੋ ਗਏ ਹਨ। ਇਸੇ ਕਰਕੇ ਪੰਜਾਬੀ ਸੱਭਿਆਚਾਰ ਵਿੱਚ ਪੱਗਾਂ ਬਾਰੇ ਅਨੇਕਾਂ ਗੀਤ, ਲੋਕ ਗੀਤ ਜਾਂ ਬੋਲੀਆਂ ਵੀ ਸੁਣਨ ਨੂੰ ਮਿਲਦੀਆਂ ਹਨ।

ਪੰਜਾਬ ਦੇ ਪੇਂਡੂ ਇਲਾਕਿਆਂ ਵਿੱਚ ਪੱਗ ਬੰਨ੍ਹਣ ਦਾ ਰਿਵਾਜ ਭਾਵੇਂ ਬਹੁਤ ਪੁਰਾਣਾ ਹੈ, ਪਰ ਸਮੇਂ ਦੇ ਨਾਲ-ਨਾਲ ਇਸ ਨੂੰ ਬੰਨ੍ਹਣ ਦੇ ਢੰਗ ਬਦਲਦੇ ਰਹੇ ਹਨ। ਭਾਵੇਂ ਅੱਜਕੱਲ੍ਹ ਦੇ ਮੁੰਡੇ ਲੰਬੀਆਂ ਪੱਗਾਂ ਨੂੰ ਸਿਉਣਾਂ ਪਾ ਕੇ ਬੰਨ੍ਹਣ ਦੇ ਸ਼ੌਕੀਨ, ਹਨ ਪਰ ਕਦੇ ਪੰਜਾਬ ਦੇ ਪੇਂਡੂ ਇਲਾਕਿਆਂ ਵਿੱਚ ਤੁਰਲੇ ਵਾਲੀ ਪੱਗ ਦਾ ਬਹੁਤ ਰਿਵਾਜ ਹੁੰਦਾ ਸੀ। ਰੰਗਦਾਰ ਪੱਗਾਂ ਨੂੰ ਮਾਵਾਂ ਦਿਲਵਾ ਕੇ ਬਹੁਤ ਹੀ ਵਧੀਆ ਢੰਗ ਨਾਲ ਤੁਰਲਾ ਛੱਡ ਕੇ ਬੰਨ੍ਹਿਆ ਜਾਂਦਾ ਸੀ, ਜਿਸ ਦੀ ਵੱਖਰੀ ਹੀ ਨੁਹਾਰ ਹੁੰਦੀ ਸੀ। ਠੇਠ ਪੰਜਾਬੀ ਬੋਲੀ ਵਿੱਚ ਇਸ ਪੱਗ ਨੂੰ ਤੁਰਲੇ ਵਾਲਾ ਸਾਫਾ ਕਹਿ ਕੇ ਮਾਣ ਦਿੱਤਾ ਜਾਂਦਾ ਸੀ। ਇਹ ਤੁਰਲੇ ਵਾਲਾ ਸਾਫਾ ਸ਼ੌਕੀ ਗੱਭਰੂਆਂ ਦੀ ਪਹਿਲੀ ਪਸੰਦ ਹੁੰਦੀ ਸੀ। ਪੰਜਾਬੀ ਗਿੱਧਿਆਂ ਵਿੱਚ ਇਸ ਤੁਰਲੇ ਵਾਲੇ ਸਾਫੇ ਨੇ ਖ਼ੂਬ ਧੂਮਾਂ ਮਚਾਈਆਂ ਅਤੇ ਗਿੱਧਿਆਂ ਦੇ ਪਿੜਾਂ ਵਿੱਚ ਇਹ ਬੋਲੀ ਆਮ ਸੁਣਨ ਨੂੰ ਮਿਲਦੀ ਸੀ;

**ਤੁਰਲੇ ਵਾਲਾ ਸਾਫਾ ਬੰਨ੍ਹ ਕੇ,**
**ਤੂੰ ਗਿੱਧੇ ਵਿੱਚ ਆਇਆ**
**ਅੱਖਾਂ ਵਿੱਚ ਤੇਰੇ ਸੁਰਮਾ ਖਿੰਡਿਆ**
**ਕਿਹੜੀ ਭਾਬੀ ਨੇ ਪਾਇਆ।**
**ਐਡੇ ਸ਼ੌਕੀ ਨੇ ਵਿਆਹ ਕਿਉਂ ਨਹੀਂ ਕਰਵਾਇਆ।**

ਇਹ ਤੁਰਲੇ ਵਾਲੇ ਸਾਫੇ, ਪੇਂਡੂ ਵਿਆਹਾਂ ਵਿੱਚ ਆਮ ਦੇਖਣ ਨੂੰ ਮਿਲਦੇ ਸਨ। ਬਰਾਤ ਜਾਣ ਸਮੇਂ ਪਿੰਡ ਦੇ ਮਰਦ ਪੱਗ ਨੂੰ ਖ਼ੂਬ ਮਾਵਾ ਦਿਲਵਾ ਕੇ, ਉੱਚਾ ਤੁਰਲਾ ਛੱਡ ਕੇ ਆਪਣੀ ਪੂਰੀ ਟੌਹਰ ਬਣਾ ਕੇ ਜਾਂਦੇ। ਉਨ੍ਹਾਂ ਦਿਨਾਂ ਵਿੱਚ ਬਰਾਤਾਂ ਵੀ ਰੱਥਾਂ, ਘੋੜਿਆਂ ਜਾਂ ਊਠਾਂ 'ਤੇ ਜਾਇਆ ਕਰਦੀਆਂ ਸਨ ਤਾਂ ਕੋਈ ਵੀ ਗੱਭਰੂ ਜਦੋਂ ਤੁਰਲੇ ਵਾਲੀ ਪੱਗ ਬੰਨ੍ਹ ਕੇ ਊਠਾਂ 'ਤੇ ਸਵਾਰ ਹੁੰਦੇ ਸਨ ਤਾਂ ਉਹ ਆਪਣੇ ਆਪ ਨੂੰ ਕਿਸੇ ਸ਼ਹਿਨਸ਼ਾਹ ਤੋਂ ਘੱਟ ਨਾ ਸਮਝਦੇ।ਚਿੱਟੇ ਚਾਦਰੇ ਅਤੇ ਤੁਰਲੇ ਵਾਲੀ ਪੱਗ ਕਿਸੇ ਸਮੇਂ ਪੰਜਾਬੀਆਂ ਦਾ ਮਨਭਾਉਂਦਾ ਪਹਿਰਾਵਾ ਹੁੰਦਾ ਸੀ। ਜਦੋਂ ਵੀ ਕਿਸੇ ਨੇ ਮਹਿਮਾਨ ਦੇ ਤੌਰ 'ਤੇ ਜਾਣਾ ਹੁੰਦਾ ਤਾਂ ਉਹ ਜ਼ਰੂਰ ਇਸ ਪਹਿਰਾਵੇ ਨੂੰ ਪਸੰਦ ਕਰਦਾ ਅਤੇ ਆਪਣੇ ਆਪ 'ਤੇ ਮਾਣ ਕਰਦਾ। ਕੁੜੀਆਂ ਦੇ ਵਿਆਹਾਂ ਵਿੱਚ ਬਰਾਤ ਆਉਣ ਸਮੇਂ ਤੁਰਲੇ ਵਾਲਿਆਂ ਦੀ ਖ਼ਾਸ ਪਹਿਚਾਣ ਸਮਝੀ ਜਾਂਦੀ ਅਤੇ ਉਨ੍ਹਾਂ ਨੂੰ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਨਿਵਾਜਿਆ ਜਾਂਦਾ ਸੀ। ਤੁਰਲੇ ਦੀ ਅਜਿਹੀ ਟੌਹਰ ਦੇਖ ਕੇ ਪਿੰਡਾਂ ਦੇ ਚੌਧਰੀ ਅਤੇ ਦੂਜੇ ਜ਼ਿਮੀਂਦਾਰ ਲੋਕ ਵੀ ਤੁਰਲੇ ਵਾਲੀਆਂ ਪੱਗਾਂ ਬੰਨ੍ਹ ਕੇ ਲੋਕਾਂ ਵਿੱਚ ਜਾਂਦੇ ਤਾਂ ਕਿ ਉਨ੍ਹਾਂ ਦਾ ਲੋਕਾਂ ਵਿੱਚ ਵਿਸ਼ੇਸ਼ ਸਤਿਕਾਰ ਬਣਿਆ ਰਹੇ। ਖ਼ਾਸ ਕਰਕੇ ਪੰਜਾਬ ਦੇ ਪੇਂਡੂ ਮੇਲਿਆਂ ਦੇ ਮੌਕੇ ਗੱਭਰੂ ਵਿਸ਼ੇਸ਼ ਤੌਰ 'ਤੇ ਤੁਰਲੇ ਵਾਲੀਆਂ ਪੱਗਾਂ ਬੰਨ੍ਹ, ਚਿੱਟੇ ਚਾਦਰਿਆਂ ਅਤੇ ਨੌਕਦਾਰ ਜੁੱਤੀ ਨਾਲ ਹੱਥ ਵਿੱਚ ਖੂੰਡਾ ਲੈ ਕੇ ਜਾਂਦੇ, ਤਾਂ ਕਿ ਮੇਲੇ ਵਿੱਚ ਉਸ ਦੇ ਯਾਰਾਂ-ਦੋਸਤਾਂ ਵਿੱਚ ਉਸ ਦੀ ਧਾਕ ਜੰਮੀ ਰਹੇ।

ਅੱਜਕੱਲ੍ਹ ਵੀ ਜਿਹੜੇ ਨੌਜਵਾਨ ਪੱਗਾਂ ਬੰਨ੍ਹਦੇ ਹਨ, ਉਹ ਵੀ ਪੱਗ ਬੰਨ੍ਹਣ 'ਤੇ ਪੂਰਾ ਜ਼ੋਰ ਲਗਾ ਦਿੰਦੇ ਹਨ। ਵੱਖ-ਵੱਖ ਰੰਗਾਂ ਦੀਆਂ ਪੱਗਾਂ ਭਾਵੇਂ ਨੌਜਵਾਨਾਂ ਨੂੰ ਬਹੁਤ ਸੱਜਦੀਆਂ ਹਨ ਅਤੇ ਇੰਝ ਲੱਗਦਾ ਹੈ ਕਿ ਕਿਤੇ ਕਿਸੇ ਗੱਭਰੂ ਨੂੰ ਨਜ਼ਰਾਂ ਹੀ ਨਾ ਲੱਗ ਜਾਵਣ। ਤਾਂ ਹੀ ਕਿਹਾ ਜਾਂਦਾ ਹੈ;


**ਪੱਗਾਂ ਬੱਧੀਆਂ ਨੂੰ ਨਜ਼ਰਾਂ ਲੱਗੀਆਂ**
**ਮਿਰਚਾਂ ਵਾਰ ਸੋਹਣੀਏਂ।**

ਪਰ ਫਿਰ ਵੀ ਇਹ ਪੱਗਾਂ ਉਨ੍ਹਾਂ ਤੁਰਲੇ ਵਾਲੇ ਸਾਫਿਆਂ ਦੀ ਤਰ੍ਹਾਂ ਮਰਦ ਦੀ ਸ਼ਾਨ ਨਹੀਂ ਦਿਖਾਉਂਦੀਆਂ। ਹੁਣ ਤੁਰਲੇ ਵਾਲੀਆਂ ਪੱਗਾਂ ਬੀਤੇ ਜ਼ਮਾਨੇ ਦੀ ਗੱਲ ਲੱਗ ਰਹੀਆਂ ਹਨ। ਅੱਜਕੱਲ੍ਹ ਤੁਰਲੇ ਵਾਲੀਆਂ ਪੱਗਾਂ ਬਹੁਤ ਘੱਟ ਨਜ਼ਰ ਆਉਂਦੀਆਂ ਹਨ। ਕਿਤੇ ਕਿਤੇ ਭੰਗੜਾ ਪਾਉਣ ਵਾਲੇ ਗੱਭਰੂਆਂ ਦੀਆਂ ਪੱਗਾਂ 'ਤੇ ਤੁਰਲੇ ਦੇਖਣ ਨੂੰ ਮਿਲ ਜਾਂਦੇ ਹਨ ਜਾਂ ਭੰਗੜੇ ਸਮੇਂ ਢੋਲੀ ਨੇ ਵਧੀਆ ਤੁਰਲਾ ਛੱਡ ਕੇ ਪੱਗ ਬੰਨ੍ਹੀ ਹੁੰਦੀ ਹੈ। ਹਾਂ, ਕਈ ਵਾਰ ਦੋਗਾਣਾ ਗਾਉਣ ਵਾਲੀਆਂ ਪੰਜਾਬੀਆਂ ਗਾਇਕ ਜੋੜੀਆਂ ਵਿੱਚ ਮਰਦ ਦੇ ਸਿਰ ਤੁਰਲੇ ਵਾਲੀ ਪੱਗ ਨਜ਼ਰ ਆਉਂਦੀ ਹੈ ਜੋ ਆਪਣਾ ਵੱਖਰਾ ਹੀ ਪ੍ਰਭਾਵ ਪਾਉਂਦੀ ਹੈ। ਕੁਝ ਵੀ ਹੋਵੇ ਇਹ ਤੁਰਲੇ ਵਾਲੀਆਂ ਪੱਗਾਂ ਸਾਨੂੰ ਆਪਣਾ ਪੁਰਾਤਨ ਸੱਭਿਆਚਾਰਕ ਵਿਰਸਾ ਜ਼ਰੂਰ ਯਾਦ ਕਰਵਾ ਦਿੰਦੀਆਂ ਹਨ।









## ਡੂੰਘੇ ਵੈਣ

ਮੇਰੇ ਪੈਰਾਂ ਹੇਠ ਖ਼ੂਹ ਗਿੜਦਾ
ਆਉਣ ਕੂੰਜਾਂ, ਜਾਣ ਕੂੰਜਾਂ
ਜਲ਼ ਦੇ ਚੇਤਿਆਂ ਨੂੰ
ਗਲ਼ ਲਾ ਰੋਣ ਕੂੰਜਾਂ
ਰੇਤ ਹੋਏ ਥਲ ਕੌਲ਼
ਰੇਤ ਹੋਣ ਚੱਲੀਆਂ
ਮੇਰੇ ਸਾਹਾਂ ਵਿੱਚ ਪੌਣ ਕੰਬਦੀ
ਧੂੰਆਂ ਧੂੰਆਂ ਹੋਈ ਹੈ
ਹਰ ਅੱਖ ਰੋਈ ਹੈ
ਬਿਰਖਾਂ ਥੀਂ ਰੁਮਕਦੀ
ਹਵਾ ਦਾ ਦਮ ਘੁਟਦਾ
ਪੱਤਿਆਂ 'ਚ ਰੇਤ ਬੁੱਕਦਾ
ਭੋਇੰ ਕਤਲ ਹੋਈ ਕੁੱਖ ਹੋਈ
ਜ਼ਹਿਰੀ ਜੰਗਲਾਂ ਦਾ ਰੁੱਖ ਹੋਈ
ਪੰਜ ਆਬਾਂ ਦੇ ਵੈਣ ਪਾਉਂਦਾ
ਬੁੱਢਾ ਦਰਿਆ ਹੋਈ
ਲਹਿਲਹਾਉਂਦੇ ਖੇਤਾਂ ਦੇ ਜੈਵਿਕ
ਉਪਜ ਦਾ ਗਹਿਰਾ ਦੁੱਖ ਹੋਈ
ਬਿਰਖਾਂ ਦੇ ਕਾਤਲਾਂ ਨੂੰ
ਪਾਣੀਆਂ ਦੇ ਵੈਰੀਆਂ ਨੂੰ
ਹਵਾ ਦੇ ਵਪਾਰੀਆਂ ਨੂੰ
ਸੱਤਾ ਦੇ ਹੰਕਾਰੀਆਂ ਨੂੰ
ਮੁਨਾਫ਼ੇ ਦਾ ਪਹਾੜਾ ਬੁੱਝਦਾ
ਪਰ ਨਾਨਕ ਦਾ ਨਾ ਰਾਹ ਸੁੱਝਦਾ

- ਮਲਵਿੰਦਰ

## ਮਾਂ

ਮਾਂ ਹਮੇਸ਼ਾ ਮੇਰਾ ਫ਼ਿਕਰ ਕਰਦੀ ਰਹਿੰਦੀ,
ਕਹਿੰਦੀ ਸੈਂ "ਆਪਣਾ ਖਿਆਲ ਰੱਖਿਆ ਕਰ!
ਵੇਖੀਂ ਕਿਤੇ ਠੰਢ ਨਾ ਲੱਗਜੇ"
ਅਕਸਰ ਸਮਝਾਉਂਦੀ
"ਰੋਟੀ ਟਿਕ ਕੇ ਖਾਈਦੀ ਐ,
ਖਾਣ ਵੇਲੇ ਭੱਜੂੰ-ਭੱਜੂੰ ਨੀਂ ਕਰੀਦਾ ਹੁੰਦਾ
ਅਜੇ ਜ਼ਿਆਦਾ ਠੰਢ ਤਾਂ ਨਹੀਂ ਪਰ
ਪਤਾ ਨਹੀਂ ਕਿਉਂ?
ਮੈਂ ਤੇਰੇ ਹੱਥੀਂ ਉਣੀ ਕੋਟੀ ਪਾ ਬਹਿੰਦਾ ਹਾਂ,
ਤੇਰੀ ਗੋਦ ਦਾ ਨਿੱਘ ਮਹਿਸੂਸਦਾ ਹਾਂ
ਹਾਂ ਸੱਚ
ਹੁਣ ਮੈਂ ਆਰਾਮ ਨਾਲ ਬਹਿ ਕੇ ਰੋਟੀ ਖਾਂਦਾ ਹਾਂ,
ਨਿੱਕੀ-ਨਿੱਕੀ ਬੁਰਕੀ ਕਰ,
ਚੰਗੀ ਤਰ੍ਹਾਂ ਚਿੱਥ ਚੱਬ ਕੇ,
ਪਰ ਹੁਣ ਰੋਟੀ ਦਾ ਉਹ ਸਵਾਦ ਨੀਂ ਆਉਂਦਾ,
ਤੇਰੇ ਹੱਥ ਦੀ ਰੋਟੀ ਜਿੰਨਾ।
ਮਾਂ ਤੂੰ ਦੂਰ ਹੋ ਕੇ ਵੀ ਮੇਰੇ ਕੋਲ ਏਂ
ਦਿਲ ਦੇ ਧੁਰ ਅੰਦਰ
ਐਨ ਨਾਲ ਕਰਕੇ ਨੇੜੇ-ਨੇੜੇ,
ਆਲੇ-ਦੁਆਲੇ,
ਚਾਰੇ ਪਾਸੇ ਬ੍ਰਹਿਮੰਡ ਤੀਕ।

-ਗੁਰਜੀਤ ਟਹਿਣਾ

## ਦਰਦ ਪੰਜਾਬ ਦਾ

ਹੁੰਦਾ ਮੁਰਝਾਇਆ ਜਿਵੇਂ ਫੁੱਲ ਕੋਈ ਗੁਲਾਬ ਦਾ।
ਲੈ ਗਿਆ ਚੁਰਾ ਕੇ ਕੋਈ ਅਮਨ ਪੰਜਾਬ ਦਾ।
ਬਾਗ ਦਿਆਂ ਮਾਲੀਆਂ ਨੇ ਬਾਗ਼ ਨੂੰ ਉਜਾੜਿਆ
ਕਲੀਆਂ ਮਾਸੂਮਾਂ ਤਾਈਂ ਪੈਰਾਂ 'ਚ ਲਤਾੜਿਆ
ਫੁੱਲ ਮੁਰਝਾ ਗਿਆ ਏ ਸੱਜਰੇ ਗੁਲਾਬ ਦਾ
ਲੈ ਗਿਆ ਚੁਰਾ ਕੇ ਕੋਈ ਅਮਨ ਪੰਜਾਬ ਦਾ।
ਦੁੱਧ ਦਹੀਂ ਵਾਲੇ ਇੱਥੇ ਵਗਦੇ ਪਏ ਖਾਲ ਸੀ
ਜੀਵਨ ਸੁਖੀ ਸੀ ਲੋਕ ਬੜੇ ਖ਼ੁਸ਼ਹਾਲ ਸੀ
ਲਹੂ ਨਾਲ ਲਾਲ ਹੋਇਆ ਰੰਗ ਇਹਦੇ ਆਬ ਦਾ
ਲੈ ਗਿਆ ਚੁਰਾ ਕੇ ਕੋਈ ਅਮਨ ਪੰਜਾਬ ਦਾ।
ਹਿੰਦੂ ਮੁਸਲਮਾਨ ਇੱਥੇ ਸਿੱਖ ਤੇ ਇਸਾਈ ਸੀ
ਧਰਮਾਂ ਦਾ ਸਾਂਝਾ, ਨਾ ਕੋਈ ਦਿਲ 'ਚ ਬੁਰਾਈ ਸੀ
ਪੈ ਗਿਆ ਪੁਆੜਾ ਇੱਥੇ ਧਰਮਾਂ ਦੀ ਆੜ ਦਾ
ਲੈ ਗਿਆ ਚੁਰਾ ਕੇ ਕੋਈ ਅਮਨ ਪੰਜਾਬ ਦਾ।
ਲੱਗਦਾ ਏ ਨਜ਼ਰ ਕਿਸੇ ਚੰਦਰੇ ਦੀ ਲੱਗ ਗਈ
ਜ਼ੁਲਮਾਂ ਦੀ ਅੱਗ ਬੜੇ ਜ਼ੋਰ ਨਾਲ ਮਘ ਗਈ
ਬੁਝਦੀ ਨਾ ਅੱਗ ਲਾਇਆ ਜ਼ੋਰ ਬੇਹਿਸਾਬ ਦਾ
ਲੈ ਗਿਆ ਚੁਰਾ ਕੇ ਕੋਈ ਅਮਨ ਪੰਜਾਬ ਦਾ।
ਆਉ ਸਾਰੇ ਰਲਮਿਲ ਖ਼ੈਰ ਇਹਦੀ ਮੰਗੀਏ
ਸੱਚੇ ਰੱਬ ਕੋਲੋਂ ਆਪਾਂ ਮੰਗਦੇ ਨਾ ਸੰਗੀਏ
ਮੁੜ ਆਵੇ ਨੂਰ 'ਮਾਹੀ' ਚਿਹਰਿਆਂ ਦੀ ਆਬ ਦਾ
ਲੈ ਗਿਆ ਚੁਰਾ ਕੇ ਕੋਈ ਅਮਨ ਪੰਜਾਬ ਦਾ।

-ਚਰਨ ਸਿੰਘ ਮਾਹੀ

## ਖ਼ੂਨਦਾਨ ਕਰੋ ਦੋਸਤੋ

ਹੋਵੇ ਦੁਰਘਟਨਾ ਜਾਂ ਲੋੜ ਛੇਤੀ ਪੈ ਜਾਵੇ।
ਹੁੰਦਾ ਜੇ ਇਲਾਜ ਹੋਵੇ, ਅਧਵਾਟੇ ਰਹਿ ਜਾਵੇ।
ਚੀਜ਼ ਇਹੋ ਜਿਹੀ ਬਣਾਈ, ਨਾ ਹੀ ਸਕੇ ਕੋਈ ਬਣਾ,
ਅਤੇ ਨਾ ਹੀ ਇਹ ਹੁੰਦੀ ਕਦੀ ਪੈਦਾ।
ਖ਼ੂਨਦਾਨ ਕਰੋ ਦੋਸਤੋ, ਤਾਂ ਜੋ ਲੋੜਵੰਦਾਂ ਨੂੰ ਮਿਲੇ ਫਾਇਦਾ।
ਲੱਗਦੀ ਬਿਮਾਰੀ ਨਾ, ਘਾਟ ਨਾ ਕੋਈ ਹੁੰਦੀ ਏ।
ਜ਼ਿੰਦਗੀ 'ਚ ਖੇੜਾ ਆਉਂਦਾ, ਜਿਹੜੀ ਪਹਿਲਾਂ ਰੋਂਦੀ ਏ।
ਕਿੰਨੇ ਲੋਕ ਨੇ ਅਭਾਗੇ, ਜਦੋਂ ਪੈ ਜਾਏ ਵੇਲਾ,
ਫੇਰ ਆਪਣੇ ਨਾਲ ਕਰਦੇ ਨੇ ਵਾਇਦਾ।
ਖ਼ੂਨਦਾਨ ਕਰੋ ਦੋਸਤੋ, ਤਾਂ ਜੋ ਲੋੜਵੰਦਾਂ ਨੂੰ ਮਿਲੇ ਫਾਇਦਾ।
ਜਾਤ, ਰੰਗ, ਨਸਲ ਨਾ ਧਰਮ ਦਾ ਰੌਲਾ।
ਅਮੀਰ ਤੇ ਗ਼ਰੀਬ, ਗੋਰਾ, ਕਾਲਾ, ਭਾਰਾ, ਹੌਲਾ।
ਨਰ ਹੋਵੇ ਨਾਰੀ, ਕੋਈ ਭੇਦ ਨਾ ਹੀ ਰੱਖੇ,
'ਕੱਠੇ ਹੁੰਦੇ, ਜਿਹੜੇ ਪਹਿਲਾਂ ਸੀ ਅਲਹਿਦਾ।
ਖ਼ੂਨਦਾਨ ਕਰੋ ਦੋਸਤੋ, ਤਾਂ ਜੋ ਲੋੜਵੰਦਾਂ ਨੂੰ ਮਿਲੇ ਫਾਇਦਾ।
ਰੱਬੀ ਰੰਗ ਵਿੱਚ ਗਾਉਣ ਜਦੋਂ ਲੋਕ ਸਾਰੇ।
ਕੋਈ ਨਾ ਵਡੇਰਾ, ਘੁੰਮ ਲਏ ਪਾਸੇ ਚਾਰੇ।
ਲੋੜ ਸਭ ਨੂੰ ਹੈ ਪੈਂਦੀ, ਅਣਹੋਣੀ ਘਟ ਜਾਵੇ,
ਫਿਰ ਧਰਿਆ ਹੀ ਰਹਿ ਜਾਵੇ ਕਾਇਦਾ।
ਖ਼ੂਨਦਾਨ ਕਰੋ ਦੋਸਤੋ, ਤਾਂ ਜੋ ਲੋੜਵੰਦਾਂ ਨੂੰ ਮਿਲੇ ਫਾਇਦਾ।

-ਰਾਬਿੰਦਰ ਸਿੰਘ ਰੱਬੀ

## ਸੁਣੀ ਜਦ ਹਕੀਕਤ

ਉਹ ਅੱਖ ਦੇ ਇਸ਼ਾਰੇ ਚ ਸਭ ਕਹਿ ਗਿਆ
ਮਿਰਾ ਦਿਲ ਲਬਾਂ ਤੇ ਅਟਕ ਰਹਿ ਗਿਆ।
ਕਹਾਣੀ ਨਾ ਉਹ ਦਰਦ ਦੀ ਕਹਿ ਸਕੇ
ਚਿਰੋਕਾ ਹੁੰਗਾਰੇ ਮੈਂ ਭਰ ਰਹਿ ਗਿਆ।
ਭਰੇ ਨੈਣ ਤੈਥੋਂ ਛੁਪਾਏ ਜਦੋਂ
ਜੁਦਾ ਹਰ ਕਿਸੇ ਤੋਂ ਮੈਂ ਹੋ ਬਹਿ ਗਿਆ।
ਨਜ਼ਰ ਫੇਰ ਉਸ ਵੇਖਿਆ ਨਾ ਕਦੇ
ਉਸਰ ਕੇ ਵਫ਼ਾ ਦਾ ਮਹਲ ਢਹਿ ਗਿਆ।
ਜੁੜੇ ਰਿਜ਼ਕ ਦੇਸ ਆਪਣੇ ਨਾ ਜਦੋਂ
ਤਦੇ ਉਹ ਹਕੂਮਤ ਦੇ ਸੰਗ ਖਹਿ ਗਿਆ।
ਨਾ ਮੁੜਿਆ ਕਦੇ ਰੋਕ ਲਾਈ ਬੜੀ
ਜੋ ਪਾਣੀ ਪੁਲਾਂ ਹੇਠ ਦੀ ਵਹਿ ਗਿਆ।
ਕਿਵੇਂ ਜਾ ਹਵਾ ਵਿੱਚ ਗੁੱਡੀ ਚੜ੍ਹੀ
ਸੁਣੀ ਜਦ ਹਕੀਕਤ ਨਸ਼ਾ ਲਹਿ ਗਿਆ।

-ਸਰਿਤਾ ਤੇਜੀ

## ਉਮੀਦ ਤੇਰੇ ਆਉਣ ਦੀ

ਰੱਖੀ ਬੈਠੇ ਦਿਲ 'ਚ ਉਮੀਦ ਤੇਰੇ ਆਉਣ ਦੀ
ਰੀਝ ਬੜੀ ਰਾਹਵਾਂ ਵਿੱਚ ਅੱਖੀਆਂ ਵਿਛਾਉਣ ਦੀ
ਆਵੇਗਾ ਤਾਂ ਜ਼ਿੰਦਗੀ ਬਹਾਰ ਬਣ ਜਾਵੇਗੀ
ਲਿੱਸੇ ਜਿਹੇ ਚਿਹਰੇ 'ਤੇ ਜਵਾਨੀ ਫੇਰਾ ਪਾਵੇਗੀ
ਤਾਂਘ ਬੜੀ ਗਾਨੇ ਬੰਨ੍ਹ ਗੁੱਟਾਂ ਨੂੰ ਸਜਾਉਣ ਦੀ
ਰੀਝ ਬੜੀ ਰਾਹਵਾਂ ਵਿੱਚ ਅੱਖੀਆਂ ਵਿਛਾਉਣ ਦੀ
ਵੇਖੀਂ ਕਿਤੇ ਸਾਡੀਆਂ ਉਮੀਦਾਂ ਟੁੱਟ ਜਾਣ ਨਾ,
ਸੱਧਰਾਂ ਕੁਆਰੀਆਂ ਦੇ ਸਾਹ ਰੁਕ ਜਾਣ ਨਾ,
ਜ਼ਿੰਦਗੀ ਦਾ ਗੀਤ ਸੁਰ ਤਾਲ ਵਿੱਚ ਗਾਉਣ ਦੀ
ਰੀਝ ਬੜੀ ਰਾਹਵਾਂ ਵਿੱਚ ਅੱਖੀਆਂ ਵਿਛਾਉਣ ਦੀ
ਲਾਰਿਆਂ ਦੇ ਵਿੱਚ ਕਿਤੇ ਜਿੰਦ ਮੁੱਕ ਜਾਵੇ ਨਾ
ਚਾਵਾਂ ਅਤੇ ਰੀਝਾਂ ਦਾ ਬਗੀਚਾ ਸੁੱਕ ਜਾਵੇ ਨਾ
ਵਸਲਾਂ ਦਾ ਪਾਣੀ ਰੂਹ ਪਿਆਸੀ ਤਾਈਂ ਪਾਉਣ ਦੀ
ਰੀਝ ਬੜੀ ਰਾਹਵਾਂ ਵਿੱਚ ਅੱਖੀਆਂ ਵਿਛਾਉਣ ਦੀ।

-ਸਰਦੂਲ ਸਿੰਘ ਔਜਲਾ

## ਫ਼ਰਕ

ਓਏ ਸੱਜਣਾ! ਜੱਫੀ, ਜੱਫੀ ਵਿੱਚ ਫ਼ਰਕ ਹੁੰਦਾ ਏ।
ਹਰ ਜੱਫੀ 'ਚ ਭਰਿਆ ਨਹੀਓਂ ਠਰਕ ਹੁੰਦਾ ਏ।
ਓਏ ਸੱਜਣਾ! ਜੱਫੀ, ਜੱਫੀ ਵਿੱਚ ਫ਼ਰਕ ਹੁੰਦਾ ਏ।
ਮਾਂ ਦੀ ਜੱਫੀ, ਭੈਣ ਦੀ ਜੱਫੀ ਤੇ ਧੀ ਦੀ ਜੱਫੀ,
ਇਨ੍ਹਾਂ ਦੀ ਜੱਫੀ 'ਚ ਮੋਹ ਦਾ ਅਰਕ ਹੁੰਦਾ ਏ।
ਓਏ ਸੱਜਣਾ! ਜੱਫੀ, ਜੱਫੀ ਵਿੱਚ ਫ਼ਰਕ ਹੁੰਦਾ ਏ।
ਪਿਓ ਦੀ ਜੱਫੀ, ਭਰਾ ਦੀ ਜੱਫੀ, ਪੁੱਤ ਦੀ ਜੱਫੀ,
ਇਸ ਤੋਂ ਦੂਰ ਹੋਇਆਂ ਬੇੜਾ ਗਰਕ ਹੁੰਦਾ ਏ।
ਓਏ ਸੱਜਣਾ! ਜੱਫੀ, ਜੱਫੀ ਵਿੱਚ ਫ਼ਰਕ ਹੁੰਦਾ ਏ।
ਯਾਰ ਦੀ ਜੱਫੀ, ਪਿਆਰ ਦੀ ਜੱਫੀ, ਨਾਰ ਦੀ ਜੱਫੀ
ਇਸ ਜੱਫੀ ਤੋਂ ਚਾਹ ਕੇ ਵੀ ਨਾ ਸਰਕ ਹੁੰਦਾ ਏ।
ਓਏ ਸੱਜਣਾ! ਜੱਫੀ, ਜੱਫੀ ਵਿੱਚ ਫ਼ਰਕ ਹੁੰਦਾ ਏ।
ਰਿਸ਼ਤੇਦਾਰਾਂ ਤੇ ਸਾਥੀਆਂ ਦੀ ਜੱਫੀ ਛੱਡਿਆਂ,
ਸੁਣਿਆ 'ਲੱਡੇ' ਨੇ ਕਿ ਮਿਲਦਾ ਨਰਕ ਹੁੰਦਾ ਏ।
ਓਏ ਸੱਜਣਾ! ਜੱਫੀ, ਜੱਫੀ ਵਿੱਚ ਫ਼ਰਕ ਹੁੰਦਾ ਏ।

-ਜਗਜੀਤ ਸਿੰਘ ਲੱਡਾ

## ਧੌਂਸ ਡਾਲਰ ਦੀ ?

ਸੁਣਦੇ ਆਏ ਸਾਂ 'ਧੌਂਸ' ਅਮਰੀਕਣਾ ਦੀ
ਦੁਨੀਆਂ ਭਰ ਦੇ ਵਿਚ ਹੀ 'ਚੱਲਦੀ' ਏ।
ਜਿਸ ਦਿਨ ਦਾ ਸਾਹਿਬ ਟਰੰਪ ਆਇਆ
ਹਾਲਤ ਸਾਰੇ ਥਾਂਹ ਬਣੀ ਤਰਥੱਲ੍ਹ ਦੀ ਏ।
'ਦਬਕਾ' ਕਿਸੇ ਨੂੰ ਵੱਜਿਆ 'ਟੈਰਿਫਾਂ' ਦਾ
ਦੇਖੋ ਕਿਹੜੀ ਸਰਕਾਰ ਇਹ 'ਝੱਲਦੀ' ਏ।
ਪਾਵਰ ਫੁੱਲ 'ਕਰੰਸੀ' ਹਾਂ ਵਿਸ਼ਵ ਭਰ ਦੀ
ਟੋਨ ਡਾਲਰ ਦੀ ਮੈਸਿਜ਼ ਇਹ ਘੱਲਦੀ ਏ।
ਆ ਗਏ 'ਗ਼ੈਰ-ਕਾਨੂੰਨੀ' ਪ੍ਰਵਾਸੀਆਂ ਦੀ
ਕਿਸਮਤ ਜਾਪਦੀ ਉਨ੍ਹਾਂ ਦੀ 'ਰੋਣ' ਲੱਗੀ।
ਹਾਕਮ ਵਿਚ ਅਮਰੀਕਾ ਕੀ ਬਦਲਿਆ ਏ
ਉਸਦੀ 'ਚਰਚਾ' ਸੰਸਾਰ ਵਿਚ ਹੋਣ ਲੱਗੀ!



-ਤਰਲੋਚਨ ਸਿੰਘ ਦੁਪਾਲ ਪੁਰ
001-408-915-1268

## ਕਲਮ ਹਥਿਆਰ ਹੁੰਦੀ ਹੈ ਲੇਖਕ ਲਈ

1 ਕਾਹਦੀ ਕਲਮ ਵੀਰਨੋ ਜੋ ਨਾ ਲਿਖੇ ਸਚਾਈ ਨੂੰ।
ਸੱਚਾਈ ਲਿਖਣੀ ਹੈ ਤਾਂ ਵਿੱਚ ਮੈਦਾਨ ਦੇ ਆਇਓ।
ਐਵੇਂ ਝੂਠ ਤੂਫਾਨ ਨੂੰ ਲਿਖਣਾ ਦੱਸੋ ਕਾਹਦੇ ਲਈ, (ਸੱਚ ਆਖਾਂ)
ਝੂਠੇ ਪੂਰਨੇ ਨਾ ਕਦੇ ਜਿੰਦਗੀ ਦੇ ਵਿੱਚ ਪਾਇਓ।

ਪਹਿਚਾਣ ਸੱਚ ਦੇ ਨਾਲ ਹੀ ਬਨਣੀ ਹੈ ਦੁਨੀਆ ਤੇ
ਭਾਵੇ ਲੱਖ ਵਾਰੀ ਜੀ ਗੱਲਾਂ ਇਹ ਅਜਮਾਇਉ।
ਚੰਦ ਕੁ ਛਿਲੜਾ ਪਿੱਛੇ ਸੱਚ ਨੂੰ ਕਦੇ ਦਬਾਇਓ ਨਾ, (ਸੁਣ ਲਓ ਜੀ)
ਸੱਚ ਦੀ ਖਾਤਰ ਭਾਵੇਂ ਵੀਰੋ ਮਰ ਮਿਟ ਜਾਇਓ।

3 ਕਲਮ ਹਥਿਆਰ ਹੁੰਦੀ ਵੀਰੋ ਇਕ ਲਿਖਾਰੀ ਲਈ-
ਬਿਲਕੁਲ ਗੱਲ ਨਾ ਇਹੇ ਦਿਲ ਦੇ ਵਿੱਚੋਂ ਭੁਲਾਇਓ।
ਗੁਰੂ ਗੋਬਿੰਦ ਸਿੰਘ ਜੀ ਨੇ ਮਾਰਿਆ ਸੀ ਔਰੰਗੇ ਨੂੰ, (ਯਾਦ ਰੱਖਿਓ)
ਕਲਮ ਉਹਨਾਂ ਦੀ ਨੂੰ ਲੇਖਕੋ ਸੀਸ ਝੁਕਾਇਓ।

4 ਸੱਚਾਈ ਲਿਖਣ ਦੇ ਲਈ ਹੌਸਲਾ ਬਹੁਤ ਜਰੂਰੀ ਹੈ
ਝੂਠ ਨੂੰ ਭੁੱਲ ਕੇ ਸੱਚ ਨੂੰ ਇੱਕ ਵਾਰ ਆਪਣਾਇਓ।
ਦੁਨੀਆ ਵਾਂਗ ਪੀਰ ਦੇ ਪੂਜੂਗੀ ਫਿਰ ਲੇਖਕ ਨੂੰ, (ਸੱਚ ਆਖਾਂ)
ਕਹਿਣਾ ਦੱਦਾਹੂਰ ਦਾ ਇੱਕ ਵਾਰ ਮੰਨ ਜਾਇਉ।

5 ਲੇਖਕ ਦਾ ਧਰਮ ਹੈ ਵੀਰੋ ਪਹਿਰਾ ਦੇਣਾ ਸਚਾਈ ਤੇ
ਆਪਣੇ ਇਸ਼ਟ ਨੂੰ ਵੀਰੋ ਸਾਹਾਂ ਨਾਲ ਨਿਭਾਇਓ।
ਆਖੇ ਦੱਦਾਹੂਰੀਆ ਦੁਨੀਆਂ ਤੇ ਨਾਮ ਰਹਿਜੂਗਾ, (ਯਾਦ ਰੱਖਿਓ)
ਸੋਚ ਸਮਝ ਕੇ ਭਾਈ ਆਪਣੀ ਕਲਮ ਚਲਾਇਓ।

ਸੱਚ ਲਿਖਣ ਦੀ ਆਦਤ ਪਾਈਏ ਜੀ।
ਨਾ ਐਵੇਂ ਵਕਤ ਗਵਾਈਏ ਜੀ।।
ਇਹ ਅਸੂਲ ਸਦਾ ਅਪਣਾਈਏ ਜੀ।।।
ਇਹ ਜੀਵਨ ਮਿਲਿਆ...ਇਹ ਜਿੰਦਗੀ ਮਿਲੀ ਹੈ ਇੱਕ ਵਾਰੀ।
ਇਹ ਜਿੰਦਗੀ ਮਿਲੀ ਹੈ ਇੱਕ ਵਾਰੀ।

ਜਸਵੀਰ ਸ਼ਰਮਾਂ ਦੱਦਾਹੂਰ
95691-49556

## ਕਣਕਾਂ ਦੇ ਬੰਨੇ ਬੰਨੇ

ਕੱਢ ਸਿਆੜ ਰੱਕੜਾਂ ਸੀ ਵਾਹੀਆਂ,
ਬੀਜੀ ਕਣਕ ਲੌਲਾਂ ਉੱਗ ਆਈਆਂ।

ਮਾਰਕੇ ਜਾੜ੍ਹ ਗਿੱਠ ਗਿੱਠ ਹੋਈਆਂ,
ਵੱਧਕੇ ਰੀਝਾਂ ਨਿੱਠ ਨਿੱਠ ਜੋਈਆਂ।

ਜਾਗੇ ਸੁਫ਼ਨੇ ਭਰ ਆਸਾਂ ਬੋਈਆਂ,
ਅੱਖੀਆਂ ਵਿੱਚ ਸੱਧਰਾਂ ਸੰਜੋਈਆਂ।

ਤੱਕਦੇ ਜਦੋਂ ਨਾ ਚਾਅ ਸਾਂਭੇ ਜਾਂਦੇ ,
ਵਾਂਗ ਕੁੜੀਆਂ ਉਨ੍ਹਾਂ ਪਾਏ ਪਰਾਂਦੇ।

ਚੁਫ਼ੇਰੇ ਵਿੱਛੀਆਂ ਹਰੀਆਂ ਭਰੀਆਂ,
ਸਾਵੇ ਸਾਵੇ ਰੰਗ ਜੀਕਣ ਜਰੀਆਂ।

ਜਾਪਦੀ ਤ੍ਰੇਲ ਉੱਤੇ ਕੱਥਕ ਕਰਦੀ,
ਹਵਾ ਦੇ ਝੌਂਕਿਆਂ ਦਾ ਦਮ ਭਰਦੀ।

ਠੰਢੀ ਠੰਢੀ ਠੰਢਕ ਪੁਹੰਚਾਉਂਦੀ,
ਪੱਲ ਪੱਲ ਸਕੂਨ ਦੇ ਲੈ ਆਉਂਦੀ।

ਕਾਦਰ ਦੇ ਇਹ ਅਦਭੁਤ ਨਜ਼ਾਰੇ,
ਬਿਨਾ ਕਿਸਮਤ ਨਾ ਵੇਂਹਦੇ ਸਾਰੇ।

ਸੇਵਾ ਸਿੰਘ "ਨੂਰਪੂਰੀ"

## ਚੱਲ ਮਨਾਂ

ਅੱਖਾਂ ਤੇਰੀਆਂ ਚੋਂ ਡਿੱਗਦੇ ਅੱਥਰੂ
ਇਨ੍ਹਾਂ ਨੂੰ ਬੇਬੇ ਤੋਂ ਲੁਕਾ ਲੈ
ਇਨ੍ਹਾਂ ਅੱਖਾਂ ਚ ਕੁੱਝ ਫਸਾ ਲੈ
ਆਹ ਐਨਕ ਹੀ ਫੜ੍ਹ ਲਾ ਲੈ
ਛੇਤੀ ਜਲਦੀ ਨਾਲ ਭਜਾ ਲੈ
ਗੱਡੀ ਲੁਧਿਆਣੇ ਵੱਲ ਨੂੰ ਪਾ ਲੈ

ਕੀਤੇ ਅਗਲੇ-ਪਿਛਲੇ ਜੋ ਮਾੜ੍ਹੇ
ਤਾਹੀਂ ਛੱਡ ਭੱਜ ਚੱਲੇ ਤੈਨੂੰ ਸਾਰੇ
ਚਾਰ ਅੱਖਰ ਕਾਪੀ ਤੇ ਵਾਹ ਲੈ
ਇਨ੍ਹਾਂ ਕਰਮਾ ਨੂੰ ਭੁਗਤਾ ਲੈ
ਚੱਲ ਮਨਾਂ ਜਲਦੀ ਨਾਲ ਭਜਾ ਲੈ
ਗੱਡੀ ਮੰਜਿਲ ਵੱਲ ਨੂੰ ਪਾ ਲੈ

ਲੈ ਇੱਥੇ ਕਿੱਦਾਂ ਮੈਂ ਆ ਗਈ
ਮੈਂ ਤਾਂ ਤੈਨੂੰ ਵੀ ਵੱਢ ਖਾ ਗਈ
ਉਧਰੋਂ ਘਰੇ ਬੈਠਾ ਹੋਣਾ ਚੀਕਦਾ
ਐਜ ਕਦੋਂ ਦਾ ਹੋਣਾ ਉਡੀਕਦਾ
ਜੇ ਤੂੰ ਭੁੱਖਾ ਪੁੱਤ ਕੁਝ ਖਾ ਲੈ
ਲਾਈਂ ਸਹਾਰਾ ਮੈਨੂੰ ਉਠਾ ਲੈ
ਐਨਕ ਮੇਰੇ ਵੀ ਅੱਜ ਲਾ ਲੈ
ਗੱਡੀ ਘਰ ਵੱਲ ਨੂੰ ਪਾ ਲੈ
ਛੇਤੀ ਘਰ ਵੱਲ ਨੂੰ ਪਾ ਲੈ

ਚੇਤਨ ਬਿਰਧਨੋ
9617119111

## ਇੱਕ ਪੁਰਾਣੀ ਯਾਦ

ਵਿਆਹ ਵਾਲੀ ਕਾਰ ਉੱਤੇ ਪੈਸੇ
ਜਦ ਸੁੱਟਣੇ,
ਇੱਕ ਦੂਜੇ ਮੂਹਰੇ ਹੋ ਕੇ ਅਸੀਂ ਉਹ ਲੁੱਟਣੇ।
ਇੱਕਠੇ ਹੋ ਜਾਣਾ ਅਸੀਂ ਯਾਰਾਂ
ਤੇ ਬੇਲੀਆਂ,
ਚੁਗਣੀਆਂ ਉੱਥੇ ਚਵਾਨੀਆਂ
ਤੇ ਧੇਲੀਆਂ।
ਕਈ ਵਾਰੀ ਪਾਟ ਜਾਣੇ ਝੱਗੇ
ਸਾਡੇ ਘੁਲ ਕੇ,
ਲੱਭੀ ਜਾਣੇ ਪੈਸੇ ਅਸੀ ਮਿੱਟੀ
ਵਿੱਚ ਰੁਲ ਕੇ।
ਮੂਹਰੇ ਹੋ ਹੋ ਡਿੱਗਣਾ ਡੋਲੀ
ਵਾਲੀ ਕਾਰ ਦੇ,
ਭਰ ਭਰ ਮੁੱਠੀਆਂ, ਬਰਾਤੀ ਉੱਤੋਂ ਮਾਰ ਦੇ।
ਭੋਰਾ ਨਾ ਡਰਨਾ ਕਾਰ ਥੱਲੇ
ਆਉਣ ਤੋਂ,
ਬਾਅਦ ਵਿੱਚ ਵੀ ਚੁੱਗੀ ਜਾਣਾ
ਕਾਰ, ਭਜਾਉਣ ਤੋਂ।
ਸਿਆਣੇ ਤੇ ਜਵਾਕ ਸੀ ਪੈਸਿਆਂ ਨੂੰ ਚੁੱਗਦੇ,
ਲੱਖ ਕੋਈ ਕਹੀ ਜਾਏ ਤਾਂ ਵੀ ਨੀਂ
ਸੀ ਰੁਕਦੇ।
ਕਿੰਨੇ ਉਹ ਓਦੋਂ ਸਮੇਂ ਭੋਲ੍ਹੇ ਭਾਲ੍ਹੇ ਸੀ,
ਖੁੱਲ੍ਹੇ ਡੁੱਲ੍ਹੇ ਸੁਭਾਅ ਤੇ ਚੰਗੇ ਲੋਕੀ
ਬਾਹਲੇ ਸੀ।
ਪੈਸੇ ਸੀ ਛੋਟੇ ਬਰਕਤ ਬਾਹਲੀ ਸੀ,
ਨਾ ਕੋਈ ਦੌੜ ਭੱਜ ਨਾ ਹੀ ਕੋਈ
ਕਾਹਲੀ ਸੀ।
ਅੱਜ ਨੋਟ ਹੋ ਗਏ ਵੱਡੇ, ਪੂਰੇ ਹੁਣ
ਆਉਂਦੇ ਨੀ,
ਲੱਖਾਂ ਕਮਾ ਲਈਏ ,ਪੱਤੋ, ਪੂਰੀ ਉਹ
ਪਾਉਂਦੇ ਸੀ।

ਹਰਪ੍ਰੀਤ ਪੱਤੋ
94658-21417

## ਆਈਨਾ

ਸਾਹਮਣੇ ਨਕਸਾ ਲਟਕਦਾ ਸੰਸਾਰ ਦਾ।
ਥਹੁ-ਪਤਾ ਪਰ ਮਿਲਦਾ ਨਹੀਉਂ ਯਾਰ ਦਾ।

ਲੱਗਦਾ ਸਾਡਾ ਪਤਾ ਹੀ ਹੈ ਭੁੱਲ ਗਿਆ,
ਹਰ ਪਤਾ ਉਹ ਜਾਣਦਾ ਹੈ ਬਾਜਾਰ ਦਾ।

ਕੱਲ ਕਿਧਰੇ ਲੁੱਟ ਕੋਈ ਨਾ ਹੋਈ,
ਅੱਜ ਚਰਚਿਤ ਇਹ ਵਿਸਾ ਅਖਬਾਰ ਦਾ।

ਭੈਣ ਬਣਾ, ਉਹ ਕੁਕਰਮ ਕਰਦਾ ਰਿਹਾ,
ਬੇੜਾ ਡੁੱਬ ਗਿਆ ਹੈ ਇਤਬਾਰ ਦਾ।

ਘਰ ਵਿੱਚੋਂ ਹੀ ਖੁਸੀਆਂ-ਖੇੜੇ ਨਾ ਮਿਲੇ
"ਕਵਿਤਾ" ਨੇ ਕਰਨਾ ਕੀ ਸੰਸਾਰ ਦਾ?

ਸਵਰਨ ਕਵਿਤਾ

# ਖੇਤੀਬਾੜੀ ਉਤਪਾਦਾਂ ਦੀ ਵਾਜਬ ਕੀਮਤ ਦਾ ਸਵਾਲ



ਲੰਬੇ ਸਮੇਂ ਤੋਂ ਫਸਲਾਂ ਦੀ ਘੱਟੋ ਘੱਟ ਸਹਾਇਤਾ ਮੁੱਲ ਦੀ ਮੰਗ ਕਰ ਰਹੇ ਹਨ ਜੋ ਕਾਨੂੰਨੀ ਗਰੰਟੀ ਲਈ ਐਮਐਸਪੀ. ਕਿਸਾਨੀ ਅੰਦੋਲਨ ਜੋ ਇਸ ਬਾਰੇ ਉਭਰਿਆ ਸੀ ਅੰਤ ਦਾ ਨਾਮ ਨਹੀਂ ਲੈ ਰਿਹਾ। ਇਸ ਸਮੇਂ, ਯੂਨਾਈਟਿਡ ਕਿਸਾਨ ਮੋਰਚੇ ਨੇ ਕਿਸਾਨਾਂ ਨੂੰ ਸ਼ਮਸ਼ੂ ਦੀ ਸਰਹੱਦ ਤੋਂ ਦਿੱਲੀ ਪੈਦਲ ਤੁਰਨ ਲਈ ਮੁਲਤਵੀ ਕਰ ਦਿੱਤਾ ਹੈ. ਕੇਂਦਰ ਸਰਕਾਰ ਤੋਂ ਬੈਠਕ ਦੇ ਪ੍ਰਸਤਾਵ ਤੋਂ ਬਾਅਦ, ਜਗਜੀਤ ਸਿੰਘ ਡਾਲਲਾਵਾਲ ਨੇ ਵੀ ਡਾਕਟਰੀ ਸਹਾਇਤਾ ਦੀ ਮੰਗ ਕੀਤੀ. ਫਾਰਮਰ ਨੇਤਾ ਡਲਲੇਵਾਲ ਦੀ ਸਿਹਤ ਆਪਣੀਆਂ ਮੰਗਾਂ ਨਾਲ ਚੱਲ ਰਹੀ ਹੈਇਹ ਦਿਨੋ ਦਿਨ ਡਿੱਗ ਰਿਹਾ ਸੀ। ਇਸ ਲਈ, ਸਰਕਾਰ ਨੇ ਕਿਸਾਨਾਂ ਨਾਲ ਗੱਲਬਾਤ ਕਰਨ ਦੀ ਤਜਵੀ ਕੀਤੀ, ਜਿਸ ਨੂੰ ਖੁੱਲੇ ਦਿਲ ਨਾਲ ਕਿਸਨੇ ਸਵੀਕਾਰ ਕਰ ਲਿਆ। 2020 ਵਿਚ, ਕੇਂਦਰ ਦੀ ਭਾਜਪਾ ਸਰਕਾਰ ਨੇ ਤਿੰਨ ਖੇਤੀਬਾੜੀ ਕਾਨੂੰਨਾਂ ਨੂੰ ਲਾਗੂ ਕਰਨ ਦਾ ਐਲਾਨ ਕੀਤਾ। ਸਰਕਾਰ ਨੇ ਉਨ੍ਹਾਂ ਖੇਤੀਬਾੜੀ ਕਾਨੂੰਨਾਂ ਦੇ ਬਹੁਤ ਸਾਰੇ ਫੋਰਮਾਂ ਤੇ ਵੀ ਗਿਣਿਆ। ਇਸ ਦੇ ਬਾਵਜੂਦ, ਕਿਸਾਨ ਲਗਾਤਾਰ ਅੰਦੋਲਨ ਤੇ ਰਹੇ ਅਤੇ ਅੰਤ ਵਿੱਚ ਸਰਕਾਰ ਨੂੰ ਸਾਰੇ ਤਿੰਨ ਖੇਤੀਬਾੜੀ ਕਾਨੂੰਨਾਂ ਵਾਪਸ ਲੈਣਾ ਪਿਆ। ਐਗਰੀਕਲਚਰਲ ਪ੍ਰੋਡਕਸ਼ਨ ਟਰੇਡ ਅਤੇ ਵਣਜ ਐਕਟ ਦੇ ਅਨੁਸਾਰ, ਕਿਸਾਨ ਆਪਣੀਆਂ ਫਸਲਾਂ ਨੂੰ ਲੋੜੀਂਦੀ ਜਗ ?ਹਾ 'ਤੇ ਵੇਚ ਸਕਦੇ ਸਨ. ਕੋਈ ਅਧਿਕਾਰਤ ਕਾਰੋਬਾਰੀਉਸੇ ਸਮੇਂ ਫਸਲਾਂ ਖਰੀਦ ਸਕਦਾ ਹੈ। ਸਰਕਾਰ ਨੇ ਖੇਤੀਬਾੜੀ ਉਤਪਾਦਕਾਂ ਦੇ ਇਸ ਵਪਾਰ ਨੂੰ ਵੀ ਮੁਕਤ ਕੀਤੇ ਗਏ ਬਾਜ਼ਾਰ ਟੈਕਸ ਤੋਂ ਵੀ ਲਗਾਏ। ਇਸ ਕਿਸਾਨ (ਸ਼ਕਤੀਕਰਨ ਅਤੇ ਸੁਰੱਖਿਆ) ਕੀਮਤਾਂ ਦੇ ਅਸ਼ੋਰਲ ਅਤੇ ਖੇਤੀਬਾੜੀ ਸੇਵਾਵਾਂ ਐਕਟ ਨੇ ਇਕਰਾਰਨਾਮਾ ਖੇਤੀਬਾੜੀ ਬਣਾਉਣ ਅਤੇ ਉਨ੍ਹਾਂ ਦੀ ਫਸਲ ਨੂੰ ਸੁਤੰਤਰ ਤੌਰ 'ਤੇ ਵੇਚਣ ਦੀ ਵਿਵਸਥਾ ਪ੍ਰਦਾਨ ਕੀਤੀ। ਇਸ ਤੋਂ ਇਲਾਵਾ, ਇਸਰਾਰਨਾਮੇ ਨੂੰ ਇਕਰਾਰਨਾਮੇ ਨੂੰ ਇਸ ਸਮਝੌਤੇ ਨੂੰ ਨੁਕਸਾਨ ਪਹੁੰਚਾਉਣ ਲਈ ਲਿਆ ਜਾਣਾ ਸੀ ਜਦੋਂ ਉਸ ਦੀ ਤਬਾਹੀ ਜਾਂ ਕਿਸੇ ਹੋਰ ਕਾਰਨ ਕਰਕੇ ਉਸ ਦੀ ਤਬਾਹੀ ਨੂੰ ਖਤਮ ਕਰ ਦਿੱਤਾ ਗਿਆ ਸੀ. ਪਰ ਕਿਸਾਨ ਇਸ ਦਲੀਲ ਨੂੰ ਉਚਿਤ ਨਹੀਂ ਸਮਝਦੇ, ਅਸਲ ਵਿੱਚ ਸਰਕਾਰ ਨਵੇਂ ਖੇਤੀਬਾੜੀ ਕਾਨੂੰਨਾਂ ਰਾਹੀਂ ਖੇਤੀਬਾੜੀ ਵਿੱਚ ਨਵੇਂ ਨਿਵੇਸ਼ ਲਈ ਦਰਵਾਜ਼ੇ ਖੋਲ੍ਹਣੀ ਚਾਹੁੰਦੀ ਸੀ, ਤਾਂ ਕਿ ਕਿਸਾਨਾਂ ਦੀ ਆਮਦਨੀ ਵੱਧ ਸਕਦੀ ਹੈ। ਕਿਸਾਨਾਂ ਨੂੰ ਬਰੇਸੂਨ ਬੇਨਿਯਮੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਘੱਟ ਝਾੜ, ਅਸਥਿਰ ਬਾਜ਼ਾਰਾਂ ਅਤੇ ਪਿਛਲੇ ਕਈ ਸਾਲਾਂ ਤੋਂ ਸਰੋਤਾਂ ਦੀ ਘਾਟ। ਇਸ ਬੁਰਾਈ ਕਾਰਨ ਬਹੁਤ ਸਾਰੇ ਕਿਸਾਨ ਖੁਦਕੁਸ਼ੀ ਕਰਨ ਆਉਂਦੇ ਹਨ। 195 ਰਾਸ਼ਟਰੀ ਕ੍ਰਾਈਮ ਰਿਕਾਰਡ ਬਿਊਰੋ ਦੇ ਅਨੁਸਾਰ 5 ਤੋਂ 2022 ਤੱਕ, 2,06,485 ਕਿਸਾਨਾਂ ਨੇ ਆਤਮ ਹੱਤਿਆ ਕੀਤੀ. ਨਾਬਾਰਡ ਬੈਂਕ ਦੇ ਅਨੁਸਾਰ, ਦੇਸ਼ ਦੇ ਕਿਸਾਨਾਂ ਨੂੰ 21 ਲੱਖ ਕਰੋੜ ਰੁਪਏ ਦੇ ਕਰਜ਼ੇ ਹਨ। ਇਨ੍ਹਾਂ ਸਮੱਸਿਆਵਾਂ ਦੇ ਕਾਰਨ, ਕਰੋੜਾਂ ਦੀਆਂ ਸੰਸਥਾਵਾਂ 2020 ਵਿਚ ਪਈਆਂ ਸਨ. ਕਿਸਾਨਾਂ ਦੀਆਂ ਵੱਡੀਆਂ ਮੰਗਾਂ ਐਮਐਸਪੀ ਦੀ ਕਾਨੂੰਨੀ ਗਰੰਟੀ ਦੀ ਸ਼ੁਰੂਆਤ ਕਰਦੀਆਂ ਹਨ। ਉਨ੍ਹਾਂ ਨੂੰ ਵਿਸ਼ਵਾਸ ਹੈ ਕਿ ਪ੍ਰਧਾਨ ਮੰਤਰੀ ਫਸਲ ਬੀਮੇ ਅਤੇ ਖਾਦਾਂ 'ਤੇ ਸਬਸਿਡੀ ਜਾਰੀ ਰੱਖਣ ਦੇ ਨਵੇਂ ਸਾਲ ਨੂੰ ਜਾਰੀ ਰੱਖਣ ਲਈ ਨਵੇਂ ਸਾਲ ਦਾ ਐਲਾਨ ਕਰਦੇ ਹਨ। ਇਸ ਤੋਂ ਇਲਾਵਾ,



**ਵਿਜੈ ਗਰਗ ਸਾਬਕਾ**
**ਪੀ.ਈ..ਐਸ. - 1**
**ਸੇਵਾਮੁਕਤ ਪ੍ਰਿੰਸਪਲ**

ਅਗਲੇ ਸਾਲਾਂ ਲਈ ਐਗਰੀਕਲਚਰਲ ਮਾਰਕੀਟਿੰਗ ਦੇ ਹਾਲ ਹੀ ਵਿੱਚ ਜਾਰੀ ਕੀਤੇ ਗਏ। ਰਾਸ਼ਟਰੀ ਫਰੇਮਵਰਕ ਵਿੱਚ ਆਰਐਸਪੀ ਸਰਕਾਰ ਦੁਆਰਾ ਜਾਰੀ ਕੀਤੇ ਗਏ। ਜ਼ਿਕਰ ਵੀ ਨਹੀਂ. ਮਹੱਤਵਪੂਰਨ ਗੱਲ ਇਹ ਹੈ ਕਿ ਸਰਕਾਰ ਨੇ ਹਰ ਸਾਲ ਵੀਹ ਸੁਰਟੀ ਫਸਲਾਂ ਲਈ ਐਮਐਸਪੀ ਦੀ ਘੋਸ਼ਣਾ ਕੀਤੀ। ਪਰੰਤੂ ਉਤਪਾਦ ਦੀ ਕੀਮਤ ਐਮਐਸਪੀ 'ਤੇ ਉੱਲੂ ਤੇ ਫਸਲ ਖਰੀਦਣ ਲਈ ਪ੍ਰਭਾਵਸ਼ਾਲੀ ਸਿੱਧ ਨਹੀਂ ਹੁੰਦੀ ਜਦੋਂ ਉਤਪਾਦ ਦੀ ਕੀਮਤ ਨੂੰ ਐਮਐਸਪੀ ਵਿਚ ਘੋਸ਼ਿਤ ਕੀਤਾ ਜਾਂਦਾ ਹੈ. ਇਸ ਲਈ, ਕਿਸਾਨ ਆਪਣੇ ਉਤਪਾਦਾਂ ਨੂੰ ਨੁਕਸਾਨਾਂ ਵਿੱਚ ਵੇਚਣ ਲਈ ਮਜਬੂਰ ਹਨ। ਇਸ ਤਰ੍ਹਾਂ ਐਮਐਸਪੀ ਵਿਚ ਸ਼ਾਮਲ ਘੱਟੋ ਘੱਟ ਅਤੇ ਸਹਾਇਤਾ ਮੁੱਲਾਂ ਦਾ ਕੋਈ ਅਰਥ ਨਹੀਂ ਹੈ, ਭਾਵ, ਐਮਐਸਪੀ ਦੀ ਕੋਈ ਕਾਨੂੰਨੀ ਗਰੰਟੀ ਨਹੀਂ ਹੈ। ਦਰਅਸਲ, ਐਮਐਸਪੀ ਨੂੰ ਮਹੱਤਵਪੂਰਨ ਖੇਤੀਬਾੜੀ ਉਤਪਾਦਾਂ ਦੀ ਕੀਮਤ ਸਥਿਰ ਰੱਖਣ ਲਈ ਤਿਆਰ ਕੀਤੀ ਗਈ ਸੀ। ਇਸ ਦਾ ਖਦਸ਼ਾਖੇਤੀਬਾੜੀ ਉਤਪਾਦਾਂ ਦੀਆਂ ਕਦਰਾਂ ਕੀਮਤਾਂ ਨੂੰ ਉਤਰਾਅ-ਚੜ੍ਹਾਅ ਤੋਂ ਸੁਰੱਖਿਅਤ ਰੱਖਣਾ ਪੈਂਦਾ ਹੈ। ਪਰ ਸਰਕਾਰ ਮਹਿਸੂਸ ਕਰਦੀ ਹੈ ਕਿ ਜੇ ਐਮਐਸਪੀ ਕਾਨੂੰਨੀ ਤੌਰ 'ਤੇ ਬਾਈਡਿੰਗ ਕੀਤੀ ਜਾਂਦੀ ਹੈ, ਤਾਂ ਇਸ ਨੂੰ ਐਮਐਸਪੀ ਵਿਚਲੇ ਕੀਮਤਾਂ' ਤੇ ਹਰੇਕ ਖੇਤੀਬਾੜੀ ਉਤਪਾਦ ਨੂੰ ਖਰੀਦਣਾ ਪਏਗਾ, ਜੋ ਸਰਕਾਰ ਲਈ ਸੰਭਵ ਨਹੀਂ ਹੈ. ਕਾਨੂੰਨੀ ਤੌਰ 'ਤੇ ਜੋੜਨ ਦਾ ਬੁਨਿਆਦੀ ਸਿਧਾਂਤ ਐਮਐਸਪੀ ਬਹੁਤ ਸੌਖਾ ਹੈ. ਕਿਸਾਨਾਂ ਨੂੰ ਆਪਣੀ ਉਪਜ ਦਾ ਸਹੀ/ਕਾਨੂੰਨੀ ਮੁੱਲ ਪ੍ਰਾਪਤ ਕਰਨ ਦਾ ਅਧਿਕਾਰ ਹੋਣਾ ਚਾਹੀਦਾ ਹੈ। ਇਸ ਲਈ, ਰਾਜ ਦੀ ਜ਼ਿੰਮੇਵਾਰੀ ਆਪਣੀ ਫਸਲ ਦਾ ਦਰਜਾ ਪ੍ਰਾਪਤ ਕਰਨ ਦੀ ਜ਼ਿੰਮੇਵਾਰੀ ਬਣ ਰਹੀ ਹੈ, ਨਾ ਕਿ ਕਿਸਾਨਾਂ ਦਾ ਉਤਪਾਦਨ ਨਾ ਖਰੀਦਣ, ਟਾਈਪ ਕਰੋ ਕਿਸਾਨਾਂ ਦੇ ਅਧਿਕਾਰਾਂ ਦਾ ਕਾਨੂੰਨੀ ਮੁੱਲ ਪ੍ਰਾਪਤ ਕਰਨਾ ਹੈ, ਭਾਵੇਂ ਉਨ੍ਹਾਂ ਨੂੰ ਕਿਸੇ ਤੋਂ ਇਹ ਮੁੱਲ ਮਿਲਦਾ ਹੈ। ਹੁਣ ਸਮਾਂ ਆ ਗਿਆ ਹੈ ਕਿ ਕਿਸਾਨਾਂ ਨੂੰ ਐਮਐਸਪੀ ਦੀ ਕਾਨੂੰਨੀ ਗਾਰੰਟੀ ਨੂੰ ਗੰਭੀਰਤਾ ਨਾਲ ਵਿਚਾਰਿਆ ਜਾਣਾ ਚਾਹੀਦਾ ਹੈ। ਪਹਿਲਾਂ ਐਮਐਸਪੀ- ਐਕਸਟੈਂਡਡ ਖਰੀਦਾਰੀ, ਪ੍ਰਭਾਵਸ਼ਾਲੀ ਮਾਰਕੀਟ ਦੇ ਦਖਲ ਦੀ ਖਰੀਦ ਨੂੰ ਲਾਗੂ ਕਰਨ ਲਈ ਮੁੱਖ ਅਤੇ ਪ੍ਰਭਾਵਸ਼ਾਲੀ ਅਦਾਇਗੀ ਭੁਗਤਾਨ ਨੂੰ ਲਾਗੂ ਕਰਨ ਲਈ ਤਿੰਨ ਸੁਝਾਅ ਹਨ। ਵਰਤਮਾਨ ਵਿੱਚ, ਹੋਰ ਦਾਲਾਂ, ਤੇਲ ਬੀਜਾਂ ਨੂੰ ਖਰੀਦਣ ਦੀ ਜ਼ਰੂਰਤ ਹੈ, ਕਿਉਂਕਿ ਉਹ ਸਹੀ ਕੀਮਤ ਪ੍ਰਾਪਤ ਕਰਦੇ ਹਨਗੈਰ-ਨਿਰਬਲਯੋਗਤਾ ਦੇ ਕਾਰਨ ਕਿਸਾਨ ਇਨ੍ਹਾਂ ਫਸਲਾਂ ਦੇ ਉਤਪਾਦਾਂ ਨੂੰ ਲਗਾਤਾਰ ਘਟਾ ਰਹੇ ਹਨ ਅਤੇ ਫੂਡ ਸੁੱਰਖਿਆ ਸਕੀਮਾਂ ਵਿੱਚ ਇਹਨਾਂ ਉਤਪਾਦਾਂ ਨੂੰ ਸ਼ਾਮਲ ਕਰਨ ਦੀ ਬਹੁਤ ਜ਼ਰੂਰਤ ਹੈ. ਇਹ ਇਸ ਸਮੇਂ ਪ੍ਰਚਲਿਤ ਅਸੰਤੁਲਨ ਨੂੰ ਹਟਾਉਣ ਵਿੱਚ ਸਹਾਇਤਾ ਕਰੇਗਾ. ਦੂਜਾ ਪ੍ਰਮੁੱਖ ਬਿੰਦੂ ਬਾਜ਼ਾਰ ਵਿੱਚ ਦਖਲ ਦੇ ਕੇ ਮੁੱਲ ਦੀ ਅਸਥਿਰਤਾ ਨੂੰ ਘਟਾਉਣਾ ਹੈ. ਇਸ ਦੇ ਤਹਿਤ, ਜਦੋਂ ਵੀ ਸਰਕਾਰ ਐਮਐਸਪੀ ਤੋਂ ਹੇਠਾਂ ਡਿੱਗਣ ਤੋਂ ਘੱਟ ਹੁੰਦੀ ਹੈ, ਮੌਜੂਦਾ ਸਕੀਮ ਨੂੰ ਸੁਧਾਰਨ ਨਾਲ ਮਾਰਕੀਟ ਦੇ ਮੁੱਲਾਂ ਦੇ ਬਰਾਬਰ ਅਤੇ ਮਾਰਕੀਟ ਦੇ ਮੁੱਲਾਂ ਨੂੰ ਸਥਿਰ ਬਣਾ ਕੇ.ਕਰ ਸਕਦਾ ਹੈ ਇਸ ਤੋਂ ਇਲਾਵਾ, ਐਫ ਪੀ ਓ (ਕਿਸਾਨ ਲਾਭਕਾਰੀ ਸੰਸਥਾਵਾਂ) ਨੂੰ ਪ੍ਰਭਾਵਸ਼ਾਲੀ ਬਣਾਉਣਾ, ਇਸ ਤੋਂ ਇਲਾਵਾ, ਤਾਂ ਕਿ ਛੋਟੇ ਕਿਸਾਨ ਉਦੋਂ ਤਕ ਉਨ੍ਹਾਂ ਦੀਆਂ ਉਤਪਾਦਾਂ ਨੂੰ ਸਟੋਰ ਕਰ ਸਕਦੇ ਹਨ ਜਦੋਂ ਤਕ ਵੈਧ ਕੀਮਤ ਪ੍ਰਾਪਤ ਨਹੀਂ ਹੁੰਦੀ. ਪਰ ਜੇ ਉਪਰੋਕਤ ਉਪਾਅ ਪ੍ਰਭਾਵਸ਼ਾਲੀ ਸਿੱਧ ਨਹੀਂ ਹੁੰਦੇ, ਤਾਂ ਸਰਕਾਰ ਆਖਰਕਾਰ ਐਮਐਸਪੀ ਅਤੇ ਮਾਰਕੀਟ ਕੀਮਤ ਦੇ ਵਿਚਕਾਰ ਅੰਤਰ ਅਦਾ ਕਰੇਗੀ। ਜੇ ਪਹਿਲੇ ਦੋ ਮਾਪ ਨੂੰ ਅਸਰਦਾਰ ਤਰੀਕੇ ਨਾਲ ਲਾਗੂ ਕੀਤਾ ਜਾ ਸਕਦਾ ਹੈ, ਤਾਂ ਐਮਐਸਪੀ ਅਤੇ ਮਾਰਕਿਟ ਕੀਮਤ ਦੇ ਵਿਚਕਾਰ ਅੰਤਰ ਨੂੰ ਭੁਗਤਾਨ ਕਰਨ ਦੀ ਜ਼ਰੂਰਤ ਨਹੀਂ ਹੈ। ਸਰਕਾਰੀ ਦਖਲਅੰਦਾਜ਼ੀ ਤਾਂ ਹੀ ਜ਼ਰੂਰੀ ਹੋਵੇਗੀ ਜਦੋਂ ਉਤਪਾਦ ਦੀ ਮਾਰਕੀਟ ਕੀਮਤ ਐਮਐਸਪੀ ਦੇ ਹੇਠਾਂ ਜਾਂਦੀ ਹੈ। ਸਮੇਂ ਸਿਰ ਮਾਰਕੀਟ ਦਖਲਅੰਦਾਜ਼ੀ ਅਤੇ ਉਪਰੋਕਤ ਸਾਰੇ ਹੋਰ ਉਪਾਅ ਇਹ ਸੁਨਿਸ਼ਚਿਤ ਕਰ ਸਕਦੇ ਹਨ ਕਿ ਮਾਰਕੀਟ ਦੀ ਕੀਮਤ ਆਪਣੇ ਆਪ ਐਮਐਸਪੀ ਦੇ ਨੇੜੇ ਹੋ ਜਾਵੇਗੀ ਅਤੇ ਇਸ ਤਰ੍ਹਾਂ ਸਰਕਾਰ ਨੂੰ ਘਾਟਾ ਕਾਫ਼ੀ ਹੱਦ ਤਕ ਘਟ ਜਾਵੇਗੀ। ਪਿਛਲੇ ਸਾਲ ਦੇ ਕੇਂਦਰੀ ਬਜਟ ਦੇ ਲਗਭਗ 0.5 ਤੋਂ 0.6 ਪ੍ਰਤੀਸ਼ਤ ਦੇ ਪੱਧਰ ਦੇ ਬਿਸਤਰੇ 'ਤੇ ਕਾਨੂੰਨੀ ਤੌਰ 'ਤੇ ਗਾਰੰਟੀ ਦਿੱਤੀ ਗਈ ਰਕਮ ਦੀ ਕੀਮਤ ਲਗਭਗ 0.6 ਪ੍ਰਤੀਸ਼ਤ ਹੋਣੀ ਚਾਹੀਦੀ ਹੈ। ਦੇਸ਼ ਵਿਚ ਖੇਤੀਬਾੜੀ ਸਭਿਆਚਾਰ ਦੇ ਮੱਦੇਨਜ਼ਰ ਅਤੇ ਕਿਸਾਨਾਂ ਦੇ ਹੱਥਾਂ ਵਿਚ ਵਾਧੂ ਖਰੀਦਦਾਰੀ ਸ਼ਕਤੀ ਨੂੰ ਧਿਆਨ ਵਿਚ ਰੱਖਦਿਆਂ, ਜੋ ਕਿ ਆਰਥਿਕਤਾ ਦਾ ਸਕਾਰਾਤਮਕ ਵਿਕਾਸ ਵਧਾਵੇਗਾ, ਇਹ ਖਰਚਾ ਕਿਸਾਨਾਂ ਦੀ ਹਾਲਤ ਵਿਚ ਸੁਧਾਰ ਕਰੇਗਾ। ਇਸ ਲਈ ਐਮਐਸਪੀ 'ਤੇ ਕਾਨੂੰਨੀ ਗਾਰੰਟੀ ਨੂੰ ਲਾਗੂ ਕਰਨ ਦੀਆਂ ਸੰਭਾਵਨਾਵਾਂ' ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ।

# ਤਕਨੀਕੀ ਖੇਤਰ 'ਚ ਚੀਨੀ ਦਬਦਬੇ ਦਾ ਖ਼ਤਰਾ

ਜਿਸ ਦਿਨ ਡੋਨਾਲਡ ਟਰੰਪ ਰਾਸ਼ਟਰਪਤੀ ਅਹੁਦੇ ਦੀ ਸਹੁੰ ਲੈ ਕੇ ਅਮਰੀਕਾ ਨੂੰ ਮੁੜ ਤੋਂ ਮਹਾਨ ਬਣਾਉਣ ਦਾ ਸੰਕਲਪ ਲੈ ਰਹੇ ਸਨ, ਉਸੇ ਦਿਨ ਚੀਨ ਦੇ 40 ਸਾਲਾ ਨੌਜਵਾਨ ਲਿਆਂਗ ਵੇਨਫੇਂਗ ਨੇ ਆਪਣਾ ਜੇਨਰੇਟਿਵ ਏਆਈ ਦਾ ਚੈਟਬਾਟ ਡੀਪਸੀਕ ਲਾਂਚ ਕੀਤਾ। ਉਸ ਨੇ ਅਮਰੀਕਾ ਦੇ ਸੈਂਕੜੇ ਕਰੋੜ ਡਾਲਰ ਦੀ ਲਾਗਤ ਤੇ ਸਾਲਾਂ ਦੀ ਸਿਖਲਾਈ ਤੋਂ ਬਾਅਦ ਬਣੇ ਚੈਟਜੀਪੀਟੀ, ਜੈਮਿਨੀ, ਲਾਮਾ ਤੇ ਕਲੌਦ ਵਰਗੇ ਚੈਟਬਾਟ ਨੂੰ ਧੂੜ ਚਟਾ ਦਿੱਤੀ ਤੇ ਹਫ਼ਤੇ 'ਚ ਅਮਰੀਕਾ ਦਾ ਸਭ ਤੋਂ ਹਰਮਨਪਿਆਰਾ ਚੈਟਬਾਟ ਬਣ ਗਿਆ।

ਜਦ ਇਹ ਪਤਾ ਲੱਗਾ ਕੀ ਡੀਪਸੀਕ ਦਾ ਵਿਕਾਸ ਜੇਜੀਯਾਂਗ ਯੂਨੀਵਰਸਿਟੀ ਦੇ ਇੰਜੀਨੀਅਰਿੰਗ ਦੇ ਗ੍ਰੈਜੂਏਟ ਨੇ 60 ਲੱਖ ਡਾਲਰ ਤੋਂ ਵੀ ਘੱਟ ਦੀ ਲਾਗਤ ਨਾਲ ਸਾਲ 'ਚ ਹੀ ਕਰ ਦਿਖਾਇਆ ਹੈ ਤਾਂ ਅਮਰੀਕੀ ਬਾਜ਼ਾਰਾਂ 'ਚ ਹੜਕੰਪ ਮਚ ਗਿਆ। ਚੀਨੀ ਕੰਪਨੀ ਦੇ ਤਕਨੀਕੀ ਵਿਕਾਸ ਤੋਂ ਅਜਿਹੀ ਘਬਰਾਹਟ ਪਹਿਲੀ ਵਾਰ ਫੈਲੀ। ਅਜਿਹਾ ਨਹੀਂ ਹੈ ਕਿ ਡੀਪਸੀਕ ਅਮਰੀਕਾ ਦੇ ਚੈਟਜੀਪੀਟੀ ਵਾਂਗ ਜੇਨਰੇਟਿਵ ਏਆਈ ਮਾਡਲਾਂ ਤੋਂ ਅੱਗੇ ਨਿਕਲਿਆ ਹੋਵੇ। ਗਣਿਤ, ਕੋਡਿੰਗ ਤੇ ਸਹਿਜ ਭਾਸ਼ਾ ਤਰਕ 'ਚ ਉਹ ਅਮਰੀਕੀ ਮਾਡਲਾਂ ਦੀ ਬਰਾਬਰੀ 'ਤੇ ਹੀ ਹੈ, ਪਰ ਅਮਰੀਕਾ ਤੇ ਯੂਰਪ 'ਚ ਹੜਕੰਪ ਇਸ ਲਈ ਮਚਿਆ ਕਿ ਚੀਨ ਦੇ ਇੰਜੀਨੀਅਰ ਨੇ ਕੁਝ ਲੋਕਾਂ ਤੇ ਬਹੁਤ ਘੱਟ ਲਾਗਤ ਨਾਲ ਸਾਲ ਭਰ 'ਚ ਅਜਿਹਾ ਮਾਡਲ ਤਿਆਰ ਕਰ ਦਿਖਾਇਆ, ਜੋ ਉੱਚੀ ਲਾਗਤ ਤੇ ਸਾਲਾਂ ਦੀ ਖੋਜ ਤੋਂ ਬਾਅਦ ਬਣੇ ਮਾਡਲਾਂ ਨੂੰ ਟੱਕਰ ਦੇ ਰਿਹਾ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਡੀਪਸੀਕ ਓਪਨ ਸੋਰਸ ਮਾਡਲ ਹੈ ਭਾਵ ਇਸ ਨੂੰ ਮੁਫ਼ਤ 'ਚ ਵਰਤਿਆ, ਸੋਧਿਆ ਤੇ ਵੰਡਿਆ ਜਾ ਰਿਹਾ ਹੈ। ਇਹ ਉਮੀਦ ਮੁਤਾਬਕ ਘੱਟ ਸ਼ਕਤੀਸ਼ਾਲੀ ਚਿੱਪਾਂ ਤੇ ਘੱਟ ਊਰਜਾ ਦੀ ਖ਼ਪਤ ਨਾਲ ਚੱਲ ਸਕਦਾ ਹੈ।

ਟਰੰਪ ਨੇ ਇਸ ਪ੍ਰਸੰਗ 'ਤੇ ਚਿੰਤਾ ਜ਼ਾਹਰ ਕਰਨ ਦੀ ਥਾਂ ਇਸ ਨੂੰ ਅਮਰੀਕੀ ਏਆਈ ਉਦਯੋਗ ਲਈ ਚਿਤਾਵਨੀ ਦੱਸਿਆ ਤੇ ਅਮਰੀਕੀਆਂ ਨੂੰ ਕਿਹਾ ਕਿ ਜੇ ਤੁਸੀਂ ਇਸੇ ਗੁਣਵੱਤਾ ਦੇ ਮਾਡਲ ਘੱਟ ਲਾਗਤ 'ਤੇ ਬਣਾ ਸਕੋ ਤਾਂ ਉਹ ਸਾਡੇ ਲਈ ਚੰਗਾ ਹੀ ਹੋਵੇਗਾ। ਇਸ ਨਾਲ ਇਕ ਤਾਂ ਅਮਰੀਕੀ ਏਆਈ ਮਾਡਲਾਂ ਦੀ ਲਾਗਤ 'ਤੇ ਸਵਾਲ ਉੱਠੇ, ਜਿਸ ਨਾਲ ਉਨ੍ਹਾਂ ਦੀ ਫੰਡਿੰਗ ਦਾ ਸੰਕਟ ਖੜ੍ਹਾ ਹੋ ਸਕਦਾ ਹੈ। ਦੂਜੇ ਇਹ ਸਵਾਲ ਉੱਠਿਆ ਕਿ ਸਸਤੇ ਤੇ ਕਿਫ਼ਾਇਤੀ ਚੀਨੀ ਮਾਡਲ ਮਿਲਣ 'ਤੇ ਅਮਰੀਕਾ ਦੇ ਮਹਿੰਗੇ ਤੇ ਵੱਧ ਊਰਜਾ ਦੀ ਖ਼ਪਤ ਵਾਲੇ ਮਾਡਲ ਨੂੰ




ਕੋਈ ਕਿਉਂ ਲਵੇਗਾ? ਇਸ ਨਾਲ ਏਆਈ ਉਦਯੋਗ 'ਤੇ ਅਮਰੀਕਾ ਦੀ ਥਾਂ ਚੀਨ ਦਾ ਦਬਦਬਾ ਕਾਇਮ ਹੋ ਸਕਦਾ ਹੈ, ਠੀਕ ਉਵੇਂ ਹੀ ਜਿਵੇਂ ਇਲੈਕਟ੍ਰਿਕ ਵਾਹਨਾਂ ਤੇ ਸੌਰ ਸੈੱਲਾਂ ਦੇ ਨਿਰਮਾਣ 'ਤੇ ਹੋ ਚੁੱਕਾ ਹੈ। ਮਸ਼ੀਨ ਲਰਨਿੰਗ, ਰੋਬੋਟ ਵਿਗਿਆਨ ਤੇ ਡਰੋਨ ਨਿਰਮਾਣ 'ਚ ਵੀ ਚੀਨੀ ਕੰਪਨੀਆਂ ਏਨੀਆਂ ਅੱਗੇ ਨਿਕਲ ਚੁੱਕੀਆਂ ਹਨ ਕਿ ਅਮਰੀਕੀ ਰੱਖਿਆ ਵਿਭਾਗ ਪੇਂਟਾਗਨ ਨੂੰ ਵੀ ਰੱਖਿਆ ਸਾਮਾਨ ਲਈ ਘਰੇਲੂ ਕੰਪਨੀਆਂ ਨੂੰ ਸਾਰੇ ਤਰ੍ਹਾਂ ਦੇ ਆਰਥਕ ਪ੍ਰੋਤਸਾਹਨ ਦੇਣ ਦੇ ਬਾਵਜੂਦ ਚੀਨ 'ਤੇ ਨਿਰਭਰਤਾ ਖ਼ਤਮ ਕਰਨ 'ਚ ਮੁਸ਼ਕਲ ਆ ਰਹੀ ਹੈ। ਅਮਰੀਕਾ ਤੇ ਯੂਰਪ 'ਚ ਹੁਣ ਤੱਕ ਚੀਨ ਦਾ ਅਕਸ ਨਕਲ 'ਚ ਮੁਹਾਰਤ ਵਾਲੇ ਤੇ ਸਸਤਾ ਮਾਲ ਬਣਾਉਣ ਵਾਲੇ ਦੇਸ਼ ਦਾ ਰਿਹਾ ਹੈ। ਇਸ ਨੂੰ ਬਦਲਣ ਤੇ 2030 ਤੱਕ ਵਿਗਿਆਨ ਤੇ ਤਕਨੀਕ 'ਚ ਵਿਸ਼ਵ ਦਾ

**ਸ਼ਿਵਕਾਂਤ ਸ਼ਰਮਾ**

ਮੋਹਰੀ ਬਣਨ ਲਈ ਚੀਨ ਨੇ 2006 'ਚ ਖੋਜ ਤੇ ਵਿਕਾਸ ਭਾਵ ਆਰਐਂਡਡੀ ਦੀ ਇਕ ਰਣਨੀਤੀ ਬਣਾਈ ਸੀ, ਜਿਸ ਨੂੰ ਉਸ ਨੇ ਅੰਜਾਮ ਤੱਕ ਪਹੁੰਚਾਇਆ। ਚੀਨ ਆਪਣਾ 2.5 ਫ਼ੀਸਦੀ ਤੋਂ ਵੱਧ ਬਜਟ ਖੋਜ ਅਤੇ ਵਿਕਾਸ 'ਤੇ ਲਾਉਂਦਾ ਹੈ ਤੇ ਇਹ ਵੀ ਯਕੀਨੀ ਕਰਦਾ ਹੈ ਕਿ ਆਰਥਿਕ ਵਿਕਾਸ 'ਚ ਉਸ ਦਾ ਯੋਗਦਾਨ 60 ਫ਼ੀਸਦੀ ਹੋਵੇ। ਇਸ ਮਾਮਲੇ 'ਚ ਅਮਰੀਕਾ ਵਿਸ਼ਵ ਦਾ ਮੋਹਰੀ ਦੇਸ਼ ਰਿਹਾ ਹੈ, ਪਰ ਹੁਣ ਚੀਨ ਉਸ ਤੋਂ ਬਹੁਤ ਪਿੱਛੇ ਨਹੀਂ ਹੈ। ਅਮਰੀਕਾ ਖੋਜ ਅਤੇ ਵਿਕਾਸ 'ਤੇ ਆਪਣੀ ਜੀਡੀਪੀ ਦਾ 3.4 ਫ਼ੀਸਦੀ ਖ਼ਰਚ ਕਰਦਾ ਹੈ ਤਾਂ ਚੀਨ 2.41 ਫ਼ੀਸਦੀ ਖ਼ਰਚ ਕਰ ਰਿਹਾ ਹੈ। ਭਾਰਤ ਇਸ ਮਾਮਲੇ 'ਚ ਬਹੁਤ ਪਿੱਛੇ ਹੈ ਤੇ ਜੀਡੀਪੀ ਦਾ ਸਿਰਫ਼ 0.64 ਫ਼ੀਸਦੀ ਹੀ ਖੋਜ ਅਤੇ ਵਿਕਾਸ 'ਤੇ ਖ਼ਰਚ ਕਰਦਾ ਹੈ ਭਾਵ ਖੋਜ ਅਤੇ ਵਿਕਾਸ 'ਤੇ ਚੀਨ ਭਾਰਤ ਤੋਂ ਚਾਰ ਗੁਣਾ ਬਜਟ ਖ਼ਰਚ ਕਰਦਾ ਹੈ। ਚੀਨ ਦੀ ਜੀਡੀਪੀ ਵੀ ਭਾਰਤ ਤੋਂ ਪੰਜ ਗੁਣਾ ਵੱਧ ਹੈ, ਜਿਸ ਕਾਰਨ ਖੋਜ ਅਤੇ ਵਿਕਾਸ 'ਤੇ ਚੀਨ ਦਾ ਖ਼ਰਚਾ ਭਾਰਤ ਤੋਂ ਲਗਪਗ 20 ਗੁਣਾ ਵੱਧ ਬੈਠਦਾ ਹੈ ਤੇ ਇਹ ਫ਼ਰਕ ਪਿਛਲੇ 20 ਸਾਲ ਤੋਂ ਚੱਲ ਰਿਹਾ ਹੈ। ਖੋਜ ਅਤੇ ਵਿਕਾਸ 'ਤੇ ਵਿਸ਼ਵ 'ਚ ਸਭ ਤੋਂ ਵੱਧ ਖ਼ਰਚ ਕਰਨ ਤੇ ਆਰਥਿਕ ਵਿਕਾਸ 'ਚ ਉਸ ਦਾ ਯੋਗਦਾਨ ਯਕੀਨੀ ਬਣਾਉਣ ਦੇ ਕਾਰਨ ਹੀ ਅਮਰੀਕਾ ਪਿਛਲੇ 50 ਸਾਲਾਂ ਤੋਂ ਵਿਗਿਆਨ ਅਤੇ ਤਕਨੀਕ 'ਚ ਮੋਹਰੀ ਬਣਿਆ ਹੋਇਆ ਹੈ। ਹੁਣ ਚੀਨ ਉਸੇ ਰਾਹ 'ਤੇ ਹੋਰ ਵੀ ਯੋਜਨਾਬੱਧ ਢੰਗ ਨਾਲ ਚੱਲ ਰਿਹਾ ਹੈ। ਡੀਪਸੀਕ ਮਾਡਲ ਦੇ ਵਿਕਾਸ ਨਾਲ ਪੱਛਮੀ ਦੇਸ਼ਾਂ ਦੀ ਨੀਂਦ ਉਡਾ ਦੇਣ ਵਾਲੇ ਚੀਨੀ ਇੰਜੀਨੀਅਰ ਵੇਨਫੇਂਗ ਨੇ ਪਿਛਲੇ ਦਿਨੀਂ ਇਕ ਇੰਟਰਵਿਊ 'ਚ ਕਿਹਾ ਸੀ ਕਿ ਅਸੀਂ ਅਕਸਰ ਸੁਣਦੇ ਹਾਂ ਕਿ ਚੀਨੀ ਅਤੇ ਅਮਰੀਕੀ ਏਆਈ ਵਿਚਾਲੇ ਇਕ ਜਾਂ ਦੋ ਸਾਲ ਦਾ ਫ਼ਾਸਲਾ ਹੈ, ਪਰ ਅਸਲੀ ਫ਼ਾਸਲਾ ਨਕਲ ਤੇ ਮੌਲਿਕਤਾ ਦਾ ਹੈ। ਉਹ ਨਹੀਂ ਬਦਲਿਆ ਤਾਂ ਚੀਨ ਹਮੇਸ਼ਾ ਨਕਲ ਕਰਨ ਵਾਲਾ ਬਣਿਆ ਰਹੇਗਾ ਤੇ ਚੀਨ ਹਮੇਸ਼ਾ ਅਜਿਹਾ ਬਣਿਆ ਰਹਿ ਸਕਦਾ ਹੈ। ਵੇਨਫੇਂਗ ਵਰਗੇ ਸੈਂਕੜੇ ਇਨਵੈਸਟੀਗੇਟਰ ਗੁਣਵੱਤਾ ਤੇ ਲਾਗਤ 'ਚ ਪੱਛਮ ਨੂੰ ਚੁਣੌਤੀ ਦੇ ਸਕਣ ਵਾਲੀ ਤਕਨੀਕ ਦਾ ਵਿਕਾਸ ਕਰਨ 'ਚ ਰੁੱਝੇ ਹਨ। ਸਵੱਛ ਊਰਜਾ ਉਪਕਰਣ, ਬਿਜਲੀ ਦੀਆਂ ਕਾਰਾਂ, ਕੰਪਿਊਟਰ ਗੇਮ ਤੇ ਹੁਣ ਏਆਈ ਮਾਡਲਾਂ 'ਚ ਵੀ ਚੀਨ ਦੀਆਂ ਕੰਪਨੀਆਂ ਏਨੀਆਂ ਅੱਗੇ ਨਿਕਲ ਚੁੱਕੀਆਂ ਹਨ ਕਿ ਉਨ੍ਹਾਂ ਨੂੰ ਰੋਕਣ ਲਈ ਅਮਰੀਕਾ ਤੇ ਯੂਰਪ ਨੂੰ ਹੁਣ ਵਪਾਰ ਸੁਰੱਖਿਆ ਦਾ ਸਹਾਰਾ ਲੈਣਾ ਪੈ ਰਿਹਾ ਹੈ।

ਮੁਕਤ ਵਪਾਰ ਤੇ ਵਿਸ਼ਵੀਕਰਨ ਦੇ ਦੌਰ ਤੋਂ ਹੁਣ ਸੁਰੱਖਿਆਵਾਦ ਤੇ ਖੇਤਰੀ ਗੁਟਬੰਦੀ ਦੇ ਦੌਰ 'ਚ ਪ੍ਰਵੇਸ਼ ਕਰਦੀ ਦੁਨੀਆ 'ਚ ਵਿਕਾਸ ਕਰਨ ਤੇ ਦਬਦਬਾ ਕਾਇਮ ਕਰਨ ਲਈ ਖੋਜ ਅਤੇ ਵਿਕਾਸ 'ਤੇ ਜ਼ੋਰ ਦੇਣ ਦੀ ਲੋੜ ਹੋਰ ਵਧ ਗਈ ਹੈ। ਇਸ ਤੋਂ ਬਿਨਾਂ ਨਾ ਆਪਣੀਆਂ ਕੰਪਨੀਆਂ ਨੂੰ ਵਿਦੇਸ਼ੀ ਮੁਕਾਬਲੇ ਤੋਂ ਬਚਾਇਆ ਜਾ ਸਕਦਾ ਹੈ ਅਤੇ ਨਾ ਆਪਣਾ ਮਾਲ ਵੇਚ ਕੇ ਵਪਾਰ ਵਧਾਇਆ ਜਾ ਸਕਦਾ ਹੈ। ਦੂਜੇ ਦੇਸ਼ਾਂ 'ਚ ਆਪਣਾ ਮਾਲ ਤੇ ਸੇਵਾਵਾਂ ਵੇਚੇ ਬਿਨਾਂ ਆਰਥਿਕ ਵਿਕਾਸ ਨਹੀਂ ਹੋ ਸਕਦਾ।

ਇਤਿਹਾਸ 'ਚ ਕੋਈ ਅਜਿਹਾ ਦੇਸ਼ ਨਹੀਂ ਹੋਇਆ ਜੋ ਆਪਣਾ ਮਾਲ ਬਾਹਰ ਵੇਚੇ ਬਿਨਾਂ ਅਮੀਰ ਬਣਿਆ ਹੋਵੇ। ਇਸ ਲਈ ਭਾਰਤ ਨੇ ਜੇ ਆਪਣੀ ਪ੍ਰਤੀ ਵਿਅਕਤੀ ਆਮਦਨ ਨੂੰ ਵਧਾਉਣਾ ਹੈ ਤਾਂ ਮੁੱਢਲੇ ਢਾਂਚੇ ਦੇ ਵਿਕਾਸ ਦੇ ਨਾਲ-ਨਾਲ ਖੋਜ ਅਤੇ ਵਿਕਾਸ ਲਈ ਆਪਣੇ ਬਜਟ ਨੂੰ ਕਈ ਗੁਣਾ ਵਧਾਉਣਾ ਪਵੇਗਾ ਤੇ ਇਹ ਯਕੀਨੀ ਬਣਾਉਣਾ ਪਵੇਗਾ ਕਿ ਆਰਥਿਕ ਤਰੱਕੀ 'ਚ ਉਸ ਦਾ ਯੋਗਦਾਨ ਵੱਧ ਤੋਂ ਵੱਧ ਹੋਵੇ। ਇਸ ਲਈ ਉਸ ਨੂੰ ਆਰਥਿਕ ਸਾਧਨਾਂ ਦੀ ਲੋੜ ਪਵੇਗੀ, ਜਿਨ੍ਹਾਂ ਨੂੰ ਇਨਕਮ ਟੈਕਸ ਵਰਗੇ ਪ੍ਰਤੱਖ ਕਰਾਂ ਦੇ ਘੇਰੇ ਵਧਾਏ ਬਿਨਾਂ ਹਾਸਲ ਨਹੀਂ ਕੀਤਾ ਜਾ ਸਕਦਾ।

ਲਗਪਗ 25 ਤੋਂ 40 ਕਰੋੜ ਵਾਲੇ ਮੱਧਵਰਗ ਤੇ ਲਗਪਗ 6.5 ਕਰੋੜ ਛੋਟੇ ਉੱਦਮ ਵਾਲੇ ਦੇਸ਼ 'ਚ ਦੋ-ਢਾਈ ਕਰੋੜ ਲੋਕਾਂ ਦੇ ਇਨਕਮ ਟੈਕਸ ਨਾਲ ਇਹ ਸਭ ਨਹੀਂ ਹੋ ਸਕਦਾ। ਕਰਜ਼ਾ ਚੁੱਕਣ ਨਾਲ ਮਹਿੰਗਾਈ ਵਧਣ ਦਾ ਖ਼ਤਰਾ ਪੈਦਾ ਹੁੰਦਾ ਹੈ ਤੇ ਜੀਐੱਸਟੀ ਨਾਲ ਮੰਗ ਘਟਦੀ ਹੈ ਤੇ ਅਰਥਚਾਰਾ ਸੁਸਤ ਪੈਂਦਾ ਹੈ।

# Dosanjh Family AUTO GROUP

Cadillac CHEVROLET INFINITI KIA NISSAN BUICK GMC

CHRYSLER Jeep DODGE RAM TOYOTA Ford ACURA

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

SEASIDE CHRYSLER DODGE JEEP RAM

SEASIDE CADILLAC

SEASIDE VOLKSWAGEN

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD